BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237

You dont marry the person you can live with
You marry the person you can't live without
ROKAA USA.COM
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 04, January 28, 2023
20451 N. Plum Grove Rd., Palatine, IL 60074
Ph:847-359-0746, Fax:847-705-9388

## ਭਾਜਪਾ ਲਈ ਪੰਜਾਬ ਮਿਸ਼ਨ ਔਖਾ ਹੋਇਆ

**ਚੰਡੀਗੜ੍ਹ:** ਭਾਜਪਾ ਹਾਈਕਮਾਨ ਦੀ ਪੰਜਾਬ ਬਾਰੇ ਰਣਨੀਤੀ ਨੇ ਭਗਵਾ ਧਿਰ ਦੀ ਸੂਬਾਈ ਲੀਡਰਸ਼ਿਪ ਵਿਚ ਹਲਚਲ ਪੈਦਾ ਕਰ ਦਿੱਤੀ ਹੈ। ਹਾਈਕਮਾਨ ਵੱਲੋਂ ਪਾਰਟੀ ਦੇ ਸਥਾਨਕ 'ਕੱਟੜ' ਵਫ਼ਾਦਾਰਾਂ ਦੀ ਥਾਂ ਦਲ ਬਦਲੂਆਂ ਦੀ ਵਧ ਰਹੀ ਪੁੱਛ-ਪ੍ਰਤੀਤ ਅਤੇ ਦਿੱਤੀਆਂ ਜਾ ਰਹੀਆਂ ਅਹੁਦੇਦਾਰੀਆਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

ਭਗਵਾ ਪਾਰਟੀ ਅੰਦਰਲੇ ਟਕਸਾਲੀ ਆਗੂ ਭਾਵੇਂ ਖੁੱਲ੍ਹ ਕੇ ਕੁਝ ਬੋਲਣ ਤੋਂ ਟਾਲਾ ਵੱਟ ਰਹੇ ਹਨ ਪਰ ਅੰਦਰੋਂ ਕਾਫੀ ਘੁਟਣ ਮਹਿਸੂਸ ਕਰ ਰਹੇ ਹਨ। ਅਜਿਹੇ ਆਗੂ ਮਨਪ੍ਰੀਤ ਸਿੰਘ ਬਾਦਲ ਦੀ 'ਐਂਟਰੀ' ਤੋਂ ਕਾਫੀ ਹੈਰਾਨ ਹਨ। ਸੂਤਰਾਂ ਮੁਤਾਬਕ ਮਨਪ੍ਰੀਤ ਵੱਲੋਂ ਭਾਜਪਾ ਵਿਚ ਸ਼ਾਮਲ ਹੋਣ ਦੇ ਆਖਰੀ ਪਲਾਂ ਤੱਕ ਪਾਰਟੀ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਸਣੇ ਹੋਰਨਾਂ ਆਗੂਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਨਮੋਸ਼ੀ ਦੇ ਮਾਰਿਆਂ ਪ੍ਰਧਾਨ ਸਣੇ ਭਾਜਪਾ ਦੇ ਸੂਬਾਈ ਆਗੂਆਂ ਨੇ ਆਪਣੇ ਫੋਨ ਹੀ ਬੰਦ ਕਰ ਲਏ। ਮਨਪ੍ਰੀਤ ਬਾਦਲ ਦੀ ਸ਼ਮੂਲੀਅਤ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਗੈਰ-ਮੌਜੂਦਗੀ ਤੋਂ ਵੀ ਕਈ ਮਾਅਨੇ ਕੱਢੇ ਜਾ ਰਹੇ ਹਨ ਜਦਕਿ ਇਸੇ ਰਾਤ ਅਸ਼ਵਨੀ ਸ਼ਰਮਾ ਦਿੱਲੀ ਵਿਚ ਹੀ ਮੌਜੂਦ ਸਨ। ਇਸੇ ਦੌਰਾਨ ਕਾਂਗਰਸ ਦੇ ਜਿਹੜੇ ਮਨਪ੍ਰੀਤ ਵਿਰੋਧੀ ਆਗੂ ਪਹਿਲਾਂ ਭਾਜਪਾ ਵਿਚ ਸ਼ਾਮਲ ਹੋਏ ਹਨ, ਉਹ ਵੀ ਔਖੇ ਹਨ।

ਇਹ ਕੋਈ ਪਹਿਲਾ ਮੌਕਾ ਨਹੀਂ ਜਦੋਂ ਪੰਜਾਬ ਲੀਡਰਸ਼ਿਪ ਨੂੰ ਅਜਿਹੇ ਫੈਸਲਿਆਂ ਤੋਂ ਲਾਂਭੇ ਰੱਖਿਆ ਗਿਆ ਹੋਵੇ। ਇਸ ਤੋਂ ਪਹਿਲਾਂ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਤੇ ਹੋਰਨਾਂ ਕਈ ਮੌਕਿਆਂ 'ਤੇ ਵੀ ਭਾਜਪਾ ਦੇ ਸੂਬਾਈ ਆਗੂਆਂ ਨੂੰ ਨਿਰਾਸ਼ਾ ਝੱਲਣੀ ਪਈ ਹੈ। ਸੂਬਾਈ ਲੀਡਰਸ਼ਿਪ ਦਾ ਤਰਕ ਹੈ ਕਿ ਕਿਸਾਨ ਅੰਦੋਲਨ ਸਮੇਂ ਔਖੇ ਹਾਲਾਤ, ਜਦੋਂ ਭਾਜਪਾ ਆਗੂਆਂ ਦੇ ਘਰਾਂ ਅੱਗੇ ਅੰਦੋਲਨਕਾਰੀਆਂ ਨੇ ਪਹਿਰੇ ਲਾ ਦਿੱਤੇ ਸਨ, ਸਮੇਂ ਪਾਰਟੀ ਦਾ ਸਾਥ ਦੇਣ ਵਾਲੀ ਆਗੂਆਂ ਦੀ ਥਾਂ ਬਾਹਰੋਂ ਦਲ ਬਦਲ ਕੇ ਆਏ ਲੋਕਾਂ ਨੂੰ ਅਹੁਦੇਦਾਰੀਆਂ ਤੇ ਇਸ ਤਰ੍ਹਾਂ ਮਾਣ-ਸਨਮਾਨ ਦੇਣ ਨਾਲ ਟਕਸਾਲੀ ਵਰਕਰਾਂ 'ਚ ਨਿਰਾਸ਼ਾ ਹੈ।



ਪਤਾ ਲੱਗਾ ਹੈ ਕਿ ਭਾਜਪਾ ਦੇ ਸੀਨੀਅਰ ਆਗੂ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਪੰਜਾਬ ਦੌਰਾ ਇਸੇ ਕਾਰਨ ਰੱਦ ਕਰਨਾ ਪਿਆ। ਕੇਂਦਰੀ ਗ੍ਰਹਿ ਮੰਤਰੀ ਨੇ 29 ਜਨਵਰੀ ਨੂੰ ਪਟਿਆਲਾ 'ਚ ਜਨਤਕ ਸਮਾਗਮ ਨੂੰ ਸੰਬੋਧਨ ਕਰਨ ਆਉਣਾ ਸੀ। ਇਸੇ ਦਿਨ ਉਨ੍ਹਾਂ ਭਾਜਪਾ ਦੇ ਸੂਬਾਈ ਆਗੂਆਂ ਨਾਲ ਮੀਟਿੰਗ ਕਰ ਕੇ ਆਗਾਮੀ ਸੰਸਦੀ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣਾ ਸੀ। ਸੂਤਰਾਂ ਦਾ ਕਹਿਣਾ ਹੈ ਕਿ ਸ਼ਾਹ ਦਾ ਦੌਰਾ ਭਾਜਪਾ ਦੇ ਟਕਸਾਲੀ ਆਗੂਆਂ 'ਚ ਪਾਈ ਜਾ ਰਹੀ ਨਿਰਾਸ਼ਾ ਕਾਰਨ ਰੱਦ ਕਰਨਾ ਪਿਆ ਹੈ। ਪਟਿਆਲਾ ਸਮਾਗਮ ਦੀਆਂ ਚੱਲ ਰਹੀਆਂ ਤਿਆਰੀਆਂ ਦੌਰਾਨ ਭਾਜਪਾ ਦੇ ਟਕਸਾਲੀ ਆਗੂ ਨੁੱਕਰੇ ਲੱਗੇ ਮਹਿਸੂਸ ਕਰ ਰਹੇ ਸਨ ਜਦਕਿ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਸਮੇਤ ਭਗਵੇਂ ਰੰਗ 'ਚ ਨਵੇਂ ਆਗੂਆਂ ਦੇ ਹੱਥ ਹੀ ਕਮਾਨ ਸੀ। ਪਾਰਟੀ ਸੂਤਰਾਂ ਦਾ ਦੱਸਣਾ ਹੈ ਕਿ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਭਾਜਪਾ 'ਚ ਸ਼ਮੂਲੀਅਤ ਦੌਰਾਨ ਵੀ ਸੂਬਾਈ ਲੀਡਰਸ਼ਿਪ ਨੂੰ ਨਜ਼ਰ-ਅੰਦਾਜ਼ ਕਰਨਾ ਪਾਰਟੀ 'ਚ ਮੁੱਦਾ ਬਣਦਾ ਜਾ ਰਿਹਾ ਹੈ। ਅਮਿਤ ਸਾਹ ਦੀ ਪੰਜਾਬ ਫੇਰੀ ਦੀਆਂ ਪੂਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ ਤੇ ਅਚਾਨਕ ਹੀ ਇਹ ਦੌਰਾ ਰੱਦ ਕਰਨ ਦਾ ਸੰਦੇਸ ਆ ਗਿਆ। ਇਸ ਦੌਰੇ ਨੂੰ ਰੱਦ ਕਰਨ ਦਾ ਕੋਈ ਠੋਸ ਆਧਾਰ ਵੀ ਨਹੀਂ ਦੱਸਿਆ ਗਿਆ।

ਯਾਦ ਰਹੇ ਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਭਾਜਪਾ 'ਚ ਸ਼ਾਮਲ ਹੋਣ ਮਗਰੋਂ ਅਗਲੇ ਦਿਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਤੇ ਸੀਨੀਅਰ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ। ਮਨਪ੍ਰੀਤ ਬਾਦਲ ਦੇ ਭਾਜਪਾ ਦੇ ਲੜ ਲੱਗਣ ਤੋਂ ਕਾਫੀ ਸਿਆਸੀ ਹਲਚਲ ਮੱਚੀ ਹੋਈ ਹੈ। ਪੰਜਾਬ ਭਾਜਪਾ ਦੇ ਸੀਨੀਅਰ ਆਗੂਆਂ ਵੱਲੋਂ ਹਾਲੇ ਤੱਕ ਮਨਪ੍ਰੀਤ ਬਾਦਲ ਦੀ ਭਾਜਪਾ 'ਚ ਐਂਟਰੀ ਦਾ ਕਿਧਰੋਂ ਕੋਈ ਸਵਾਗਤ ਨਹੀਂ ਆਇਆ ਹੈ। ਭਾਜਪਾ ਆਗਾਮੀ ਸੰਸਦੀ ਚੋਣਾਂ ਦੌਰਾਨ ਸਾਰੇ 13 ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ। ਭਾਜਪਾ ਵੱਲੋਂ ਵਿਧਾਨ ਸਭਾ ਚੋਣਾਂ 2022 'ਚ ਮਹਿਜ਼ ਦੋ ਸੀਟਾਂ ਜਿੱਤਣ ਤੋਂ ਬਾਅਦ ਕਾਂਗਰਸ ਪਾਰਟੀ ਨੂੰ ਵੱਡੇ ਪੱਧਰ 'ਤੇ ਸੰਨ੍ਹ ਲਾਇਆ ਗਿਆ। ਕੈਪਟਨ ਅਮਰਿੰਦਰ ਸਿੰਘ ਤੇ ਸੁਨੀਲ ਜਾਖੜ ਸਣੇ ਹੁਣ ਤੱਕ ਦੋ ਦਰਜਨ ਤੋਂ ਵੱਧ ਵੱਡੇ ਕਾਂਗਰਸੀ ਭਗਵੇਂ ਰੰਗ ਵਿਚ ਰੰਗੇ ਜਾ ਚੁੱਕੇ ਹਨ।

ਭਾਜਪਾ ਨੇ ਆਪਣਾ ਆਧਾਰ ਵਧਾਉਣ ਦੀ

(ਬਾਕੀ ਸਫਾ 6 'ਤੇ)

## ਜਲੰਧਰ ਉਪ ਚੋਣ ਲਈ ਅਕਾਲੀ ਦਲ ਨੇ ਸਰਗਰਮੀ ਵਧਾਈ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਨੇ ਜਲੰਧਰ ਉਪ ਚੋਣ ਲਈ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਅਕਾਲੀ ਦਲ ਜਲੰਧਰ ਲੋਕ ਸਭਾ ਸੀਟ ਤੋਂ ਉਮੀਦਵਾਰ ਦੀ ਨਿਸ਼ਾਨਦੇਹੀ ਕਰਨ ਵਿਚ ਵੀ ਜੁਟ ਗਿਆ ਹੈ। ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜ਼ਿਲ੍ਹੇ ਦੇ ਆਗੂਆਂ ਨਾਲ ਮੀਟਿੰਗ ਕਰ ਕੇ ਉੱਪ ਚੋਣ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਪਾਰਟੀ ਨਾਲ ਨਾਰਾਜ਼ ਚੱਲ ਰਹੇ ਆਗੂਆਂ ਨੂੰ ਮਨਾਉਣ ਤੇ ਉਨ੍ਹਾਂ ਨੂੰ ਨਾਲ ਲੈ ਕੇ ਚੱਲਣ ਦੀ ਗੱਲ 'ਤੇ ਜ਼ਿਆਦਾ ਜ਼ੋਰ ਦਿੱਤਾ। ਸ਼ਹਿਰ ਦੀ ਵੋਟ ਅਕਾਲੀ ਦਲ ਦੇ ਪੱਖ ਵਿਚ ਕਿਵੇਂ ਭੁਗਤੇ, ਇਸ ਦੀ ਰਣਨੀਤੀ ਤਿਆਰ ਕੀਤੀ ਜਾਵੇ। ਮੀਟਿੰਗ 'ਚ ਜ਼ਿਆਦਾ ਸਮਾਂ ਉਪ ਚੋਣ 'ਤੇ ਹੀ ਚਰਚਾ ਕੀਤੀ ਗਈ।

## ਲੋਕਾਂ ਨੇ ਪੱਕੇ ਮੋਰਚੇ ਵੱਲ ਘੱਤੀਆਂ ਵਹੀਰਾਂ



**ਮੁਹਾਲੀ:** ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਅਤੇ ਬਹਿਬਲ ਕਲਾਂ ਗੋਲੀਕਾਂਡ ਸਣੇ ਹੋਰ ਸਿੱਖ ਮਸਲਿਆਂ ਬਾਰੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਤੇ ਪੰਥਕ ਕਮੇਟੀ ਸਣੇ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਮੁਹਾਲੀ-ਚੰਡੀਗੜ੍ਹ ਦੀ ਹੱਦ 'ਤੇ ਜਾਰੀ ਹੈ। ਠੰਢ ਦੇ ਬਾਵਜੂਦ ਲੋਕ ਧਰਨੇ 'ਤੇ ਬੈਠੇ ਹਨ ਅਤੇ ਰੋਜ਼ਾਨਾ ਵੱਡੀ ਗਿਣਤੀ ਵਿਚ ਸਿੱਖ ਸੰਗਤ ਜੁੜ ਰਹੀ ਹੈ।

ਕਿਰਤੀ ਕਿਸਾਨ ਯੂਨੀਅਨ ਦੇ ਵੱਡੀ ਗਿਣਤੀ ਮੈਂਬਰਾਂ ਨੇ ਧਰਨੇ ਵਿਚ ਪੁੱਜ ਕੇ ਸੰਘਰਸ਼ ਨੂੰ ਸਮਰਥਨ ਦਾ ਐਲਾਨ ਕੀਤਾ। ਕਈ ਪੰਜਾਬੀ ਗਾਇਕ ਤੇ ਅਦਾਕਾਰ ਵੀ ਧਰਨੇ ਵਿਚ ਪਹੁੰਚੇ। ਇਥੋਂ ਤੱਕ ਕਿ ਗੈਰ-ਸਿਆਸੀ ਕਿਸਾਨ ਮੋਰਚੇ ਦੀਆਂ 15 ਜਥੇਬੰਦੀਆਂ ਕੌਮੀ ਇਨਸਾਫ ਮੋਰਚੇ ਦੇ ਸਮਰਥਨ ਲਈ ਲਈ ਪੁੱਜ ਗਈਆਂ ਹਨ। ਸਮਾਜ ਸੇਵੀ ਅਤੇ ਕਿਸਾਨ ਵੀ ਲਗਾਤਾਰ ਜੁੜ ਰਹੇ ਹਨ। ਧਰਨੇ ਵਿਚ ਪਹੁੰਚ ਰਹੀ ਸੰਗਤ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ ਅਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਸੜਕ ਦੇ ਦੋਵੇਂ ਪਾਸੇ ਪੱਕੇ ਸ਼ੈਡ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਨੇੜਲੇ ਪਿੰਡਾਂ 'ਚੋਂ ਹਿੰਦੂ ਭਾਈਚਾਰੇ ਦਾ ਵੱਡਾ ਜਥਾ ਪੱਕੇ ਮੋਰਚੇ ਵਿਚ ਪੁੱਜਿਆ ਹੈ। ਸਿੱਖ ਸੰਘਰਸ਼ ਵਿਚ ਪਹੁੰਚਣ 'ਤੇ ਬਾਪੂ ਗੁਰਚਰਨ ਸਿੰਘ ਸਮੇਤ ਹੋਰਨਾਂ ਪ੍ਰਬੰਧਕਾਂ ਨੇ ਇਨ੍ਹਾਂ ਪਰਿਵਾਰਾਂ ਨਿੱਘਾ ਸਵਾਗਤ ਕੀਤਾ।

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Buying Or Selling Home In Chicagoland And Suburbs ?
We Can Help You With
Buying Selling
Investing Managing
Call For More Info:
+1 847-322-5832
www.pradeepsinghrealtor.com
ishowhomes@yahoo.com
20 S Roselle Rd Schaumburg IL 60193
Pradeep Singh
Realtor (14 Years of Experience)

Regal Jewels
RAJVEER GILL
847-907-1525
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377 773-517-0574
www.Regaljewels.com

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 646ਵੇਂ ਪ੍ਰਕਾਸ਼ ਪੁਰਬ ਦੀ

# ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 646ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ 3, 4 ਅਤੇ 5 ਫਰਵਰੀ 2023 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**3 ਫਰਵਰੀ 2023**

(ਸ਼ੁੱਕਰਵਾਰ)

*ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ*

**5 ਫਰਵਰੀ 2023**

(ਐਤਵਾਰ)

*ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10 ਵਜੇ*

ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।

ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

*ਗੁਰੂ ਕਾ ਲੰਗਰ ਅਤੁੱਟ ਵਰਤੇਗਾ*

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)

**12200 E. 131st. Fishers, IN 46037**

**Ph: 317-773-8446**

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5’2” daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct’ 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5’6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40


# SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

**EARLY BIRD SALE!!!!**

**Domestic fares available**



# ਗੁਰਮੁਖੀ ਸਕੂਲ ਵਿਚ ਬੱਚੇ ਪੜ੍ਹਾਓ, ਪੰਜਾਬੀ ਮਾਂ ਬੋਲੀ ਨੂੰ ਬਚਾਓ !

**ਗੁਰਦੁਆਰਾ ਗੁਰੂ ਨਾਨਕ ਦਰਬਾਰ 425 S. High School Road ਇੰਡੀਅਨ ਐਪੋਲਿਸ ਵੱਲੋਂ ਗੁਰਮੁਖੀ ਸਕੂਲ ਸਫਲਤਾਪੂਰਵਕ ਚੱਲ ਰਿਹਾ ਹੈ। ਮਾਪਿਆਂ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਦਾਖਲ ਕਰਵਾਓ।**

*** ਸਕੂਲ ਦਾ ਸਮਾਂ ਹਰੇਕ ਐਤਵਾਰ, ਸਵੇਰੇ 11:00 ਤੋਂ ਦੁਪਹਿਰ 12:15 ਤੱਕ ਹੈ।**

*** ਨਵੇਂ ਵਿਦਿਆਰਥੀ ਮੌਕੇ ’ਤੇ ਫਾਰਮ ਭਰ ਕੇ ਪੜ੍ਹਾਈ ਸ਼ੁਰੂ ਕਰ ਸਕਦੇ ਹਨ।**

**ਗੁਰਮੁਖੀ ਦੇ ਨਾਲ ਨਾਲ ਗੁਰਬਾਣੀ ਅਤੇ ਇਤਿਹਾਸ ਤੋਂ ਵੀ ਬੱਚਿਆਂ ਨੂੰ ਜਾਣੂ ਕਰਵਾਇਆ ਜਾਂਦਾ ਹੈ। ਸਮੇਂ ਸਮੇਂ ’ਤੇ ਦਸਤਾਰ ਸਿਖਲਾਈ ਕੈਂਪ ਵੀ ਲਗਾਇਆ ਜਾਂਦਾ ਹੈ।**


## ਲੜਕੀ ਦੀ ਲੋੜ ਹੈ

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

4-7

Khatri Hindu family looking for a suitable match for their son US Citizen 38, 5’9" divorced with full custody of child, non-smoker/non-drinker. Caste and religion no bar. Well settled in California.
Please contact Whatsapp/Phone: 909-286-5400"

3-6

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5’11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)।

2-5

An educated Jatt Sikh family looking for a suitable match for their 42, 5’10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5’10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5’10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Looking for a suitable match for our USA green card holder, 5’7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or
E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5’8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Jatt Sikh family looking for a suitable Jatt Sikh girl for their US born 27 years, 5’11”, Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5’11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5’10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5’11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan.
Please contact us @ 734-419-3292.

49-52

# ਪੱਕੇ ਮੋਰਚੇ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ 'ਤੇ ਹਮਲੇ ਦਾ ਮੁੱਦਾ ਅਕਾਲ ਤਖਤ ਪੁੱਜਾ

## ਜਥੇਦਾਰ ਨੂੰ ਘਟਨਾ ਦੀ ਆਪਣੇ ਤੌਰ 'ਤੇ ਜਾਂਚ ਕਰਵਾਉਣ ਦੀ ਅਪੀਲ

**ਮੁਹਾਲੀ:** ਮੁਹਾਲੀ-ਚੰਡੀਗੜ੍ਹ ਦੀ ਹੱਦ 'ਤੇ ਬੰਦੀ ਸਿੰਘਾਂ ਦੀ ਰਿਹਾਈ, 328 ਸਰੂਪਾਂ ਅਤੇ ਬੇਅਦਬੀ ਦੀਆਂ ਘਟਨਾਵਾਂ ਦੇ ਸਬੰਧ 'ਚ ਚੱਲ ਰਹੇ ਪੱਕੇ ਮੋਰਚੇ ਵਾਲੀ ਥਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਗੱਡੀ ਉਤੇ ਹਮਲਾ ਕੀਤਾ ਗਿਆ। ਸ੍ਰੀ ਧਾਮੀ ਧਰਨੇ ਨੂੰ ਸੰਬੋਧਨ ਕਰਨ ਤੋਂ ਬਾਅਦ ਵਾਪਸ ਜਾ ਰਹੇ ਸਨ ਤਾਂ ਕੁਝ ਗਰਮਖਿਆਲੀ ਨੌਜਵਾਨਾਂ ਨੇ ਉਨ੍ਹਾਂ ਨੂੰ ਸਵਾਲ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਜਦੋਂ ਉਹ ਗੱਡੀ ਵਿਚ ਬੈਠ ਗਏ ਤਾਂ ਭੀੜ 'ਚੋਂ ਕਈ ਵਿਅਕਤੀਆਂ ਨੇ ਉਨ੍ਹਾਂ ਦੇ ਕਾਫਲੇ 'ਤੇ ਪਥਰਾਅ ਕਰ ਦਿੱਤਾ। ਹਮਲਾਵਰਾਂ ਵੱਲੋਂ ਧਾਮੀ ਦੇ ਕਾਫ਼ਲੇ ਵਾਲੀ ਇਕ ਹੋਰ ਗੱਡੀ 'ਤੇ ਕਿਰਪਾਨਾਂ ਮਾਰੀਆਂ ਗਈਆਂ। ਹਮਲੇ 'ਚ ਕਈ ਗੱਡੀਆਂ ਨੁਕਸਾਨੀਆਂ ਗਈਆਂ। ਬੜੀ ਮੁਸ਼ਕਲ ਨਾਲ ਧਾਮੀ ਅਤੇ ਉਨ੍ਹਾਂ ਦੇ ਸਾਥੀ ਵਾਲ ਵਾਲ ਬਚ ਕੇ ਮੌਕੇ ਤੋਂ ਨਿਕਲੇ।





ਉਧਰ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਮੁਹਾਲੀ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 'ਤੇ ਹਮਲਾ ਕਰਨ ਦੀ ਵਾਪਰੀ ਘਟਨਾ ਦੀ ਆਪਣੇ ਤੌਰ 'ਤੇ ਜਾਂਚ ਕਰਵਾਉਣ। ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਸਕੱਤਰ ਪ੍ਰਤਾਪ ਸਿੰਘ ਦੀ ਅਗਵਾਈ ਵਿਚ ਸਿੱਖ ਸੰਸਥਾ ਦੇ ਅਧਿਕਾਰੀਆਂ ਦੀ ਮੀਟਿੰਗ ਹੋਈ ਹੈ, ਜਿਸ ਵਿਚ ਮੁਹਾਲੀ ਵਿਖੇ ਕੌਮੀ ਇਨਸਾਫ ਮੋਰਚੇ ਵਿਚ ਸ਼ਮੂਲੀਅਤ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਕੁਝ ਲੋਕਾਂ ਵੱਲੋਂ ਕੀਤੇ ਗਏ ਹਮਲੇ ਦਾ ਮਾਮਲਾ ਵਿਚਾਰਿਆ ਗਿਆ।

ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਦਖਲ ਦੇਣ ਦੀ ਅਪੀਲ ਕੀਤੀ ਗਈ। ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੁੱਚੀ ਕੌਮ ਦੀ ਨੁਮਾਇੰਦਾ ਜਥੇਬੰਦੀ ਦੇ ਆਗੂ ਹੋਣ ਕਰਕੇ ਕਿਸੇ ਇਕ ਧਿਰ ਦੇ ਨਹੀਂ ਹਨ, ਸਗੋਂ ਸਮੁੱਚੀ ਕੌਮ ਦੇ ਸਾਂਝੇ ਹਨ। ਉਹ ਨਿੱਜੀ ਤੌਰ 'ਤੇ ਵੀ ਪੰਥਕ ਸੰਘਰਸ਼ ਦੌਰਾਨ ਜੇਲ੍ਹਾਂ ਕੱਟ ਰਹੇ ਸਿੱਖਾਂ ਦੇ ਕੇਸਾਂ ਦੀ ਪੈਰਵਾਈ ਕਰਦਿਆਂ ਕਾਨੂੰਨੀ ਸੇਵਾਵਾਂ ਨਿਭਾਅ ਚੁੱਕੇ ਹਨ ਅਤੇ ਮੌਜੂਦਾ ਸਮੇਂ ਸਿੱਖ ਸੰਸਥਾ ਦੇ ਪ੍ਰਧਾਨ ਹੁੰਦਿਆਂ ਵੀ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਤਾਰ ਕਾਰਜਸ਼ੀਲ ਹਨ। ਅਜਿਹੀ ਪੰਥਕ ਸ਼ਖ਼ਸੀਅਤ 'ਤੇ ਹਮਲਾ ਕਰਨ ਵਾਲਿਆਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਚੱਲ ਰਹੇ ਸੰਘਰਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਦੀ ਸ਼੍ਰੋਮਣੀ ਕਮੇਟੀ ਦੇ ਸਮੂਹ ਮੁਲਾਜ਼ਮ ਕਰੜੀ ਨਿੰਦਾ ਕਰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਕਾਫਲੇ ਉਤੇ ਕੁਝ ਲੋਕਾਂ ਵੱਲੋਂ ਕੀਤੇ ਗਏ ਹਮਲੇ ਦੀ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰਾਂ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਨਿਖੇਧੀ ਕੀਤੀ ਗਈ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸ੍ਰੀ ਧਾਮੀ ਦੀ ਗੱਡੀ ਦੀ ਭੰਨ-ਤੋੜ ਮੰਦਭਾਗਾ ਵਰਤਾਰਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਮੋਰਚੇ ਦੇ ਪ੍ਰਬੰਧਕਾਂ ਨੂੰ ਇਸ ਬਾਰੇ ਆਪਣਾ ਪੱਖ ਸਪੱਸ਼ਟ ਕਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਮੈਂਬਰ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਕਿਹਾ ਕਿ ਆਪਸੀ ਵਿਚਾਰਾਂ ਦੇ ਮੱਤਭੇਦ, ਨਰਾਜ਼ਗੀਆਂ ਅਤੇ ਦੂਰੀਆਂ ਨੂੰ ਹਮਲਾ ਕਰਕੇ ਸੁਲਝਾਇਆ ਨਹੀਂ ਜਾ ਸਕਦਾ ਹੈ।

### ਹਮਲਾ ਪੰਥ ਵਿਰੋਧੀ ਤਾਕਤਾਂ ਦੀ ਸਾਜ਼ਿਸ਼: ਧਾਮੀ

**ਚੰਡੀਗੜ੍ਹ:** ਹਰਜਿੰਦਰ ਸਿੰਘ ਧਾਮੀ ਨੇ ਆਪਣੇ ਕਾਫਲੇ 'ਤੇ ਹੋਏ ਹਮਲੇ ਲਈ ਪੰਥ ਵਿਰੋਧੀ ਤਾਕਤਾਂ ਨੂੰ ਜ਼ਿੰਮੇਵਾਰ ਕਰਾਰ ਦਿੰਦਿਆਂ ਕਿਹਾ ਕਿ ਸਿੱਖ ਸੰਸਥਾ ਦੇ ਮੁਖੀ 'ਤੇ ਹਮਲੇ ਤੋਂ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਪੱਲਾ ਨਹੀਂ ਝਾੜ ਸਕਦਾ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਕੌਮੀ ਮੋਰਚੇ ਵਿਚ ਸ਼ਮੂਲੀਅਤ ਪ੍ਰਬੰਧਕਾਂ ਦੇ ਸੱਦੇ 'ਤੇ ਕੀਤੀ ਸੀ। ਉਨ੍ਹਾਂ ਕਿਹਾ ਕਿ ਮੋਰਚਾ ਪ੍ਰਬੰਧਕਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਸ਼ਰਾਰਤੀ ਤੱਤਾਂ ਨੂੰ ਮੋਰਚੇ ਤੋਂ ਦੂਰ ਰੱਖਿਆ ਜਾਵੇ।

## ਸਤਿਕਾਰ ਕਮੇਟੀਆਂ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ: ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਇੰਦੌਰ ਵਿਚ ਸਿੰਧੀ ਪਰਿਵਾਰਾਂ ਦੇ ਘਰਾਂ ਵਿਚੋਂ ਪਾਵਨ ਸਰੂਪ ਚੁੱਕ ਕੇ ਲਿਆਉਣ ਦੀ ਵਾਪਰੀ ਘਟਨਾ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਪੱਤਰ ਭੇਜ ਕੇ ਆਖਿਆ ਕਿ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖਤ ਵੱਲੋਂ ਸਤਿਕਾਰ ਕਮੇਟੀਆਂ ਨੂੰ ਕੋਈ ਮਾਨਤਾ ਨਹੀਂ ਹੈ ਅਤੇ ਨਾ ਹੀ ਪਾਵਨ ਸਰੂਪ ਆਪਣੀ ਮਰਜ਼ੀ ਨਾਲ ਚੁੱਕ ਕੇ ਲਿਆਉਣ ਦੀ ਕੋਈ ਆਗਿਆ ਦਿੱਤੀ ਹੈ। ਇਹ ਪੱਤਰ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਰਾਹੀਂ ਡੀ.ਜੀ.ਪੀ. ਨੂੰ ਭੇਜਿਆ ਗਿਆ ਹੈ। ਸ਼੍ਰੋਮਣੀ ਕਮੇਟੀ ਨੇ ਡੀ.ਜੀ.ਪੀ. ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਵਿਚ ਪੁਲਿਸ ਥਾਣਿਆਂ ਨੂੰ ਹਦਾਇਤ ਕਰਨ ਕਿ ਭਵਿੱਖ ਵਿਚ ਅਜਿਹੇ ਮਾਮਲਿਆਂ ਵਿਚ ਸਤਿਕਾਰ ਕਮੇਟੀਆਂ ਨੂੰ ਪੁਲਿਸ ਵੱਲੋਂ ਸਹਿਯੋਗ ਨਾ ਦਿੱਤਾ ਜਾਵੇ।

## ਸਿੱਖ ਆਗੂ ਨੂੰ ਵਾਈਸ ਚਾਂਸਲਰ ਨਿਯੁਕਤ ਕਰਨ ਲਈ ਉਪ ਰਾਸ਼ਟਰਪਤੀ ਨੂੰ ਪੱਤਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਯੂਨੀਵਰਸਿਟੀ ਵਿਚ ਵਿਤਕਰਾ ਕਰਨ ਦੀ ਨਿਖੇਧੀ ਕਰਦਿਆਂ ਕਿਸੇ ਯੋਗ ਤੇ ਪ੍ਰਮੁੱਖ ਸਿੱਖ ਵਿਦਵਾਨ ਨੂੰ ਵਾਈਸ ਚਾਂਸਲਰ ਨਿਯੁਕਤ ਕਰਨ ਦੀ ਮੰਗ ਕੀਤੀ ਹੈ। 'ਵਰਸਿਟੀ ਦੇ ਕੁਲਪਤੀ ਤੇ ਭਾਰਤ ਦੇ ਉਪ ਰਾਸ਼ਟਰਪਤੀ ਨੂੰ ਪੱਤਰ ਲਿਖ ਕੇ ਸ੍ਰੀ ਬਾਦਲ ਨੇ ਕਿਹਾ ਕਿ ਭਾਰਤ ਨੂੰ ਆਜ਼ਾਦ ਹੋਏ 76 ਸਾਲ ਹੋ ਚੁੱਕੇ ਹਨ ਤੇ ਇਹ 'ਵਰਸਿਟੀ ਜਿਸ ਦਾ ਨਾਂ ਇਸ ਦੇ ਜਨਮ ਸਥਾਨ ਵਾਲੇ ਰਾਜ ਦੇ ਨਾਂ 'ਤੇ ਰੱਖਿਆ ਗਿਆ ਹੈ ਪਰ ਇਥੇ ਹੁਣ ਤੱਕ ਕਿਸੇ ਵੀ ਸਿੱਖ ਦੀ ਵਾਈਸ ਚਾਂਸਲਰ ਵਜੋਂ ਨਿਯੁਕਤੀ ਨਹੀਂ ਕੀਤੀ ਗਈ।

ਸ੍ਰੀ ਬਾਦਲ ਨੇ ਕਿਹਾ ਕਿ ਇਹ ਵਿਤਕਰਾ ਸਿਰਫ ਵਾਈਸ ਚਾਂਸਲਰਾਂ ਦੀ ਨਿਯੁਕਤੀ ਵਿਚ ਹੀ ਨਹੀਂ ਹੋ ਰਿਹਾ ਬਲਕਿ ਹੇਠਲੇ ਪੱਧਰ ਤੱਕ ਵੀ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਯੂਨੀਵਰਸਿਟੀ ਸੈਨੇਟ ਦੇ 36 ਮੈਂਬਰ ਨਾਮਜ਼ਦ ਹੋਏ ਹਨ ਜਿਨ੍ਹਾਂ ਵਿਚੋਂ ਸਿਰਫ ਦੋ ਹੀ ਸਿੱਖ ਹਨ। ਯੂਨੀਵਰਸਿਟੀ ਵਿਚ 14 ਪ੍ਰਮੁੱਖ ਅਕਾਦਮਿਕ ਅਤੇ ਪ੍ਰਸਾਸ਼ਕੀ ਅਸਾਮੀਆਂ ਡੀਨ ਯੂਨੀਵਰਸਿਟੀ ਇੰਸਟਰੱਕਸਨਜ, ਕੰਟਰੋਲਰ ਪ੍ਰੀਖਿਆਵਾਂ, ਐਫ.ਡੀ.ਓ, ਐਸ.ਵਾਈ.ਸੀ, ਡੀਨ ਵਿਦਿਆਰਥੀ ਭਲਾਈ ਆਦਿ 'ਤੇ ਇਕ ਵੀ ਸਿੱਖ ਨਿਯੁਕਤ ਨਹੀਂ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਨਾ ਤਾਂ ਯੂਨੀਵਰਸਿਟੀ ਦਾ ਰਜਿਸਟਰਾਰ ਸਿੱਖ ਹੈ ਤੇ ਨਾ ਹੀ ਵਾਈਸ ਚਾਂਸਲਰ ਸਿੱਖ ਹੈ।

## ਉਦਯੋਗਿਕ ਮਸਲਿਆਂ ਦੇ ਨਬੇੜੇ ਲਈ ਕੋਰ ਗਰੁੱਪ ਬਣੇਗਾ

**ਚੰਡੀਗੜ੍ਹ:** ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਇਥੇ ਕਨਫੈਡਰੇਸ਼ਨ ਆਫ ਇੰਡੀਅਨ ਇੰਡਸਟਰੀਲਿਸਟਜ਼ (ਸੀ.ਆਈ.ਆਈ.) ਦੇ ਮੁੱਖ ਦਫਤਰ ਵਿਖੇ ਉਦਯੋਗਪਤੀਆਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਨੇ ਉਦਯੋਗਾਂ ਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਨਾਲ ਸਬੰਧਤ ਮਸਲਿਆਂ ਦੇ ਸੁਚਾਰੂ ਨਿਪਟਾਰੇ ਲਈ 'ਕੋਰ ਗਰੁੱਪ' ਬਣਾਉਣ ਦਾ ਫੈਸਲਾ ਕੀਤਾ ਹੈ। ਗਰੁੱਪ ਵਿਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਉਦਯੋਗ ਅਤੇ ਹੋਰ ਸਬੰਧਤ ਵਿਭਾਗਾਂ ਦੇ ਨੁਮਾਇੰਦੇ ਸ਼ਾਮਲ ਹੋਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਮਕਾਨ ਉਸਾਰੀ ਵਿਭਾਗ ਵੱਲੋਂ ਉਦਯੋਗਪਤੀਆਂ ਨੂੰ 45 ਦਿਨਾਂ ਦੇ ਅੰਦਰ-ਅੰਦਰ ਹਰ ਤਰ੍ਹਾਂ ਦੀ ਮਨਜ਼ੂਰੀ ਦੇਣਾ ਯਕੀਨੀ ਬਣਾਉਣ ਲਈ ਇਕ ਪੁਖ਼ਤਾ ਤੇ ਸੁਚਾਰੂ ਵਿਧੀ ਤਿਆਰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਪਹਿਲਾਂ ਹੀ ਬਿਲਡਿੰਗ ਪਲਾਨ ਦੀ ਪ੍ਰਵਾਨਗੀ ਤੇ ਨਗਰ ਨਿਗਮ ਦੀ ਹਦੂਦ ਤੋਂ ਬਾਹਰ, ਇਕਹਿਰੇ ਉਦਯੋਗਾਂ ਦੀ ਕੰਪਾਊਂਡਿੰਗ ਸਮੇਤ ਇਕਹਿਰੇ ਉਦਯੋਗਾਂ ਦੇ ਮੁਕੰਮਲ ਹੋਣ ਸਬੰਧੀ ਪ੍ਰਮਾਣ ਪੱਤਰ (ਕੰਪਲੀਸ਼ਨ ਸਰਟੀਫਿਕੇਟ) ਜਾਰੀ ਕਰਨ ਦੀਆਂ ਸ਼ਕਤੀਆਂ ਡਾਇਰੈਕਟਰ ਫੈਕਟਰੀਜ਼ ਨੂੰ ਸੌਂਪੀਆਂ ਗਈਆਂ ਹਨ।

## ਸ਼ਰਾਬ ਪੀ ਕੇ ਕਾਰ ਚਲਾਉਣ ਵਾਲੇ ਸਿੱਖ ਨੌਜਵਾਨ ਨੂੰ ਜੁਰਮਾਨਾ

**ਲੰਡਨ:** ਇੰਗਲੈਂਡ ਦੀ ਅਦਾਲਤ ਨੇ ਸ਼ਰਾਬ ਪੀ ਕੇ ਕਾਰ ਚਲਾਉਣ ਦੇ ਦੋਸ਼ ਹੇਠ ਸਿੱਖ ਨੌਜਵਾਨ ਨੂੰ ਜੁਰਮਾਨਾ ਲਾਇਆ ਹੈ ਅਤੇ ਵਾਹਨ ਚਲਾਉਣ 'ਤੇ 22 ਮਹੀਨਿਆਂ ਲਈ ਪਾਬੰਦੀ ਲਗਾ ਦਿੱਤੀ ਹੈ। ਪੁਲਿਸ ਨੇ ਬੀਤੇ ਸਾਲ ਨਵੰਬਰ ਮਹੀਨੇ ਵਿਚ ਡਰਬੀਸ਼ਾਇਰ ਕਸਬੇ ਵਿਚ ਸੁਖਪ੍ਰੀਤ ਸਿੰਘ ਦੀ ਕਾਰ ਦਾ ਉਸ ਸਮੇਂ ਪਿੱਛਾ ਕੀਤਾ ਜਦੋਂ ਉਹ ਲੇਨ ਸਿਸਟਮ ਦੀ ਉਲੰਘਣਾ ਕਰ ਰਿਹਾ ਸੀ। ਪੁਲਿਸ ਨੇ ਉਸ ਦੀ ਕਾਰ ਵਿਚੋਂ ਸ਼ਰਾਬ ਦੇ ਖੁੱਲ੍ਹੇ ਕੈਨ ਵੀ ਬਰਾਮਦ ਕੀਤੇ ਸਨ। ਕੇਸ ਦੀ ਸੁਣਵਾਈ ਦੌਰਾਨ ਦੱਖਣੀ ਡਰਬੀਸ਼ਾਇਰ ਮੈਜਿਸਟਰੇਟ ਦੀ ਅਦਾਲਤ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਸੁਖਪ੍ਰੀਤ ਸਿੰਘ ਬਿਨਾਂ ਡਰਾਈਵਿੰਗ ਲਾਇਸੈਂਸ ਤੋਂ ਕਾਰ ਚਲਾ ਰਿਹਾ ਸੀ। ਅਦਾਲਤ ਨੇ ਸੁਖਪ੍ਰੀਤ ਨੂੰ ਦੋਸ਼ੀ ਮੰਨਦਿਆਂ ਉਸ ਨੂੰ 250 ਪਾਊਂਡ ਜੁਰਮਾਨਾ ਕੀਤਾ ਹੈ ਅਤੇ 22 ਮਹੀਨਿਆਂ ਲਈ ਉਸ ਨੂੰ ਡਰਾਈਵਿੰਗ ਕਰਨ ਤੋਂ ਰੋਕ ਦਿੱਤਾ ਹੈ। ਸੁਖਪ੍ਰੀਤ ਸਿੰਘ ਪਿਜ਼ਾ ਹੱਟ ਦਾ ਮੁਲਾਜ਼ਮ ਹੈ।

## ਅਫਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 2 ਸਰੂਪ ਦਿੱਲੀ ਪੁੱਜੇ


**ਨਵੀਂ ਦਿੱਲੀ:** ਅਫ਼ਗਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 2 ਪਾਵਨ ਸਰੂਪ ਦਿੱਲੀ ਹਵਾਈ ਅੱਡੇ ਪੁੱਜਣ ਉਤੇ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਦਿੱਲੀ) ਅਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਸਿੱਖੀ ਰਵਾਇਤਾਂ ਅਨੁਸਾਰ ਸਵਾਗਤ ਕੀਤਾ ਗਿਆ।

ਇਹ ਪਾਵਨ ਸਰੂਪ ਤਿੰਨ ਅਫਗਾਨੀ ਸਿੱਖ ਹਵਾਈ ਜਹਾਜ਼ ਰਾਹੀਂ ਅਫ਼ਗਾਨਿਸਤਾਨ ਤੋਂ ਦਿੱਲੀ ਲੈ ਕੇ ਪੁੱਜੇ ਹਨ। ਦੱਸਣਯੋਗ ਹੈ ਕਿ ਅਫ਼ਗਾਨਿਸਤਾਨ ਵਿਚ ਬਣੇ ਹਾਲਾਤ ਦੇ ਮੱਦੇਨਜ਼ਰ ਉਥੇ ਵਸਦੇ ਸਿੱਖ ਦੇਸ਼ ਛੱਡ ਰਹੇ ਹਨ ਅਤੇ ਸਥਾਨਕ ਗੁਰੂ ਘਰਾਂ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸਤਿਕਾਰ ਸਹਿਤ ਆਪਣੇ ਨਾਲ ਲਿਆ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨ ਦਿੱਲੀ ਦੇ ਇੰਚਾਰਜ ਸੁਰਿੰਦਰਪਾਲ ਸਿੰਘ ਸਮਾਣਾ ਨੇ ਦੱਸਿਆ ਕਿ ਦਿੱਲੀ ਪੁੱਜੇ 2 ਪਾਵਨ ਸਰੂਪ ਹਵਾਈ ਅੱਡੇ ਤੋਂ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿਚ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਂਵੀਰ ਨਗਰ ਵਿਖੇ ਸੁਸ਼ੋਭਿਤ ਕੀਤੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਵਕਤਾ ਮੁਤਾਬਕ ਹੁਣ ਤੱਕ ਅਫ਼ਗਾਨਿਸਤਾਨ ਤੋਂ ਭਾਰਤ ਪੁੱਜਣ ਵਾਲੇ 140 ਸਿੱਖਾਂ ਦੇ ਹਵਾਈ ਖਰਚੇ ਦਾ ਪ੍ਰਬੰਧ ਕੀਤਾ ਗਿਆ ਹੈ।



# ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਨੂੰ ਭਰਵਾਂ ਹੁੰਗਾਰਾ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਤਹਿਤ ਹੁਣ ਤੱਕ ਲਗਭਗ 10 ਲੱਖ ਲੋਕ ਦਸਤਖ਼ਤ ਫਾਰਮ ਭਰੇ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਇਸ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਮੁਹਿੰਮ 'ਚ ਭਾਗ ਲੈਣ ਵਾਲਿਆਂ ਵਿੱਚ ਪੰਜਾਬ ਤੋਂ ਇਲਾਵਾ ਹੋਰਨਾਂ ਸੂਬਿਆਂ ਅਤੇ ਵੱਖ-ਵੱਖ ਮੁਲਕਾਂ ਦੇ ਬਾਸ਼ਿੰਦੇ ਵੀ ਸ਼ਾਮਲ ਹਨ।



ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਵਾਲੇ ਫਾਰਮ ਅਤੇ ਇਸ ਸਬੰਧੀ ਇਕ ਪੱਤਰ ਫਰਵਰੀ ਮਹੀਨੇ ਵਿਚ ਰਾਸ਼ਟਰਪਤੀ ਨੂੰ ਭੇਜਿਆ ਜਾਵੇਗਾ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਸਮੂਹ ਮੈਂਬਰ ਅਤੇ ਅਹੁਦੇਦਾਰ ਮਾਰਚ ਕਰਦੇ ਹੋਏ ਚੰਡੀਗੜ੍ਹ ਵਿਚ ਰਾਜਪਾਲ ਨੂੰ ਮਿਲਣਗੇ, ਜਿੱਥੇ ਰਾਸ਼ਟਰਪਤੀ ਦੇ ਨਾਂ ਪੱਤਰ ਅਤੇ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਵਾਲੇ ਫਾਰਮ ਸੌਂਪੇ ਜਾਣਗੇ। ਸ਼੍ਰੋਮਣੀ ਕਮੇਟੀ ਵੱਲੋਂ ਇਹ ਦਸਤਖ਼ਤ ਮੁਹਿੰਮ ਪਹਿਲੀ ਦਸੰਬਰ ਨੂੰ ਸ਼ੁਰੂ ਕੀਤੀ ਗਈ ਸੀ, ਜਿਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਸ਼ਹਿਰਾਂ ਵਿਚ ਇਸ ਸਬੰਧੀ ਰੋਸ ਮਾਰਚ ਕਰ ਕੇ ਡਿਪਟੀ ਕਮਿਸ਼ਨਰਾਂ ਰਾਹੀਂ ਰਾਜਪਾਲ ਨੂੰ ਮੰਗ ਪੱਤਰ ਭੇਜੇ ਗਏ ਸਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਨੇ ਦੱਸਿਆ ਕਿ ਦਸਤਖ਼ਤ ਮੁਹਿੰਮ ਤਹਿਤ ਫਾਰਮ ਭਰਵਾਉਣ ਵਾਸਤੇ ਪੰਜਾਬ ਦੇ ਗੁਰਦੁਆਰਿਆਂ 'ਚ 89 ਕੇਂਦਰ ਸਥਾਪਤ ਕੀਤੇ ਗਏ ਸਨ।

ਇਸ ਤੋਂ ਇਲਾਵਾ ਪ੍ਰਚਾਰਕਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਪ੍ਰੋਗਰਾਮਾਂ ਦੌਰਾਨ ਪ੍ਰਚਾਰ ਕਰਕੇ ਲੋਕਾਂ ਤੋਂ ਇਹ ਫਾਰਮ ਭਰਵਾਏ ਗਏ ਹਨ। ਪੰਜਾਬ ਤੋਂ ਬਿਨਾਂ ਹੋਰਨਾਂ ਸੂਬਿਆਂ ਵਿਚ ਭਰੇ ਗਏ ਫਾਰਮਾਂ ਦੀ ਗਿਣਤੀ ਇਕ ਲੱਖ ਤੋਂ ਉੱਪਰ ਦੱਸੀ ਗਈ ਹੈ। ਇਹ ਫਾਰਮ ਹਰਿਆਣਾ, ਉੱਤਰ ਪ੍ਰਦੇਸ, ਜੰਮੂ ਕਸ਼ਮੀਰ, ਰਾਜਸਥਾਨ, ਉੱਤਰਾਖੰਡ, ਗੁਜਰਾਤ ਅਤੇ ਦਿੱਲੀ ਵਿਚ ਸ਼੍ਰੋਮਣੀ ਕਮੇਟੀ ਦੇ ਸਿੱਖ ਮਿਸ਼ਨ ਕੇਂਦਰਾਂ ਵਿਚ ਭਰੇ ਗਏ ਹਨ। ਇਸ ਤੋਂ ਇਲਾਵਾ ਨਾਗਾਲੈਂਡ ਅਤੇ ਤਾਮਿਲ ਨਾਡੂ ਵਿਚ ਵੀ ਕੁਝ ਪਾਰਟੀਆਂ ਵੱਲੋਂ ਇਹ ਫਾਰਮ ਮੰਗਵਾਏ ਗਏ ਸਨ। ਸ਼੍ਰੋਮਣੀ ਕਮੇਟੀ ਨੇ ਆਨਲਾਈਨ ਵਿਧੀ ਨਾਲ ਵੀ ਇਹ ਫਾਰਮ ਭਰਵਾਏ ਹਨ, ਜਿਸ ਰਾਹੀਂ ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਨੇ ਵੀ ਸ਼ਮੂਲੀਅਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਵਿਚ ਤੇਜੀ ਲਿਆਂਦੀ ਗਈ ਹੈ ਤੇ ਜਨਵਰੀ ਮਹੀਨੇ ਦੇ ਅੰਤ ਤੱਕ ਇਸ ਮੁਹਿੰਮ ਨੂੰ ਮੁਕੰਮਲ ਕੀਤਾ ਜਾਵੇਗਾ, ਜਿਸ ਤਹਿਤ ਪ੍ਰਚਾਰਕ ਸ਼੍ਰੇਣੀ ਘਰ-ਘਰ ਜਾ ਕੇ ਅਤੇ ਸਕੂਲਾਂ ਵਿਚ ਜਾ ਕੇ ਫਾਰਮ ਭਰਵਾਏਗੀ।

### ਬੰਦੀ ਸਿੰਘਾਂ ਦੀ ਰਿਹਾਈ ਲਈ ਪੈਦਲ ਮਾਰਚ ਕੱਢਿਆ

**ਚਮਕੌਰ ਸਾਹਿਬ:** ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਤੇ ਬਹਿਬਲ ਕਲਾਂ ਗੋਲੀਕਾਂਡ ਸਮੇਤ ਹੋਰ ਧਾਰਮਿਕ ਮੁੱਦਿਆਂ ਅਤੇ ਸਰਕਾਰ ਦੀ ਇਨ੍ਹਾਂ ਮੁੱਦਿਆਂ ਖ਼ਿਲਾਫ਼ ਅਣਦੇਖੀ ਨੂੰ ਲੈ ਕੇ ਇਥੇ ਸਿੱਖ ਨੌਜਵਾਨਾਂ ਵੱਲੋਂ ਰੋਸ ਮਾਰਚ ਕੱਢਿਆ ਗਿਆ। ਇਹ ਪੈਦਲ ਮਾਰਚ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਇਥੋਂ ਦੇ ਬਾਜ਼ਾਰ ਵਿਚੋਂ ਦੀ ਹੁੰਦਾ ਹੋਇਆ ਮੇਨ ਸੜਕ ਤੋਂ ਹੋ ਕੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਸਮਾਪਤ ਹੋਇਆ।

# ਡੇਰਾ ਮੁਖੀ ਨੂੰ ਪੈਰੋਲ 'ਤੇ ਸਿੱਖ ਜਥੇਬੰਦੀਆਂ ਵਿਚ ਰੋਹ ਭਖਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾ ਸਿਰਸਾ ਮੁਖੀ ਨੂੰ ਇਕ ਵਾਰ ਫਿਰ ਪੈਰੋਲ ਦਿੱਤੇ ਜਾਣ ਦਾ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੇਕਰ ਕਤਲ ਅਤੇ ਜਬਰ ਜਨਾਹ ਵਰਗੇ ਸੰਗੀਨ ਮਾਮਲਿਆਂ ਦੇ ਦੋਸ਼ੀ ਪੈਰੋਲ 'ਤੇ ਛੱਡੇ ਜਾ ਸਕਦੇ ਹਨ ਤਾਂ ਕੌਮੀ ਹੱਕਾਂ ਅਤੇ ਹਿੱਤਾਂ ਲਈ ਸੰਘਰਸ਼ ਕਰਨ ਵਾਲੇ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਵਿਚ ਕੀ ਮੁਸ਼ਕਲ ਹੈ।



ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਇਹ ਦੋਗਲੀ ਨੀਤੀ ਸਿੱਖਾਂ ਵਿਚ ਬੇਵਿਸਾਹੀ ਪੈਦਾ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਦੇਸ਼ ਵਿਚ ਹਰ ਕੌਮ ਅਤੇ ਧਰਮ ਦੇ ਲੋਕ ਵੱਸਦੇ ਹਨ ਪਰ ਦੁੱਖ ਇਸ ਗੱਲ ਦਾ ਹੈ ਕਿ ਇਥੇ ਸੰਵਿਧਾਨ ਦੀ ਉਲੰਘਣਾ ਕਰ ਕੇ ਘੱਟ ਗਿਣਤੀਆਂ ਪ੍ਰਤੀ ਵੱਖਰੀ ਨੀਤੀ ਤਹਿਤ ਕੰਮ ਕੀਤਾ ਜਾ ਰਿਹਾ ਹੈ। ਘੱਟ ਗਿਣਤੀ ਸਿੱਖਾਂ ਨੂੰ ਨਫ਼ਰਤ ਭਰੇ ਰਵੱਈਏ ਤਹਿਤ ਲਗਾਤਾਰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਤਿੰਨ-ਤਿੰਨ ਦਹਾਕੇ ਦੀਆਂ ਸਜ਼ਾਵਾਂ ਮਗਰੋਂ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ ਪਰ ਡੇਰਾ ਮੁਖੀ ਨੂੰ ਸਾਲ ਵਿਚ ਚੌਥੀ ਵਾਰ ਪੈਰੋਲ ਦਿੱਤੀ ਗਈ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪਸ਼ਟ ਤੌਰ 'ਤੇ ਕਿਹਾ ਕਿ ਉਹ ਘੱਟ ਗਿਣਤੀਆਂ ਪ੍ਰਤੀ ਪੱਖਪਾਤੀ ਰਵੱਈਆ ਨਾ ਅਪਣਾਉਣ ਤੇ ਸੰਵਿਧਾਨ ਦੇ ਦਾਇਰੇ ਤਹਿਤ ਹਰ ਧਰਮ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਯਕੀਨੀ ਬਣਾਉਣ। ਜੇ ਅਜਿਹਾ ਰਵੱਈਆ ਹੀ ਰਿਹਾ ਤਾਂ ਦੇਸ਼ ਨੂੰ ਆਜ਼ਾਦ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿੱਖਾਂ ਵਿਚ ਬੇਗਾਨਗੀ ਦਾ ਅਹਿਸਾਸ ਹੋਰ ਪ੍ਰਬਲ ਹੋਵੇਗਾ, ਜੋ ਦੇਸ਼ ਲਈ ਠੀਕ ਨਹੀਂ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਮੁੜ ਪੈਰੋਲ ਦੇਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਜਦਕਿ ਆਪਣੀਆਂ ਸਜਾਵਾਂ ਪੂਰੀਆਂ ਕਰਨ ਮਗਰੋਂ ਵੀ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਨੂੰ ਇਨਸਾਫ ਨਹੀਂ ਦਿੱਤਾ ਜਾ ਰਿਹਾ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇਣ 'ਤੇ ਹਰਿਆਣਾ ਸਰਕਾਰ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੈਰੋਲ ਤਾਂ ਖਾਸ ਹਾਲਾਤ ਵਿਚ ਹੀ ਦਿੱਤੀ ਜਾ ਸਕਦੀ ਹੈ ਪਰ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦੇ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਲੰਮੇ ਹੱਥੀਆਂ ਲੈਂਦਿਆਂ ਕਿਹਾ ਕਿ ਉਹ ਪੰਥ ਅਤੇ ਪੰਜਾਬ ਦੇ ਲੋਕਾਂ ਨੂੰ ਜਵਾਬ ਦੇਣ ਕਿ ਉਨ੍ਹਾਂ ਡੇਰਾ ਮੁਖੀ ਵਿਰੁੱਧ 2007 ਤੋਂ ਚੱਲਦੇ ਸਵਾਂਗ ਕੇਸ ਨੂੰ ਵਾਪਸ ਲੈਣ ਲਈ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਅਰਜ਼ੀ ਕਿਉਂ ਦਿੱਤੀ ਸੀ?

## ਹਰਿਆਣਾ ਸਰਕਾਰ ਦਾ ਘਿਰਾਓ ਕੀਤਾ

**ਮੁਹਾਲੀ:** ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਸਿੱਖ ਮਸਲਿਆਂ ਲਈ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦਾ ਪੱਕਾ ਮੋਰਚਾ ਜਾਰੀ ਹੈ। ਜਬਰ ਜਨਾਹ ਤੇ ਕਤਲ ਮਾਮਲੇ ਵਿਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ 40 ਰੋਜ਼ਾ ਪੈਰੋਲ ਮਨਜ਼ੂਰ ਹੋਣ 'ਤੇ ਸਿੱਖ ਭਾਈਚਾਰੇ ਨੇ ਕੇਂਦਰ ਤੇ ਹਰਿਆਣਾ ਸਰਕਾਰ ਦਾ ਘਿਰਾਓ ਕਰਦਿਆਂ ਸੰਗਤ ਨੂੰ ਅਪੀਲ ਕੀਤੀ ਕਿ ਗਣਤੰਤਰ ਦਿਹਾੜੇ ਨੂੰ ਕਾਲੇ ਦਿਵਸ ਵਜੋਂ ਮਨਾਇਆ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਸਿੱਖਾਂ ਲਈ ਵੱਖਰੇ ਕਾਨੂੰਨ ਹਨ ਜਦੋਂਕਿ ਸਰਕਾਰ ਦੇ ਆਪਣੇ ਚਹੇਤਿਆਂ ਲਈ ਵੱਖਰੇ ਕਾਨੂੰਨ ਹਨ। ਉਨ੍ਹਾਂ ਕਿਹਾ ਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੋਣਾ ਚਾਹੀਦਾ ਹੈ ਅਤੇ ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਹੋਣੀ ਚਾਹੀਦੀ ਹੈ।

# ਭਾਜਪਾ ਸਰਕਾਰ ਰਾਮ ਰਹੀਮ 'ਤੇ ਮਿਹਰਬਾਨ, 14 ਮਹੀਨਿਆਂ 'ਚ ਚੌਥੀ ਪੈਰੋਲ

**ਚੰਡੀਗੜ੍ਹ:** ਜਬਰ ਜਨਾਹ ਤੇ ਕਤਲ ਮਾਮਲੇ ਵਿਚ ਸੁਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਿਹਾ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ 40 ਦਿਨਾਂ ਦੀ ਪੈਰੋਲ ਮਿਲਣ ਮਗਰੋਂ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਾਗਪਤ ਸਥਿਤ ਬਰਨਾਵਾ ਆਸ਼ਰਮ 'ਚ ਪੁੱਜ ਗਿਆ। ਡੇਰਾ ਸਿਰਸਾ ਮੁਖੀ ਨਾਲ ਹਨੀਪ੍ਰੀਤ ਵੀ ਮੌਜੂਦ ਰਹੀ। ਪਿਛਲੇ 14 ਮਹੀਨਿਆਂ ਵਿਚ ਡੇਰਾ ਮੁਖੀ ਨੂੰ ਚੌਥੀ ਵਾਰ ਪੈਰੋਲ ਮਿਲੀ ਹੈ।



ਡੇਰਾ ਸਿਰਸਾ ਮੁਖੀ ਨੇ ਪੈਰੋਲ 'ਤੇ ਬਾਹਰ ਆਉਣ ਤੋਂ ਬਾਅਦ ਸ਼ਾਮ ਨੂੰ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਡੇਰਾ ਪ੍ਰੇਮੀਆਂ ਨੂੰ ਸੁਨੇਹਾ ਦਿੱਤਾ। ਉਸ ਨੇ ਕਿਹਾ ਕਿ ਉਹ ਮੁੜ ਸਾਰਿਆਂ ਦੀ ਸੇਵਾ ਵਿਚ ਹਾਜ਼ਰ ਹੋਇਆ ਹੈ। ਉਸ ਨੇ ਦੱਸਿਆ ਕਿ ਉਹ ਯੂਪੀ ਆਸ਼ਰਮ ਵਿਚ ਪਹੁੰਚ ਚੁੱਕਾ ਹੈ। ਉਸ ਨੇ ਸਾਰੇ ਡੇਰਾ ਪ੍ਰੇਮੀਆਂ ਨੂੰ ਘਰਾਂ ਵਿਚ ਰਹਿਣ ਦੀ ਅਪੀਲ ਕੀਤੀ ਹੈ। ਉਸ ਨੇ ਕਿਹਾ ਕਿ ਸੇਵਾਦਾਰਾਂ ਵੱਲੋਂ ਜੋ ਪ੍ਰੋਗਰਾਮ ਤਿਆਰ ਕੀਤਾ ਜਾਵੇਗਾ, ਉਸ ਅਨੁਸਾਰ ਹੀ ਕੰਮ ਕੀਤਾ ਜਾਵੇਗਾ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਡੇਰਾ ਮੁਖੀ ਆਉਣ ਵਾਲੇ ਦਿਨਾਂ ਵਿੱਚ ਸਿਰਸਾ ਵੀ ਆ ਸਕਦਾ ਹੈ।

ਡੇਰਾ ਮੁਖੀ ਦੇ ਜੇਲ੍ਹ 'ਚੋਂ ਬਾਹਰ ਆਉਣ 'ਤੇ ਡੇਰਾ ਪ੍ਰੇਮੀਆਂ ਵਿਚ ਜਿੱਥੇ ਖੁਸ਼ੀ ਦੀ ਲਹਿਰ ਹੈ, ਉਥੇ ਹੀ ਪੀੜਤ ਧਿਰ ਨੇ ਇਸ 'ਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਨੇ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ ਦਿੱਤੇ ਜਾਣ ਸਬੰਧੀ ਸਰਕਾਰ 'ਤੇ ਮਿਲੀਭੁਗਤ ਦਾ ਦੋਸ਼ ਲਾਉਂਦਿਆਂ ਸਵਾਲ ਚੁੱਕੇ ਹਨ। ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਕਿਹਾ ਹੈ ਕਿ ਸਰਕਾਰ ਦੀ ਮਿਲੀਭੁਗਤ ਨਾਲ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਇਸ ਤੋਂ ਸਾਫ ਹੈ ਕਿ ਸਰਕਾਰ ਡੇਰਾ ਮੁਖੀ ਤੋਂ ਰਾਜਸੀ ਲਾਹ ਲੈਣ ਦੀ ਕੋਸ਼ਿਸ਼ ਕਰ ਰਹੀ ਹੈ। ਜਦੋਂ ਵੀ ਕਿਸੇ ਸੂਬੇ ਵਿਚ ਚੋਣਾਂ ਹੁੰਦੀਆਂ ਹਨ, ਉਸ ਤੋਂ ਪਹਿਲਾਂ ਡੇਰਾ ਮੁਖੀ ਨੂੰ ਪੈਰੋਲ ਦੇ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਹੈ ਕਿ ਉਹ ਕਾਨੂੰਨੀ ਮਾਹਿਰਾਂ ਨਾਲ ਸਲਾਹ ਕਰ ਕੇ ਅਗਲੀ ਕਾਰਵਾਈ ਕਰਨਗੇ।

ਦਰਅਸਲ 25 ਅਗਸਤ 2017 ਨੂੰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਸਾਧਵੀ ਜਬਰ ਜਨਾਹ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੰਦੇ ਹੋਏ 28 ਅਗਸਤ 2017 ਨੂੰ ਸਜ਼ਾ ਸੁਣਾਈ ਗਈ ਸੀ।

ਇਸ ਤੋਂ ਬਾਅਦ ਉਸ ਨੂੰ ਪੱਤਰਕਾਰ ਰਾਮ ਚੰਦਰ ਛਤਰਪਤੀ ਅਤੇ ਰਣਜੀਤ ਕਤਲ ਮਾਮਲੇ ਵਿਚ ਸਜ਼ਾ ਸੁਣਾਈ ਗਈ। ਉਦੋਂ ਤੋਂ ਡੇਰਾ ਮੁਖੀ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਸਜ਼ਾ ਕੱਟ ਰਿਹਾ ਹੈ। ਪਿਛਲੇ ਸਾਲ 15 ਅਕਤੂਬਰ ਰਾਮ ਰਹੀਮ ਨੂੰ 40 ਦਿਨ ਦੀ ਪੈਰੋਲ ਮਿਲੀ। ਇਸ ਦੌਰਾਨ ਡੇਰਾ ਮੁਖੀ ਆਸ਼ਰਮ ਵਿਚ ਰਿਹਾ ਤੇ ਆਨਲਾਈਨ ਡੇਰਾ ਪ੍ਰੇਮੀਆਂ ਨੂੰ ਸੰਬੋਧਨ ਕਰਦਾ ਰਿਹਾ। 25 ਨਵੰਬਰ ਨੂੰ ਡੇਰਾ ਮੁਖੀ ਦੀ ਪੈਰੋਲ ਸਮਾਪਤ ਹੋਈ ਤੇ ਉਹ ਮੁੜ ਜੇਲ੍ਹ ਗਿਆ। ਹੁਣ ਦੋ ਮਹੀਨਿਆਂ ਤੋਂ ਵੀ ਕੁਝ ਦਿਨ ਪਹਿਲਾਂ ਉਸ ਨੂੰ 40 ਦਿਨ ਦੀ ਫਿਰ ਪੈਰੋਲ ਮਿਲ ਗਈ ਹੈ।

## ਪੈਰੋਲ 'ਤੇ ਜਾਣਾ ਹਰ ਕੈਦੀ ਦਾ ਅਧਿਕਾਰ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਡੇਰਾ ਸਿਰਸਾ ਮੁਖੀ ਨੂੰ ਪੈਰੋਲ ਮਿਲਣ ਦੀ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਜੇ ਡੇਰਾ ਸਿਰਸਾ ਮੁਖੀ ਨੂੰ ਪੈਰੋਲ ਮਿਲੀ ਹੈ ਤਾਂ ਉਹ ਨਿਯਮਾਂ ਅਨੁਸਾਰ ਮਿਲੀ ਹੋਵੇਗੀ। ਪੈਰੋਲ 'ਤੇ ਜਾਣਾ ਕੈਦੀ ਦਾ ਅਧਿਕਾਰ ਹੈ। ਹਰਿਆਣਾ ਸਰਕਾਰ ਨੇ ਕਦੇ ਵੀ ਅਜਿਹੇ ਮਾਮਲੇ ਵਿਚ ਦਖਲ ਨਹੀਂ ਦਿੱਤਾ ਹੈ ਅਤੇ ਨਾ ਹੀ ਦਿੱਤਾ ਜਾਵੇਗਾ।

## ਪੰਜਾਬ ਤੋਂ ਬਾਹਰ ਕੇਸ ਲਿਜਾਣ ਲਈ ਸੁਪਰੀਮ ਕੋਰਟ ਪੁੱਜੇ ਡੇਰਾ ਪ੍ਰੇਮੀ

**ਫਰੀਦਕੋਟ:** ਫਰੀਦਕੋਟ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿਚ ਬੇਅਦਬੀ ਕਾਂਡ ਵਿਚ ਜੁੜੇ ਤਿੰਨ ਫੌਜਦਾਰੀ ਕੇਸਾਂ ਨੂੰ ਪੰਜਾਬ ਤੋਂ ਬਾਹਰ ਲਿਜਾਣ ਲਈ ਡੇਰਾ ਪ੍ਰੇਮੀਆਂ ਨੇ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਹੈ। ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਤੇ ਪੰਜ ਹੋਰ ਡੇਰਾ ਪ੍ਰੇਮੀਆਂ ਨੇ ਸੁਪਰੀਮ ਕੋਰਟ ਵਿਚ ਅਰਜ਼ੀ ਦਾਇਰ ਕਰਕੇ ਕਿਹਾ ਕਿ ਪੰਜਾਬ ਵਿਚ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ ਅਤੇ ਪੰਜਾਬ ਦੀਆਂ ਅਦਾਲਤਾਂ ਵਿਚ ਡੇਰਾ ਪ੍ਰੇਮੀ ਆਜ਼ਾਦ ਤਰੀਕੇ ਨਾਲ ਆਪਣਾ ਕੇਸ ਨਹੀਂ ਲੜ ਸਕਦੇ।

ਸਿਖਰਲੀ ਅਦਾਲਤ ਵਿਚ ਦਾਇਰ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਬੇਅਦਬੀ ਕਾਂਡ ਵਿਚ ਨਾਮਜ਼ਦ ਮੁਲਜ਼ਮ ਮਹਿੰਦਰਪਾਲ ਬਿੱਟੂ ਦਾ ਅਦਾਲਤੀ ਹਿਰਾਸਤ ਦੌਰਾਨ ਜੇਲ੍ਹ ਵਿਚ ਕਤਲ ਹੋ ਚੁੱਕਾ ਹੈ ਅਤੇ ਪ੍ਰਦੀਪ ਸਿੰਘ ਦਾ ਦੋ ਮਹੀਨੇ ਪਹਿਲਾਂ ਕੋਟਕਪੂਰਾ ਵਿਚ ਉਸ ਦੀ ਦੁਕਾਨ 'ਤੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਨੂੰ ਆਧਾਰ ਬਣਾ ਕੇ ਬਾਕੀ ਮੁਲਜ਼ਮਾਂ ਦੀ ਵੀ ਜਾਨ ਨੂੰ ਖਤਰਾ ਦੱਸਿਆ ਜਾ ਰਿਹਾ ਹੈ। ਸੁਪਰੀਮ ਕੋਰਟ ਵਿੱਚ ਡੇਰਾ ਪ੍ਰੇਮੀਆਂ ਦੀ ਇਸ ਪਟੀਸ਼ਨ 'ਤੇ 30 ਜਨਵਰੀ ਨੂੰ ਸੁਣਵਾਈ ਹੋਣ ਦੀ ਸੰਭਾਵਨਾ ਹੈ।

# ਖੇਡ ਢਾਂਚੇ ਲਈ ਕਾਰਪੋਰੇਟਾਂ ਤੋਂ ਮਦਦ ਲਵੇਗੀ ਸਰਕਾਰ

**ਚੰਡੀਗੜ੍ਹ:** ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਥੇ ਪੰਜਾਬ ਭਵਨ ਵਿਚ ਹੋਈ ਮੀਟਿੰਗ ਵਿਚ ਦੱਸਿਆ ਕਿ ਖੇਡ ਵਿਭਾਗ ਵੱਲੋਂ ਬਣਾਈ ਜਾ ਰਹੀ ਨਵੀਂ ਖੇਡ ਨੀਤੀ ਵਿਚ ਵੱਡੇ ਵਿਆਪਕ ਸੁਧਾਰਾਂ ਉਤੇ ਜ਼ੋਰ ਦਿੱਤਾ ਜਾ ਰਿਹਾ ਹੈ। ਮੀਤ ਹੇਅਰ ਨੇ ਖੇਡ ਨੀਤੀ ਦੇ ਖਰੜੇ ਉਤੇ ਵਿਚਾਰਾਂ ਕਰਨ ਲਈ ਬਣਾਈ ਮਾਹਿਰਾਂ ਦੀ ਕਮੇਟੀ ਨਾਲ ਇਥੇ ਮੀਟਿੰਗ ਕੀਤੀ।



ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਖਿਡਾਰੀਆਂ ਦੀ ਚੋਣ ਲਈ ਹੁਨਰ ਦੀ ਸ਼ਨਾਖ਼ਤ ਵਾਸਤੇ ਵਿਗਿਆਨਕ ਵਿਧੀ ਅਪਣਾਈ ਜਾਵੇ, ਸੂਬੇ ਦੇ ਖਿਡਾਰੀਆਂ ਦੇ ਪ੍ਰਦਰਸ਼ਨ ਦਾ ਡਾਟਾ ਇਕੱਤਰ ਕਰਕੇ ਉਸ ਦਾ ਵਿਸਲੇਸ਼ਣ ਕੀਤਾ ਜਾਵੇ, ਸੂਬੇ ਵਿਚ ਵੱਖ-ਵੱਖ ਖੇਡਾਂ ਦੇ ਵਿਸ਼ੇਸ਼ੀਕ੍ਰਿਤ ਸਥਾਨਾਂ ਦੀ ਸ਼ਨਾਖ਼ਤ ਕਰਕੇ ਉਥੇ ਸਬੰਧਤ ਖੇਡ ਉਤੇ ਧਿਆਨ ਕੇਂਦਰਿਤ ਜਾਵੇ, ਗਰੇਡਸ਼ਨ ਨੀਤੀ ਨੂੰ ਤਰਕਸੰਗਤ ਬਣਾਇਆ ਜਾਵੇ।


ਮੀਤ ਹੇਅਰ ਨੇ ਦੱਸਿਆ ਕਿ ਖੇਡਾਂ ਤੇ ਖਿਡਾਰੀ ਪੱਖੀ ਆਧੁਨਿਕ ਖੇਡ ਢਾਂਚਾ ਬਣਾਉਣ ਲਈ ਕਾਰਪੋਰੇਟ ਘਰਾਣਿਆਂ ਤੋਂ ਆਰਥਿਕ ਮਦਦ ਲੈਣ ਵਾਸਤੇ ਨੀਤੀ ਬਣਾਏ ਜਾਵੇ। ਇਸੇ ਤਰ੍ਹਾਂ ਖਿਡਾਰੀਆਂ ਤੇ ਟੀਮਾਂ ਨੂੰ ਸਪਾਂਸਰ ਕਰਨ ਲਈ ਪਰਵਾਸੀ ਭਾਰਤੀਆਂ ਲਈ ਮੰਚ ਮੁਹੱਈਆ ਕੀਤਾ ਜਾਵੇ। ਇਸ ਤੋਂ ਇਲਾਵਾ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਅਤੇ ਮੈਡੀਕਲ ਸਿੱਖਿਆ ਵਿਭਾਗਾਂ ਨਾਲ ਮਿਲ ਕੇ ਖੇਡ ਵਿਭਾਗ ਸਾਂਝਾ ਖੇਡ ਕੈਲੰਡਰ ਬਣਾਏ ਤਾਂ ਜੋ ਖਿਡਾਰੀਆਂ ਦੇ ਟੂਰਨਾਮੈਂਟ ਵਿਚ ਤਰੀਕਾਂ ਨਾ ਮਿਲਣ।

## ਪੰਜਾਬ ਭਾਸ਼ਾ ਵਿਭਾਗ ਦੇ ਸ਼੍ਰੋਮਣੀ ਐਵਾਰਡ ਜਲਦ ਮਿਲਣਗੇ

**ਪਟਿਆਲਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਭਾਸ਼ਾ ਵਿਭਾਗ ਪੰਜਾਬ ਵੱਲੋਂ ਦਿੱਤੇ ਜਾਂਦੇ ਸ਼੍ਰੋਮਣੀ ਪੁਰਸਕਾਰ ਬਹੁਤ ਜਲਦੀ ਦੇਣੇ ਸ਼ੁਰੂ ਕਰ ਦੇਵਾਂਗੇ, ਕਿਉਂਕਿ ਇਸ ਵਿਚ ਜੋ ਵੀ ਕਾਨੂੰਨੀ ਅੜਿੱਕੇ ਹਨ, ਉਨ੍ਹਾਂ ਨੂੰ ਦੂਰ ਕਰਨ ਲਈ ਸਰਕਾਰ ਕੰਮ ਕਰ ਰਹੀ ਹੈ। ਸ੍ਰੀ ਮਾਨ ਇੱਥੇ ਸਰਕਾਰੀ ਸਮਾਗਮ ਦੌਰਾਨ ਪੱਤਰਕਾਰਾਂ ਨੂੰ ਦੱਸਿਆ ਪਟਿਆਲਾ ਦੀ ਵਿਰਾਸਤ ਨੂੰ ਸੰਭਾਲਣ ਲਈ ਅਸੀਂ ਵਿਸ਼ੇਸ਼ ਪੈਕੇਜ ਦੇ ਰਹੇ ਹਾਂ ਤਾਂ ਕਿ ਇਸ ਨੂੰ ਸੁੰਦਰ ਬਣਾਇਆ ਜਾ ਸਕੇ। ਰਾਜਿੰਦਰਾ ਝੀਲ ਨੂੰ ਸੈਰ ਸਪਾਟਾ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਗੁਰਮੁੱਖ ਸਿੰਘ ਮੁਸਾਫ਼ਰ ਮੈਮੋਰੀਅਲ ਸੈਂਟਰਲ ਸਟੇਟ ਲਾਇਬ੍ਰੇਰੀ ਵਿਚ ਸਾਹਿਤ ਦਾ ਖਜਾਨਾ ਪਿਆ ਹੈ, ਉਸ ਦਾ ਪੂਰੀ ਤਰ੍ਹਾਂ ਨਵੀਨੀਕਰਨ ਕੀਤਾ ਜਾ ਰਿਹਾ ਹੈ।


No Cost Financing Available!
Call 919-307-7577 or 847-530-1550
MKhatri@PrismHomeLending.com
NC, IL and CA Mortgage Loans

Prism Lending Inc. NMLS # 1587080
CA, FL, GA, IL, IN, NC, TX, WI Licensee
850 E Higgins road, Suite #125W, Schaumburg, IL 60173



Madan Khatri
NMLS #1980752

PropertyZoom Inc.
Want to Buy/Sell Home or RE Investments
(Up to 30% Comm'n Credit – NC License # C34703)
17 years of Exp. / 500+ Transactions
700+ Residence and Investment units
Call Now 919-307-7577 or 847-530-1550
Top 1st or 2nd Producer for Several Years at
Berkshire Hathaway HS AH-IL Office
1204 Nichols Creek Road, Durham NC 27703

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**Indiana/MI**
Harkirat Singh Ahluwalia
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਘੱਟ ਗਿਣਤੀਆਂ ਬਾਰੇ ਅਨੰਦ ਕਾਰਜ ਐਕਟ ਲਾਗੂ ਕਰਨ ਲਈ ਆਖਿਆ

**ਨਵੀਂ ਦਿੱਲੀ:** ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਨੇ ਸੂਬਾ ਸਰਕਾਰਾਂ ਨੂੰ ਪੱਤਰ ਲਿਖ ਕੇ ਆਨੰਦ ਮੈਰਿਜ ਐਕਟ ਲਾਗੂ ਕਰਨ ਲਈ ਕਿਹਾ ਹੈ। ਸਾਰੀਆਂ ਸੂਬਾ ਸਰਕਾਰਾਂ ਨੂੰ ਕਿਹਾ ਗਿਆ ਹੈ ਕਿ ਉਹ ਐਕਟ ਤਹਿਤ ਸਿੱਖਾਂ ਲਈ ਵਿਆਹ ਰਜਿਸਟਰੇਸ਼ਨ ਦੇ ਨਿਯਮ ਤੈਅ ਕਰਨ।

ਕਮਿਸ਼ਨ ਦੇ ਚੇਅਰਪਰਸਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ 'ਚ ਆਨੰਦ ਮੈਰਿਜ ਐਕਟ ਲਾਗੂ ਨਾ ਹੋਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ ਜਿਸ ਕਾਰਨ ਸਿੱਖਾਂ ਨੂੰ ਆਪਣੇ ਵਿਆਹ ਰਜਿਸਟਰ ਕਰਾਉਣ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ, "ਐਕਟ 1909 'ਚ ਪਾਸ ਹੋਇਆ ਸੀ ਪਰ ਕੋਈ ਵੀ ਨੇਮ ਲਾਗੂ ਨਹੀਂ ਕੀਤਾ ਗਿਆ ਹੈ। ਸਾਲ 2012 'ਚ ਇਸ 'ਚ ਕਾਰਜ ਸ਼ਬਦ ਜੋੜ ਕੇ ਸੋਧ ਕੀਤੀ ਗਈ ਹੈ।" ਕਮਿਸ਼ਨ ਨੇ ਬਿਆਨ 'ਚ ਕਿਹਾ ਕਿ ਪੰਜਾਬ 'ਚ ਸਰਕਾਰ ਨੇ ਕਦੇ ਵੀ ਨੇਮ ਨਹੀਂ ਬਣਾਏ ਹਨ। ਲਾਲਪੁਰਾ ਨੇ ਕਿਹਾ ਕਿ ਕੇਰਲ, ਦਿੱਲੀ ਅਤੇ ਮੱਧ ਪ੍ਰਦੇਸ਼ ਦੀਆਂ ਸਰਕਾਰਾਂ ਨੇ ਆਨੰਦ ਮੈਰਿਜ ਐਕਟ ਲਾਗੂ ਕਰਨ ਲਈ ਨੋਟੀਫਿਕੇਸ਼ਨ ਅਤੇ ਦਿਸ਼ਾ-



ਨਿਰਦੇਸ਼ ਜਾਰੀ ਕੀਤੇ ਹਨ।

ਉਨ੍ਹਾਂ ਕਿਹਾ ਕਿ ਕਮਿਸ਼ਨ ਨੇ ਪਿਛਲੇ ਸਾਲ 14 ਦਸੰਬਰ ਨੂੰ ਸਾਰੇ ਸੂਬਿਆਂ ਨੂੰ ਪੱਤਰ ਲਿਖ ਕੇ ਐਕਟ ਅਧਿਸੂਚਿਤ ਕਰਨ ਲਈ ਕਿਹਾ ਹੈ। ਕਮਿਸ਼ਨ ਦੇ ਕੌਮੀ ਦਫ਼ਤਰ ਸੀ.ਜੀ.ਓ. ਕੰਪਲੈਕਸ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਲਾਲਪੁਰਾ ਨੇ ਕਿਹਾ ਕਿ ਲਤੀਫ਼ਪੁਰਾ (ਜਲੰਧਰ) ਉਜਾੜੇ ਬਾਰੇ ਵੀ ਪੰਜਾਬ ਸਰਕਾਰ ਤੋਂ ਰਿਪੋਰਟ ਮੰਗੀ ਜਾਵੇਗੀ। ਉਨ੍ਹਾਂ 1956 ਦੇ ਅਕਾਲੀ ਦਲ ਅਤੇ ਕਾਂਗਰਸ ਦੀ ਸਾਂਝ ਦਾ ਹਵਾਲਾ ਦਿੰਦੇ ਹੋਏ ਸਿੱਖ ਧਰਮ ਵਿਚ ਦਲਿਤ ਸਿੱਖਾਂ ਨੂੰ ਰਾਖਵਾਂ ਕਰਨ ਤੇ ਜਵਾਹਰ ਲਾਲ ਨਹਿਰੂ ਦੀ ਅੰਮ੍ਰਿਤਸਰ ਫੇਰੀ ਦਾ ਜ਼ਿਕਰ ਕੀਤਾ। ਸਿੱਖ ਧਰਮ ਦੇ ਫਲਸਫ਼ੇ ਮੁਤਾਬਕ ਇਹ ਧਰਮ ਜਾਤ-ਪਾਤ ਰਹਿਤ ਹੈ। ਉਨ੍ਹਾਂ ਧਾਰਾ 25 ਦਾ ਜ਼ਿਕਰ ਕਰਦੇ ਹੋਏ ਧਾਰਾ 25 (ਏ) ਬਾਰੇ ਟਿੱਪਣੀ ਕੀਤੀ ਕਿ ਹੁਣ ਪੰਜਾਬ ਵਿਚ ਸਿੱਖਾਂ ਦੀ ਆਬਾਦੀ 63 ਫੀਸਦ 'ਚੋਂ 57 ਫੀਸਦ ਰਹਿ ਗਈ ਹੈ। ਇਸ ਦੌਰਾਨ ਉਨ੍ਹਾਂ 75 ਸਾਲ ਕੇਂਦਰ ਨਾਲ ਸਿੱਖਾਂ ਦੇ ਟਕਰਾਅ 'ਤੇ ਹੈਰਾਨੀ ਪ੍ਰਗਟਾਈ ਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ 'ਵੀਰ ਬਾਲ ਦਿਵਸ' ਮਨਾਉਣ 'ਤੇ ਸਹਿਮਤੀ ਸਬੰਧੀ ਸ਼੍ਰੋਮਣੀ ਅਕਾਲ ਦਲ ਦੇ ਆਗੂਆਂ ਨੂੰ ਕੋਸਿਆ।

ਜਾਣਕਾਰੀ ਮਿਲੀ ਹੈ ਕਿ ਪੰਜਾਬ ਵਿਚ ਆਨੰਦ ਕਾਰਜ ਰਜਿਸਟਰੇਸ਼ਨ ਵਾਸਤੇ ਦਸੰਬਰ 2016 ਵਿਚ ਨਿਯਮ ਬਣ ਗਏ ਸਨ ਅਤੇ ਇਸ ਬਾਰੇ ਨੋਟੀਫਿਕੇਸ਼ਨ ਵੀ ਹੋ ਚੁੱਕੀ ਹੈ ਪਰ ਸਿੱਖਾਂ ਦੀ ਕਿਸੇ ਵੀ ਜਥੇਬੰਦੀ ਨੇ ਇਸ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਦੇ ਲੋਕ ਪਹਿਲਾਂ ਹੋਰ ਐਕਟਾਂ ਤਹਿਤ ਰਜਿਸਟਰ ਹੋਏ ਵਿਆਹ ਵੀ ਆਨੰਦ ਕਾਰਜ ਐਕਟ ਤਹਿਤ ਦੁਬਾਰਾ ਰਜਿਸਟਰ ਕਰਵਾ ਸਕਦੇ ਹਨ।

## ਸ਼੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਘਰ-ਘਰ ਪਹੁੰਚ ਕਰੇਗੀ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਲਈ ਸ਼੍ਰੋਮਣੀ ਕਮੇਟੀ ਵੱਲੋਂ ਲੋਕ ਲਹਿਰ ਬਣਾਉਣ ਲਈ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਨੂੰ ਤੇਜ਼ ਕਰਦਿਆਂ ਹੁਣ ਪ੍ਰਚਾਰਕ ਜਥਿਆਂ ਰਾਹੀਂ ਇਸ ਨੂੰ ਪਿੰਡ ਪੱਧਰ 'ਤੇ ਤੱਕ ਲਿਜਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਇਸ ਮੁਹਿੰਮ ਤਹਿਤ ਹੁਣ ਤੱਕ 10 ਲੱਖ ਫਾਰਮ ਭਰ ਚੁੱਕੀ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦਸਤਖ਼ਤੀ ਮੁਹਿੰਮ ਨੂੰ ਹੋਰ ਪ੍ਰਚੰਡ ਕਰਦਿਆਂ ਵਿੱਦਿਅਕ ਅਦਾਰਿਆਂ ਦੇ ਨਾਲ-ਨਾਲ ਪ੍ਰਚਾਰਕ ਜਥਿਆਂ ਰਾਹੀਂ ਪਿੰਡਾਂ ਤੱਕ ਪਹੁੰਚਾਇਆ ਗਿਆ ਹੈ। ਇਸ ਸਬੰਧੀ ਕਾਨੂੰਨੀ ਚਾਰਾਜੋਈ ਵੀ ਜਾਰੀ ਹੈ ਪਰ ਲੋਕਾਂ ਦੀਆਂ ਭਾਵਨਾਵਾਂ ਨੂੰ ਸਰਕਾਰਾਂ ਤੱਕ ਪਹੁੰਚਾਉਣਾ ਵੀ ਅਹਿਮ ਹੈ। ਉਨ੍ਹਾਂ ਕਿਹਾ ਕਿ ਹੁਣ ਪਿੰਡ ਪੱਧਰ 'ਤੇ ਪ੍ਰੋਫਾਰਮੇ ਭਰਵਾਉਣ ਲਈ ਪ੍ਰਕਿਰਿਆ ਆਰੰਭੀ ਗਈ ਹੈ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਲੋਕ ਜੋ ਗੁਰੂ ਘਰਾਂ ਵਿਚ ਆ ਕੇ ਪ੍ਰੋਫਾਰਮੇ ਨਹੀਂ ਭਰ ਸਕੇ, ਉਨ੍ਹਾਂ ਨੂੰ ਵੀ ਇਸ ਦਾ ਹਿੱਸਾ ਬਣਾਉਣ ਲਈ ਯਤਨ ਕੀਤਾ ਜਾ ਰਿਹਾ ਹੈ। ਇਹ ਪ੍ਰੋਫਾਰਮੇ ਰਾਸ਼ਟਰਪਤੀ ਦੇ ਨਾਂ ਪੱਤਰ ਸਣੇ ਪੰਜਾਬ ਦੇ ਰਾਜਪਾਲ ਨੂੰ ਸੌਂਪੇ ਜਾਣਗੇ।

# ਨਸ਼ਾ ਤਸਕਰੀ: ਈ.ਡੀ. ਵੱਲੋਂ 7.90 ਕਰੋੜ ਦੀਆਂ ਜਾਇਦਾਦਾਂ ਜ਼ਬਤ

**ਜਲੰਧਰ:** ਇਨਫੋਰਸਮੈਂਟ ਡਾਇਰੈਕਟੋਰੇਟ ਨੇ ਪੰਜਾਬ ਵਿਚ ਨਸ਼ਾ ਤਸਕਰੀ ਨਾਲ ਸਬੰਧਤ ਦੋ ਕੇਸਾਂ ਵਿਚ ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ 7.90 ਕਰੋੜ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ। ਈ.ਡੀ. ਨੇ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀ.ਐਮ.ਐਲ.ਏ.) ਦੀਆਂ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਜਲੰਧਰ ਦਾ ਈ.ਡੀ. ਦਫ਼ਤਰ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ। ਕੇਂਦਰੀ ਜਾਂਚ ਏਜੰਸੀ ਨੇ ਕਿਹਾ ਕਿ ਜ਼ਬਤ ਕੀਤੀਆਂ ਜਾਇਦਾਦਾਂ ਵਿਚ ਗੁਰਦੀਪ ਸਿੰਘ ਰਾਣੋ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਦੀਆਂ 16 ਅਚੱਲ ਜਾਇਦਾਦਾਂ ਤੇ ਰਾਜੇਸ਼ ਕੁਮਾਰ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੀਆਂ 11 ਅਚੱਲ ਜਾਇਦਾਦਾਂ ਸ਼ਾਮਲ ਹਨ।

ਇਸ ਦੌਰਾਨ ਨਕਦੀ ਤੇ ਗਹਿਣੇ ਵੀ ਬਰਾਮਦ ਕੀਤੇ ਗਏ ਹਨ। ਈ.ਡੀ. ਨੇ ਪੁਲਿਸ ਵੱਲੋਂ ਦਰਜ ਕੀਤੀ ਐਫ.ਆਈ.ਆਰ. ਦਾ ਹਵਾਲਾ ਦਿੰਦਿਆਂ ਕਿਹਾ ਕਿ ਰਾਣੋ ਦੇ ਵਿਦੇਸ਼ ਵਿਚ ਰਹਿੰਦੇ ਕਥਿਤ ਨਸ਼ਾ ਤਸਕਰਾਂ ਸਿਮਰਨਜੀਤ ਸਿੰਘ ਤੇ ਤਨਵੀਰ ਬੇਦੀ ਨਾਲ 'ਸਬੰਧ' ਸਨ। ਉਨ੍ਹਾਂ ਕਿਹਾ ਕਿ ਰਾਜੇਸ਼ ਕੁਮਾਰ ਮੈਡੀਕਲ ਸਟੋਰ ਚਲਾਉਣ ਦੀ ਆੜ ਵਿਚ ਨਸ਼ੇ ਵੇਚ ਰਿਹਾ ਸੀ। ਉਨ੍ਹਾਂ ਕਿਹਾ ਕਿ ਦੋਵਾਂ ਮਾਮਲਿਆਂ ਵਿਚ ਅਚੱਲ ਜਾਇਦਾਦਾਂ ਸਬੰਧੀ ਮੁਲਜ਼ਮ ਕੋਈ ਦਸਤਾਵੇਜ਼ੀ ਸਬੂਤ ਪੇਸ਼ ਨਹੀਂ ਕਰ ਸਕੇ।

## ਅਕਾਲੀ ਦਲ ਵੱਲੋਂ ਜਥੇਬੰਦਕ ਢਾਂਚੇ ਅੰਦਰ ਅਹਿਮ ਨਿਯੁਕਤੀਆਂ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਅੰਦਰ ਅਹਿਮ ਨਿਯੁਕਤੀਆਂ ਕਰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਹਨ। ਜਾਰੀ ਸੂਚੀ ਅਨੁਸਾਰ ਚਰਨਜੀਤ ਸਿੰਘ ਬਰਾੜ ਨੂੰ ਸਿਆਸੀ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਹ ਪਾਰਟੀ ਪ੍ਰਧਾਨ ਦੇ ਦਫ਼ਤਰ ਦੇ ਕੰਮ ਦੇ ਨਾਲ-ਨਾਲ ਤਰਜਮਾਨ ਤੇ ਮੀਡੀਆ ਕੋਆਰਡੀਨੇਟਰ ਵੀ ਹੋਣਗੇ। ਇਸੇ ਤਰ੍ਹਾਂ ਪਰਮਬੰਸ ਸਿੰਘ ਬੰਟੀ ਰੋਮਾਣਾ ਨੂੰ ਯੂਥ ਵਿੰਗ ਤੇ ਪਾਰਟੀ ਦੇ ਸੋਸ਼ਲ ਮੀਡੀਆ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਐਸ.ਓ.ਆਈ. ਦਾ ਕੋਆਰਡੀਨੇਟਰ, ਅਰਸ਼ਦੀਪ ਸਿੰਘ ਕਲੇਰ ਐਡਵੋਕੇਟ ਨੂੰ ਪਾਰਟੀ ਦੇ ਲੀਗਲ ਵਿੰਗ ਦਾ ਪ੍ਰਧਾਨ ਅਤੇ ਨਛੱਤਰ ਸਿੰਘ ਗਿੱਲ ਨੂੰ ਮੁੜ ਆਈਟੀ ਵਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

# ਮੁਹੱਲਾ ਕਲੀਨਿਕਾਂ ਦੀ ਇਸ਼ਤਿਹਾਰਬਾਜ਼ੀ ਮਾਮਲੇ 'ਤੇ ਘਿਰੀ ਆਪ ਸਰਕਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਸਰਕਾਰ ਵੱਲੋਂ 10 ਕਰੋੜ ਰੁਪਏ ਖਰਚ ਕੇ ਬਣਾਏ ਮੁਹੱਲਾ ਕਲੀਨਿਕਾਂ ਦੀ ਇਸ਼ਤਿਹਾਰਬਾਜ਼ੀ 'ਤੇ 30 ਕਰੋੜ ਰੁਪਏ ਖਰਚਣ 'ਤੇ ਸਵਾਲ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਦਾਅਵੇ ਕਰ ਰਹੇ ਹਨ ਕਿ ਮੁਹੱਲਾ ਕਲੀਨਿਕ ਬਹੁਤ ਸਫਲ ਹਨ ਜਿਨ੍ਹਾਂ ਦਾ ਲਾਭ 1 ਲੱਖ ਲੋਕਾਂ ਨੇ ਲਿਆ ਹੈ। ਜੇ ਇਹ ਸੱਚਾਈ ਹੈ ਤਾਂ ਸਰਕਾਰ ਨੂੰ ਭਰੋਸਾ ਕਿਉਂ ਨਹੀਂ ਕਿ ਲੋਕ ਆਪ ਹੀ ਮੁਹੱਲਾ ਕਲੀਨਿਕਾਂ ਦਾ ਪ੍ਰਚਾਰ ਕਰ ਦੇਣਗੇ। ਇਸ ਸਬੰਧੀ ਇਸ਼ਤਿਹਾਰਾਂ 'ਤੇ 30 ਕਰੋੜ ਰੁਪਏ ਖਰਚਣ ਦੀ ਕੀ ਲੋੜ ਹੈ। ਇਹ ਇਸ਼ਤਿਹਾਰਬਾਜ਼ੀ ਸਿਰਫ 'ਆਪ' ਦੇ ਪ੍ਰਚਾਰ ਕਰਨ ਵਾਸਤੇ ਕੀਤੀ ਜਾ ਰਹੀ ਹੈ।

ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਫ਼ਸਰਸ਼ਾਹੀ ਅਤੇ ਸਿਆਸੀ ਕਾਰਜਕਾਰਨੀ ਦਰਮਿਆਨ ਟਕਰਾਅ ਪੰਜਾਬ ਲਈ ਠੀਕ ਨਹੀਂ ਹੈ। ਉਨ੍ਹਾਂ 'ਆਪ' ਵਿਚ ਚੱਲ ਰਹੀ ਉਥਲ-ਪੁਥਲ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਸਰਕਾਰੀ ਯੋਜਨਾ ਦੇ ਪ੍ਰਚਾਰ ਲਈ 30 ਕਰੋੜ ਰੁਪਏ ਦੇ ਫੰਡਾਂ ਨੂੰ ਮਨਜ਼ੂਰੀ ਦੇਣ ਤੋਂ ਮਨ੍ਹਾਂ ਕਰਨ ਲਈ ਸਿਹਤ ਸਕੱਤਰ ਦੇ ਤਬਾਦਲੇ ਦੀਆਂ ਰਿਪੋਰਟਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ ਕਿ ਪੰਜਾਬੀਆਂ ਦਾ ਪੈਸਾ ਇਸ ਤਰ੍ਹਾਂ ਕਿਵੇਂ ਬਰਬਾਦ ਕੀਤਾ ਜਾ ਰਿਹਾ ਹੈ। ਵੜਿੰਗ ਨੇ ਕਿਹਾ ਕਿ 'ਆਪ' ਸਰਕਾਰ ਰੋਜ਼ਾਨਾ ਆਪਣੇ ਤਜਰਬੇ ਦੀ ਘਾਟ ਨੂੰ ਦਰਸਾ ਰਹੀ ਹੈ ਤੇ ਹੁਣ ਅਫ਼ਸਰਸ਼ਾਹੀ ਨੂੰ ਸੰਭਾਲਣ 'ਚ ਅਸਫਲ ਰਹੀ ਹੈ। ਕਾਂਗਰਸ ਪ੍ਰਧਾਨ ਨੇ ਸਰਕਾਰ ਨੂੰ ਕਿਹਾ ਕਿ ਮੁੱਖ ਵਿਰੋਧੀ ਪਾਰਟੀ ਹੋਣ ਦੇ ਨਾਤੇ ਉਹ 'ਆਪ' 'ਚ ਤਜਰਬੇ ਦੀ ਘਾਟ ਤੇ ਇਸ ਕਾਰਨ ਸਿਆਸੀ ਅਧਿਕਾਰ ਵਿਚ ਗਿਰਾਵਟ ਤੋਂ ਚਿੰਤਤ ਹਨ ਤੇ ਸਰਕਾਰ ਨੂੰ ਹਾਲਾਤ ਸੁਧਾਰਨੇ ਚਾਹੀਦੇ ਹਨ।

# ਭਾਜਪਾ ਲਈ ਪੰਜਾਬ ਮਿਸ਼ਨ ਔਖਾ ਹੋਇਆ

*(ਪਹਿਲੇ ਸਫੇ ਦੀ ਬਾਕੀ)*

ਰਣਨੀਤੀ ਤਹਿਤ ਹੀ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਆਏ ਆਗੂਆਂ ਨੂੰ ਸੂਬਾ ਪੱਧਰ ਦੀਆਂ ਅਹਿਮ ਕਮੇਟੀਆਂ, ਸੂਬਾਈ ਅਹੁਦੇਦਾਰਾਂ ਤੇ ਜ਼ਿਲ੍ਹਾ ਪ੍ਰਧਾਨਾਂ ਵਜੋਂ ਨਿਯੁਕਤੀਆਂ ਦਿੱਤੀਆਂ। ਇਕ ਭਾਜਪਾ ਆਗੂ ਨੇ ਕਿਹਾ ਕਿ ਕੌਮੀ ਲੀਡਰਸ਼ਿਪ ਵੱਲੋਂ ਪੰਜਾਬ ਦੇ ਮਾਮਲੇ ਵਿਚ ਪੱਛਮੀ ਬੰਗਾਲ ਵਾਲੀ ਰਣਨੀਤੀ ਅਪਣਾਈ ਹੈ ਜਿਸ ਤਹਿਤ ਰਵਾਇਤੀ ਪਾਰਟੀਆਂ ਨੂੰ ਖੋਰਾ ਲਗਾ ਕੇ ਪਹਿਲਾਂ ਸੂਬਾ ਪੱਧਰ ਦੀ ਲੀਡਰਸ਼ਿਪ ਖੜ੍ਹੀ ਕੀਤੀ ਜਾਵੇਗੀ। ਭਾਜਪਾ ਦੀ ਰਣਨੀਤੀ ਕਾਂਗਰਸ ਤੇ ਅਕਾਲੀ ਦਲ ਦੇ ਸੀਨੀਅਰ ਆਗੂਆਂ ਨੂੰ ਸ਼ਾਮਲ ਕਰਕੇ ਉਨ੍ਹਾਂ ਦੇ ਵੋਟ ਬੈਂਕ ਨੂੰ ਵਰਤਣਾ ਹੈ। ਭਾਜਪਾ ਦੀ ਤਾਜ਼ਾ ਰਣਨੀਤੀ ਦੱਸਦੀ ਹੈ ਕਿ ਉਸ ਨੂੰ ਆਪਣੀ ਸਥਾਨਕ ਲੀਡਰਸ਼ਿਪ ਤੋਂ ਬਹੁਤੀਆਂ ਉਮੀਦਾਂ ਨਹੀਂ ਹਨ। ਇਸ ਲਈ ਦਲ ਬਦਲੂਆਂ ਨੂੰ ਪਾਰਟੀ ਦਾ ਹਿੱਸਾ ਬਣਾਉਣ ਲਈ ਪੰਜਾਬ ਲੀਡਰਸ਼ਿਪ ਨੂੰ ਪਾਸੇ ਰੱਖਿਆ ਜਾ ਰਿਹਾ ਹੈ। ਪੰਜਾਬ ਸੂਬੇ ਦੀ ਕਾਰਜਕਾਰਨੀ ਦੇ ਅੰਮ੍ਰਿਤਸਰ ਵਿਚ ਹੋਏ ਸੰਮੇਲਨ ਵਿਚ ਵੀ ਬਹੁਤੇ ਉਹ ਆਗੂ ਵੀ ਸ਼ਾਮਲ ਹੋਏ ਹਨ ਜੋ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਭਾਜਪਾ ਵਿਚ ਆਏ ਹਨ। ਚੇਤੇ ਰਹੇ ਕਿ ਪੰਜਾਬ ਤੇ ਪੱਛਮੀ ਬੰਗਾਲ, ਅਜਿਹੇ ਦੋ ਸੂਬੇ ਹਨ ਜੋ ਭਗਵਾ ਧਿਰ ਦੇ ਗੇੜ ਨਹੀਂ ਆ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਿੱਖ ਭਾਈਚਾਰੇ ਲਈ ਕੀਤੇ ਐਲਾਨ ਵੀ ਇਹੀ ਦੱਸਦੇ ਹਨ ਕਿ ਭਗਵਾ ਧਿਰ ਪੰਜਾਬ ਵਿਚ ਪੱਕੇ ਪੈਰੀਂ ਹੋਣ ਲਈ ਹਰ ਹੀਲਾ ਵਰਤ ਰਹੀ ਹੈ। ਦੇਸ਼ ਭਰ ਵਿਚ 'ਵੀਰ ਬਾਲ ਦਿਵਸ' ਮਨਾਉਣ ਦਾ ਐਲਾਨ, ਕਰਤਾਰਪੁਰ ਲਾਂਘਾ ਖੋਲ੍ਹਣਾ, 84 ਦੇ ਕਤਲੇਆਮ ਲਈ ਨਵੀਂ ਸਿਟ ਬਣਾਉਣ ਵਰਗੇ ਕਦਮਾਂ ਨੂੰ ਭਾਜਪਾ ਪ੍ਰਚਾਰਦੀ ਰਹੀ ਹੈ।

## ਜਾਇਦਾਦਾਂ ਦਾ ਮੁਲਾਂਕਣ

**ਗੁਰਦਾਸਪੁਰ:** ਅੰਮ੍ਰਿਤਸਰ ਵਿਜੀਲੈਂਸ ਰੇਂਜ ਦੇ ਅਧਿਕਾਰੀਆਂ ਨੇ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਪਰਿਵਾਰ ਦੀਆਂ ਦੋ ਪ੍ਰਮੁੱਖ ਜਾਇਦਾਦਾਂ ਦਾ 'ਤਕਨੀਕੀ ਮੁਲਾਂਕਣ' ਕੀਤਾ। ਵਿਧਾਇਕ ਤੇ ਉਨ੍ਹਾਂ ਦੇ ਰਿਸ਼ਤੇਦਾਰ ਪਿਛਲੇ ਕੁਝ ਹਫਤਿਆਂ ਤੋਂ ਵਿਜੀਲੈਂਸ ਜਾਂਚ ਦੇ ਘੇਰੇ ਵਿਚ ਹਨ। ਅਧਿਕਾਰੀਆਂ ਨੇ ਵਿਧਾਇਕ ਦੀ ਰਿਹਾਇਸ਼ ਤੇ ਸ਼ਾਪਿੰਗ ਮਾਲ ਦਾ ਦੌਰਾ ਕੀਤਾ ਜਿਸ ਵਿਚ ਪਰਿਵਾਰ ਦੀ ਹਿੱਸੇਦਾਰੀ ਦੱਸੀ ਜਾਂਦੀ ਹੈ।

# ਪੈਰੋਲ 'ਤੇ ਆਏ ਡੇਰਾ ਮੁਖੀ ਨੇ ਤਲਵਾਰ ਨਾਲ ਕੇਕ ਕੱਟਿਆ

**ਨਵੀਂ ਦਿੱਲੀ:** ਪੈਰੋਲ 'ਤੇ ਬਾਹਰ ਆਏ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਤਲਵਾਰ ਨਾਲ ਕੇਕ ਕੱਟ ਕੇ ਜਸ਼ਨ ਮਨਾਉਂਦੇ ਦੇਖਿਆ ਗਿਆ।

ਜਨਤਕ ਤੌਰ 'ਤੇ ਤਲਵਾਰ ਨਾਲ ਕੇਕ ਕੱਟਣ ਦੀ ਆਰਮ ਐਕਟ ਤਹਿਤ ਮਨਾਹੀ ਹੈ। ਬਲਾਤਕਾਰ ਤੇ ਕਤਲ ਦੇ ਮਾਮਲੇ ਵਿਚ 20 ਸਾਲ ਦੀ ਸਜ਼ਾ ਕੱਟ ਰਿਹਾ ਡੇਰਾ ਮੁਖੀ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੀ ਸੁਨਾਰੀਆ ਜੇਲ੍ਹ ਤੋਂ 40 ਦਿਨਾਂ ਦੀ ਪੈਰੋਲ ਉਤੇ ਰਿਹਾਅ ਹੋ ਕੇ ਉੱਤਰ ਪ੍ਰਦੇਸ਼ ਦੇ ਬਾਗਪਤ ਸਥਿਤ ਆਪਣੇ ਬਰਨਾਵਾ ਆਸ਼ਰਮ ਵਿਚ ਪਹੁੰਚ ਗਿਆ।

ਰਾਮ ਰਹੀਮ ਵੱਲੋਂ ਵੱਡਾ ਕੇਕ ਨਾਲ ਜਸ਼ਨ ਮਨਾਉਣ ਦਾ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋਇਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# Noblesville

## *Trucks & Trailer Repair Shop*

**15203 Stony Creek Way,
Noblesville, IN 46060**




Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵਲੋਂ 'ਅਕਾਡਮੀ ਫੈਲੋਸ਼ਿਪਸ' ਦਾ ਐਲਾਨ

**ਲੁਧਿਆਣਾ:** ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਸਾਲਾਨਾ ਆਮ ਇਜਲਾਸ 22 ਜਨਵਰੀ 2023 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਇਆ। ਇਸ ਮੌਕੇ ਸਾਲ ਭਰ ਦੇ ਕਾਰਜਾਂ ਦਾ ਲੇਖਾ-ਜੋਖਾ ਕੀਤਾ ਗਿਆ ਅਤੇ ਮੈਂਬਰਾਂ ਨੇ ਭਵਿੱਖ ਲਈ ਕੀਮਤੀ ਸੁਝਾਅ ਦਿੱਤੇ। ਹੋਰ ਫੈਸਲਿਆਂ ਦੇ ਨਾਲ-ਨਾਲ ਅਕਾਡਮੀ ਵੱਲੋਂ ਦਿੱਤੇ ਜਾਣ ਵਾਲੇ ਆਪਣੇ ਸਰਵਉੱਚ ਸਨਮਾਨ 'ਅਕਾਡਮੀ ਫੈਲੋਸ਼ਿਪਸ' ਦੇ ਫੈਸਲੇ ਦੀ ਵੀ ਜਨਰਲ ਕੌਂਸਲ ਵਲੋਂ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਹ ਫੈਲੋਸ਼ਿਪ ਉਮਰ ਭਰ ਦੀਆਂ ਸਾਹਿਤਕ ਪ੍ਰਾਪਤੀਆਂ ਲਈ ਸਾਹਿਤਕਾਰਾਂ ਨੂੰ ਦਿੱਤੀ ਜਾਂਦੀ ਹੈ। ਇਸ ਵਿਚ ਇੱਕੀ ਹਜ਼ਾਰ ਰੁਪਏ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਜਾਂਦਾ ਹੈ। ਫੈਲੋਸ਼ਿਪਸ ਲਈ ਚੁਣੇ ਗਏ ਸਾਹਿਤਕਾਰਾਂ ਵਿਚ, ਗੁਲਜ਼ਾਰ ਸਿੰਘ ਸੰਧੂ, ਪ੍ਰੇਮ ਪ੍ਰਕਾਸ਼, ਰਵਿੰਦਰ ਰਵੀ (ਕੈਨੇਡਾ), ਰਵਿੰਦਰ ਭੱਠਲ ਅਤੇ ਡਾਕਟਰ ਐਸ ਪੀ ਸਿੰਘ ਦੇ ਨਾਂ ਸ਼ਾਮਲ ਹਨ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਮੁੱਚੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਫੈਲੋਸ਼ਿਪ ਲਈ ਚੁਣੇ ਗਏ ਸਾਰੇ ਸਾਹਿਤਕਾਰਾਂ ਨੂੰ ਮੁਬਾਰਕਬਾਦ ਦਿੱਤੀ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾਕਟਰ ਲਖਵਿੰਦਰ ਸਿੰਘ ਜੌਹਲ ਨੇ ਇਹ ਜਾਣਕਾਰੀ ਸਾਂਝੀ ਕੀਤੀ।



# ਪ੍ਰਿੰ. ਸਰਵਣ ਸਿੰਘ ਤੇ ਕਹਾਣੀਕਾਰ ਜਰਨੈਲ ਸਿੰਘ ਨੂੰ ਅੰਤਰਰਾਸ਼ਟਰੀ ਭਾਰਤੀ ਭਾਸ਼ਾ ਸਨਮਾਨ




**ਦਿੱਲੀ:** ਪੰਜਾਬੀ ਭਾਸ਼ਾ ਲਈ ਮਾਣ ਦੀ ਗੱਲ ਹੈ ਕਿ ਇੰਟਰਨੈਸ਼ਨਲ ਕੌਂਸਲ ਫਾਰ ਇੰਟਰਨੈਸ਼ਨਲ ਕੋਆਪ੍ਰੇਸ਼ਨ ਨੇ ਦਿੱਲੀ ਵਿਖੇ ਵਿਸ਼ੇਸ਼ 'ਅੰਤਰਾਸ਼ਟਰੀ ਭਾਸ਼ਾ ਸਮਾਰੋਹ' ਵਿਚ ਕੈਨੇਡਾ 'ਚ ਪੰਜਾਬੀ ਭਾਸ਼ਾ/ਸਾਹਿਤ ਨੂੰ ਪ੍ਰਫੁੱਲਤ ਕਰਨ ਵਿਚ ਪਾਏ ਯੋਗਦਾਨ ਲਈ ਵਿਸ਼ਵ ਪ੍ਰਸਿੱਧ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਤੇ ਢਾਹਾਂ ਸਾਹਿਤ ਅਵਾਰਡੀ ਕਹਾਣੀਕਾਰ ਜਰਨੈਲ ਸਿੰਘ ਨੂੰ 'ਅੰਤਰਰਾਸ਼ਟਰੀ ਭਾਰਤੀ ਭਾਸ਼ਾ ਸਨਮਾਨ' ਦਿੱਤਾ ਹੈ। ਇਹ ਸਨਮਾਨ ਪੰਜਾਬੀ ਭਾਸ਼ਾ ਦਾ ਹੈ, ਜਿਸ ਲਈ ਪੰਜਾਬੀਆਂ ਵੱਲੋਂ ਇੰਟਰਨੈਸ਼ਨਲ ਕੌਂਸਲ ਦਾ ਧੰਨਵਾਦ।

# ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਪ੍ਰੋ. ਬਲਦੇਵ ਸਿੰਘ ਧਾਲੀਵਾਲ ਨੂੰ ਰਾਗ ਪੁਰਸਕਾਰ

**ਪਟਿਆਲਾ:** 'ਰਾਗ ਕਾਫਲਾ' ਵੱਲੋਂ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ ਵਿਖੇ 'ਰਾਗ' ਅੰਕ-13 ਦਾ ਲੋਕ ਅਰਪਣ ਅਤੇ ਪੁਰਸਕਾਰ ਭੇਟ ਸਮਾਗਮ ਕੀਤਾ ਗਿਆ, ਜਿਸ ਦੌਰਾਨ ਰਾਗ ਵਾਰਤਕ ਪੁਰਸਕਾਰ ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਰਾਗ ਕਥਾ ਪੁਰਸਕਾਰ ਪ੍ਰੋ. ਬਲਦੇਵ ਸਿੰਘ ਧਾਲੀਵਾਲ ਨੂੰ ਭੇਟ ਕੀਤਾ ਗਿਆ।

ਪੰਜਾਬੀ ਵਿਭਾਗ ਦੇ ਮੁਖੀ ਪ੍ਰੋਫੈਸਰ ਗੁਰਮੁਖ ਸਿੰਘ ਨੇ ਕਿਹਾ ਕਿ ਕਿਸੇ ਵੀ ਕੌਮ ਦੀ ਭਾਸ਼ਾ, ਸਭਿਆਚਾਰ ਅਤੇ ਭਾਸ਼ਾ ਦੇ ਕਥਾਕਾਰਾਂ ਤੋਂ ਉਸ ਕੌਮ ਦੀ ਤਾਕਤ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਰਾਗ ਰਸਾਲੇ ਦੇ ਸੰਪਾਦਕ ਕਥਾਕਾਰ ਜਸਵੀਰ ਰਾਣਾ ਨੇ ਕਿਹਾ ਕਿ ਇੰਦਰਜੀਤ ਸਿੰਘ ਪੁਰੇਵਾਲ ਵੱਲੋਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਪੁਰਸਕਾਰ ਦੇਣ ਦੀ ਯੋਜਨਾ ਬਣਾਈ ਗਈ ਹੈ।

ਮੁੱਖ ਮਹਿਮਾਨ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਪ੍ਰੋ. ਹਰਪਾਲ ਸਿੰਘ ਪੰਨੂ ਦੀ ਲਿਖਤ ਅਤੇ ਬੋਲਣੀ ਵੱਡੀਆਂ ਬਖ਼ਸ਼ਿਸ਼ਾਂ ਨਾਲ ਵਰੋਸਾਈ ਹੋਈ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਨੇ ਕਿਹਾ ਕਿ ਪੰਜਾਬੀ ਦੀ ਕਹਾਣੀ ਨੇ ਆਪਣਾ ਮੁਕਾਮ ਬਣਾਇਆ ਹੈ। ਮੰਚ ਸੰਚਾਲਨ ਪ੍ਰੋਫੈਸਰ ਸੁਰਜੀਤ ਸਿੰਘ ਮੁਖੀ ਪਬਲੀਕੇਸ਼ਨ ਬਿਊਰੋ ਨੇ ਕੀਤਾ।




*ਪ੍ਰੋ. ਹਰਪਾਲ ਪੰਨੂ ਨੂੰ ਰਾਗ ਵਾਰਤਕ ਪੁਰਸਕਾਰ ਭੇਟ ਕਰਦੇ ਹੋਏ ਵਾਈਸ ਚਾਂਸਲਰ ਪ੍ਰੋ. ਅਰਵਿੰਦ।*

# ਅਰੁਣਾ ਮਿਲਰ ਮੈਰੀਲੈਂਡ ਰਾਜ ਦੀ ਪਹਿਲੀ ਭਾਰਤੀ-ਅਮਰੀਕੀ ਉਪ ਰਾਜਪਾਲ ਬਣੀ

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਮੂਲ ਦੀ ਸਿਆਸਤਦਾਨ ਅਰੁਣਾ ਮਿਲਰ (58) ਨੇ ਅਮਰੀਕੀ ਰਾਜਧਾਨੀ ਨਾਲ ਲੱਗਦੇ ਮੈਰੀਲੈਂਡ ਰਾਜ ਦੇ ਉਪ ਰਾਜਪਾਲ ਵਜੋਂ ਸਹੁੰ ਚੁੱਕ ਕੇ ਇਤਿਹਾਸ ਸਿਰਜ ਦਿੱਤਾ ਹੈ। ਮੈਰੀਲੈਂਡ ਹਾਊਸ ਦੀ ਸਾਬਕਾ ਡੈਲੀਗੇਟ ਅਰੁਣਾ ਡੈਮਕੋਰੈਟਿਕ ਪਾਰਟੀ ਵੱਲੋਂ ਸੂਬੇ ਦੀ 10ਵੀਂ ਉਪ ਰਾਜਪਾਲ ਹੈ।

ਉਪ ਰਾਜਪਾਲ ਕਿਸੇ ਸੂਬੇ ਵਿਚ ਰਾਜਪਾਲ ਮਗਰੋਂ ਦੂਜਾ ਵੱਡਾ ਸਰਕਾਰੀ ਅਹੁਦਾ ਹੈ। ਅਰੁਣਾ ਨੇ ਇਹ ਨਵੀਂ ਜ਼ਿੰਮੇਵਾਰੀ ਅਜਿਹੇ ਮੌਕੇ ਸੰਭਾਲੀ ਹੈ ਜਦੋਂ ਰਾਜਪਾਲ ਸੂਬੇ 'ਚੋਂ ਬਾਹਰ ਹੈ ਜਾਂ ਫਿਰ ਅਯੋਗ ਹੈ। ਭਾਰਤ ਦੇ ਆਂਧਰਾ ਪ੍ਰਦੇਸ਼ ਜ਼ਿਲ੍ਹੇ 'ਚ ਜਨਮੀ ਅਰੁਣਾ ਨੇ ਆਪਣੀ ਉਦਘਾਟਨੀ ਤਕਰੀਰ ਵਿਚ ਆਪਣੇ ਪਰਿਵਾਰ ਦਾ ਵੀ ਜ਼ਿਕਰ ਕੀਤਾ। ਅਰੁਣਾ ਨੇ ਕਿਹਾ ਕਿ ਉਹ ਸੱਤ ਸਾਲ ਦੀ ਸੀ ਜਦੋਂ ਉਸ ਦੇ ਪਰਿਵਾਰ ਨੇ ਅਮਰੀਕਾ ਵਿਚ



ਪਰਵਾਸ ਕੀਤਾ ਸੀ। ਹਲਫਦਾਰੀ ਸਮਾਗਮ ਮੌਕੇ ਅਰੁਣਾ ਦਾ ਪੂਰਾ ਪਰਿਵਾਰ, ਨਵੇਂ ਰਾਜਪਾਲ ਵੈਸ ਮੂਰ ਤੇ ਸੂਬਾਈ ਕਾਨੂੰਨਸਾਜ਼ ਮੌਜੂਦ ਸਨ। ਮੂਰ ਮੈਰੀਲੈਂਡ ਦੇ 63ਵੇਂ ਰਾਜਪਾਲ ਹਨ ਅਤੇ ਸੂਬੇ ਦੇ ਪਹਿਲੇ ਤੇ ਦੇਸ਼ ਦੇ ਇਕੋ ਇਕ ਮੌਜੂਦਾ ਸਿਆਹਫਾਮ ਮੁੱਖ ਕਾਰਜਕਾਰੀ ਹਨ।

# ਆਮ ਲੋਕਾਂ ਲਈ ਘਾਤਕ ਸਿੱਧ ਹੁੰਦਾ ਹੈ ਰਾਸ਼ਟਰਵਾਦ: ਡਾ. ਆਤਮਜੀਤ

**ਸ਼ਿਕਾਗੋ:** 17 ਜਨਵਰੀ ਦੀ ਠਰੀ ਹੋਈ ਸ਼ਾਮ। ਸ਼ਿਕਾਗੋ ਦੀ ਈਸਟ ਵੈਸਟ ਯੂਨੀਵਰਸਿਟੀ ਦਾ ਰਿਆਜ਼ ਐੱਚ. ਵੜੈਚ ਆਡੀਟੋਰੀਅਮ। ਸਾਨੂੰ ਸੱਦਾ ਆਇਆ ਸੀ ਕਿ ਅੱਜ ਏਥੇ ਡਾ. ਆਤਮਜੀਤ ਸਿੰਘ ਨੇ ਭਾਸ਼ਣ ਦੇਣਾ ਹੈ। ਆਤਮਜੀਤ ਹੋਰੀਂ ਪੰਜਾਬੀ ਨਾਟਕ ਦੇ ਬੇਤਾਜ ਬਾਦਸ਼ਾਹ ਹਨ। 2009 ਵਿਚ ਉਨ੍ਹਾਂ ਦੇ ਨਾਟਕ 'ਤੱਤੀ ਤਵੀ ਦਾ ਸੱਚ' ਨੂੰ ਭਾਰਤੀ ਸਾਹਿਤ ਅਕੈਡਮੀ ਦਾ ਇਨਾਮ ਵੀ ਮਿਲ ਚੁੱਕਿਆ ਹੈ। ਸੋ ਮੈਂ ਅਤੇ ਮੇਰੀ ਸਾਥਣ ਨੀਰੂ ਅੱਧਾ ਘੰਟਾ ਪਹਿਲਾਂ ਹੀ ਆਡੀਟੋਰੀਅਮ ਪਹੁੰਚ ਗਏ।

ਹੌਲੀ ਹੌਲੀ ਸੂਝਵਾਨ ਸਰੋਤੇ ਪੁੱਜਣੇ ਸ਼ੁਰੂ ਹੋ ਗਏ। ਜਨਾਬ ਜ਼ਫਰ ਮਲਿਕ ਹੋਰਾਂ ਨੇ ਹਲਕੇ ਜਿਹੇ ਚਾਹ ਪਾਣੀ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਉਸ ਤੋਂ ਵਿਹਲੇ ਹੋ ਕੇ ਠੀਕ ਛੇ ਵਜੇ ਡਾ. ਆਤਮਜੀਤ ਸਰੋਤਿਆਂ ਨੂੰ ਮੁਖਾਤਿਬ ਹੋਏ। ਪੂਰਾ ਇਕ ਘੰਟਾ ਉਨ੍ਹਾ ਧਰਮ, ਰਾਸ਼ਟਰਵਾਦ, ਬੋਲੀ, ਜੈਂਡਰ, ਜੰਮਣ ਭੋਂ, ਆਦਿ ਬਾਰੇ ਬੜੇ ਹੀ ਵਿਸਤਾਰ ਨਾਲ ਗੱਲਾਂ ਕੀਤੀਆਂ।

ਰਾਸ਼ਟਰਵਾਦ ਬਾਰੇ ਉਨ੍ਹਾਂ ਕਿਹਾ ਕਿ ਇਹ ਹਮੇਸ਼ਾਂ ਆਮ ਲੋਕਾਂ ਲਈ ਘਾਤਕ ਸਿੱਧ ਹੁੰਦਾ ਹੈ। ਜਿਵੇਂ ਹਿਟਲਰ ਦਾ ਰਾਸ਼ਟਰਵਾਦ ਆਦਿ। ਬੋਲੀ ਬਾਰੇ ਉਨ੍ਹਾਂ ਦੀ ਟਿੱਪਣੀ ਬਹੁਤ ਹੀ ਭਾਵੁਕ ਸੀ, 'ਪੰਜਾਬੀ ਮੇਰੀ ਮਾਂ ਬੋਲੀ ਹੈ ਤੇ ਮੈਂ ਇਹਦੀ ਗੋਦ 'ਚ ਹੀ ਅੰਤਿਮ ਸਾਹ ਲੈਣਾ ਚਾਹੁੰਦਾ ਹਾਂ।' ਧਰਮ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਸਿੱਖ ਧਰਮ ਜਾਤ-ਪਾਤ ਨਹੀਂ ਮੰਨਦਾ, ਇਹ ਕਿਰਤ ਕਰਨ ਦਾ ਸੁਨੇਹਾ ਦਿੰਦਾ ਹੈ ਤੇ ਵੰਡ ਛਕਣ ਦੇ ਨਾਲ ਨਾਲ ਗਰੀਬ ਗੁਰਬੇ ਦੀ ਮਦਦ ਕਰਨ ਦੀ ਨਸੀਹਤ ਵੀ ਕਰਦਾ ਹੈ ਪਰ ਦੁੱਖ ਦੀ ਗੱਲ ਹੈ ਕਿ ਅੱਜ ਅਸੀਂ ਬਹੁ ਗਿਣਤੀ ਲੋਕ ਏਸ ਤੋਂ ਬੇਮੁੱਖ ਹੋ ਗਏ ਆਂ।





ਉਨ੍ਹਾਂ ਆਪਣੇ ਚਰਚਿਤ ਨਾਟਕਾਂ ਦੀ ਰਚਣ ਪ੍ਰਕਿਰਿਆ ਜਿਵੇਂ 'ਤੱਤੀ ਤਵੀ ਦਾ ਸੱਚ', 'ਟੋਭਾ ਟੇਕ ਸਿੰਘ' ਅਤੇ ਕੀਨੀਆਂ ਵਿਚ ਨਸਲੀ ਭੇਦ ਭਾਵ ਤੋਂ ਪ੍ਰਭਾਵਿਤ ਤਨਖਾਹ ਦੀ ਕਾਣੀ ਵੰਡ ਵਿਰੁੱਧ ਲੜਨ ਵਾਲੇ ਅਣਖੀ ਯੋਧੇ ਮੱਖਣ ਸਿੰਘ ਬਾਰੇ ਤੇ ਲੈਜਬੀਅਨ ਅਤੇ ਜਬਰ-ਜਨਾਹ ਆਦਿ ਬਾਰੇ ਬਿਆਨ ਕੀਤਾ। ਜਬਰ-ਜਨਾਹ ਬਾਰੇ ਨਾਟਕ ਲਿਖਣ ਸਬੰਧੀ ਤੇ ਇਕ ਪੀੜਤ ਲੜਕੀ ਨਾਲ ਮੁਲਾਕਾਤ ਬਿਆਨ ਕਰਦੇ ਉਹ ਭਾਵੁਕ ਹੋ ਗਏ ਤੇ ਉਨ੍ਹਾਂ ਦੀਆਂ ਅੱਖਾਂ ਨਮ ਹੋ ਗਈਆਂ।

ਹਾਜ਼ਰ ਸਰੋਤਿਆਂ ਨੇ ਕੋਈ ਅੱਧਾ ਘੰਟਾ ਡਾ. ਆਤਮਜੀਤ ਸਿੰਘ ਨਾਲ ਸੁਆਲ ਜਵਾਬ ਵੀ ਕੀਤੇ। ਕੁਝ ਅਮੈਰਿਕਨ ਸਰੋਤਿਆਂ ਦੀ ਹਾਜ਼ਰੀ ਕਾਰਨ ਉਨ੍ਹਾਂ ਸਾਰਾ ਵਿਚਾਰ ਵਟਾਂਦਰਾ ਅੰਗਰੇਜ਼ੀ ਵਿਚ ਕੀਤਾ। ਹੋਰਾਂ ਤੋਂ ਇਲਾਵਾ ਇਸ ਮੌਕੇ ਸਰਦਾਰ ਲਾਲ ਸਿੰਘ ਪਨੇਸਰ, ਸਰਵਣ ਸਿੰਘ ਰਾਜੂ, ਅਮਰਦੇਵ ਸਿੰਘ ਬਦੇਸ਼ਾ, ਜ਼ਫਰ ਮਲਿਕ, ਅਸਲਮ ਰਾਜਾ ਤੇ ਕੁਝ ਲਹਿੰਦੇ ਪੰਜਾਬ ਦੀਆਂ ਬੀਬੀਆਂ ਨੇ ਹਾਜ਼ਰੀ ਲੁਆਈ ਅਤੇ ਪੁਖ਼ਤਾ ਸਵਾਲ ਵੀ ਕੀਤੇ, ਜਿਨ੍ਹਾਂ ਦੇ ਜਵਾਬ ਡਾ. ਸਾਹਿਬ ਨੇ ਪੂਰੀ ਬੇਬਾਕੀ ਨਦਲ ਦਿੱਤੇ।


*ਰਿਪੋਰਟ:*
*ਰਵਿੰਦਰ ਸਹਿਰਾਅ*
*ਚੈਸਟਰਟਨਚ (ਇੰਡਿਆਨਾ)*
*ਫ਼ੋਨ:717-575-7529*

# ਲਖ ਖੁਸੀਆਂ ਪਾਤਿਸਾਹੀਆਂ ਜੇ ਸਤਿਗੁਰੁ ਨਦਰਿ ਕਰੇਇ॥

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ (ਮਰਹੂਮ) ਅਤੇ ਭੈਣ ਜੀ ਜਸਪ੍ਰੀਤ ਦੇ ਸਪੁੱਤਰ ਅਤੇ ਪੰਜਾਬ ਟਾਈਮਜ਼ ਦੇ ਪ੍ਰੈਜ਼ੀਡੈਂਟ ਸ. ਮਨਦੀਪ ਸਿੰਘ ਜੰਮੂ ਅਤੇ ਨੂੰਹ ਸੰਦੀਪ ਕੌਰ ਜੰਮੂ ਦੇ ਘਰ ਪਰਮਾਤਮਾ ਦੀ ਮਿਹਰ ਸਦਕਾ ਧੀ 'ਮਿਹਰ ਕੌਰ' ਦਾ ਜਨਮ ਹੋਇਆ ਹੈ। ਸਾਡੀ ਸਾਰੀ ਟੀਮ ਵਲੋਂ ਜੰਮੂ ਪਰਿਵਾਰ, ਪੰਜਾਬ ਟਾਈਮਜ਼ ਦੇ ਸਟਾਫ਼ ਅਤੇ ਸਮੂਹ ਪਾਠਕਾਂ ਨੂੰ ਧੀ ਰਾਣੀ ਦੀ ਆਮਦ 'ਤੇ ਮੁਬਾਰਕਬਾਦ! ਵਾਹਿਗੁਰੂ ਬੇਟੀ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖੇ, ਚੰਗੀ ਸਿਹਤ ਅਤੇ ਸਿੱਖਿਆ ਬਖਸ਼ੇ, ਚੰਗਾ ਇਨਸਾਨ ਬਣਾਵੇ ਅਤੇ ਮਾਂ ਬੋਲੀ ਪੰਜਾਬੀ ਦੀ ਰੱਖਿਆ ਦਾ ਬਲ ਬਖ਼ਸ਼ੇ!

ਵਧਾਈਆਂ!

ਵਧਾਈਆਂ!




ਵਧਾਈਆਂ!

ਵਧਾਈਆਂ!

**ਵਲੋਂ: ਪੰਜਾਬ ਟਾਈਮਜ਼ ਆਨਰੇਰੀ ਸਲਾਹਕਾਰ ਬੋਰਡ**


ਜਸਵੀਰ ਕੌਰ ਢਿਲੋਂ



ਡਾ. ਨਵਦੀਪ ਕੌਰ ਸੰਧੂ


ਬਲਵਿੰਦਰ ਕੌਰ (ਨਿੱਕੀ) ਸੇਖੋਂ


ਅਮੋਲਕ ਸਿੰਘ ਗਾਖਲ


ਡਾ. ਗੁਰਦਿਆਲ ਸਿੰਘ ਬਸਰਾਨ


ਹਰਦਿਆਲ ਸਿੰਘ ਦਿਓਲ


ਹਰਜੀਤ ਸਿੰਘ ਸਾਹੀ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਡਾ. ਤੇਜਿੰਦਰ ਸਿੰਘ ਮੰਡੇਰ


ਦਰਸ਼ਨ ਸਿੰਘ ਗਰੇਵਾਲ


ਦਰਸ਼ਨ ਸਿੰਘ ਦਰੜ


ਰਾਜਿੰਦਰ ਸਿੰਘ ਬੈਂਸ


ਜੱਸੀ ਗਿੱਲ


ਜੈਦੇਵ ਸਿੰਘ ਭੱਠਲ


ਪਰਮਿੰਦਰ ਸਿੰਘ ਵਾਲੀਆ


ਸਰਵਣ ਸਿੰਘ ਟਿਵਾਣਾ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਗੁਰਵੀਰ ਸਿੰਘ ਗਿੱਲ

# ਗੁਰਦੁਆਰਾ ਸਿੱਖ ਸਟੱਡੀ ਸਰਕਲ ਐਟਲਾਂਟਾ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਐਟਲਾਂਟਾ (ਜਾਰਜੀਆ):** ਗੁਰਦੁਆਰਾ ਸਿੱਖ ਸਟੱਡੀ ਸਰਕਲ ਐਟਲਾਂਟਾ ਕਮੇਟੀ ਦੀ 13ਵੀਂ ਵਾਰ ਚੋਣ ਸਰਬਸੰਮਤੀ ਨਾਲ ਹੋਈ। ਐਤਵਾਰ ਨੂੰ ਹਫ਼ਤਾਵਾਰੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਮੁੱਖ ਗ੍ਰੰਥੀ ਗਿਆਨੀ ਗੁਰਿੰਦਰਪਾਲ ਸਿੰਘ ਦੇ ਅਰਦਾਸ ਕਰਨ ਉਪਰੰਤ ਜਨਰਲ ਬਾਡੀ ਦੀ ਮੀਟਿੰਗ ਹੋਈ। ਨਾਮਜ਼ਦਗੀ ਕਮੇਟੀ ਦੇ ਚੇਅਰਮੈਨ ਸ. ਕੁਲਦੀਪ ਸਿੰਘ ਨੇ ਸੰਗਤ ਦੀ ਪ੍ਰਵਾਨਗੀ ਤੋਂ ਬਾਅਦ ਚੋਣ ਦੀ ਕਾਰਵਾਈ ਆਰੰਭ ਕੀਤੀ।

ਸ. ਜਸਵੀਰ ਸਿੰਘ ਬੈਂਸ (ਫੋਨ: 770-715-8835) ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਸੰਗਤ ਨੇ ਇਸ ਵਾਰ ਵੀ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਜਿਸ ਮੁਤਾਬਿਕ ਪ੍ਰਧਾਨ ਸੁਰਿੰਦਰ ਸਿੰਘ ਝਾਂਗੜਾ, ਮੀਤ ਪ੍ਰਧਾਨ ਬਲਜੀਤ ਸਿੰਘ, ਖਜ਼ਾਨਚੀ ਇੰਦਰਜੀਤ ਸਿੰਘ ਮੋਖਾ, ਸੈਕਟਰੀ ਗੁਰਪ੍ਰੀਤ ਸਿੰਘ, ਸੋਸ਼ਲ ਕੋਆਰਡੀਨੇਟਰ ਨਰਿੰਦਰ ਕੌਰ ਚੁਣੇ ਗਏ। ਨਵੇਂ ਚੁਣੇ ਚਾਰ ਬੋਰਡ ਮੈਂਬਰਾਂ ਵਿਚ ਬਲਿਹਾਰ ਸਿੰਘ, ਨਰਿੰਦਰ ਸਿੰਘ ਦਿਓਲ, ਹਰਪ੍ਰੀਤ ਸਿੰਘ ਬੈਂਸ ਤੇ ਅਮਰਜੀਤ ਸਿੰਘ ਗੋਰਾਇਆ ਸ਼ਾਮਲ ਹਨ। ਬੋਰਡ ਦੇ ਚਾਰ ਮੈਂਬਰਾਂ- ਅਮਨਦੀਪ ਸਿੰਘ ਲਾਡੀ, ਆਦਰਸ਼ ਕੌਰ ਰੈਣਾ, ਸੁਖਚੈਨ ਸਿੰਘ ਵਿਰਕ ਤੇ ਪ੍ਰੇਮ ਸਿੰਘ ਰੰਧਾਵਾ, ਦੀ ਇਕ ਸਾਲ ਸੇਵਾ ਬਾਕੀ ਹੈ। ਜਿਨ੍ਹਾਂ ਚਾਰ ਬੋਰਡ ਮੈਂਬਰਾਂ ਦਾ 2 ਸਾਲ ਦਾ ਕਾਰਜਕਾਲ ਪੂਰਾ ਹੋ ਗਿਆ ਹੈ, ਉਨ੍ਹਾਂ ਵਿਚ ਸ਼ਿੰਗਾਰਾ ਸਿੰਘ ਕੰਗ, ਜਸਵਿੰਦਰ ਸਿੰਘ ਬੈਂਸ, ਗੁਰਿੰਦਰ ਸਿੰਘ ਚੀਮਾ ਤੇ ਕਰਮਜੀਤ ਸਿਘ ਲਾਲੀ ਸ਼ਾਮਲ ਹਨ। ਇਸ ਤੋਂ ਇਲਾਵਾ ਦਲਬੀਰ ਸਿੰਘ ਨੇ ਵੀ ਖਜ਼ਾਨਚੀ ਵਜੋਂ ਆਪਣਾ ਦੋ ਸਾਲ ਦਾ ਕਾਰਜਕਾਲ ਪੂਰਾ ਕਰ ਲਿਆ ਹੈ।

ਵਰਣਨਯੋਗ ਹੈ ਕਿ 8 ਮੈਂਬਰੀ ਬੋਰਡ ਵਿਚੋਂ 4 ਮੈਂਬਰ ਹਰ ਸਾਲ ਸੇਵਾ ਪੂਰੀ ਕਰ ਲੈਂਦੇ ਹਨ ਅਤੇ ਨਵੇਂ 4 ਮੈਂਬਰ ਬੋਰਡ ਵਿਚ ਸ਼ਾਮਲ ਹੋ ਜਾਂਦੇ ਹਨ। ਬੋਰਡ ਮੈਂਬਰ ਦਾ ਕਾਰਜਕਾਲ 2 ਸਾਲ ਵਾਸਤੇ ਹੁੰਦਾ ਹੈ। ਕਾਰਜਕਾਰੀ ਕਮੇਟੀ ਦੀ ਚੋਣ ਇਕ ਸਾਲ ਵਾਸਤੇ ਕੀਤੀ ਜਾਂਦੀ ਹੈ। 12-13 ਸਾਲ ਤੋਂ ਇਸ ਗੁਰੂ ਘਰ ਵਿਚ ਚੋਣ ਸਰਬਸੰਮਤੀ ਨਾਲ ਕੀਤੀ ਜਾਂਦੀ ਹੈ।

ਇਥੇ ਇਹ ਵੀ ਵਰਣਨਯੋਗ ਹੈ ਕਿ ਸੰਗਤਾਂ ਦੇ ਸਹਿਯੋਗ ਨਾਲ ਕਮੇਟੀ ਵਲੋਂ ਜ਼ਮੀਨ ਖ਼ਰੀਦ ਕੇ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਦੇ ਵਿਸਥਾਰ ਦੇ ਕਾਰਜ ਚਲਾਏ ਹੋਏ ਹਨ।




**Singh Tax & Accounting Services LLC.**

**Individual & Business Taxes, Accounting, Payroll & Financial Consulting Services.**

**Services:** Individual & Small Businesses Tax Filing, Tax Planning, Set up of new Businesses, IRS Audit representation & Amended Tax Returns

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

Ph: 248-982-2036



**Mohan Singh**
Master in Taxation.
IRS Enrolled agent,
Notary Public


Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



**Sistar Mortgage**

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



**AVEER TRAVEL SOLUTIONS LLC**

**ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:**

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*Located in INDIANAPOLIS (IN)*



GoldenKey LENDING

ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ *HOUSE LOAN* ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

**HOME LOANS MADE SIMPLE**



The feeling of attachment, togetherness
We understand what a home means

*Manny Singh Nagra*
*Principal Broker*
*Star Alliance Brokerage, INC*

Contact Us at
317-620-4100
317-750-1900

REAL ESTATE | RESIDENTIAL & COMMERCIAL
325 S. College Avenue, Indianapolis, Indiana 46202
NMLS 147421
www.goldenkeylending.com





*Ray Dhaliwal*
*Real Estate Broker*

**Moving to Indiana?**

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

# ਗਣਤੰਤਰ ਦਿਵਸ ਪਰੇਡ 'ਚੋਂ ਪੰਜਾਬ ਦੀ ਝਾਕੀ ਬਾਹਰ ਕਰਨ ਦਾ ਮਸਲਾ ਭਖਿਆ

## ਸੂਬੇ ਦੀਆਂ ਸਿਆਸੀ ਧਿਰਾਂ ਨੇ ਇਕਜੁਟ ਹੋ ਕੇ ਮੋਦੀ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗਣਤੰਤਰ ਦਿਵਸ ਪਰੇਡ 'ਚੋਂ ਸੂਬੇ ਦੀ ਝਾਕੀ ਨੂੰ ਬਾਹਰ ਕੀਤੇ ਜਾਣ 'ਤੇ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਵਿਰੋਧੀ ਧਿਰਾਂ ਨੇ ਵੀ ਕੇਂਦਰ ਦੇ ਇਸ ਫੈਸਲੇ ਨੂੰ ਆੜੇ ਹੱਥੀਂ ਲੈਂਦਿਆਂ ਇਕਮੁੱਠਤਾ ਦਿਖਾਈ ਹੈ। ਪੰਜਾਬ ਦੀਆਂ ਝਾਕੀਆਂ ਨੂੰ ਇਸ ਤੋਂ ਪਹਿਲਾਂ ਸਾਲ 2017 ਵਿਚ ਗਣਤੰਤਰ ਦਿਵਸ ਪਰੇਡ 'ਚ ਸ਼ਾਮਲ ਨਹੀਂ ਕੀਤਾ ਗਿਆ ਸੀ।



ਪੰਜਾਬ ਦੀ ਆਜ਼ਾਦੀ ਸੰਗਰਾਮ ਵਿਚ ਭੂਮਿਕਾ ਦੇ ਮੱਦੇਨਜ਼ਰ ਸੂਬੇ ਨੂੰ ਹਮੇਸ਼ਾ ਤਰਜੀਹ ਮਿਲਦੀ ਰਹੀ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਇਸ ਕਦਮ ਨੂੰ ਵਿਤਕਰੇ ਭਰਿਆ ਰਵੱਈਆ ਦੱਸਿਆ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਖਤ ਲਫ਼ਜ਼ਾਂ ਵਿਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜਾਣ ਬੁੱਝ ਕੇ ਗਣਤੰਤਰ ਦਿਵਸ ਪਰੇਡ 'ਚੋਂ ਪੰਜਾਬ ਦੀ ਝਾਕੀ ਨੂੰ ਬਾਹਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਰ੍ਹਿਆਂ ਤੋਂ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਸੇ ਨੂੰ ਗਣਤੰਤਰ ਦਿਵਸ ਪਰੇਡ ਮੌਕੇ ਪੇਸ਼ ਕੀਤਾ ਜਾਂਦਾ ਰਿਹਾ ਹੈ ਪਰ ਐਤਕੀਂ ਕੇਂਦਰ ਸਰਕਾਰ ਨੇ ਵਿਤਕਰੇ ਭਰਿਆ ਕਦਮ ਚੁੱਕ ਕੇ ਪੰਜਾਬ ਨੂੰ ਅਣਗੌਲਿਆ ਕਰ ਦਿੱਤਾ ਹੈ। ਕੇਂਦਰ ਸਰਕਾਰ ਦੇ ਇਸ ਰਵੱਈਏ ਦੀ ਬਦੌਲਤ ਪੰਜਾਬ ਦਾ ਆਜ਼ਾਦੀ ਸੰਗਰਾਮ ਵਿਚ ਯੋਗਦਾਨ ਪਰੇਡ 'ਚ ਨਜ਼ਰਅੰਦਾਜ਼ ਹੋਵੇਗਾ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੀ ਝਾਕੀ ਨੂੰ ਗਣਤੰਤਰ ਦਿਵਸ ਪਰੇਡ ਵਿਚ ਸ਼ਾਮਲ ਕਰਾਉਣ ਲਈ ਕੇਂਦਰ ਸਰਕਾਰ ਕੋਲ ਮਾਮਲਾ ਉਠਾਇਆ ਜਾਵੇ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਫ਼ੈਸਲੇ ਨੂੰ ਮੁੜ ਵਿਚਾਰਿਆ ਜਾਵੇ। ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅਜਿਹਾ ਕਰਕੇ ਧਰੋਹ ਕੀਤਾ ਹੈ ਜਿਸ ਕਰਕੇ ਪੰਜਾਬ ਆਪਣਾ ਸਭਿਆਚਾਰ ਤੇ ਇਤਿਹਾਸ ਪਰੇਡ ਮੌਕੇ ਦਿਖਾ ਨਹੀਂ ਸਕੇਗਾ।

ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ 74ਵੇਂ ਗਣਤੰਤਰ ਦਿਵਸ ਲਈ ਪੰਜਾਬ ਸਰਕਾਰ ਵੱਲੋਂ ਭੇਜੀ ਝਾਕੀ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਨੇ 'ਇੰਡੀਆ ਐਟ 75: ਫਰੀਡਮ ਸਟ੍ਰੱਗਲ' ਤੇ ਮੁਲਕ ਲਈ ਪੰਜਾਬ ਦੇ ਯੋਗਦਾਨ ਦੇ ਵਿਸ਼ੇ 'ਤੇ ਕੇਂਦਰਿਤ ਤਿੰਨ ਝਾਕੀਆਂ ਦੀ ਤਜਵੀਜ਼ ਭੇਜੀ ਸੀ। ਕੇਂਦਰੀ ਰੱਖਿਆ ਮੰਤਰਾਲੇ ਵੱਲੋਂ ਬਣਾਈ ਵਿਸ਼ਾ ਮਾਹਿਰ ਕਮੇਟੀ ਨੇ ਪੰਜਾਬ ਨੂੰ ਆਊਟ ਕਰਨ 'ਤੇ ਸਹੀ ਪਾਈ ਹੈ। ਪਿਛਲੇ ਵਰ੍ਹੇ ਗਣਤੰਤਰ ਦਿਵਸ ਪਰੇਡ 'ਚੋਂ ਤਾਮਿਲਨਾਡੂ, ਪੱਛਮੀ ਬੰਗਾਲ ਅਤੇ ਕੇਰਲਾ ਦੀ ਝਾਕੀ ਨੂੰ ਬਾਹਰ ਕੀਤਾ ਗਿਆ ਸੀ।

### ਭਾਜਪਾ 'ਚ ਗਏ ਨੇਤਾ ਆਪਣੀ ਜ਼ਮੀਰ ਜਗਾਉਣ: ਬਾਜਵਾ

**ਚੰਡੀਗੜ੍ਹ:** ਸੀਨੀਅਰ ਕਾਂਗਰਸੀ ਨੇਤਾ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਸਰਕਾਰ ਯੋਜਨਾਬੱਧ ਤਰੀਕੇ ਨਾਲ ਪੰਜਾਬ ਨੂੰ ਹੀਣਾ ਕਰ ਰਿਹਾ ਹੈ। ਪਹਿਲਾਂ ਕਾਲੇ ਖੇਤੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਅਤੇ ਫਿਰ ਅਗਨੀ ਪੱਥ ਯੋਜਨਾ ਨਾਲ ਜਵਾਨੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸੇ ਕੜੀ ਵਿਚ ਸਿੱਖ ਰੈਜੀਮੈਂਟ ਨੂੰ ਆਊਟ ਕੀਤਾ ਗਿਆ ਅਤੇ ਹੁਣ ਇਸੇ ਤਰਕੀਬ ਤਹਿਤ ਝਾਕੀ ਬਾਹਰ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਕਾਂਗਰਸ 'ਚੋਂ ਭਾਜਪਾ 'ਚ ਗਏ ਨੇਤਾ ਹੁਣ ਆਪਣੀ ਜ਼ਮੀਰ ਨੂੰ ਜਗਾਉਣ।

# ਮੁਕਾਬਲੇ ਮਗਰੋਂ ਗੈਂਗਸਟਰ ਲੰਡਾ ਦਾ ਸਾਥੀ ਗ੍ਰਿਫਤਾਰ

**ਰਈਆ:** ਅੰਮ੍ਰਿਤਸਰ-ਜਲੰਧਰ ਜੀਟੀ ਰੋਡ 'ਤੇ ਬਿਆਸ ਨੇੜੇ ਪੁਲਿਸ ਤੇ ਗੈਂਗਸਟਰਾਂ ਵਿਚਾਲੇ ਹੋਏ ਮੁਕਾਬਲੇ ਵਿਚ ਪੁਲਿਸ ਨੇ ਗੈਂਗਸਟਰ ਲੰਡਾ ਦੇ ਸਾਥੀ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਉਸ ਦਾ ਇਕ ਹੋਰ ਸਾਥੀ ਭੱਜਣ ਵਿਚ ਸਫਲ ਹੋ ਗਿਆ। ਇਸ ਦੌਰਾਨ ਗੋਲੀ ਲੱਗਣ ਕਾਰਨ ਇਕ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ।



ਜਾਣਕਾਰੀ ਅਨੁਸਾਰ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ (ਕਾਊਂਟਰ ਇੰਟੈਲੀਜੈਂਸ) ਦੇ ਸਬ-ਇੰਸਪੈਕਟਰ ਮਨਜੀਤ ਸਿੰਘ ਨੇ ਆਪਣੀ ਟੀਮ ਨਾਲ ਪੰਜਾਬ ਵਿਚ ਅਸਲਾ ਐਕਟ ਹੇਠ 19 ਜਨਵਰੀ ਨੂੰ ਇਕ ਗੈਂਗਸਟਰ ਰਾਜਨ ਭੱਟੀ ਨੂੰ ਗ੍ਰਿਫਤਾਰ ਕੀਤਾ ਸੀ। ਉਸ ਦੀ ਸੂਚਨਾ ਦੇ ਆਧਾਰ 'ਤੇ ਪੁਲਿਸ 20 ਜਨਵਰੀ ਨੂੰ ਅੰਮ੍ਰਿਤਸਰ ਤੋਂ ਦਿੱਲੀ ਜਾ ਰਹੇ ਕਮਲਜੀਤ ਸਿੰਘ ਉਰਫ ਚੀਨਾ ਵਾਸੀ ਮਖੂ (ਫਿਰੋਜ਼ਪੁਰ) ਦਾ ਪਿੱਛਾ ਕਰ ਰਹੀ ਸੀ। ਇਸ ਦੌਰਾਨ ਸਵੇਰੇ 11.30 ਵਜੇ ਦੇ ਕਰੀਬ ਕਮਲਜੀਤ ਆਪਣੇ ਇਕ ਸਾਥੀ ਨਾਲ ਬਿਆਸ ਨੇੜੇ ਇਕ ਢਾਬੇ ਕੋਲ ਰੁਕਿਆ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੀ ਟੀਮ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਬਿਆਸ ਪੁਲਿਸ ਨੂੰ ਉਨ੍ਹਾਂ ਦੇ ਅਧਿਕਾਰ ਖੇਤਰ ਵਿਚ ਗੈਂਗਸਟਰ ਦੀ ਮੌਜੂਦਗੀ ਦੀ ਸੂਚਨਾ ਦਿੱਤੀ। ਜਦੋਂ ਦੋਵਾਂ ਪੁਲਿਸ ਪਾਰਟੀਆਂ ਨੇ ਉੱਥੇ ਛਾਪਾ ਮਾਰਿਆ ਤਾਂ ਕਮਲਜੀਤ ਤੇ ਉਸ ਦੇ ਸਾਥੀ ਨੇ ਪੁਲਿਸ 'ਤੇ ਗੋਲੀਆਂ ਚਲਾ ਦਿੱਤੀਆਂ। ਪੁਲਿਸ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਗੋਲੀਆਂ ਚਲਾਈਆਂ। ਇਸ ਦੌਰਾਨ ਕਮਲਜੀਤ ਸਿੰਘ ਉਰਫ ਚੀਨਾ ਨੂੰ ਕਾਬੂ ਕਰ ਲਿਆ ਜਦਕਿ ਉਸ ਦਾ ਸਾਥੀ ਭੱਜਣ ਵਿਚ ਕਾਮਯਾਬ ਹੋ ਗਿਆ। ਗੋਲੀਬਾਰੀ ਦੌਰਾਨ ਦਿੱਲੀ ਪੁਲਿਸ ਦਾ ਇਕ ਕਾਂਸਟੇਬਲ ਯੋਗੇਸ਼ ਜ਼ਖ਼ਮੀ ਹੋ ਗਿਆ। ਬਾਬਾ ਬਕਾਲਾ ਦੇ ਡੀ.ਐਸ.ਪੀ. ਹਰਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਮੁਕਾਬਲੇ ਮਗਰੋਂ ਇਕ ਗੈਂਗਸਟਰ ਨੂੰ ਕਾਬੂ ਕੀਤਾ ਗਿਆ ਹੈ। ਬਾਕੀ ਜਾਂਚ ਹਾਲੇ ਜਾਰੀ ਹੈ।

# ਪੰਜਾਬ ਭਾਜਪਾ ਸੂਬੇ ਦੇ ਪਾਣੀਆਂ ਦੇ ਹੱਕ ਵਿਚ ਖੜ੍ਹੇਗੀ

**ਅੰਮ੍ਰਿਤਸਰ:** ਪੰਜਾਬ ਭਾਜਪਾ ਦੀ ਕਾਰਜਕਾਰਨੀ ਨੇ ਇਕ ਮਤਾ ਪਾਸ ਕਰਕੇ ਆਖਿਆ ਕਿ ਪੰਜਾਬ ਕੋਲ ਦੂਜੇ ਸੂਬਿਆਂ ਨੂੰ ਦੇਣ ਵਾਸਤੇ ਵਾਧੂ ਦਰਿਆਈ ਪਾਣੀ ਨਹੀਂ ਹੈ। ਇਸ ਦੌਰਾਨ ਐਲਾਨ ਕੀਤਾ ਗਿਆ ਕਿ ਜੇਕਰ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣਦੀ ਹੈ ਤਾਂ ਸੂਬੇ ਨੂੰ ਨਸ਼ਾ ਤੇ ਭ੍ਰਿਸ਼ਟਾਚਾਰ ਮੁਕਤ ਅਤੇ ਖੁਸ਼ਹਾਲ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਪੰਜਾਬ ਭਾਜਪਾ ਦੀ ਕਾਰਜਕਾਰਨੀ ਦੀ ਦੋ ਦਿਨਾਂ ਮੀਟਿੰਗ ਸਮਾਪਤ ਹੋ ਗਈ।




ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਮਤਾ ਪਾਸ ਕਰਕੇ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਸੂਬੇ ਦੇ ਦਰਿਆਈ ਪਾਣੀਆਂ ਨੂੰ ਦੂਜੇ ਰਾਜਾਂ ਨਾਲ ਵੰਡਿਆ ਨਹੀਂ ਜਾ ਸਕਦਾ ਹੈ। ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਭਾਜਪਾ ਨੇ ਅਧਿਕਾਰਤ ਤੌਰ 'ਤੇ ਦਰਿਆਈ ਪਾਣੀਆਂ ਬਾਰੇ ਸਪਸ਼ਟ ਸਟੈਂਡ ਲਿਆ ਹੈ। ਉਨ੍ਹਾਂ ਦੱਸਿਆ ਕਿ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਲਈ ਇਕ ਵਿਆਪਕ ਯੋਜਨਾ ਉਲੀਕੀ ਗਈ ਹੈ, ਜਿਸ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਇਕ ਯਾਤਰਾ ਵੀ ਕੱਢੀ ਜਾਵੇਗੀ। ਸੂਬਾ ਇਕਾਈ 'ਚ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਸ਼ਮੂਲੀਅਤ ਨਾਲ ਕੁਝ ਭਾਜਪਾ ਆਗੂਆਂ ਵੱਲੋਂ ਅਣਗੌਲਿਆ ਮਹਿਸੂਸ ਕੀਤੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਹੁਣ 23 ਤੋਂ 117 ਵਿਧਾਨ ਸਭਾ ਹਲਕਿਆਂ ਵੱਲ ਵਧ ਰਹੀ ਹੈ। ਹਰ ਹਲਕੇ ਵਿਚ ਪਾਰਟੀ ਨੇ ਆਪਣੀ ਹੋਂਦ ਬਣਾਉਣੀ ਹੈ।

ਇਸ ਲਈ ਭਾਜਪਾ ਨੂੰ ਹੋਰ ਵੀ ਹਮਖਿਆਲੀ ਆਗੂਆਂ ਦੀ ਲੋੜ ਹੈ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਜੇਕਰ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣੀ ਤਾਂ ਸੂਬੇ ਨੂੰ ਨਸ਼ਾ ਮੁਕਤ ਬਣਾਇਆ ਜਾਵੇਗਾ। ਇਹ ਭ੍ਰਿਸ਼ਟਾਚਾਰ ਮੁਕਤ ਅਤੇ ਖੁਸ਼ਹਾਲ ਪੰਜਾਬ ਹੋਵੇਗਾ। ਉਨ੍ਹਾਂ ਕਿਹਾ ਕਿ ਲੋਕ 'ਆਪ' ਸਰਕਾਰ ਤੋਂ ਕੁਝ ਹੀ ਮਹੀਨਿਆਂ ਵਿਚ ਤੰਗ ਆ ਚੁੱਕੇ ਹਨ ਅਤੇ ਉਹ ਜਾਣ ਚੁੱਕੇ ਹਨ ਕਿ ਸੂਬੇ ਦਾ ਸਰਬਪੱਖੀ ਵਿਕਾਸ ਸਿਰਫ ਭਾਜਪਾ ਹੀ ਕਰ ਸਕਦੀ ਹੈ। ਜਾਣਕਾਰੀ ਮੁਤਾਬਕ ਭਾਜਪਾ ਵੱਲੋਂ ਪਾਰਟੀ ਵਿਚ ਸ਼ਾਮਲ ਹੋ ਰਹੇ ਕਾਂਗਰਸੀ ਅਤੇ ਹੋਰ ਆਗੂਆਂ ਨੂੰ ਦਿਹਾਤੀ ਖੇਤਰ ਵਿਚ ਆਧਾਰ ਮਜ਼ਬੂਤ ਕਰਨ ਲਈ ਵਰਤਿਆ ਜਾਵੇਗਾ। ਭਾਜਪਾ ਆਗੂਆਂ ਨੇ ਸਪਸ਼ਟ ਕੀਤਾ ਕਿ ਪਾਰਟੀ ਸੂਬੇ ਦੇ 13 ਸੰਸਦੀ ਹਲਕਿਆਂ ਤੋਂ ਆਪਣੇ ਉਮੀਦਵਾਰ ਉਤਾਰੇਗੀ ਅਤੇ ਉਹ ਪੂਰੇ ਦਮਖਮ ਨਾਲ ਚੋਣ ਲੜੇਗੀ। ਇਸ ਸਬੰਧੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਹੋਰ ਆਗੂ ਵੀ ਸੂਬੇ ਦੇ ਹਰ ਵਿਧਾਨ ਸਭਾ ਹਲਕੇ ਦਾ ਦੌਰਾ ਕਰਨਗੇ।

## ਪੰਜਾਬ ਹੁਣ ਸਨਅਤੀ ਕੇਂਦਰ ਵਜੋਂ ਵਿਕਸਤ ਹੋਵੇਗਾ: ਮਾਨ

**ਪਟਿਆਲਾ:** ਪੰਜਾਬ ਦੇ ਉਦਯੋਗਿਕ ਪੱਖ ਤੋਂ ਪਛੜਨ ਲਈ ਪਿਛਲੀਆਂ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਨੂੰ ਜ਼ਿੰਮੇਵਾਰ ਦੱਸਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਹੈ ਕਿ 'ਆਪ' ਸਰਕਾਰ ਪੰਜਾਬ ਨੂੰ ਇੰਡਸਟਰੀ ਹੱਬ ਵਜੋਂ ਵਿਕਸਤ ਕਰੇਗੀ ਤਾਂ ਕਿ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕੇ। ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਲਗਾਤਾਰ ਦੇਸ਼-ਵਿਦੇਸ਼ ਦੀਆਂ ਕੰਪਨੀਆਂ ਨਾਲ ਰਾਬਤਾ ਸਾਧ ਰਹੇ ਹਨ। ਜਾਣਕਾਰੀ ਅਨੁਸਾਰ 22 ਅਤੇ 23 ਫਰਵਰੀ ਨੂੰ 'ਇਨਵੈਸਟ ਇਨ ਪੰਜਾਬ' ਦੇ ਬੈਨਰ ਹੇਠਾਂ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ। ਪਟਿਆਲਾ ਫੇਰੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤੱਕ ਜਿੱਥੇ ਹਜ਼ਾਰਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ, ਉਥੇ ਹੀ ਸਰਕਾਰ ਆਪਣੇ ਵਾਅਦੇ ਮੁਤਾਬਕ ਕੱਚੇ ਮੁਲਾਜ਼ਮਾਂ ਨੂੰ ਵੀ ਪੱਕੇ ਕਰੇਗੀ। ਉਨ੍ਹਾਂ ਕਿਹਾ ਕਿ ਸਰਕਾਰ ਕਾਨੂੰਨੀ ਅੜਚਣਾਂ ਦੂਰ ਕਰ ਰਹੀ ਹੈ, ਤਾਂ ਜੋ ਸੇਵਾਵਾਂ ਰੈਗੂਲਰ ਹੋਣ ਮਗਰੋਂ ਮੁਲਾਜ਼ਮਾਂ ਨੂੰ ਕਾਨੂੰਨੀ ਪੱਖ ਤੋਂ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਭਗਵੰਤ ਮਾਨ ਨੇ ਧਰਨੇ ਪ੍ਰਦਰਸ਼ਨ ਕਰਨ ਵਾਲੇ ਮੁਲਾਜ਼ਮਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਜਿਹੇ ਪ੍ਰਦਰਸ਼ਨਾਂ ਨੂੰ ਠੱਲ੍ਹ ਕੇ ਉਹ ਆਪਣੀ ਵਾਰੀ ਦੀ ਉਡੀਕ ਕਰਨ ਕਿਉਂਕਿ ਇਕ-ਇਕ ਕਰਕੇ ਹਰੇਕ ਯੋਗ ਮੁਲਾਜ਼ਮ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣਗੀਆਂ। ਇਸ ਤੋਂ ਪਹਿਲਾਂ ਇੱਥੇ ਸਰਕਟ ਹਾਊਸ ਵਿਚ ਲੋਕ ਮਿਲਣੀ ਦੇ ਬੈਨਰ ਹੇਠ ਮੁੱਖ ਮੰਤਰੀ ਨੇ ਵੱਖ-ਵੱਖ ਵਰਗਾਂ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ।

# ਚੰਗੇ ਅਕਸ ਵਾਲੇ ਅਫਸਰਾਂ ਦੇ ਤਬਾਦਲਿਆਂ 'ਤੇ ਘਿਰੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਚੰਗੇ ਅਕਸ ਵਾਲੇ ਅਫਸਰਾਂ ਦੇ ਤਬਾਦਲਿਆਂ ਤੋਂ ਸਿਆਸੀ ਨਿਸ਼ਾਨੇ 'ਤੇ ਆ ਗਈ ਹੈ। ਸਿਹਤ ਵਿਭਾਗ 'ਚੋਂ ਪ੍ਰਮੁੱਖ ਸਕੱਤਰ ਅਜੋਏ ਸ਼ਰਮਾ ਦੇ ਤਬਾਦਲੇ ਮਗਰੋਂ ਸਿਆਸੀ ਧਿਰਾਂ ਨੇ 'ਆਪ' ਸਰਕਾਰ ਦੀ ਘੇਰਾਬੰਦੀ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਅਜੋਏ ਸ਼ਰਮਾ ਨੇ ਆਮ ਆਦਮੀ ਕਲੀਨਿਕ ਦੇ ਪ੍ਰਚਾਰ ਲਈ 30 ਕਰੋੜ ਦੇ ਫੰਡਾਂ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਮਗਰੋਂ ਉਨ੍ਹਾਂ ਦਾ ਤਬਾਦਲਾ ਕਰ ਦਿੱਤਾ ਗਿਆ।




ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਪ੍ਰਚਾਰ ਵਾਸਤੇ ਖ਼ਜ਼ਾਨੇ ਦੀ ਲੁੱਟ ਦਾ ਇਹ ਦਿੱਲੀ ਮਾਡਲ ਹੈ ਜੋ ਕਿ ਪੰਜਾਬ ਦੀ ਆਰਥਿਕਤਾ ਨੂੰ ਢਾਹ ਲਾਏਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਬਿਨਾਂ ਕੋਈ ਕੰਮ ਕੀਤੇ ਹਵਾ ਵਿਚ ਹੀ ਤੀਰ ਚਲਾ ਰਹੀ ਹੈ। ਉਨ੍ਹਾਂ ਆਸ ਜ਼ਾਹਿਰ ਕੀਤੀ ਕਿ ਪੰਜਾਬੀ ਗੈਰਤ ਵਾਲੇ ਲੋਕ ਹਨ, ਜੋ ਇਨ੍ਹਾਂ ਦੀ ਲੁੱਟ ਨੂੰ ਬਰਦਾਸ਼ਤ ਨਹੀਂ ਕਰਨਗੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਵੀਟ ਕੀਤਾ ਕਿ ਮਰੀਜ਼ ਤਾਂ ਹਸਪਤਾਲਾਂ ਵਿਚ ਆਪਣੀਆਂ ਸਰਿੰਜਾਂ ਲਿਆਉਣ ਲਈ ਮਜਬੂਰ ਹਨ ਅਤੇ ਪੰਜਾਬ ਸਰਕਾਰ ਫੋਕੇ ਪ੍ਰਚਾਰ 'ਤੇ 30 ਕਰੋੜ ਰੁਪਏ ਖੂਹ ਖਾਤੇ ਪਾਉਣ ਦੇ ਰਾਹ ਪਈ ਹੈ। ਉਨ੍ਹਾਂ ਕਿਹਾ ਕਿ ਜਿਹੜੇ ਅਧਿਕਾਰੀ ਨੇ ਫ਼ਜ਼ੂਲ ਖਰਚੀ ਰੋਕਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ। ਅਬੋਹਰ ਤੋਂ ਕਾਂਗਰਸੀ ਵਿਧਾਇਕ ਸੰਦੀਪ ਜਾਖੜ ਨੇ ਕਿਹਾ ਕਿ ਕਿਸੇ ਅਧਿਕਾਰੀ ਕੋਲ ਤਾਂ ਰੀੜ੍ਹ ਦੀ ਹੱਡੀ ਹੈ ਜਿਸ ਨੇ ਪ੍ਰਚਾਰ ਫੰਡਾਂ ਦੇ ਮਾਮਲੇ 'ਤੇ ਸਰਕਾਰ ਨੂੰ ਬੇਨਕਾਬ ਕੀਤਾ। ਉਨ੍ਹਾਂ ਅਜੋਏ ਸ਼ਰਮਾ ਨੂੰ ਸਲਾਮ ਵੀ ਕੀਤਾ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਪ੍ਰਚਾਰ 'ਤੇ ਤਿੰਨ ਗੁਣਾ ਪੈਸਾ ਖਰਚ ਕਰਨ ਦਾ ਇਹ ਦਿੱਲੀ ਦਾ ਸਿਹਤ ਮਾਡਲ ਹੈ, ਜਿਸ ਅਧਿਕਾਰੀ ਨੇ 30 ਕਰੋੜ ਦੇ ਫੰਡਾਂ ਤੋਂ ਇਨਕਾਰ ਕੀਤਾ, ਉਸ ਨੂੰ ਬਦਲ ਦਿੱਤਾ ਗਿਆ।

ਭਾਜਪਾ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੇ ਟਵੀਟ ਕਰਕੇ ਕਿਹਾ ਕਿ ਜੇ ਲੋਕਾਂ ਦਾ ਪੈਸਾ ਬਰਬਾਦ ਕਰਨਾ ਕਲਾ ਹੈ ਤਾਂ ਇਸ ਕਲਾ ਦੀ ਜਨਨੀ 'ਆਪ' ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਜਦੋਂ ਮਹੱਲਾ ਕਲੀਨਿਕਾਂ ਦੇ ਪ੍ਰਚਾਰ ਵਾਸਤੇ ਦੂਸਰੇ ਸੂਬਿਆਂ ਲਈ ਫ਼ੰਡ ਜਾਰੀ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਉਸ ਦਾ ਤਬਾਦਲਾ ਕਰ ਦਿੱਤਾ ਗਿਆ। ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਸਰਕਾਰੀ ਫ਼ੰਡਾਂ ਦੀ ਸ਼ਰੇਆਮ ਲੁੱਟ ਇਕ ਵਿੱਤੀ ਅਪਰਾਧ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪਹਿਲਾਂ ਵੱਧ ਖਰਚੇ ਵਾਲੇ ਪ੍ਰਚਾਰ ਫੰਡਾਂ ਨੂੰ ਪ੍ਰਵਾਨਗੀ ਦੇਣ ਤੋਂ ਇਨਕਾਰ ਕਰਨ ਵਾਲੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਦਾ ਤਬਾਦਲਾ ਕਰ ਦਿੱਤਾ ਸੀ ਤੇ ਹੁਣ ਇਹ ਗਾਜ ਸਾਬਕਾ ਸਿਹਤ ਸਕੱਤਰ ਅਜੋਏ ਸ਼ਰਮਾ 'ਤੇ ਡਿੱਗ ਗਈ ਹੈ।

### ਸੋਸ਼ਲ ਮੀਡੀਆ 'ਤੇ ਵੀ ਅਜੋਏ ਸ਼ਰਮਾ ਦੇ ਪੱਖ ਵਿਚ ਮੁਹਿੰਮ ਖੜ੍ਹੀ ਹੋਈ

**ਚੰਡੀਗੜ੍ਹ:** ਸੋਸ਼ਲ ਮੀਡੀਆ 'ਤੇ ਵੀ ਅਜੋਏ ਸ਼ਰਮਾ ਦੇ ਪੱਖ ਵਿਚ ਇਕ ਮੁਹਿੰਮ ਖੜ੍ਹੀ ਹੋ ਗਈ ਹੈ। ਇਮਾਨਦਾਰ ਅਫ਼ਸਰ ਨੂੰ ਬਦਲੇ ਜਾਣ ਕਾਰਨ ਲੋਕ ਸਰਕਾਰ 'ਤੇ ਉਂਗਲ ਚੁੱਕ ਰਹੇ ਹਨ। ਸੋਸ਼ਲ ਮੀਡੀਆ 'ਤੇ ਇਹ ਵੀ ਗੱਲ ਘੁੰਮ ਰਹੀ ਹੈ ਕਿ ਬਿਜਲੀ ਸਮਝੌਤੇ ਕਰਨ ਦੇ ਮਾਮਲੇ 'ਤੇ ਸਰਕਾਰ ਚੁੱਪ ਕਿਉਂ ਹੈ। ਇਸ 'ਤੇ ਵੀ ਲੋਕਾਂ ਨੇ ਸ਼ੱਕੀ ਅਫ਼ਸਰਾਂ ਨੂੰ ਘੇਰਿਆ ਹੈ ਜੋ ਬਿਜਲੀ ਸਮਝੌਤੇ ਵਾਲੀ ਫਾਈਲ ਨੂੰ ਮੁੜ ਖੋਲ੍ਹਣ ਨਹੀਂ ਦੇ ਰਹੇ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਜਨਵਰੀ 2023*

## ਬੇਇਨਸਾਫੀ ਦੀ ਦਾਸਤਾਨ

ਸਾਲ 2002 ਵਿਚ ਹੋਇਆ ਗੁਜਰਾਤ ਕਤਲੇਆਮ ਇਕ ਵਾਰ ਫਿਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਭੂਤ ਬਣ ਕੇ ਆਣ ਖਲੋਇਆ ਹੈ। ਜਿਸ ਵਕਤ ਇਹ ਕਤਲੇਆਮ ਹੋਇਆ ਸੀ, ਉਦੋਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਅਤੇ ਇਸ ਕਤਲੇਆਮ ਵਿਚ 1000 ਤੋਂ ਉਪਰ ਜਾਨਾਂ ਚਲੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਬਹੁਤੇ ਮੁਸਲਮਾਨ ਸਨ। ਉਸ ਵਕਤ ਨਰਿੰਦਰ ਮੋਦੀ 'ਤੇ ਦੋਸ਼ ਲੱਗੇ ਸਨ ਕਿ ਉਨ੍ਹਾਂ ਇਹ ਕਤਲੇਆਮ ਜਾਣ-ਬੁੱਝ ਕੇ ਹੋ ਲੈਣ ਦਿੱਤਾ, ਸੁਰੱਖਿਆ ਬਲਾਂ ਨੂੰ ਆਪਣਾ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਕਤਲੇਆਮ ਤੋਂ ਬਾਅਦ ਆਈਆਂ ਅਜਿਹੀਆਂ ਰਿਪੋਰਟਾਂ ਕਾਰਨ ਹੀ ਮੋਦੀ ਦੀ ਹਰ ਪਾਸੇ ਤਿੱਖੀ ਨੁਕਤਾਚੀਨੀ ਹੋਈ ਸੀ। ਉਸ ਵਕਤ ਦੇ ਪ੍ਰਧਾਨ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਕੱਦਾਵਰ ਲੀਡਰ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਗੁਜਰਾਤ ਵਿਚ ਰਾਜ ਧਰਮ ਨਹੀਂ ਨਿਭਾਇਆ ਗਿਆ। ਵਾਜਪਾਈ ਦਾ ਸਿੱਧਾ ਇਸ਼ਾਰਾ ਨਰਿੰਦਰ ਮੋਦੀ ਦੀ ਨਾਲਾਇਕੀ ਵੱਲ ਸੀ। ਕਿਹਾ ਜਾਂਦਾ ਹੈ ਕਿ ਵਾਜਪਾਈ ਨਰਿੰਦਰ ਮੋਦੀ ਤੋਂ ਮੁੱਖ ਮੰਤਰੀ ਦਾ ਅਹੁਦਾ ਖੋਹ ਕੇ ਕਿਸੇ ਹੋਰ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਸਨ ਪਰ ਉਦੋਂ ਪਾਰਟੀ ਦੇ ਇਕ ਹੋਰ ਕੱਦਾਵਰ ਆਗੂ ਅਤੇ ਉਸ ਵਕਤ ਨਰਿੰਦਰ ਮੋਦੀ ਦੇ ਹਮਾਇਤੀ ਲਾਲ ਕ੍ਰਿਸ਼ਨ ਅਡਵਾਨੀ ਨੇ ਵਾਜਪਾਈ ਨੂੰ ਅਜਿਹਾ ਨਾ ਕਰਨ ਲਈ ਮਨਾ ਲਿਆ ਸੀ। ਅਜਿਹੀਆਂ ਰਿਪੋਰਟਾਂ ਕਰ ਕੇ ਹੀ ਅਮਰੀਕਾ ਵਰਗੇ ਮੁਲਕ ਨੇ ਮੋਦੀ ਦੇ ਦਾਖਲੇ ਉਤੇ ਪਾਬੰਦੀ ਲਾ ਦਿੱਤੀ ਸੀ ਪਰ ਬਾਅਦ ਵਿਚ ਜਿਸ ਤਰ੍ਹਾਂ ਦੀ ਫਿਰਕਾਪ੍ਰਸਤ ਸਿਆਸਤ ਨੂੰ ਭਾਰਤ ਵਿਚ ਹਵਾ ਮਿਲੀ, ਉਸ ਦਾ ਨਤੀਜਾ ਇਹ ਨਿਕਲਿਆ ਕਿ ਜਿਸ ਸ਼ਖਸ ਉਤੇ ਗੁਜਰਾਤ ਤਕਲੇਆਮ ਦੇ ਦੋਸ਼ ਲੱਗੇ ਸਨ, ਉਹ 2014 ਵਿਚ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ ਅਤੇ ਫਿਰ 2019 ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਇਕ ਵਾਰ ਫਿਰ ਚੋਣ ਜਿੱਤ ਕੇ ਪ੍ਰਧਾਨ ਮੰਤਰੀ ਬਣ ਗਿਆ।

ਹੁਣ ਬੀ.ਬੀ.ਸੀ.ਨੇ ਜਿਹੜੀ ਦਸਤਾਵੇਜ਼ੀ 'ਇੰਡੀਆ: ਦਿ ਮੋਦੀ ਕੁਐਸਚਨ' ਨਸ਼ਰ ਕੀਤੀ ਹੈ, ਉਸ ਨਾਲ ਇਹ ਵਿਵਾਦ ਫਿਰ ਭਖ ਗਿਆ ਹੈ। ਸਰਕਾਰ ਨੇ ਭਾਵੇਂ ਇਸ ਦਸਤਾਵੇਜ਼ੀ ਉਤੇ ਭਾਰਤ ਵਿਚ ਦਿਖਾਉਣ 'ਤੇ ਪਾਬੰਦੀ ਲਾ ਦਿੱਤੀ ਹੈ ਪਰ ਹੈਦਰਾਬਾਦ ਦੀ ਕੇਂਦਰੀ ਯੂਨੀਵਰਸਿਟੀ ਵਿਚ ਸੋਮਵਾਰ ਰਾਤ ਅਤੇ ਕੇਰਲ ਜਿੱਥੇ ਸੀ.ਪੀ.ਐਮ. ਦੀ ਅਗਵਾਈ ਵਾਲੇ ਖੱਬੇ ਗੱਠਜੋੜ ਦੀ ਸਰਕਾਰ ਹੈ, ਵਿਚ ਵੱਖ-ਵੱਖ ਥਾਈਂ ਇਹ ਦਸਤਾਵੇਜ਼ੀ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਦਿਖਾਈ ਗਈ। ਵਿਰੋਧੀ ਪਾਰਟੀਆਂ ਨੇ ਦਸਤਾਵੇਜ਼ੀ 'ਤੇ ਲਾਈ ਸੈਂਸਰਸ਼ਿਪ ਲਈ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਵਿਰੋਧੀ ਧਿਰ ਦੇ ਆਗੂਆਂ ਅਨੁਸਾਰ, ਦਸਤਾਵੇਜ਼ੀ 'ਤੇ ਲਾਈ ਪਾਬੰਦੀ ਤੋਂ ਸਾਫ਼ ਹੈ ਕਿ 2002 ਵਾਲੀ ਫਿਰਕੂ ਹਿੰਸਾ ਨੇ ਅਜੇ ਵੀ ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਦਾ ਪਿੱਛਾ ਨਹੀਂ ਛੱਡਿਆ ਹੈ। ਯਾਦ ਰਹੇ ਕਿ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਪ੍ਰਸ਼ਾਸਨ ਨੇ ਜੇ.ਐਨ.ਯੂ. ਵਿਦਿਆਰਥੀ ਯੂਨੀਅਨ ਨੂੰ ਕੈਂਪਸ ਵਿਚ ਦਸਤਾਵੇਜ਼ੀ ਦੀ ਸਕਰੀਨਿੰਗ ਤੋਂ ਰੋਕ ਦਿੱਤਾ ਸੀ ਪਰ ਕੇਰਲ ਵਿਚ ਸੱਤਾਧਾਰੀ ਸੀ.ਪੀ.ਐਮ.ਅਤੇ ਵਿਰੋਧੀ ਧਿਰ ਕਾਂਗਰਸ ਦੇ ਘੱਟਗਿਣਤੀ ਵਿੰਗ ਨੇ ਗਣਤੰਤਰ ਦਿਵਸ ਮੌਕੇ ਰਾਜ ਦੇ 14 ਜ਼ਿਲ੍ਹਿਆਂ ਵਿਚ ਦਸਤਾਵੇਜ਼ੀ ਦਿਖਾਉਣ ਦਾ ਐਲਾਨ ਕੀਤਾ ਸੀ। ਇਸੇ ਦੌਰਾਨ ਭਾਜਪਾ ਦੀ ਕੇਰਲ ਇਕਾਈ ਦੇ ਪ੍ਰਧਾਨ ਕੇ.ਸੁਰੇਂਦਰ ਨੇ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੂੰ ਪੱਤਰ ਲਿਖ ਕੇ ਬੀ.ਬੀ.ਸੀ. ਦਸਤਾਵੇਜ਼ੀ ਨੂੰ 'ਜਮਹੂਰੀਅਤ ਅਤੇ ਦੇਸ਼ ਦੀ ਨਿਆਂਪਾਲਿਕਾ ਦਾ ਨਿਰਾਦਰ' ਦੱਸਦੇ ਹੋਏ ਸਕਰੀਨਿੰਗ ਦੀ ਇਜਾਜ਼ਤ ਨਾ ਦੇਣ ਦੀ ਮੰਗ ਕੀਤੀ ਸੀ। ਉਂਝ, ਵਿਰੋਧ ਦੇ ਬਾਵਜੂਦ ਸੀ.ਪੀ.ਐਮ. ਦੇ ਵਿਦਿਆਰਥੀ ਵਿੰਗ 'ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ' (ਐਸ.ਐਫ.ਆਈ.) ਸਣੇ ਕਈ ਸਿਆਸੀ ਦਲਾਂ ਨੇ ਕੇਰਲ ਦੇ ਕਈ ਸ਼ਹਿਰਾਂ ਵਿਚ ਦਸਤਾਵੇਜ਼ੀ ਦਿਖਾਈ। ਭਾਜਪਾ ਦੇ ਯੂਥ ਵਿੰਗ ਨੇ ਫਿਲਮ ਦਿਖਾਉਣ ਖਿਲਾਫ ਰੋਸ ਪ੍ਰਦਰਸ਼ਨ ਕੀਤਾ। ਜਾਣਕਾਰੀ ਮਿਲੀ ਹੈ ਕਿ ਅਮਰੀਕਾ ਨੇ ਬੀ.ਬੀ.ਸੀ. ਵਾਲੀ ਦਸਤਾਵੇਜ਼ੀ ਤੋਂ ਕਿਨਾਰਾ ਕਰ ਲਿਆ ਹੈ।

ਉਧਰ, ਕੇਂਦਰ ਦੀ ਭਾਜਪਾ ਸਰਕਾਰ ਨੇ ਦਸਤਾਵੇਜ਼ੀ ਨੂੰ 'ਕੂੜ ਪ੍ਰਚਾਰ ਲਈ ਘੜਿਆ ਝੂਠਾ ਬਿਰਤਾਂਤ' ਕਰਾਰ ਦੇ ਕੇ ਨਕਾਰਨ ਦਾ ਯਤਨ ਕੀਤਾ ਹੈ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਦਸਤਾਵੇਜ਼ੀ ਦੇ ਹਵਾਲੇ ਨਾਲ ਕਿਹਾ ਕਿ ਕੁਝ ਲੋਕ ਅਜੇ ਵੀ 'ਬਸਤੀਵਾਦ ਦੀ ਖੁਮਾਰੀ' ਵਿਚੋਂ ਨਹੀਂ ਨਿਕਲ ਸਕੇ ਅਤੇ ਉਨ੍ਹਾਂ ਲਈ 'ਅੰਗਰੇਜ਼' ਅੱਜ ਵੀ ਉਨ੍ਹਾਂ ਦੇ ਸ਼ਾਸਕ ਹਨ। ਮੰਤਰੀ ਨੇਹਿੰਦੀ ਵਿਚ ਟਵੀਟ ਵੀ ਕੀਤਾ ਕਿ ਕੁਝ ਲੋਕਾਂ ਲਈ ਗੋਰੇ ਸ਼ਾਸਕ ਅੱਜ ਵੀ ਮਾਲਕ ਹਨ ਜਿਨ੍ਹਾਂ ਲਈ ਭਾਰਤ ਦੀ ਸਰਵਉੱਚ ਅਦਾਲਤ ਦਾ ਫੈਸਲਾ ਜਾਂ ਭਾਰਤ ਦੇ ਲੋਕਾਂ ਦੀ ਇੱਛਾ ਨਹੀਂ ਬਲਕਿ ਇਨ੍ਹਾਂ ਗੋਰੇ ਸ਼ਾਸਕਾਂ ਦਾ ਭਾਰਤ ਬਾਰੇ ਫੈਸਲਾ ਅੰਤਿਮ ਹੈ। ਦੂਜੇ ਬੰਨੇ, ਆਪਣੀ ਭਾਰਤ ਜੋੜੋ ਯਾਤਰਾ ਨਾਲ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਖਿਲਾਫ ਕਾਂਗਰਸ ਲਈ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਪਾਰਟੀ ਆਗੂ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ 2002 ਵਿਚ ਹੋਏ ਗੁਜਰਾਤ ਦੰਗਿਆਂ ਬਾਰੇ ਬੀ.ਬੀ.ਸੀ. ਦੀ ਦਸਤਾਵੇਜ਼ੀ ਦੇ ਹਵਾਲੇ ਨਾਲ ਸਪਸ਼ਟ ਕਿਹਾ ਕਿ ਦਸਤਾਵੇਜ਼ੀ ਉਤੇ ਕਿਸੇ ਵੀ ਤਰ੍ਹਾਂ ਦੀ ਪਾਬੰਦੀ ਲਾਉਣ ਜਾਂ ਲੋਕਾਂ ਨੂੰ ਡਰਾਉਣ, ਧਮਕਾਉਣ ਅਤੇ ਦਬਕਾਉਣ ਨਾਲ ਸੱਚ ਨੂੰ ਸਾਹਮਣੇ ਆਉਣ ਤੋਂ ਨਹੀਂ ਰੋਕਿਆ ਜਾ ਸਕਦਾ। ਸਿਆਸੀ ਮਾਹਿਰਾਂ ਦਾ ਵੀ ਇਹੀ ਕਹਿਣਾ ਹੈ ਕਿ ਇਸ ਦਸਤਾਵੇਜ਼ੀ ਦਾ 2024 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਉਤੇ ਅਸਰ ਪੈਣ ਦੀਆਂ ਸੰਭਾਵਨਾਵਾਂ ਹਨ। ਕੁਝ ਮਾਹਿਰ ਤਾਂ ਇਹ ਵੀ ਕਹਿ ਰਹੇ ਹਨ ਕਿ ਬੀ.ਬੀ.ਸੀ. ਦੀ ਇਹ ਦਸਤਾਵੇਜ਼ੀ ਬਰਤਾਨਵੀ ਸਟੇਟ ਨੇ ਗਿਣਮਿਥ ਕੇ ਨਸ਼ਰ ਕਰਵਾਈ ਹੈ ਤਾਂ ਕਿ ਭਾਰਤ ਨੂੰ ਭਾਰਤੀ ਜਨਤਾ ਪਾਰਟੀ ਦੀ ਕੱਟੜਪੰਥੀ ਸਿਆਸਤ ਤੋਂ ਨਿਜਾਤ ਦਿਵਾਈ ਜਾ ਸਕੇ। ਇਸ ਦਸਤਾਵੇਜ਼ੀ ਪਿਛਲਾ ਸੱਚ ਕੀ ਹੈ, ਇਸ ਬਾਰੇ ਤਾਂ ਅਜੇ ਕਿਆਸ-ਆਰਾਈਆਂ ਹੀ ਚੱਲ ਰਹੀਆਂ ਹਨ ਪਰ ਇਕ ਗੱਲ ਸਪਸ਼ਟ ਹੋ ਗਈ ਹੈ ਕਿ 20124 ਵਾਲੀਆਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਚੁਣੌਤੀ ਮਿਲ ਸਕਦੀ ਹੈ ਕਿਉਂਕਿ ਸੰਸਾਰ ਸਿਆਸਤ ਵਿਚ ਆਪਣਾ ਰੋਲ ਨਿਭਾਉਣ ਵਾਲੇ ਕੁਝ ਮੁਲਕ ਮੋਦੀ ਸਰਕਾਰ ਦੇ ਕਈ ਫੈਸਲਿਆਂ ਤੋਂ ਡਾਢੇ ਔਖੇ ਹਨ। ਇਸੇ ਕਰ ਕੇ ਇਸ ਦਾ ਅਸਰ ਅਗਲੀਆਂ ਚੋਣਾਂ ਉਤੇ ਪੈਣ ਦੀਆਂ ਕਿਆਸ-ਆਰਾਈਆਂ ਚੱਲ ਪਈਆਂ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

**ਪੇਸ਼ ਲੱਧੀ ਦੇ ਆਈਆਂ !**

ਵੱਖੋ ਵੱਖਰੇ 'ਫੱਟੇ' ਲਾ ਤੁਰੇ ਫਿਰਦੇ, ਰਾਖੇ ਪੰਥ ਦੇ ਖੁਦ ਨੂੰ ਹੀ ਦੱਸਦੇ ਨੇ।
ਆਪੋ ਵਿਚ ਫੁੰਕਾਰ ਦੇ ਰਹਿਣ ਸਾਰੇ, 'ਏਕੇ' ਕੋਲੋਂ ਤਾਂ ਦੂਰ ਨੂੰ ਨੱਸਦੇ ਨੇ।
ਸੇਹ ਦਾ ਤੱਕਲਾ ਗੱਡਿਆ ਕੱਢਦੇ ਨਾ, ਬਿਆਨਬਾਜ਼ੀ ਦੇ 'ਤੀਰ' ਹੀ ਕੱਸਦੇ ਨੇ।
ਚਾਰ ਦਿਨ 'ਵਿਰੋਧਤਾ' ਕਰਨ ਮਗਰੋਂ, ਉਸੇ 'ਟੱਬਰ' ਦੇ ਵਿਚ ਜਾ ਵੱਸਦੇ ਨੇ।
ਸਿੱਖ ਸਿਆਸਤ ਤੋਂ ਲੱਭਦਾ ਗ੍ਰਹਿਣ ਹੈ ਨੀ, ਤਾਹੀਉਂ ਮੁੱਕਦਾ ਨਹੀਂ ਕਲੇਸ਼ ਯਾਰੋ।
ਦੁੱਲੇ ਵਲੋਂ ਜੋ 'ਕੀਤੀਆਂ' ਹੁੰਦੀਆਂ ਨੇ, ਆਜ਼ਾਦੀਆਂ 'ਲੱਧੀ' ਦੇ ਪੇਸ਼ ਯਾਰੋ!

# ਭਾਰਤ ਦਾ ਖੇਡ ਢਾਂਚਾ ਅਤੇ ਖਿਡਾਰੀਆਂ ਦਾ ਸ਼ੋਸ਼ਣ

*ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਚੱਲ ਰਹੇ ਸੰਘਰਸ਼ ਦੀ ਅਗਵਾਈ ਖਿਡਾਰੀ ਹੀ ਕਰ ਰਹੇ ਹਨ। ਖਿਡਾਰੀਆਂ ਦਾ ਜਿਨਸੀ ਸ਼ੋਸ਼ਣ ਕੋਈ ਸਾਧਾਰਨ ਮਸਲਾ ਨਹੀਂ ਪਰ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਨੇ ਇਸ ਮਸਲੇ ਪ੍ਰਤੀ ਜੋ ਸੰਵੇਦਨਹੀਣਤਾ ਦਿਖਾਈ ਹੈ, ਉਸ ਤੋਂ ਸਾਫ ਜ਼ਾਹਿਰ ਹੈ ਕਿ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਬਚਾਉਣ ਦੇ ਯਤਨ ਕੀਤੇ ਜਾ ਰਹੇ ਹਨ। ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਇਸ ਮਸਲੇ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।*

ਭਾਰਤ ਦੇ ਓਲੰਪੀਅਨ ਪਹਿਲਵਾਨਾਂ ਵੱਲੋਂ ਦੇਸ਼ ਦੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਖਿਲਾਫ ਔਰਤ ਭਲਵਾਨਾਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਇਲਜ਼ਾਮ ਲਾਉਂਦਿਆਂ ਦਿੱਲੀ ਦੇ ਜੰਤਰ-ਮੰਤਰ ਉਤੇ ਦਿੱਤਾ ਗਿਆ ਧਰਨਾ ਦੇਸ਼ ਦੀ ਸਰਕਾਰ ਅਤੇ ਉਸ ਦੇ ਕਿਰਦਾਰ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਇਹ ਮਸਲਾ ਇੱਕਦਮ ਸਾਹਮਣੇ ਨਹੀਂ ਆਇਆ ਹੈ ਬਲਕਿ ਪਿਛਲੇ ਲੱਗਭੱਗ ਡੇਢ ਸਾਲ ਤੋਂ ਔਰਤ ਭਲਵਾਨਾਂ ਸਰਕਾਰ ਕੋਲ ਪ੍ਰਧਾਨ ਦੀ ਸ਼ਿਕਾਇਤ ਕਰ ਰਹੀਆਂ ਹਨ ਤੇ ਸਰਕਾਰ ਵੱਲੋਂ ਵੱਟੀ ਚੁੱਪ ਤੋਂ ਅੱਕ ਕੇ ਉਹਨਾਂ ਸੰਘਰਸ਼ ਦਾ ਰਾਹ ਚੁਣਿਆ ਹੈ। ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਵੱਲੋਂ ਦਿੱਤੇ ਭਰੋਸੇ ਤੋਂ ਬਾਅਦ ਓਲੰਪੀਅਨ ਭਲਵਾਨਾਂ ਨੇ ਭਾਵੇਂ ਤਿੰਨ ਦਿਨ ਬਾਅਦ ਆਪਣਾ ਧਰਨਾ ਮੁਲਤਵੀ ਕਰ ਦਿੱਤਾ ਹੈ ਪਰ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਕੌਮਾਂਤਰੀ ਪੱਧਰ ਦੇ ਖਿਡਾਰੀਆਂ ਦਾ ਇਉਂ ਦੇਸ਼ ਦੀ ਰਾਜਧਾਨੀ ਵਿਚ ਸਰੀਰਕ ਸ਼ੋਸ਼ਣ ਜਿਹੇ ਗੰਭੀਰ ਮਾਮਲੇ 'ਤੇ ਪ੍ਰਦਰਸ਼ਨ ਕਰਨਾ ਸਰਕਾਰ ਦੀ ਸੰਵੇਦਨਸ਼ੀਲਤਾਂ 'ਤੇ ਸਵਾਲ ਖੜ੍ਹੇ ਕਰਦਾ ਹੈ। ਇਹਨਾਂ ਖਿਡਾਰੀਆਂ ਦੇ ਖੁਲਾਸੇ ਚੌਂਕਾ ਦੇਣ ਵਾਲੇ ਹਨ। ਪਹਿਲਵਾਨਾਂ ਦਾ ਕਹਿਣਾ ਹੈ ਕਿ ਉਹਨਾਂ ਦਾ ਕੌਮੀ ਕੈਂਪ ਹਰ ਵਰ੍ਹੇ ਲਖਨਊ ਵਿਚ ਲਾਇਆ ਜਾਂਦਾ ਹੈ ਕਿਉਂਕਿ ਉੱਥੇ ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਆਲੀਸ਼ਾਨ ਮਹਿਲ ਹੈ ਜਿੱਥੇ ਔਰਤ ਪਹਿਲਵਾਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਖਿਡਾਰੀਆਂ ਦਾ ਇਲਜ਼ਾਮ ਹੈ ਕਿ ਫੈਡਰੇਸ਼ਨ ਪ੍ਰਧਾਨ ਕਈ ਕੁੜੀਆਂ ਦਾ ਸ਼ੋਸ਼ਣ ਕਰ ਚੁੱਕਾ ਹੈ।

ਭਾਰਤ ਵਰਗੇ ਸਾਮਰਾਜੀ-ਜਗੀਰੂ ਸੱਭਿਆਚਾਰਕ ਕਦਰਾਂ ਕੀਮਤਾਂ ਨਾਲ ਗ੍ਰਸਤ ਮੁਲਕ ਵਿਚ ਔਰਤਾਂ ਦਾ ਖੇਡਾਂ ਵਾਲੇ ਪਾਸੇ ਤੁਰਨਾ ਸੌਖੀ ਗੱਲ ਨਹੀਂ ਪਰ ਜਦ ਭਾਰਤ ਦੀਆਂ ਕੁੜੀਆਂ ਇਸ ਪਾਸੇ ਮੱਲਾਂ ਮਾਰ ਰਹੀਆਂ ਹਨ ਤਾਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹਨਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ ਲੇਕਿਨ ਇੱਥੇ ਤਾਂ ਖਿਡਾਰਨਾਂ ਨੂੰ ਸਮੱਸਿਆ ਹੀ 'ਸਰਕਾਰ' ਤੋਂ ਨਜ਼ਰ ਆ ਰਹੀ ਹੈ।

ਸਰਕਾਰ ਦੇ ਨਾਲ-ਨਾਲ ਭਾਰਤੀ ਓਲੰਪਿਕ ਸੰਘ ਨੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖਿਲਾਫ ਸਰੀਰਕ ਸ਼ੋਸ਼ਣ ਦੇ ਮਾਮਲੇ ਦੀ ਜਾਂਚ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਨ੍ਹਾਂ ਵਿਚ ਸਾਬਕਾ ਖਿਡਾਰੀਆਂ ਦੇ ਨਾਲ-ਨਾਲ ਦੋ ਵਕੀਲ ਵੀ ਹਨ ਪਰ ਉਸ ਦੀ ਰਿਪੋਰਟ ਵੀ ਅਜੇ ਤੱਕ ਨਹੀਂ ਆਈ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਖਿਲਾਫ ਚੱਲ ਰਹੇ ਸੰਘਰਸ਼ ਦੀ ਅਗਵਾਈ ਖਿਡਾਰੀ ਹੀ ਕਰ ਰਹੇ ਹਨ। ਏਸ਼ਿਆਈ ਅਤੇ ਰਾਸ਼ਟਰਮੰਡਲ ਖੇਡਾਂ 'ਚ ਭਾਰਤ ਨੂੰ ਕਈ ਤਮਗੇ ਜਿਤਾਉਣ ਵਾਲੀ ਔਰਤ ਪਹਿਲਵਾਨ ਵਿਨੇਸ਼ ਫੋਗਾਟ, ਓਲੰਪਿਕ ਮੈਡਲ ਜੇਤੂ ਪਹਿਲੀ ਮਹਿਲਾ ਭਲਵਾਨ ਸਾਕਸ਼ੀ ਮਲਿਕ, ਓਲੰਪਿਕ ਤਗਮਾ ਜੇਤੂ ਬਜਰੰਗ ਪੂਨੀਆ, ਵਿਸ਼ਵ ਚੈਂਪੀਅਨ ਅੰਸ਼ੂ ਮਲਿਕ, ਵਿਸ਼ਵ ਚੈਂਪੀਅਨ ਰਵੀ ਦਹੀਆ ਆਦਿ ਨੇ ਪ੍ਰਧਾਨ ਖਿਲਾਫ ਇਲਜ਼ਾਮ ਲਗਾਏ ਹਨ ਲੇਕਿਨ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਵੱਲੋਂ ਹੰਕਾਰ ਵਿਚ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਵੱਲੋਂ ਲਗਾਏ ਧਰਨੇ ਨੂੰ 'ਸ਼ਾਹੀਨ ਬਾਗ ਦਾ ਧਰਨਾ' ਕਹਿਣਾ ਅਤੇ ਇਹ ਕਹਿਣਾ ਕਿ ਇਸ ਧਰਨੇ ਪਿੱਛੇ ਕਾਂਗਰਸ ਜਾਂ ਵੱਡੀਆਂ ਤਾਕਤਾਂ ਦਾ ਹੱਥ ਹੈ, ਦਰਸਾਉਂਦਾ ਹੈ ਕਿ ਉਹ ਹਕੀਕੀ ਮਸਲੇ ਨੂੰ ਹੋਰ ਚਰਚਾ ਦੇ ਕੇ ਧਿਆਨ ਪਾਸੇ ਲਗਾ ਰਿਹਾ ਹੈ।

ਇਸ ਕਰ ਕੇ ਹੁਣ ਇਹ ਸਮਝਣਾ ਬਹੁਤ ਮਹੱਤਵਪੂਰਨ ਹੈ ਕਿ ਭਾਰਤੀ ਜਨਤਾ ਪਾਰਟੀ ਬ੍ਰਿਜ



ਭੂਸ਼ਣ ਸ਼ਰਨ ਸਿੰਘ 'ਤੇ ਇੰਨੀ ਮਿਹਰਵਾਨ ਕਿਉਂ ਹੈ। ਧਰਨਾ ਚੁਕਵਾਉਣ ਸਮੇਂ ਇੱਕ ਪਾਸੇ ਕੇਂਦਰੀ ਖੇਡ ਮੰਤਰੀ ਅਨੁਰਾਗ ਠਾਕੁਰ ਕਹਿ ਰਹੇ ਸਨ ਕਿ ਜਦ ਤੱਕ ਜਾਂਚ ਮੁਕੰਮਲ ਨਹੀਂ ਹੋ ਜਾਂਦੀ, ਤਦ ਤੱਕ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਅਹੁਦੇ ਤੋਂ ਹਟੇ ਰਹਿਣਗੇ; ਦੂਜੇ ਪਾਸੇ ਐਲਾਨ ਦੇ ਕੁਝ ਹੀ ਪਲਾਂ ਬਾਅਦ ਉੱਤਰ ਪ੍ਰਦੇਸ਼ ਦੇ ਗੋਂਡਾ ਦੇ ਨੰਦਿਨੀ ਨਗਰ ਸਟੇਡੀਅਮ ਵਿਚ ਹੋਏ ਕੁਸ਼ਤੀ ਮੁਕਾਬਲੇ ਦੌਰਾਨ 'ਪ੍ਰਧਾਨ' ਮੁੱਖ ਮਹਿਮਾਨ ਵਜੋਂ ਨਜ਼ਰ ਆ ਰਹੇ ਸਨ। ਉਸ ਨੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਅਤੇ ਅਧਿਕਾਰੀਆਂ ਵੱਲੋਂ ਮੁੱਖ ਮਹਿਮਾਨ ਵਜੋਂ ਹਾਰ ਪਾ ਕੇ ਉਸ ਦਾ ਸਵਾਗਤ ਕੀਤਾ ਗਿਆ।

ਦਰਅਸਲ, ਬ੍ਰਿਜ ਭੂਸ਼ਣ ਸ਼ਰਨ ਸਿੰਘ ਆਰ.ਐਸ.ਐਸ. ਦੇ ਉਹਨਾਂ ਚਿਹਰਿਆਂ ਵਿਚੋਂ ਇੱਕ ਹੈ ਜਿਨ੍ਹਾਂ ਸੰਘ ਦੀ ਨੀਤੀ ਤਹਿਤ ਉੱਤਰ ਪ੍ਰਦੇਸ਼ ਵਿਚ ਫਿਰਕੂ ਤਣਾਅ ਪੈਦਾ ਕਰਨ ਵਿਚ ਵੱਡੀ ਭੂਮਿਕਾ ਨਿਭਾਈ ਸੀ। 1992 'ਚ ਅਯੁੱਧਿਆ ਵਿਚ ਬਾਬਰੀ ਮਸਜਿਦ ਦਾ ਢਾਂਚਾ ਢਾਹੁਣ ਲਈ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਜ਼ਿੰਮੇਵਾਰ ਮੰਨੇ ਗਏ ਮੁੱਖ 40 ਆਗੂਆਂ ਵਿਚੋਂ ਬ੍ਰਿਜ ਭੂਸ਼ਣ ਸ਼ਰਨ ਸਿੰਘ ਇੱਕ ਹੈ; ਹਾਲਾਂਕਿ ਬਾਅਦ ਵਿਚ ਅਦਾਲਤ ਨੇ ਇਨ੍ਹਾਂ ਸਾਰਿਆਂ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਪਰ ਜੋ ਉਸ ਸਮੇਂ ਵਾਪਰਿਆ, ਉਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ। ਘੱਟ ਗਿਣਤੀ ਨੂੰ ਦਬਾਉਣ ਦੀ ਭਾਜਪਾ ਦੀ ਨੀਤੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖੂਬ ਫਿੱਟ ਬੈਠੀ ਹੈ ਕਿ ਇਹ 1999 ਤੋਂ ਬਾਅਦ ਕੋਈ ਚੋਣ ਨਹੀਂ ਹਾਰਿਆ ਹੈ।

ਸਿਆਸੀ ਪਾਰਟੀਆਂ ਦੀ ਹੁਣ ਤੱਕ ਦਾ ਇਹ ਰੀਤ ਰਹੀ ਹੈ ਕਿ ਉਹ ਪਾਰਟੀ ਇਸ਼ਾਰੇ 'ਤੇ ਫਿਰਕੂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਲੀਡਰਾਂ ਦੀ ਸਰਪ੍ਰਸਤੀ ਕਰਦੀਆਂ ਹਨ। ਕਾਂਗਰਸ ਨੇ ਸੱਤਾ ਵਿਚ ਰਹਿੰਦਿਆਂ ਦਿੱਲੀ ਕਤਲੇਆਮ ਲਈ ਜ਼ਿੰਮੇਵਾਰ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਵਰਗੇ ਆਗੂਆਂ ਦੀ ਪੁਸ਼ਤ-ਪਨਾਹੀ ਕੀਤੀ ਅਤੇ ਹੁਣ ਭਾਜਪਾ ਸੱਤਾ ਦੇ ਜ਼ੋਰ ਅਜਿਹੇ ਆਗੂਆਂ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਦੇ ਰਹੀ ਹੈ।

ਉੱਤਰ ਪ੍ਰਦੇਸ਼ ਦੇ ਗੋਂਡਾ ਨਾਲ ਸਬੰਧਤ ਬ੍ਰਿਜ ਭੂਸ਼ਣ ਸ਼ਰਨ ਸਿੰਘ ਕੈਸਰਗੰਜ ਲੋਕ ਸਭਾ ਹਲਕੇ ਤੋਂ ਐਤਕੀਂ ਛੇਵੀਂ ਵਾਰ ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਹਨ ਹਾਲਾਂਕਿ ਇੱਕ ਚੋਣ ਇਸ ਨੇ ਸਮਾਜਵਾਦੀ ਪਾਰਟੀ ਵੱਲੋਂ ਵੀ ਜਿੱਤੀ ਸੀ। ਬ੍ਰਿਜ ਭੂਸ਼ਣ ਸ਼ਰਨ ਸਿੰਘ ਪਿਛਲੇ ਇੱਕ ਦਹਾਕੇ ਤੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਹਨ। ਚਾਹੀਦਾ ਤਾਂ ਇਹ ਸੀ ਕਿ ਇਸ ਆਹੁਦੇ 'ਤੇ ਕਿਸੇ ਅਜਿਹੇ ਸਾਬਕਾ ਖਿਡਾਰੀ ਨੂੰ ਲਾਇਆ ਜਾਂਦਾ ਜੋ ਕੌਮਾਂਤਰੀ ਪੱਧਰ 'ਤੇ ਨਾਮਣਾ ਖੱਟ ਚੁੱਕਾ ਹੋਵੇ ਤੇ ਖੇਡਾਂ ਦੇ ਖੇਤਰ ਵਿਚ ਉਸ ਦੀਆਂ ਗਿਣਨਯੋਗ ਪ੍ਰਾਪਤੀਆਂ ਹੋਣ ਪਰ ਸਰਕਾਰ ਨੇ ਅਜਿਹੇ ਸਿਆਸੀ ਲੀਡਰ ਨੂੰ ਇਸ ਆਹੁਦੇ 'ਤੇ ਤਾਇਨਾਤ ਕੀਤਾ ਹੋਇਆ ਹੈ ਜੋ ਅਕਸਰ ਵਿਵਾਦਾਂ ਵਿਚ ਘਿਰਿਆ ਰਹਿੰਦਾ ਹੈ।

ਕੁਸ਼ਤੀ ਫੈਡਰੇਸ਼ਨ ਦਾ ਪ੍ਰਧਾਨ ਰਹਿੰਦਿਆਂ ਇਸ ਨੇ ਖਿਡਾਰੀਆਂ ਵਿਰੋਧੀ ਕੰਮ ਇਹ ਕੀਤਾ ਕਿ ਖੇਡਾਂ ਵਿਚ ਵੀ ਠੇਕਾ ਪ੍ਰਨਾਲੀ ਲਾਗੂ ਕਰ ਦਿੱਤੀ ਅਤੇ ਖਿਡਾਰੀਆਂ ਨੂੰ ਗ੍ਰੇਡ ਏ, ਬੀ, ਸੀ, ਡੀ ਵਿਚ ਵੰਡ ਦਿੱਤਾ। ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦੇ ਧੁਰੇ ਵਜੋਂ ਜਾਣੇ ਜਾਂਦੇ ਅਯੁੱਧਿਆ ਖੇਤਰ ਵਿਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਭਾਜਪਾ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਆਗੂ ਮੰਨਿਆ ਜਾਂਦਾ ਹੈ। ਇਸ ਦਾ ਪੁੱਤਰ ਪ੍ਰਤੀਕ ਭੂਸ਼ਣ ਗੋਂਡਾ ਤੋਂ ਭਾਜਪਾ ਵਿਧਾਇਕ ਹੈ। 'ਪ੍ਰਧਾਨ ਜੀ' ਦਾ ਕਿਰਦਾਰ 'ਬਦਮਾਸ਼ੀ' ਵਾਲਾ ਹੈ। ਝਾਰਖੰਡ ਵਿਚ ਕੌਮੀ ਰੈਸਲਿੰਗ ਚੈਂਪੀਅਨਸ਼ਿਪ ਦੌਰਾਨ ਸਟੇਜ 'ਤੇ ਹੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਇੱਕ ਘੱਟ ਉਮਰ ਦੇ ਭਲਵਾਨ ਦੇ ਥੱਪੜ ਮਾਰ ਦਿੱਤਾ ਸੀ।

ਹਿੰਦੁਤਵ ਦੀ ਖੁੱਲ੍ਹ ਕੇ ਸਿਆਸਤ ਕਰਨ ਵਾਲਾ ਇਹ ਚਿਹਰਾ ਉੱਤਰ ਪ੍ਰਦੇਸ਼ ਦੀਆਂ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਹਿ ਰਿਹਾ ਸੀ ਕਿ ਜੇਕਰ ਤੁਸੀਂ ਸਮਾਜਵਾਦੀ ਪਾਰਟੀ ਨੂੰ ਵੋਟ ਪਾਓਗੇ ਤਾਂ ਪਾਕਿਸਤਾਨ ਖੁਸ਼ ਹੋਵੇਗਾ। ਪਿਛਲੇ ਦਿਨੀਂ ਉਸ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਬਿਲਾਵਲ ਭੁੱਟੋ ਨੂੰ ਇੱਕੋ ਨਸਲ ਦੇ ਦੱਸਿਆ ਸੀ।

ਇਹ ਪਹਿਲੀ ਵਾਰ ਨਹੀਂ ਕਿ ਕਿਸੇ ਭਾਜਪਾ ਆਗੂ 'ਤੇ ਔਰਤਾਂ ਨਾਲ ਬਦਸਲੂਕੀ ਕਰਨ ਦੇ ਇਲਜ਼ਾਮ ਲੱਗੇ ਹੋਣ ਅਤੇ ਪੂਰੀ ਸਟੇਟ ਮਸ਼ੀਨੀਰੀ ਉਸ ਲੀਡਰ ਦੇ ਪੱਖ ਵਿਚ ਭੁਗਤੀ ਹੋਵੇ। ਉੱਤਰ ਪ੍ਰਦੇਸ਼ ਦੇ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਦੇ ਮਾਮਲੇ ਵਿਚ ਉੱਤਰ ਪ੍ਰਦੇਸ਼ ਦੀ ਸਰਕਾਰ ਉਸ ਦੇ ਪੱਖ ਵਿਚ ਭੁਗਤਦੀ ਰਹੀ ਹੈ। ਪਿਛਲੇ ਦਿਨੀਂ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਖਿਲਾਫ ਮਹਿਲਾ ਕੋਚ ਨੇ ਛੇੜਛਾੜ ਦੇ ਇਲਜ਼ਾਮ ਲਗਾਏ ਸਨ ਤਾਂ ਉਸ ਮਹਿਲਾ ਖਿਡਾਰੀ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ। ਅਸਲ ਵਿਚ, ਮਸਲੇ ਦੀ ਅਸਲ ਜੜ੍ਹ ਮਨੂੰਵਾਦੀ ਵਿਚਾਰਧਾਰਾ ਹੈ ਜਿਸ ਅੰਦਰ ਔਰਤ ਨੂੰ ਸਿਰਫ ਭੋਗਣ ਦੀ ਵਸਤੂ ਸਮਝਿਆ ਜਾਂਦਾ ਹੈ। ਅਨੇਕਾਂ ਮਸਲਿਆਂ ਦੀਆਂ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ ਜਦ ਭਾਜਪਾ ਸਰਕਾਰ ਔਰਤਾਂ ਦੇ ਪੱਖ ਵਿਚ ਖੜ੍ਹਨ ਦੀ ਬਜਾਇ ਦੋਸ਼ੀ ਦਾ ਪੱਖ ਪੂਰਦੀ ਨਜ਼ਰ ਆਉਂਦੀ ਹੈ। ਸਾਧਵੀਆਂ ਨਾਲ ਬਲਾਤਕਾਰ ਦੇ ਦੋਸ਼ਾਂ ਤਹਿਤ ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਗੁਰਮੀਤ ਰਾਮ ਰਹੀਮ ਨੂੰ ਪਿਛਲੇ 14 ਮਹੀਨਿਆਂ ਵਿਚ ਚੌਥੀ ਵਾਰ 40 ਦਿਨ ਦੀ ਪੈਰੋਲ ਦਿੱਤੀ ਗਈ ਹੈ। ਸਰਕਾਰ ਨੇ ਇੱਕ ਪਾਸੇ ਤਾਂ ਸਜ਼ਾ ਪੂਰੀ ਕਰਨ ਦੇ ਬਾਵਜੂਦ ਅਨੇਕਾਂ ਕੈਦੀ ਜੇਲ੍ਹਾਂ ਵਿਚ ਬੰਦ ਕੀਤੇ ਹੋਏ ਹਨ; ਦੂਜੇ ਪਾਸੇ ਬਿਲਕੀਸ ਬਾਨੋ ਗੈਂਗਰੇਪ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਸਮੇਂ ਤੋਂ ਪਹਿਲਾਂ ਰਿਹਾਈ ਕੀਤੀ ਗਈ। ਦਿੱਲੀ ਦੇ ਜੰਤਰ-ਮੰਤਰ 'ਤੇ ਬੈਠੀਆਂ ਪਹਿਲਵਾਨਾਂ ਨੂੰ ਬਿਲਕੀਸ ਬਾਨੋ ਦਾ ਮਾਮਲਾ ਜ਼ਰੂਰ ਯਾਦ ਆਉਂਦਾ ਹੋਵੇਗਾ ਕਿ ਜਿਸ ਹਕੂਮਤ ਤੋਂ ਉਹ ਇਨਸਾਫ ਮੰਗ ਰਹੀਆਂ ਹਨ, ਉਹ ਹਕੂਮਤ ਤਾਂ ਬਲਾਤਕਾਰੀਆਂ ਨੂੰ ਸਮੇਂ ਤੋਂ ਪਹਿਲਾਂ ਰਿਹਾਈ ਦੇ ਰਹੀ ਹੈ।

ਦੁਨੀਆ ਦੇ ਕਈ ਵਿਕਸਿਤ ਮੁਲਕ

*(ਬਾਕੀ ਅਗਲੇ ਸਫੇ 'ਤੇ)*

**ਬੀ.ਬੀ.ਸੀ. ਵੱਲੋਂ ਗੁਜਰਾਤ ਕਤਲੇਆਮ ਬਾਰੇ ਬਣਾਈ ਦਸਤਾਵੇਜ਼ੀ ਫਿਲਮ 'ਇੰਡੀਆ: ਦਿ ਮੋਦੀ ਕੁਐਸਚਨ' ਇਸ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਨਹੀਂ ਹੈ। ਸੰਸਥਾ ਆਪਣੇ ਵਿਚਾਰਧਾਰਕ ਚੌਖਟੇ ਅਨੁਸਾਰ ਦੁਨੀਆ ਭਰ ਦੀਆਂ ਘਟਨਾਵਾਂ ਬਾਰੇ ਆਪਣੀ ਰਿਪੋਰਟ ਅਤੇ ਨਜ਼ਰੀਆ ਪੇਸ਼ ਕਰਦੀ ਹੈ। ਬੀ.ਬੀ.ਸੀ. ਨੇ ਸ਼ਾਹੀਨ ਬਾਗ਼ ਦੇ ਮੋਰਚੇ ਨੂੰ ਤੋੜਨ ਲਈ ਆਰ.ਐਸ.ਐਸ.-ਭਾਜਪਾ ਦੇ ਦਹਿਸ਼ਤੀ ਗਰੋਹਾਂ ਵੱਲੋਂ ਦਿੱਲੀ ਵਿਚ ਮੁਸਲਮਾਨਾਂ ਵਿਰੁੱਧ ਕੀਤੀ ਘਿਨਾਉਣੀ ਹਿੰਸਾ ਬਾਰੇ ਵੀ ਰਿਪੋਰਟਿੰਗ ਕੀਤੀ ਸੀ ਜਿਸ ਵਿਚ ਜ਼ਿਆਦਾਤਰ ਮੁਸਲਮਾਨ ਮਾਰੇ ਗਏ ਸਨ। ਹਿੰਦੂਤਵੀ ਹਕੂਮਤ ਦੀ ਇਸ ਘਿਨਾਉਣੀ ਹਾਲ-ਪਾਹਰਿਆ ਉੱਪਰ ਕੋਈ ਵੀ ਵਿਸ਼ਵਾਸ ਨਹੀਂ ਕਰ ਸਕਦਾ ਕਿ ਜੋ ਇਹ ਕਹਿ ਰਹੇ ਹਨ, ਉਹ ਸੱਚ ਹੈ ਅਤੇ ਜੋ ਬੀ.ਬੀ.ਸੀ. ਅਤੇ ਹੋਰ ਮੀਡੀਆ ਜਾਂ ਹੱਕਾਂ ਦੀਆਂ ਸੰਸਥਾਵਾਂ ਰਿਪੋਰਟ ਕਰ ਰਹੀਆਂ ਹਨ, ਉਹ ਪ੍ਰਾਪੇਗੰਡਾ ਹੈ। ਜਦੋਂ ਵੀ ਆਮ ਤੌਰ 'ਤੇ ਭਾਰਤੀ ਹੁਕਮਰਾਨ ਅਤੇ ਖ਼ਾਸ ਕਰ ਕੇ ਹਿੰਦੂਤਵੀ ਹਕੂਮਤ ਕਸ਼ਮੀਰੀਆਂ, ਆਦਿਵਾਸੀਆਂ, ਮੁਸਲਿਮ-ਸਿੱਖ ਅਤੇ ਇਸਾਈ ਘੱਟਗਿਣਤੀਆਂ ਦੀ ਨਸਲਕੁਸ਼ੀ ਦੇ ਕਾਲੇ ਕਾਰਨਾਮਿਆਂ ਕਾਰਨ ਵਿਵਾਦਾਂ 'ਚ ਘਿਰਦੇ ਹਨ ਤਾਂ ਇਹ ਚੀਕ-ਚਿਹਾੜਾ ਸ਼ੁਰੂ ਕਰ ਦਿੰਦੇ ਹਨ। ਇਸ ਮਸਲੇ ਬਾਰੇ ਡੂੰਘੀ ਪੁਣਛਾਣ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

# ਬੀ.ਬੀ.ਸੀ. ਡਾਕੂਮੈਂਟਰੀ ਨੇ 56 ਇੰਚ ਛਾਤੀ ਵਾਲੇ ਹਿਲਾਏ

ਬੀ.ਬੀ.ਸੀ. ਵੱਲੋਂ ਗੁਜਰਾਤ ਕਤਲੇਆਮ ਬਾਰੇ ਬਣਾਈ ਦਸਤਾਵੇਜ਼ੀ ਫਿਲਮ 'ਇੰਡੀਆ: ਦਿ ਮੋਦੀ ਕੁਐਸਚਨ' ਵਿਚ ਐਸਾ ਕੀ ਹੈ ਜਿਸ ਤੋਂ ਬੁਖਲਾ ਕੇ ਆਰ.ਐਸ.ਐਸ.-ਭਾਜਪਾ ਹਕੂਮਤ ਨੇ ਇਸ ਨੂੰ 'ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਲਈ ਖ਼ਤਰਾ' ਕਰਾਰ ਦੇ ਦਿੱਤਾ। ਵਿਦੇਸ਼ ਮੰਤਰਾਲੇ ਨੇ ਬਿਆਨ ਦਿੱਤਾ ਕਿ ਇਹ 'ਇਕ ਖ਼ਾਸ ਬਦਨਾਮ ਬਿਰਤਾਂਤ ਨੂੰ ਅੱਗੇ ਵਧਾਉਣ ਲਈ ਘੜਿਆ ਪ੍ਰਚਾਰ ਹੈ। ਪੱਖਪਾਤ, ਬਾਹਰਮੁਖਤਾ ਦੀ ਕਮੀ ਅਤੇ ਬਸਤੀਵਾਦੀ ਜ਼ਹਿਨੀਅਤ ਸਪਸ਼ਟ ਝਲਕਦੀ ਹੈ।' ਦੋ ਕਿਸ਼ਤਾਂ ਵਿਚ ਬਣਾਈ ਇਸ ਦਸਤਾਵੇਜ਼ੀ ਫਿਲਮ ਦੀ ਪਹਿਲੀ ਕਿਸ਼ਤ 17 ਜਨਵਰੀ ਨੂੰ ਯੂ.ਕੇ. ਵਿਚ ਪ੍ਰਸਾਰਤ ਕੀਤੇ ਜਾਣ ਨਾਲ ਹਿੰਦੂਤਵੀ ਹਕੂਮਤ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੁਲ ਆਲਮ ਦਾ ਭਗਵਾਂ ਤੰਤਰ ਦਸਤਾਵੇਜ਼ੀ ਨੂੰ ਭੰਡਣ ਅਤੇ ਕੂਟਨੀਤਕ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਦਬਾਓ ਪਾ ਕੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਇਸ ਨੂੰ ਹਟਾਉਣ ਲਈ ਸਰਗਰਮ ਹੋ ਗਿਆ। ਮੋਦੀ ਹਕੂਮਤ ਨੇ ਬਾਂਹ ਮਰੋੜ ਕੇ ਭਾਰਤ ਵਿਚ ਯੂਟਿਊਬ ਉੱਪਰੋਂ ਦਸਤਾਵੇਜ਼ੀ ਡਿਲੀਟ ਕਰਵਾ ਦਿੱਤੀ ਅਤੇ ਟਵਿੱਟਰ ਨੇ ਵੀ ਦਬਾਓ ਹੇਠ ਇਸ ਦੇ ਸਾਰੇ ਸ਼ੇਅਰ ਲਿੰਕ ਹਟਾ ਦਿੱਤੇ (ਇਸ ਤੋਂ ਪਹਿਲਾਂ, ਦਿੱਲੀ 'ਚ ਵਾਪਰੇ ਨਿਰਭੈ ਕਾਂਡ ਬਾਰੇ ਬੀ.ਬੀ.ਸੀ. ਦੀ ਦਸਤਾਵੇਜ਼ੀ 'ਇੰਡੀਆ'ਜ਼ ਡੌਟਰ' ਨੂੰ ਵੀ ਪਾਬੰਦੀ ਦਾ ਸਾਹਮਣਾ ਕਰਨਾ ਪਿਆ ਸੀ)। ਨਤੀਜੇ ਵਜੋਂ ਇਹ ਦਸਤਾਵੇਜ਼ੀ ਹੁਣ ਭਾਰਤ ਵਿਚ ਆਨਲਾਈਨ ਮੌਜੂਦ ਨਹੀਂ ਹੈ ਅਤੇ ਭਾਰਤ ਦੇ ਲੋਕ ਇਹ ਨਹੀਂ ਦੇਖ ਸਕਣਗੇ ਕਿ ਇਸ ਵਿਚ ਜੋ ਕਿਹਾ ਗਿਆ ਹੈ, ਉਹ ਕੀ ਹੈ। ਬਰਤਾਨੀਆ ਵਿਚਲੇ ਆਰ.ਐਸ.ਐਸ ਪੱਖੀ ਪਰਵਾਸੀ ਭਾਰਤੀਆਂ ਨੇ ਦਸਤਾਵੇਜ਼ੀ ਵਿਚ ਮੋਦੀ ਦੀ ਕਥਿਤ ਕਿਰਦਾਰਕੁਸ਼ੀ ਬਾਰੇ ਬੀ.ਬੀ.ਸੀ. ਨੂੰ ਸ਼ਿਕਾਇਤਾਂ ਭੇਜਣ ਦਾ ਸਿਲਸਿਲਾ ਵਿੱਢਿਆ ਹੋਇਆ ਹੈ ਜਿਸ ਦਾ ਮਨੋਰਥ ਇਸ ਦੀ ਦੂਜੀ ਕਿਸ਼ਤ ਦੇ ਪ੍ਰਸਾਰਨ ਨੂੰ ਰੋਕਣਾ ਹੈ। ਸਿਵਲ ਸੁਸਾਇਟੀ ਦੀ ਤਰਜ਼ 'ਤੇ 133 ਸਾਬਕਾ ਨੌਕਰਸ਼ਾਹਾਂ, 156 ਸਾਬਕਾ ਫ਼ੌਜੀ ਅਫਸਰਾਂ ਅਤੇ 13 ਸੇਵਾ-ਮੁਕਤ ਜੱਜਾਂ ਤੋਂ ਵੀ ਬੀ.ਬੀ.ਸੀ. ਨੂੰ ਖੁੱਲ੍ਹੀ ਚਿੱਠੀ ਲਿਖਵਾਈ ਗਈ ਹੈ ਜਿਸ ਵਿਚ ਦਸਤਾਵੇਜ਼ੀ ਨੂੰ 'ਬਰਤਾਨਵੀ ਸਾਮਰਾਜੀ ਪੁਨਰ-ਉਭਾਰ ਦਾ ਭਰਮ' ਕਹਿ ਕੇ ਭੰਡਿਆ ਗਿਆ ਹੈ।

ਬੀ.ਬੀ.ਸੀ. ਨੇ ਕਿਹਾ ਕਿ ਸੰਸਥਾ ਦੁਨੀਆ ਭਰ ਦੇ ਮਹੱਤਵਪੂਰਨ ਮੁੱਦਿਆਂ ਨੂੰ ਉਜਾਗਰ ਕਰਨ ਲਈ ਵਚਨਬੱਧ ਹੈ। ਉਨ੍ਹਾਂ ਦੀ ਇਹ ਦਸਤਾਵੇਜ਼ੀ ਲੜੀ ਭਾਰਤ ਦੀ ਹਿੰਦੂ ਬਹੁਗਿਣਤੀ ਅਤੇ ਮੁਸਲਿਮ ਘੱਟਗਿਣਤੀ ਦਰਮਿਆਨ ਤਣਾਵਾਂ ਦੀ ਘੋਖ ਅਤੇ ਉਨ੍ਹਾਂ ਤਣਾਵਾਂ ਸਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਿਆਸਤ ਦੀ ਪੁਣਛਾਣ ਕਰਦੀ ਹੈ। ਦਸਤਾਵੇਜ਼ੀ ਇਸ ਉਦੇਸ਼ ਨਾਲ ਬਣਾਈ ਗਈ ਹੈ: 'ਨਰਿੰਦਰ ਮੋਦੀ ਦਾ ਪ੍ਰਧਾਨ ਮੰਤਰੀ ਵਾਲਾ ਅਹੁਦਾ ਭਾਰਤ ਦੀ ਮੁਸਲਮਾਨ ਆਬਾਦੀ ਪ੍ਰਤੀ ਉਨ੍ਹਾਂ ਦੀ ਸਰਕਾਰ ਦੇ ਰਵੱਈਏ ਬਾਰੇ ਲਗਾਤਾਰ ਦੋਸ਼ਾਂ ਨਾਲ ਘਿਰਿਆ ਹੋਇਆ ਹੈ। ਇਹ ਲੜੀ ਉਨ੍ਹਾਂ ਦੋਸ਼ਾਂ






ਪਿਛਲੀ ਸਚਾਈ ਦੀ ਜਾਂਚ ਕਰਦੀ ਹੈ ਅਤੇ ਜਦੋਂ ਭਾਰਤ ਦੀ ਸਭ ਤੋਂ ਵੱਡੀ ਧਾਰਮਿਕ ਘੱਟਗਿਣਤੀ ਦੀ ਗੱਲ ਆਉਂਦੀ ਹੈ ਤਾਂ ਮੋਦੀ ਦੀ ਸਿਆਸਤ ਬਾਰੇ ਹੋਰ ਸਵਾਲਾਂ ਦੀ ਪੁਣਛਾਣ ਕਰਨ ਲਈ ਉਸ ਦੇ ਪਿਛੋਕੜ ਦੀ ਜਾਂਚ ਕਰਦੀ ਹੈ।' ਬੀ.ਬੀ.ਸੀ. ਨੇ ਦਾਅਵੇ ਨਾਲ ਕਿਹਾ ਹੈ ਕਿ ਇਸ ਵਿਸ਼ੇ ਉੱਪਰ 'ਉੱਚਤਮ ਸੰਪਾਦਕੀ ਮਿਆਰਾਂ ਅਨੁਸਾਰ ਕਰੜੀ ਖੋਜ ਕੀਤੀ ਗਈ ਸੀ' ਅਤੇ ਆਵਾਜ਼ਾਂ, ਗਵਾਹਾਂ ਅਤੇ ਮਾਹਰਾਂ ਦੇ ਚੌੜੇ ਘੇਰੇ ਤੱਕ ਪਹੁੰਚ ਕੀਤੀ ਗਈ; ਕਿ 'ਅਸੀਂ ਭਾਜਪਾ ਦੇ ਲੋਕਾਂ ਦੇ ਜਵਾਬਾਂ ਸਮੇਤ ਕਈ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਹਨ। ਅਸੀਂ ਦਸਤਾਵੇਜ਼ੀ ਲੜੀ ਵਿਚ ਉਠੇ ਸਵਾਲਾਂ ਦਾ ਜਵਾਬ ਦੇਣ ਦੇ ਹੱਕ ਦੀ ਪੇਸ਼ਕਸ਼ ਭਾਰਤ ਸਰਕਾਰ ਨੂੰ ਕੀਤੀ ਸੀ- ਇਸ ਨੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ।' ਬੀ.ਬੀ.ਸੀ. ਦੀ ਉਸ ਸਮੇਂ ਦੀ ਪੱਤਰਕਾਰ ਜਿਲ ਮੈਕਗਿਵਿੰਗ ਦਸਤਾਵੇਜ਼ੀ ਵਿਚ ਵਾਰ-ਵਾਰ ਆਉਂਦੀ ਹੈ।

ਬੀ.ਬੀ.ਸੀ.ਬੇਸ਼ੱਕ ਇਸ ਦਸਤਾਵੇਜ਼ੀ 'ਚ ਪੇਸ਼ ਕੀਤੇ ਤੱਥਾਂ ਅਤੇ ਨਤੀਜਿਆਂ ਉੱਪਰ ਦ੍ਰਿੜ ਹੈ ਪਰ ਇਹ ਵੀ ਪ੍ਰਤੱਖ ਹੈ ਕਿ ਸੰਸਥਾ ਨੇ ਭਗਵੀ ਹਕੂਮਤ ਦੇ ਪ੍ਰਤੀਕਰਮ ਅਤੇ ਬਰਤਾਨੀਆ ਵਿਚਲੇ ਸੰਘੀਆਂ ਦੇ ਵਿਰੋਧ ਅੱਗੇ ਝੁਕ ਕੇ ਐਲਾਨ ਕਰ ਦਿੱਤਾ ਹੈ ਕਿ ਇਸ ਨੂੰ ਭਾਰਤ ਵਿਚ ਦਿਖਾਉਣ ਦੀਆਂ ਇਸ ਵਕਤ ਬੀ.ਬੀ.ਸੀ. ਦੀਆਂ ਕੋਈ ਯੋਜਨਾਵਾਂ ਨਹੀਂ ਹਨ। ਬੀ.ਬੀ.ਸੀ. ਦੇ ਇਸ ਫ਼ੈਸਲੇ ਨੇ ਭਾਰਤ ਦੇ ਲੋਕਾਂ ਨੂੰ ਇਸ ਦਸਤਾਵੇਜ਼ੀ ਨੂੰ ਦੇਖਣ ਅਤੇ ਇਸ ਬਾਰੇ ਆਪਣੀ ਰਾਇ ਬਣਾਉਣ ਦੇ ਹੱਕ ਤੋਂ ਵਿਰਵਾ ਕਰ ਦਿੱਤਾ ਹੈ।

ਬੀ.ਬੀ.ਸੀ. ਦੀ ਅਧਿਕਾਰਕ ਵੈੱਬਸਾਈਟ ਦੀ ਰਿਪੋਰਟ ਅਨੁਸਾਰ- 'ਇਸ ਦਸਤਾਵੇਜ਼ੀ ਵਿਚ ਬਰਤਾਨਵੀ ਵਿਦੇਸ਼ ਆਫਿਸ ਤੋਂ ਬੀ.ਬੀ.ਸੀ. ਵੱਲੋਂ ਹਾਸਲ ਕੀਤੀ ਇਕ ਪੁਰਾਣੀ ਰਿਪੋਰਟ ਨੂੰ ਨਸ਼ਰ ਕੀਤਾ ਗਿਆ ਹੈ ਜੋ ਪ੍ਰਕਾਸ਼ਿਤ ਨਹੀਂ ਸੀ ਹੋਈ; ਜੋ ਇਕ ਦਿਨ ਪਹਿਲਾਂ ਹਿੰਦੂ ਸ਼ਰਧਾਲੂਆਂ ਨੂੰ ਲਿਜਾ ਰਹੀ ਰੇਲਗੱਡੀ ਨੂੰ ਅੱਗ ਲੱਗਣ ਤੋਂ ਬਾਅਦ ਭੜਕੇ ਧਾਰਮਿਕ ਦੰਗਿਆਂ ਦੌਰਾਨ ਸ੍ਰੀ ਮੋਦੀ ਦੀ ਕਾਰਗੁਜ਼ਾਰੀ ਬਾਰੇ ਸਵਾਲ ਉਠਾਉਂਦੀ ਹੈ ਜਿਸ ਵਿਚ ਦਰਜਨਾਂ ਸ਼ਰਧਾਲੂਆਂ ਦੀ ਮੌਤ ਹੋ ਗਈ ਸੀ। ਹਿੰਸਾ ਭੜਕਣ ਨਾਲ 1000 ਤੋਂ ਵੱਧ ਲੋਕ ਮਾਰੇ ਗਏ ਜਿਨ੍ਹਾਂ 'ਚੋਂ ਜ਼ਿਆਦਾਤਰ ਮੁਸਲਮਾਨ ਸਨ। ਹਿੰਸਾ ਜੋ ਆਜ਼ਾਦੀ ਤੋਂ ਬਾਅਦ ਦੀਆਂ ਸਭ ਤੋਂ ਭੈੜੀਆਂ ਹਿੰਸਕ ਘਟਨਾਵਾਂ 'ਚੋਂ ਇਕ ਸੀ।'

ਦਸਤਾਵੇਜ਼ੀ ਫਿਲਮ ਵਿਚਲਾ ਇਹ ਦਾਅਵਾ ਸੰਘੀ ਹਕੂਮਤ ਨੂੰ ਕਿਵੇਂ ਹਜ਼ਮ ਹੋ ਜਾਂਦਾ ਕਿ ਬਰਤਾਨਵੀ ਹਕੂਮਤ 2002 ਦੇ ਗੁਜਰਾਤ ਕਤਲੇਆਮ ਵਿਚ ਨਰਿੰਦਰ ਮੋਦੀ ਦੀ ਸਿੱਧੀ ਭੂਮਿਕਾ ਤੋਂ ਜਾਣੂ ਸੀ। ਪਾਕਿਸਤਾਨੀ ਪਿਛੋਕੜ ਵਾਲੇ ਵਿਰੋਧੀ ਧਿਰ ਦੇ ਮੈਂਬਰ ਪਾਰਲੀਮੈਂਟ ਇਮਰਾਨ ਹੁਸੈਨ ਨੇ ਆਪਣੇ ਪ੍ਰਧਾਨ ਮੰਤਰੀ ਨੂੰ ਸਿੱਧਾ ਸਵਾਲ ਪੁੱਛ ਲਿਆ ਕਿ ਕੀ ਬਰਤਾਨੀਆ ਦਾ ਪ੍ਰਧਾਨ ਮੰਤਰੀ ਬੀ.ਬੀ.ਸੀ. ਦੇ ਇਸ ਦਾਅਵੇ ਨਾਲ ਸਹਿਮਤ ਹੈ ਕਿ ਬਰਤਾਨਵੀ ਵਿਦੇਸ਼ੀ ਮੰਤਰਾਲੇ ਦੇ ਕੁਝ ਕੂਟਨੀਤਕ ਅਧਿਕਾਰੀ ਇਹ ਵਿਸ਼ਵਾਸ ਕਰਦੇ ਸਨ ਕਿ 'ਮੋਦੀ ਸਿੱਧੇ ਰੂਪ 'ਚ ਜ਼ਿੰਮੇਵਾਰ ਸੀ' ਅਤੇ ਕਿ 'ਵਿਦੇਸ਼ ਦਫ਼ਤਰ ਨੂੰ ਨਸਲੀ ਸਫ਼ਾਏ ਦੇ ਇਸ ਬੱਜਰ ਕਾਰੇ ਵਿਚ ਉਸ ਦੀ ਸ਼ਮੂਲੀਅਤ ਬਾਰੇ ਹੋਰ ਕੀ ਜਾਣਕਾਰੀ ਸੀ?' ਇਸ 'ਤੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਤੁਰੰਤ ਮੋਦੀ ਦਾ ਪੱਖ ਲੈਂਦਿਆਂ ਕਿਹਾ ਕਿ ਉਹ ਪ੍ਰਧਾਨ ਮੰਤਰੀ ਮੋਦੀ ਦੀ ਕਿਰਦਾਰਕੁਸ਼ੀ ਨਾਲ ਸਹਿਮਤ ਨਹੀਂ ਹੈ; ਕਿ ਇਸ ਉੱਪਰ ਯੂ.ਕੇ. ਸਰਕਾਰ ਦੀ ਪੁਜੀਸ਼ਨ ਸਪਸ਼ਟ ਅਤੇ ਸਥਾਈ ਹੈ, ਤੇ ਇਹ ਬਦਲੀ ਨਹੀਂ ਹੈ। ਹੁਣ ਜਦੋਂ ਹਾਲਾਤ ਬਦਲ ਚੁੱਕੇ ਹਨ ਅਤੇ ਸ੍ਰੀ ਮੋਦੀ 'ਵਿਸ਼ਵ ਗੁਰੂ' ਬਣੇ ਮੁਲਕ ਦਾ ਮੁਖੀ ਹੈ ਤਾਂ ਰਿਸ਼ੀ ਸੂਨਕ ਮੋਦੀ ਨੂੰ ਕਤਲੇਆਮ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਉਣ ਵਾਲੀ ਜਾਂਚ ਰਿਪੋਰਟ ਨਾਲ ਕਿਵੇਂ ਸਹਿਮਤੀ ਪ੍ਰਗਟਾ ਸਕਦਾ ਹੈ ਜਿਸ ਮੋਦੀ ਹਕੂਮਤ ਨਾਲ ਬਰਤਾਨਵੀ ਹਕੂਮਤ ਦੀ ਗੂੜ੍ਹੀ ਸਾਂਝ ਹੈ।

ਤੱਤਕਾਲੀ ਵਿਦੇਸ਼ ਸਕੱਤਰ ਜੈਕ ਸਟ੍ਰਾ ਦੇ ਆਦੇਸ਼ 'ਤੇ ਬਰਤਾਨੀਆ ਦੀ ਸਰਕਾਰ ਦੀ ਇਕ ਟੀਮ ਵੱਲੋਂ 2002 ਦੇ ਕਤਲੇਆਮ ਦੀ ਜਾਂਚ ਕੀਤੀ ਗਈ ਸੀ ਅਤੇ ਜਾਂਚ ਇਸ ਨਤੀਜੇ 'ਤੇ ਪਹੁੰਚੀ ਸੀ ਕਿ ਮੋਦੀ ਜੋ ਉਦੋਂ ਮੁੱਖ ਮੰਤਰੀ ਸੀ, ਦੰਗਈ ਮਾਹੌਲ ਲਈ 'ਸਿੱਧੇ ਤੌਰ 'ਤੇ ਜ਼ਿੰਮੇਵਾਰ' ਸੀ। ਰਿਪੋਰਟ ਕਹਿੰਦੀ ਹੈ ਕਿ 'ਹਿੰਸਾ ਉਸ ਤੋਂ ਕਿਤੇ ਜ਼ਿਆਦਾ ਸੀ ਜਿੰਨੀ ਰਿਪੋਰਟ ਕੀਤੀ ਗਈ ਹੈ' ਅਤੇ 'ਦੰਗਿਆਂ ਦਾ ਉਦੇਸ਼ ਹਿੰਦੂ ਇਲਾਕਿਆਂ 'ਚੋਂ ਮੁਸਲਮਾਨਾਂ ਦਾ ਸਫ਼ਾਇਆ ਕਰਨਾ ਸੀ।'

ਉਦੋਂ ਦੇ ਤੱਥਾਂ ਨੂੰ ਜੈਕ ਸਟ੍ਰਾ ਹੁਣ ਵੀ ਬੇਬਾਕੀ ਅਤੇ ਦ੍ਰਿੜਤਾ ਨਾਲ ਪੇਸ਼ ਕਰਦੇ ਹਨ। ਦਸਤਾਵੇਜ਼ੀ ਵਿਚ ਦਰਜ ਜੈਕ ਸਟ੍ਰਾ ਦੇ ਬਿਆਨ ਦੇ ਹਿੱਸੇ ਪ੍ਰਿੰਟ ਮੀਡੀਆ ਵਿਚ ਨਸ਼ਰ ਹੋਏ ਹਨ ਜੋ ਇਸ ਤਰ੍ਹਾਂ ਹਨ: 'ਉਥੇ ਬਹੁਤ ਗੰਭੀਰ ਦਾਅਵੇ ਕੀਤੇ ਗਏ ਸਨ ਕਿ ਸ੍ਰੀ ਮੋਦੀ ਨੇ ਪੁਲਿਸ ਨੂੰ ਪਿੱਛੇ ਹਟਣ ਅਤੇ ਹਿੰਦੂ ਕੱਟੜਪੰਥੀਆਂ ਨੂੰ ਹੱਲਾਸ਼ੇਰੀ ਦੇਣ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਇਹ ਹਿੰਦੂਆਂ ਅਤੇ ਮੁਸਲਮਾਨਾਂ ਦੀ ਸੁਰੱਖਿਆ ਲਈ ਪੁਲਿਸ ਨੂੰ ਆਪਣਾ ਕੰਮ ਕਰਨ ਤੋਂ ਰੋਕਣ ਲਈ ਰਾਜਨੀਤਕ ਸ਼ਮੂਲੀਅਤ ਦੀ ਖ਼ਾਸ ਤੌਰ 'ਤੇ ਅਤਿ ਭੈੜੀ ਮਿਸਾਲ ਸੀ।' ਜੈਕ ਸਟ੍ਰਾ ਨੇ ਦਸਤਾਵੇਜ਼ੀ ਨਾਲ ਇੰਟਰਵਿਊ 'ਚ ਦੱਸਿਆ, 'ਅਸੀਂ ਜੋ ਕੀਤਾ, ਉਹ ਸੀ ਜਾਂਚ ਬਿਠਾਉਣਾ ਅਤੇ ਟੀਮ ਬਣਾਉਣਾ ਜੋ ਗੁਜਰਾਤ ਜਾ ਕੇ ਪਤਾ ਲਗਾਵੇ ਕਿ ਉਥੇ ਕੀ ਹੋਇਆ ਸੀ; ਤੇ ਉਨ੍ਹਾਂ ਨੇ ਬਹੁਤ ਡੂੰਘਾਈ 'ਚ ਜਾ ਕੇ ਰਿਪੋਰਟ ਤਿਆਰ ਕੀਤੀ।' ਰਿਪੋਰਟ ਇਹ ਪੁਸ਼ਟੀ ਕਰਦੀ ਹੈ ਕਿ 2002 ਦੀ ਹਿੰਸਾ ਦੌਰਾਨ ਮੁਸਲਮਾਨ ਔਰਤਾਂ ਦੇ ਵਿਆਪਕ ਪੈਮਾਨੇ 'ਤੇ ਬਲਾਤਕਾਰ ਹੋਏ ਅਤੇ ਹਿੰਸਾ ਦੀ ਗਿਣੀ-ਮਿੱਥੀ ਮੁਹਿੰਮ 'ਚ 'ਨਸਲੀ ਸਫ਼ਾਏ ਦੇ ਸਾਰੇ ਖ਼ਾਸ ਲੱਛਣ' ਸਨ। ਦਸਤਾਵੇਜ਼ੀ ਇਹ ਵੀ ਬਿਆਨ ਕਰਦੀ ਹੈ ਕਿ ਭਾਰਤ ਵਿਚ 30 ਤੋਂ ਵੱਧ ਲੋਕਾਂ ਨੇ ਆਪਣੀ ਸੁਰੱਖਿਆ ਦੇ ਡਰ ਕਾਰਨ ਇਸ ਡਾਕੂਮੈਂਟਰੀ ਵਿਚ ਹਿੱਸਾ ਲੈਣ ਤੋਂ ਇਨਕਾਰ ਕੀਤਾ।

ਅਲ-ਜਜ਼ੀਰਾ ਦੀ ਰਿਪੋਰਟ ਅਨੁਸਾਰ ਦਸਤਾਵੇਜ਼ੀ ਵਿਚ ਬਰਤਾਨੀਆ ਦੇ ਇਕ ਸਾਬਕਾ ਚੋਟੀ ਦੇ ਕੂਟਨੀਤਕ ਦਾ ਹਵਾਲਾ ਵੀ ਹੈ ਜਿਸ ਨੇ ਕਿਹਾ ਕਿ ਹਿੰਸਾ ਦੀ ਯੋਜਨਾ ਆਰ.ਐਸ.ਐਸ. ਨਾਲ ਸਬੰਧਤ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਵੱਲੋਂ ਬਣਾਈ ਗਈ ਸੀ; ਕਿ ਵੀ.ਐਚ.ਪੀ. 'ਰਾਜ ਸਰਕਾਰ ਵੱਲੋਂ ਬਣਾਏ ਬੇਖ਼ੌਫ਼ ਦੰਗਈ ਮਾਹੌਲ ਤੋਂ ਬਗੈਰ ਐਨਾ ਜ਼ਿਆਦਾ ਨੁਕਸਾਨ ਨਹੀਂ ਸੀ ਕਰ ਸਕਦੀ।'

ਬੀ.ਬੀ.ਸੀ. ਦੀ ਇਹ ਦਸਤਾਵੇਜ਼ੀ ਇਸ ਤਰ੍ਹਾਂ ਦੀ ਪਹਿਲੀ ਕੋਸ਼ਿਸ਼ ਨਹੀਂ ਹੈ। ਸੰਸਥਾ ਆਪਣੇ ਵਿਚਾਰਧਾਰਕ ਚੌਖਟੇ ਅਨੁਸਾਰ ਦੁਨੀਆ ਭਰ ਦੀਆਂ ਘਟਨਾਵਾਂ ਬਾਰੇ ਆਪਣੀ ਰਿਪੋਰਟ ਅਤੇ ਨਜ਼ਰੀਆ ਪੇਸ਼ ਕਰਦੀ ਹੈ। ਬੀ.ਬੀ.ਸੀ. ਨੇ ਸ਼ਾਹੀਨ ਬਾਗ ਦੇ ਮੋਰਚੇ ਨੂੰ ਤੋੜਨ ਲਈ ਆਰ.ਐਸ.ਐਸ.-ਭਾਜਪਾ ਦੇ ਦਹਿਸ਼ਤੀ ਗਰੋਹਾਂ ਵੱਲੋਂ ਦਿੱਲੀ ਵਿਚ ਮੁਸਲਮਾਨਾਂ ਵਿਰੁੱਧ ਕੀਤੀ ਘਿਨਾਉਣੀ ਹਿੰਸਾ ਬਾਰੇ ਵੀ ਰਿਪੋਰਟਿੰਗ ਕੀਤੀ ਸੀ ਜਿਸ ਵਿਚ ਜ਼ਿਆਦਾਤਰ ਮੁਸਲਮਾਨ ਮਾਰੇ ਗਏ ਸਨ। ਹਿੰਦੂਤਵੀ ਹਕੂਮਤ ਦੀ ਇਸ ਘਿਨਾਉਣੀ ਹਾਲ-ਪਾਹਰਿਆ ਉੱਪਰ ਕੋਈ ਵੀ ਵਿਸ਼ਵਾਸ ਨਹੀਂ ਕਰ ਸਕਦਾ ਕਿ ਜੋ ਇਹ ਕਹਿ ਰਹੇ ਹਨ ਉਹ ਸੱਚ ਹੈ ਅਤੇ ਜੋ ਬੀ.ਬੀ.ਸੀ. ਅਤੇ ਹੋਰ ਮੀਡੀਆ ਜਾਂ ਹੱਕਾਂ ਦੀਆਂ ਸੰਸਥਾਵਾਂ ਰਿਪੋਰਟ ਕਰ ਰਹੀਆਂ ਹਨ, ਉਹ ਪ੍ਰਾਪੇਗੰਡਾ ਹੈ। ਜਦੋਂ ਵੀ ਆਮ ਤੌਰ 'ਤੇ ਭਾਰਤੀ ਹੁਕਮਰਾਨ ਅਤੇ ਖ਼ਾਸ ਕਰ ਕੇ ਹਿੰਦੂਤਵੀ ਹਕੂਮਤ ਕਸ਼ਮੀਰੀਆਂ, ਆਦਿਵਾਸੀਆਂ, ਮੁਸਲਿਮ-ਸਿੱਖ ਅਤੇ ਇਸਾਈ ਘੱਟਗਿਣਤੀਆਂ ਦੀ ਨਸਲਕੁਸ਼ੀ ਦੇ ਕਾਲੇ ਕਾਰਨਾਮਿਆਂ ਕਾਰਨ ਵਿਵਾਦਾਂ 'ਚ ਘਿਰਦੇ ਹਨ ਤਾਂ ਇਹ ਤੁਰੰਤ ਇਨਕਾਰ ਮੋਡ 'ਚ ਆ ਜਾਂਦੇ ਹਨ ਅਤੇ ਮੁਲਕ ਦੇ ਅੰਦਰੂਨੀ ਮਾਮਲਿਆਂ 'ਚ ਦਖ਼ਲਅੰਦਾਜ਼ੀ ਦਾ ਚੀਕ-ਚਿਹਾੜਾ ਪਾਉਣਾ ਸ਼ੁਰੂ ਕਰ ਦਿੰਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦਾ ਚਗਲਿਆ ਹੋਇਆ ਝੂਠ ਉਸ ਹਕੀਕਤ ਨੂੰ ਲੁਕੋ ਨਹੀਂ ਸਕਦਾ ਜਿਸ ਨੂੰ ਖੋਜੀ ਪੱਤਰਕਾਰਾਂ ਅਤੇ ਲੋਕ ਹੱਕਾਂ ਦੀਆਂ ਪਹਿਰੇਦਾਰ ਸੰਸਥਾਵਾਂ ਨੇ ਆਪਣੀਆਂ ਵਿਸਤਾਰੀ ਤੱਥ ਖੋਜ ਰਿਪੋਰਟਾਂ ਵਿਚ ਦਰਜ ਕੀਤਾ ਹੋਇਆ ਹੈ ਅਤੇ ਜਿਸ ਬਾਰੇ ਦੁਨੀਆ ਭਰ ਦੀਆਂ ਹਕੂਮਤਾਂ ਨੂੰ ਵੀ ਪਤਾ ਹੈ ਕਿ ਸਚਾਈ ਕੀ ਹੈ। ਸਿਰਫ਼ ਸੁਪਰੀਮ ਕੋਰਟ ਦੀ ਬਣਾਈ ਸਿੱਟ (ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਵੱਲੋਂ ਫਰਵਰੀ 2012 'ਚ ਇਹ ਕਹਿ ਦੇਣ ਨਾਲ ਮੋਦੀ ਅਤੇ ਉਸ ਦੀ ਹਕੂਮਤ ਬਰੀ ਨਹੀਂ ਹੋ ਜਾਂਦੀ ਕਿ ਉਸ ਦੇ ਅਤੇ 63 ਹੋਰ ਮੁਲਜ਼ਮਾਂ ਵਿਰੁੱਧ ਮੁਕੱਦਮਾ ਚਲਾਉਣ ਲਈ ਕੋਈ ਸਬੂਤ ਨਹੀਂ ਹੈ। ਪਿਛਲੇ ਸਾਲ ਸੁਪਰੀਮ ਕੋਰਟ ਵੀ ਕਲੀਨ ਚਿੱਟ ਉੱਪਰ ਮੋਹਰ ਲਗਾ ਕੇ ਸੰਘ ਬ੍ਰਿਗੇਡ ਨੂੰ ਜੁਰਮ ਤੋਂ ਬਰੀ ਕਰਨ ਦੀ ਕਵਾਇਦ 'ਚ ਸ਼ਾਮਿਲ ਹੋ ਗਈ।

ਸੰਘ ਬ੍ਰਿਗੇਡ ਚੀਕ ਰਿਹਾ ਹੈ ਕਿ ਦਸਤਾਵੇਜ਼ੀ ਦਾ ਉਦੇਸ਼ 2024 ਦੀਆਂ ਚੋਣਾਂ ਦੇ ਮੱਦੇਨਜ਼ਰ ਮੋਦੀ ਦਾ ਅਕਸ ਵਿਗਾੜਨਾ ਹੈ। ਕੀ ਬਨਾਵਟੀ ਅਕਸ ਲਹੂ ਲਿੱਬੜੇ ਕਿਰਦਾਰ ਨੂੰ ਲੁਕੋ ਸਕਦਾ ਹੈ? ਜੰਗ-ਏ-ਆਜ਼ਾਦੀ ਸਮੇਂ ਬਰਤਾਨਵੀ ਰਾਜ ਦੀ ਚਾਕਰੀ ਕਰਨ ਵਾਲੇ ਸੰਘੀਆਂ ਦੇ ਅਜੋਕੇ ਵਾਰਿਸ ਹੁਣ ਦਲੀਲ ਦੇ ਰਹੇ ਹਨ ਕਿ ਬਰਤਾਨੀਆ ਨਹੀਂ ਚਾਹੁੰਦਾ ਕਿ ਭਾਰਤ ਅਤੇ ਇਸ ਦਾ ਪ੍ਰਧਾਨ ਮੰਤਰੀ ਮਜ਼ਬੂਤ ਹੋਵੇ! ਘੱਟਗਿਣਤੀਆਂ ਦੀ ਨਸਲਕੁਸ਼ੀ ਦੀ ਜਵਾਬਦੇਹੀ ਤੋਂ ਟਾਲਾ ਵੱਟ ਕੇ ਮੋਦੀ ਨੂੰ ਮਸੀਹਾ ਬਣਾ ਕੇ ਪੇਸ਼ ਕਰਨ ਲਈ ਯਤਨਸ਼ੀਲ ਸੰਘ ਬ੍ਰਿਗੇਡ ਦੀ ਇਸ ਚਲਾਕੀ ਨੂੰ ਕੋਈ ਵੀ ਇਨਸਾਫ਼ਪਸੰਦ ਮਹੱਤਵ ਨਹੀਂ ਦੇਵੇਗਾ ਕਿ ਹੁਣ 2002 ਦੇ ਕਤਲੇਆਮ ਦੇ ਤੱਥਾਂ ਨੂੰ ਦੁਹਰਾਉਣ ਦੀ ਇਸ ਕਵਾਇਦ ਦਾ ਕੀ ਮਤਲਬ, ਜਾਂ ਇਸ ਦੇ ਪਿੱਛੇ ਉਨ੍ਹਾਂ ਦਾ ਕੋਈ ਏਜੰਡਾ ਹੈ। ਸਚਾਈ ਤਾਂ ਸਚਾਈ ਹੈ। ਸੱਤਾ ਦੇ ਹੰਕਾਰ 'ਚ ਹਿੰਦੂਤਵੀ ਹੁਕਮਰਾਨ ਇਹ ਭੁੱਲ ਚੁੱਕੇ ਹਨ ਕਿ ਤਾਨਾਸ਼ਾਹ ਹਕੂਮਤ ਦੇ ਕਾਲੇ ਕਾਰਨਾਮਿਆਂ ਨੂੰ ਇਤਿਹਾਸ ਹਮੇਸ਼ਾ ਚੇਤੇ ਰੱਖਦਾ ਹੈ ਅਤੇ ਦੁਨੀਆ ਦੀ ਕੋਈ ਵੀ ਤਾਕਤ ਇਤਿਹਾਸ ਨੂੰ ਮਿਟਾ ਨਹੀਂ ਸਕਦੀ। ਚਾਹੇ ਅਦਾਲਤਾਂ ਦੇ ਜੱਜਾਂ ਦੀ ਬਾਂਹ ਮਰੋੜ ਕੇ ਕਿੰਨੀਆਂ ਵੀ ਕਲੀਨ ਚਿਟਾਂ ਹਾਸਲ ਕਰ ਲਈਆਂ ਜਾਣ, ਗੁਜਰਾਤ ਕਤਲੇਆਮ ਦਾ ਪ੍ਰੇਤ ਮੋਦੀ ਅਤੇ ਆਰ.ਐਸ.ਐਸ.-ਭਾਜਪਾ ਦੇ ਸਿਰ ਉੱਪਰ ਹਮੇਸ਼ਾ ਮੰਡਰਾਉਂਦਾ ਰਹੇਗਾ।

## ਭਾਰਤ ਦਾ ਖੇਡ ਢਾਂਚਾ ਅਤੇ ਖਿਡਾਰੀਆਂ ਦਾ ਸ਼ੋਸ਼ਣ

*(ਪਿਛਲੇ ਸਫੇ ਦੀ ਬਾਕੀ)*

ਨੌਜਵਾਨਾਂ ਦੀ ਘਾਟ ਨਾਲ ਜੂਝ ਰਹੇ ਹਨ ਪਰ ਭਾਰਤ ਦੁਨੀਆ ਦਾ ਉਹ ਬਿਹਤਰੀਨ ਮੁਲਕ ਹੈ ਜਿੱਥੇ ਸਭ ਤੋਂ ਵੱਧ ਨੌਜਵਾਨ ਹਨ। ਜੇਕਰ ਚੰਗੀ ਖੇਡ ਨੀਤੀ ਹੋਵੇ ਤਾਂ ਦੇਸ਼ ਦੀ ਜੁਆਨੀ ਵੱਡੀ ਪੱਧਰ 'ਤੇ ਮੈਡਲ ਲਿਆ ਸਕਦੀ ਹੈ। ਭਲਵਾਨੀ ਦੇ ਖੇਤਰ ਵਿਚ ਭਾਰਤ ਦਾ ਪ੍ਰਦਰਸ਼ਨ ਸਭ ਤੋਂ ਵਧੀਆ ਚੱਲ ਰਿਹਾ ਹੈ। ਰਾਸ਼ਟਰਮੰਡਲ ਖੇਡਾਂ ਵਿਚ ਭਾਰਤ ਵੱਲੋਂ ਜਿੱਤੇ 22 ਗੋਲਡ ਮੈਡਲਾਂ ਵਿਚੋਂ 12 ਮੈਡਲ ਪਹਿਲਵਾਨਾਂ ਦੇ ਸਨ ਪਰ ਅਫਸੋਸ ਕਿ ਓਲੰਪਿਕ ਵਿਚ 7 ਮੈਡਲ ਜਿੱਤਣ ਵਾਲੇ ਇਹ ਖਿਡਾਰੀ ਧਰਨਾ ਦੇਣ ਲਈ ਮਜਬੂਰ ਹਨ। ਜਿਨ੍ਹਾਂ ਦੀ ਜ਼ਿੰਦਗੀ 'ਤੇ ਬਣੀਆਂ 'ਦੰਗਲ' ਜਿਹੀਆਂ ਫਿਲਮਾਂ ਕੁੜੀਆਂ ਨੂੰ ਭਲਵਾਨੀ ਵਾਲੇ ਪਾਸੇ ਤੋਰ ਰਹੀਆਂ ਹਨ, ਅੱਜ ਉਹੀ ਸਰਕਾਰ ਖਿਲਾਫ ਪ੍ਰਦਰਸ਼ਨ ਕਰਨ ਲਈ ਮਜਬੂਰ ਹਨ।


ਸਰਕਾਰਾਂ ਦੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਜਿਹੇ ਨਾਅਰੇ ਹਕੀਕੀ ਰੂਪ ਵਿਚ ਖੋਖਲੇ ਹਨ ਅਤੇ ਸਮਾਜ ਦੇ ਸੁਹਿਰਦ ਹਲਕਿਆਂ ਨੂੰ ਚਾਹੀਦਾ ਹੈ ਕਿ ਧੀਆਂ ਨਾਲ ਸੱਤਾ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਖਿਲਾਫ ਉਹਨਾਂ ਦਾ ਸਾਥ ਦਿੱਤਾ ਜਾਵੇ।

# ਗੁਰੂ ਅੰਗਦ ਦੇਵ-ਗੁਰੂ ਚੇਲਾ ਚੇਲਾ ਗੁਰੂ

## ਗੁਰਮਤਿ

ਗੁਰੂ ਅੰਗਦ ਦੇਵ ਜੀ, ਜਿਨ੍ਹਾਂ ਦਾ ਪਹਿਲਾ ਨਾਮ ਲਹਿਣਾ ਸੀ, ਦਾ ਜਨਮ 31 ਮਾਰਚ, 1504 (ਵਿਸਾਖ ਵਦੀ 1, ਸੰਮਤ 1561 ਬਿਕਰਮੀ) ਨੂੰ ਭਾਈ ਫੇਰੂ ਜੀ ਅਤੇ ਮਾਤਾ ਸਭਰਾਈ (ਜਿਨ੍ਹਾਂ ਦੇ ਕਈ ਨਾਮ ਲਏ ਜਾਂਦੇ ਹਨ) ਦੇ ਘਰ ਮੁਕਤਸਰ ਦੇ ਨੇੜੇ ਮੱਤੇ ਦੀ ਸਰਾਇ, ਜਿਸ ਨੂੰ ਅੱਜ ਕੱਲ੍ਹ ਸਰਾਇ ਨਾਂਗਾ ਕਿਹਾ ਜਾਂਦਾ ਹੈ ਅਤੇ ਹੁਣ ਫਰੀਦਕੋਟ ਜ਼ਿਲ੍ਹੇ ਵਿਚ ਹੈ, ਵਿਖੇ ਹੋਇਆ। ਭਾਈ ਫੇਰੂ ਜੀ ਛੋਟੇ ਵਪਾਰੀ ਸਨ। ਭਾਈ ਲਹਿਣਾ ਜੀ ਦਾ ਵਿਆਹ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸੰਘਰ ਨੇੜੇ ਖਡੂਰ ਦੇ ਦੇਵੀ ਚੰਦ ਦੀ ਪੁੱਤਰੀ ਖੀਵੀ ਜੀ ਨਾਲ ਜਨਵਰੀ 1520 ਵਿਚ ਹੋਇਆ ਅਤੇ ਉਨ੍ਹਾਂ ਦੇ ਘਰ ਦੋ ਪੁੱਤਰ ਦਾਸੂ ਅਤੇ ਦਾਤੂ, ਅਤੇ ਇੱਕ ਪੁੱਤਰੀ ਬੀਬੀ ਅਮਰੋ ਹੋਏ।

ਪੁਰਾਤਨ ਜਨਮ ਸਾਖੀ ਅਤੇ ਹੋਰ ਗੌਣ ਸਰੋਤਾਂ ਵਿਚ ਮਿਲਦੇ ਕੁੱਝ ਵੇਰਵਿਆਂ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਇਕ ਸਿੱਖ ਹਰ ਰੋਜ਼ ਉਨ੍ਹਾਂ ਦੀ ਬਾਣੀ ਉਚਾਰਦਾ ਹੁੰਦਾ ਸੀ। ਇਕ ਦਿਨ ਉਸ ਤੋਂ ਬਾਣੀ ਕੰਨਾਂ ਵਿਚ ਪਈ ਤਾਂ ਭਾਈ ਲਹਿਣਾ ਜੀ ਨੇ ਉਸ ਸਿੱਖ ਤੋਂ ਪੁੱਛਿਆ ਕਿ ਇਹ ਰਚਨਾ ਕਿਸ ਦੀ ਹੈ? ਉਸ ਤੋਂ ਇਹ ਸੁਣ ਕੇ ਕਿ ਇਹ ਗੁਰੂ ਨਾਨਕ ਦੀ ਬਾਣੀ ਹੈ, ਉਹ ਗੁਰੂ



**ਡਾ. ਗੁਰਨਾਮ ਕੌਰ, ਕੈਨੇਡਾ**
**ਪ੍ਰੋਫੈਸਰ (ਸੇਵਾਮੁਕਤ)**
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ

ਨਾਨਕ ਦੇ ਸ਼ਰਧਾਲੂ ਬਣ ਗਏ। ਗੁਰੂ ਨਾਨਕ ਸਾਹਿਬ ਦੇ ਜੋਤਿ ਪ੍ਰਕਾਸ਼ਨ ਤੋਂ ਪਹਿਲਾਂ ਪੰਜਾਬ ਵਿਚ ਆਮ ਤੌਰ 'ਤੇ ਲੋਕ ਦੇਵੀ-ਪੂਜਕ ਸਨ ਅਤੇ ਦੇਵੀਆਂ ਦੇ ਬਹੁਤੇ ਪੂਜਾ-ਸਥਾਨ ਸਾਨੂੰ ਪੁਰਾਤਨ ਪੰਜਾਬ ਵਿਚ ਹੀ ਮਿਲਦੇ ਹਨ। ਗੁਰੂ ਅੰਗਦ ਦੇਵ ਅਤੇ ਗੁਰੂ ਅਮਰਦਾਸ ਬਾਰੇ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਥਾਪਤ ਕੀਤੀ ਵਿਚਾਰਧਾਰਾ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਉਹ ਦੇਵੀ-ਪੂਜਕ ਸਨ। ਕੁਦਰਤੀ ਹੈ ਕਿ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਸਿੱਖ ਤੋਂ ਬਾਣੀ ਸੁਣਨ ਉਪਰੰਤ ਭਾਈ ਲਹਿਣਾ ਜੀ ਦੇ ਮਨ ਵਿਚ ਗੁਰੂ ਦੇ ਦਰਸ਼ਨ ਕਰਨ ਦੀ ਤਾਂਘ ਜਾਗੀ ਹੋਵੇਗੀ ਅਤੇ ਉਹ ਕਰਤਾਰਪੁਰ ਵਿਖੇ ਗੁਰੂ ਦਰਸ਼ਨਾਂ ਲਈ ਆਏ ਅਤੇ ਗੁਰੂ ਨਾਨਕ ਸਾਹਿਬ ਦੇ ਚਰਨਾਂ ਵਿਚ ਰਹਿ ਕੇ ਤਨੋਂ-ਮਨੋਂ ਕਰਤਾਰਪੁਰ ਵਿਖੇ ਸੇਵਾ ਕਰਨ ਲੱਗੇ। ਉਹ ਮਨ ਦੇ ਪੂਰੇ ਸਮਰਪਣ ਨਾਲ ਨਾਮ ਸਿਮਰਨ, ਸੇਵਾ ਅਤੇ ਸ਼ਬਦ/ਬਾਣੀ ਨਾਲ ਜੁੜ ਗਏ, ਜਿਸ ਵਿਚ ਖੇਤਾਂ ਵਿਚ ਕਿਰਤ ਕਮਾਈ ਕਰਨ ਤੋਂ ਲੈ ਕੇ ਲੰਗਰ ਆਦਿ ਹਰ ਤਰ੍ਹਾਂ ਦੀ ਸੇਵਾ ਕਰਨਾ ਸ਼ਾਮਲ ਹੈ।

ਭਾਈ ਲਹਿਣਾ ਜੀ ਨੇ ਆਪਣੇ ਆਪ ਨੂੰ ਪੂਰੀ ਲਗਨ ਨਾਲ ਗੁਰੂ ਦੀ ਸੇਵਾ ਵਿਚ ਲਗਾ ਦਿੱਤਾ ਅਤੇ ਗੁਰੂ ਨਾਨਕ ਨੇ ਉਨ੍ਹਾਂ ਨੂੰ ਲਹਿਣੇ ਤੋਂ ਅੰਗਦ ਅਰਥਾਤ 'ਆਪਣਾ ਅੰਗ' ਬਣਾ ਦਿੱਤਾ। ਗੁਰੂ ਨਾਨਕ ਸਾਹਿਬ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਆਪਣਾ ਵਾਰਸ ਥਾਪਣ ਲਈ ਗੁਰਗੱਦੀ ਆਪਣੇ ਜੀਵਨ ਸਮੇਂ ਵਿਚ ਹੀ ਦੇਣ ਦਾ ਫੈਸਲਾ ਕੀਤਾ ਜਿਸ ਦਾ ਪੈਮਾਨਾ ਯੋਗਤਾ ਨੂੰ ਰੱਖਿਆ; ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਰਾਗੁ ਮਾਰੂ ਵਿਚ ਦੱਸਿਆ ਹੈ ਕਿ ਉਸ ਤਖਤ ਉਤੇ ਉਹੀ ਬੈਠਦਾ ਹੈ ਜੋ ਉਸ ਤਖਤ ਦੇ ਲਾਇਕ ਹੁੰਦਾ ਹੈ, ਉਹ ਦਾਸ ਜਿਸ ਦੇ ਕਾਮ, ਕ੍ਰੋਧ ਆਦਿ ਪੰਜ ਦੋਸ਼ ਮੁੱਕ ਗਏ ਹੁੰਦੇ ਹਨ ਅਤੇ ਜਿਸ ਨੇ ਗੁਰੂ ਦੀ ਮਤਿ ਅਨੁਸਾਰ ਚੱਲਦਿਆਂ ਸ਼ੱਕ ਅਤੇ ਭਰਮ ਦੂਰ ਕੀਤਾ ਹੁੰਦਾ ਹੈ:

ਤਖਤਿ ਬਹੈ ਤਖਤੈ ਕੀ ਲਾਇਕ॥
ਪੰਚ ਸਮਾਏ ਗੁਰਮਤਿ ਪਾਇਕ॥
ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ॥(ਪੰ.1039)

ਹਰ ਤਰ੍ਹਾਂ ਦੀ ਨਿਰਖ-ਪਰਖ ਤੋਂ ਬਾਅਦ ਕਸਵੱਟੀ 'ਤੇ ਪੂਰਾ ਉਤਰਨ ਉਪਰੰਤ ਗੁਰੂ ਨਾਨਕ ਸਾਹਿਬ ਨੇ ਗੁਰਗੱਦੀ ਦੇ ਵਾਰਸ ਹੋਣ ਦੀ ਚੋਣ ਭਾਈ ਲਹਿਣਾ ਜੀ ਦੀ ਕੀਤੀ। ਸਤਾ ਅਤੇ ਬਲਵੰਡ ਨੇ ਰਾਮਕਲੀ ਰਾਗੁ ਵਿਚ ਰਚੀ ਆਪਣੀ ਵਾਰ ਵਿਚ ਭਾਈ ਲਹਿਣਾ ਜੀ ਦੇ ਗੁਰੂ ਅੰਗਦ ਦੇਵ ਦੇ ਸਰੂਪ ਵਿਚ ਨਾਨਕ ਜੋਤਿ ਦੇ ਅਗਲੇ ਵਾਰਸ ਬਣ ਕੇ ਗੁਰਗੱਦੀ 'ਤੇ ਬਿਰਾਜਮਾਨ ਹੋਣ ਦਾ ਵਰਣਨ ਕੀਤਾ ਹੈ ਕਿ ਕਰਤਾ ਪੁਰਖ ਜਿਸ ਨੂੰ ਆਪ ਵਡਿਆਈ ਬਖਸ਼ਿਸ਼ ਕਰੇ ਫਿਰ ਉਸ ਨੂੰ ਕਿਸੇ ਹੋਰ ਮਾਪ-ਤੋਲ ਦੀ ਜ਼ਰੂਰਤ ਨਹੀਂ ਰਹਿੰਦੀ। ਭਾਈ ਲਹਿਣਾ ਵਿਚ ਉਹ ਸਾਰੇ ਰੱਬੀ ਗੁਣ ਕੁਦਰਤੀ ਹੀ ਮੌਜੂਦ ਸਨ ਜਿਨ੍ਹਾਂ ਨਾਲ ਉਚੀ ਅਵਸਥਾ ਅਤੇ ਅਧਿਆਤਮਕ ਬੁਲੰਦੀਆਂ ਨੂੰ ਛੂਹਣ ਦੀ ਬਖਸ਼ਿਸ਼ ਦੇ ਭਾਗੀਦਾਰ ਬਣ ਸਕੀਦਾ ਹੈ। ਗੁਰੂ ਨਾਨਕ ਸਹਿਬ ਨੇ ਉਨ੍ਹਾਂ ਗੁਣਾਂ ਦੀ ਪਛਾਣ ਕੀਤੀ ਅਤੇ ਅਕਾਲ ਪੁਰਖ ਦੀ ਬਖਸ਼ਿਸ਼ ਕੀਤੀ ਮਤਿ ਅਤੇ ਬਲ ਦੇ ਜ਼ੋਰ ਨਾਲ ਭਾਈ ਲਹਿਣਾ ਨੂੰ ਆਤਮਕ ਜ਼ਿੰਦਗੀ ਬਖਸ਼ਿਸ਼ ਕਰ ਕੇ ਉਨ੍ਹਾਂ ਦੇ ਸਿਰ ਉਤੇ ਗੁਰਿਆਈ ਦਾ ਤਾਜ ਰੱਖਿਆ:

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ॥
……
ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥
ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ॥

ਗੁਰੂ ਨਾਨਕ ਸਾਹਿਬ ਨੇ ਪੱਕੀ ਨੀਂਹ ਰੱਖ ਕੇ ਜੋ ਕਿਲਾ ਬਣਾਇਆ ਸੀ ਅਤੇ ਧਰਮ ਦਾ ਰਾਜ ਚਲਾਇਆ ਉਸ ਦੇ ਵਾਰਸ ਆਪਣੇ ਜੀਵਨ ਸਮੇਂ ਵਿਚ ਹੀ ਆਪਣੇ ਸਿੱਖ ਭਾਈ ਲਹਿਣਾ ਜੀ ਨੂੰ ਬਣਾਇਆ, ਉਨ੍ਹਾਂ ਅੱਗੇ ਮੱਥਾ ਟੇਕਿਆ ਅਤੇ ਗੁਰਿਆਈ ਦਾ ਤਿਲਕ ਉਨ੍ਹਾਂ ਦੇ ਮੱਥੇ 'ਤੇ ਲਾਇਆ:

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥
ਸਹਿ ਟਿਕਾ ਦਿਤੋਸੁ ਜੀਵਦੈ॥1॥



ਇਸ ਤਰ੍ਹਾਂ ਬਾਬਾ ਫੇਰੂ ਜੀ ਦੇ ਪੁੱਤਰ ਭਾਵ ਗੁਰੂ ਅੰਗਦ ਜੀ ਨੇ ਆ ਕੇ ਖਡੂਰ ਵਿਚ ਵਾਸਾ ਕੀਤਾ ਅਰਥਾਤ ਗੁਰੂ ਨਾਨਕ ਦੀ ਆਗਿਆ ਦਾ ਪਾਲਣ ਕਰਦੇ ਹੋਏ ਉਹ ਕਰਤਾਰਪੁਰ ਛੱਡ ਕੇ ਖਡੂਰ ਵਿਖੇ ਆ ਗਏ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥

ਗੁਰੂ ਨਾਨਕ ਦੇਵ ਜੀ ਦੀ ਵਡਿਆਈ ਦੀ ਧੁੰਮ ਚਾਰੇ ਪਾਸੇ ਫੈਲ ਗਈ। ਗੁਰੂ ਅੰਗਦ ਦੇਵ ਵਿਚ ਗੁਰੂ ਜੋਤਿ ਵੀ ਉਹੀ ਹੈ ਅਤੇ ਗੁਰੂ ਜੁਗਤਿ ਵੀ ਉਹੀ ਹੈ, ਸਿਰਫ ਸਰੀਰ ਬਦਲਿਆ ਹੈ। ਗੁਰਤਾ ਦੀ ਇਸ ਜ਼ਿੰਮੇਵਾਰੀ ਨੂੰ ਨਿਭਾਉਣਾ ਕੋਈ ਸੌਖਾ ਕੰਮ ਨਹੀਂ ਹੈ, ਇਹ ਯੋਗ ਦੀ ਅਲੂਣੀ ਸਿਲ ਚੱਟਣ ਵਾਂਗ ਬਹੁਤ ਮੁਸ਼ਕਲ ਕੰਮ ਹੈ। ਗੁਰੂ ਅੰਗਦ ਦੇ ਸਰੂਪ ਵਿਚ ਭਾਈ ਲਹਿਣਾ ਜੀ ਤਖਤ ਉਤੇ ਬੈਠੇ ਹਨ ਅਤੇ ਉਨ੍ਹਾਂ ਦੇ ਸਿਰ ਉਤੇ ਰੱਬੀ ਛੱਤਰੀ ਝੂਲ ਰਹੀ ਹੈ ਤਾਂ ਉਹ ਗੁਰੂ ਦੇ ਇਸ ਕਾਰਜ ਨੂੰ ਬਾਖੂਬੀ ਨਿਭਾਅ ਰਹੇ ਹਨ। ਗੁਰੂ ਅੰਗਦ ਸਾਹਿਬ ਨੇ ਸ਼ਬਦ ਦਾ ਲੰਗਰ ਚਲਾਇਆ ਹੈ, ਅਕਾਲ ਪੁਰਖ ਦੀ ਦਿੱਤੀ ਹੋਈ ਨਾਮ ਦੀ, ਸ਼ਬਦ ਦੀ, ਬਾਣੀ ਦੀ ਦਾਤ ਨੂੰ ਵੰਡ ਰਹੇ ਹਨ ਅਤੇ ਪਰਮਾਤਮਾ ਦੀ ਸਿਫ਼ਤਿ ਦਾ ਗਾਇਨ ਹੋ ਰਿਹਾ ਹੈ, ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਹੈ ਜਿਸ ਨਾਲ ਸੰਗਤਾਂ ਨਿਹਾਲ ਹੋ ਰਹੀਆ ਹਨ:

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥
…….
ਲੰਗਰਿ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥

ਭਾਈ ਲਹਿਣਾ ਜੀ ਨੂੰ ਗੁਰੂ ਨਾਨਕ ਸਾਹਿਬ ਨੇ ਜੋ ਵੀ ਹੁਕਮ ਕੀਤਾ ਉਨ੍ਹਾਂ ਨੇ ਪੂਰੇ ਮਨ ਨਾਲ ਉਸ ਦੀ ਪਾਲਣਾ ਕੀਤੀ ਅਤੇ ਸੱਚ ਕਰਕੇ ਉਨ੍ਹਾਂ ਬੋਲਾਂ ਨੂੰ ਪੂਰਾ ਕੀਤਾ; ਪ੍ਰੰਤੂ ਇਸ ਦੇ ਉਲਟ ਪੁੱਤਰਾਂ ਨੇ ਆਗਿਆ ਦਾ ਪਾਲਣ ਨਹੀਂ ਕੀਤਾ, ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਗੁਰੂ ਵੱਲ ਪਿੱਠ ਮੋੜ ਕੇ ਹਰ ਬਚਨ ਤੋਂ ਇਨਕਾਰ ਕਰਦੇ ਰਹੇ। ਜਿਨ੍ਹਾਂ ਦੇ ਮਨ ਵਿਚ ਖੋਟ ਹੁੰਦੀ ਹੈ ਉਹ ਗੁਰੂ ਤੋਂ ਆਕੀ ਹੋਏ ਫਿਰਦੇ ਹਨ ਅਤੇ ਦੁਨੀਆਦਾਰੀ ਦੀ ਛੱਟ ਦਾ ਭਾਰ ਢੋਂਦੇ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਨੇ ਆਪ ਹੀ ਗੁਰੂ ਅੰਗਦ ਦੇਵ ਜੀ ਨੂੰ ਸਮਰੱਥਾ ਬਖਸ਼ਿਸ਼ ਕੀਤੀ:

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥
ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹਿ ਭਾਰੁ ਉਚਾਇਨ੍ਹਿ ਛਟੀਐ॥

ਇਹ ਇਤਿਹਾਸਕ ਤੱਥ ਹੈ ਕਿ ਸ਼ਬਦ ਦੇ ਲੰਗਰ ਰਾਹੀਂ ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਹੀ ਨਹੀਂ ਕੀਤਾ ਬਲਕਿ ਉਨ੍ਹਾਂ ਨੇ ਲਿੱਪੀ ਨੂੰ ਸੋਧ ਕੇ ਅਤੇ ਤਰਤੀਬ ਦੇ ਕੇ ਪੈਂਤੀ ਅੱਖਰੀ ਦੇ ਰੂਪ ਵਿਚ ਸਾਨੂੰ ਗੁਰਮੁਖੀ ਲਿੱਪੀ ਦਿੱਤੀ, ਆਪ ਕੈਦੇ ਲਿਖੇ ਅਤੇ ਲਿਖਵਾਏ, ਸਿੱਖਾਂ ਨੂੰ ਗੁਰਮੁਖੀ ਅੱਖਰਾਂ ਦੀ ਪੜ੍ਹਾਈ-ਲਿਖਾਈ ਸਿੱਖਣ ਵੱਲ ਲਾਇਆ ਅਤੇ ਬਾਣੀ ਦੇ ਉਤਾਰੇ ਕਰਵਾਏ ਤਾਂ ਕਿ ਵੱਧ ਤੋਂ ਵੱਧ ਸੰਗਤਾਂ ਵਿਚ ਬਾਣੀ ਦਾ ਪ੍ਰਚਾਰ ਅਤੇ ਪਸਾਰ ਕੀਤਾ ਜਾ ਸਕੇ। ਸ਼ਾਮ ਦੇ ਸਮੇਂ ਬੱਚਿਆਂ ਨੂੰ ਉਹ ਆਪ ਪੜ੍ਹਾਉਂਦੇ। ਚੰਗੀ ਸਿਹਤ ਲਈ ਪ੍ਰੇਰਕ ਖੇਡਾਂ ਜਿਵੇਂ ਕੁਸ਼ਤੀ ਆਦਿ ਲਈ ਅਖਾੜਾ ਬਣਾਇਆ ਅਤੇ ਸਰੀਰਕ ਕਸਰਤ ਦੀ ਪ੍ਰੇਰਨਾ ਕੀਤੀ ਕਿਉਂਕਿ ਆਤਮਕ ਅਤੇ ਮਾਨਸਿਕ ਸਿਹਤ ਦੇ ਨਾਲ ਨਾਲ ਸਰੀਰਕ ਤੌਰ 'ਤੇ ਸਿਹਤਮੰਦ ਹੋਣਾ ਵੀ ਜ਼ਰੂਰੀ ਹੈ ਤਾਂ ਕਿ ਕਿਰਤ, ਸੇਵਾ ਅਤੇ ਨਾਮ ਦੀ ਕਮਾਈ ਨਿਰਵਿਘਨ ਕੀਤੀ ਜਾ ਸਕੇ। ਅਕਾਲ ਪੁਰਖ ਵੱਲੋਂ ਬਖਸ਼ਿਸ਼ ਹੋਈ ਨਾਮ ਦੀ ਦਾਤ ਨੂੰ ਗੁਰੂ ਅੰਗਦ ਦੇਵ ਖੂਬ ਵੰਡ ਰਹੇ ਹਨ, ਗੁਰੂ ਸ਼ਬਦ ਰਾਹੀਂ ਨਾਮ ਦਾ ਲੰਗਰ ਚੱਲ ਰਿਹਾ ਹੈ, ਜਿਸ ਵਿਚ ਕੋਈ ਤੋਟ ਨਹੀਂ ਆ ਰਹੀ। ਸੈਂਕੜੇ ਸਿੱਖਾਂ ਵਾਲੇ ਗੁਰੂ ਨਾਨਕ ਦੇਵ ਸਰੀਰ ਵਟਾ ਕੇ ਗੁਰੂ ਅੰਗਦ ਦੇਵ ਦੇ ਰੂਪ ਵਿਚ ਗੱਦੀ 'ਤੇ ਬਿਰਾਜਮਾਨ ਹੋ ਕੇ ਸਾਰਾ ਕਾਰਜ ਕਰ ਰਹੇ ਹਨ। ਸ਼ਬਦ ਅਤੇ ਨਾਮ ਰਾਹੀਂ ਮਨੁੱਖ ਦੀ ਅਧਿਆਤਮਕ ਜਗਿਆਸਾ ਅਤੇ ਆਤਮਿਕ ਭੁੱਖ ਦੀ ਸੰਤੁਸ਼ਟੀ ਹੁੰਦੀ ਹੈ ਪ੍ਰੰਤੂ ਪੇਟ ਦੀ ਭੁੱਖ ਨੂੰ ਸਾਰਥਕ ਲਈ ਭੋਜਨ ਦੀ ਜ਼ਰੂਰਤ ਹੁੰਦੀ ਹੈ ਜਿਸ ਨੂੰ ਧਿਆਨ ਵਿਚ ਰੱਖ ਕੇ ਗੁਰੂ ਨਾਨਕ ਸਾਹਿਬ ਨੇ ਮਨੁੱਖੀ ਬਰਾਬਰੀ ਅਤੇ ਸਾਂਝ ਦੀ ਪ੍ਰਤੀਕ ਲੰਗਰ ਦੀ ਸੰਸਥਾ ਦਾ ਅਰੰਭ ਕਰਤਾਰਪੁਰ ਵਿਚ ਕੀਤਾ। ਖਡੂਰ ਸਾਹਿਬ ਵਿਖੇ ਜਿੱਥੇ ਇਕ ਪਾਸੇ ਗੁਰੂ ਅੰਗਦ ਦੇਵ ਸ਼ਬਦ ਦਾ ਲੰਗਰ ਚਲਾ ਰਹੇ ਹਨ ਉਥੇ ਹੀ ਉਨ੍ਹਾਂ ਦੀ ਧਰਮ-ਪਤਨੀ ਮਾਤਾ ਖੀਵੀ ਜੀ ਸੰਗਤਿ ਵਾਸਤੇ ਭੋਜਨ ਦਾ ਲੰਗਰ ਚਲਾ ਰਹੇ ਹਨ ਜਿਸ ਦਾ ਸਾਰਾ ਪ੍ਰਬੰਧ ਮਾਤਾ ਖੀਵੀ ਜੀ ਦੀ ਸੁਚੱਜੀ ਸੇਵਾ-ਸੰਭਾਲ ਵਿਚ ਬਾਖੂਬੀ ਚੱਲ ਰਿਹਾ ਹੈ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥

ਮਾਤਾ ਖੀਵੀ ਜੀ ਬਹੁਤ ਨੇਕ ਇਨਸਾਨ ਹਨ ਜਿਨ੍ਹਾਂ ਦੀ ਸੰਗਤਿ ਉਤੇ ਛਾਂ ਬੜੀ ਸੰਘਣੀ ਹੈ। ਮਾਤਾ ਖੀਵੀ ਜੀ ਦੇ ਲੰਗਰਾਂ ਵਿਚ ਉਨ੍ਹਾਂ ਦੀ ਸੇਵਾ ਭਾਵਨਾ ਸਦਕਾ ਸੰਗਤਿ ਨੂੰ ਘਿਉ ਵਾਲੀ ਖੀਰ ਦਾ ਸਵਾਦੀ ਲੰਗਰ ਛਕਾਇਆ ਜਾ ਰਿਹਾ ਹੈ। ਮਾਤਾ ਖੀਵੀ ਜੀ ਦਾ ਪਤੀ ਅਜਿਹਾ ਹੈ ਜਿਸ ਨੇ ਧਰਤੀ ਦਾ ਭਾਰ ਚੁੱਕ ਲਿਆ ਹੋਇਆ ਸੀ ਅਤੇ ਜਿਸ ਨੇ ਮਰਦਾਂ ਵਾਲੀ ਘਾਲ-ਕਮਾਈ ਕੀਤੀ ਤਾਂ ਗੁਰੂ ਨਾਨਕ ਸਾਹਿਬ ਦੇ ਦਰ 'ਤੇ ਕਬੂਲ ਹੋਏ। ਗੁਰੂ ਨਾਨਕ ਦੀ ਜੋਤਿ ਗੁਰੂ ਅੰਗਦ ਵਿਚ ਸਮਾ ਗਈ ਹੈ। ਗੁਰੂ ਸਿਧਾਂਤ ਵੀ ਉਹੀ ਹਨ, ਗੁਰੂ ਜੁਗਤਿ ਵੀ ਓਹੀ ਹੈ, ਉਹ ਹੀ ਰੱਬੀ ਜੋਤਿ ਜਗ ਰਹੀ, ਸਿਰਫ ਕਾਇਆ ਬਦਲੀ ਹੈ, ਸਰੀਰ ਬਦਲਿਆ ਹੈ। ਜਿੱਥੇ ਗੁਰੂ ਨਾਨਕ ਦੇ ਨਾਮ ਦੀ ਵਡਿਆਈ ਸਾਰੇ ਪਾਸੇ ਫੈਲ ਰਹੀ ਸੀ ਹੁਣ ਨਾਲ ਹੀ ਗੁਰੂ ਅੰਗਦ ਦੇਵ ਦੇ ਨਾਮ ਦਾ ਐਲਾਨ ਹੋ ਗਿਆ ਹੈ। ਗੁਰੂ ਦੀ ਸੰਗਤਿ ਦਾ ਫੈਲਾਉ ਦੂਰ ਦੂਰ ਤੱਕ ਹੋ ਗਿਆ ਹੈ:

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ॥
ਨਾਨਕ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ॥

ਗੁਰੂ ਨਾਨਕ ਦੇ ਦਰ 'ਤੇ ਗੁਰੂ ਅੰਗਦ ਇਸ ਲਈ ਕਬੂਲ ਹੋਏ ਕਿਉਂਕਿ ਉਨ੍ਹਾਂ ਨੇ ਮਰਦਾਂ ਵਾਲੀ ਘਾਲ ਘਾਲੀ ਸੀ। ਆਮ ਲੋਕਾਈ ਨੇ ਇਸ ਨੂੰ "ਹੋਰਿਓਂ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨਿ॥" ਭਾਵ ਉਲਟੀ ਗੰਗਾ ਵਹਾਉਣਾ ਕਿਹਾ ਕਿਉਂਕਿ ਗੁਰੂ ਨਾਨਕ ਨੇ ਆਪਣੇ ਚੇਲੇ ਭਾਈ ਲਹਿਣਾ ਜੀ ਨੂੰ ਗੁਰਗੱਦੀ ਦਿੱਤੀ ਪ੍ਰੰਤੂ ਇਹ ਗੁਰਗੱਦੀ ਭਾਈ ਲਹਿਣਾ ਜੀ ਨੂੰ ਪਰਖ ਕੇ ਹੀ ਦਿੱਤੀ ਗਈ, ਚੰਗੀ ਤਰ੍ਹਾਂ ਪੜਤਾਲ ਕਰ ਕੇ ਦਿੱਤੀ ਗਈ। ਜਦੋਂ ਲਹਿਣਾ ਪਰਖਿਆ ਗਿਆ, ਸੋਧਿਆ ਗਿਆ ਤਾਂ ਗੁਰੂ ਨਾਨਕ ਨੇ ਆਪਣੀ ਜੋਤਿ ਨੂੰ ਭਾਈ ਲਹਿਣਾ ਦੀ ਜੋਤਿ ਵਿਚ ਮਿਲਾ ਲਿਆ, ਆਪਣੇ ਨਾਲ ਇਕਮਿਕ ਕਰ ਲਿਆ:

ਲਹਣੇ ਧਰਿਓਨੁ ਛਤੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ॥4॥

ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ ਗੁਰੂ ਅਤੇ ਗੁਰਮਤਿ ਸਿਧਾਂਤਾਂ ਦਾ ਮੌਲਿਕ, ਮੁੱਢਲਾ ਸ੍ਰੋਤ ਹੈ। ਗੌਣ ਜਾਂ ਸੈਕੰਡਰੀ ਸੋਮਿਆਂ ਵਿਚ ਭਾਈ ਗੁਰਦਾਸ ਦੀਆ ਰਚਨਾਵਾਂ ਸਭ ਤੋਂ ਮਹੱਤਵਪੂਰਨ ਹਨ, ਖਾਸ ਕਰਕੇ ਉਨ੍ਹਾਂ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਗੁਰਦਾਸ ਨੂੰ ਨਾ ਸਿਰਫ਼ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਅਤੇ ਗੁਰੂ ਹਰਗੋਬਿੰਦ ਸਾਹਿਬ ਦੀ ਸੰਗਤਿ ਮਾਣਨ ਦਾ ਅਵਸਰ ਪ੍ਰਾਪਤ ਹੋਇਆ, ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਦੇ ਲਿਖਾਰੀ ਹੋਣ ਦਾ ਮਾਣ ਵੀ ਪ੍ਰਾਪਤ ਹੈ। 'ਜੋਤਿ ਓਹਾ ਜੁਗਤਿ ਸਾਇ' ਦੇ ਸਿਧਾਂਤ ਦੀ ਪ੍ਰੋੜਤਾ ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਕੀਤੀ ਹੈ। ਭਾਈ ਗੁਰਦਾਸ ਗੁਰੂ ਨਾਨਕ ਸਾਹਿਬ ਵੱਲੋਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਆ ਕੇ ਨਿਵਾਸ ਕਰਨ ਬਾਰੇ ਲਿਖਦੇ ਹਨ ਕਿ ਬਾਬੇ ਨੇ ਉਦਾਸੀਆਂ ਦਾ ਭੇਖ ਉਤਾਰ ਕੇ ਸੰਸਾਰੀ ਕੱਪੜੇ ਧਾਰਨ ਕਰ ਲਏ ਅਤੇ ਮੰਜੀ 'ਤੇ ਬੈਠ ਕੇ ਸੰਗਤਾਂ ਨੂੰ ਉਪਦੇਸ਼ ਕਰਨ ਲੱਗੇ। ਬਾਬੇ ਨੇ ਆਪਣੇ ਸਿੱਖ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇ ਕੇ ਉਲਟੀ ਗੰਗਾ ਵਹਾ ਦਿੱਤੀ ਭਾਵ ਚੇਲੇ ਨੂੰ ਗੁਰੂ ਬਣਾਇਆ। ਬਾਬੇ ਦੇ ਪੁੱਤਰਾਂ ਨੇ ਬਚਨਾਂ ਦੀ ਪਾਲਣਾ ਨਹੀਂ ਕੀਤੀ ਕਿਉਂਕਿ ਉਨ੍ਹਾਂ ਦੇ ਮਨ ਵਿਚ ਖੋਟ ਸੀ ਅਤੇ ਉਹ ਗੁਰੂ ਦੇ ਵਚਨ ਤੋਂ ਆਕੀ ਹੋ ਕੇ ਚੱਲ ਰਹੇ ਸੀ:

ਫਿਰ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।

ਅੱਗੇ ਫਿਰ ਜ਼ਿਕਰ ਕੀਤਾ ਹੈ ਕਿ ਮੁਲਤਾਨ ਦੀ ਯਾਤਰਾ ਕਰਨ ਤੋਂ ਬਾਅਦ ਗੁਰੂ ਨਾਨਕ ਕਰਤਾਰਪੁਰ ਆਏ ਅਤੇ ਆਪਣੇ ਜੀਵਨ ਸਮੇਂ ਵਿਚ ਹੀ ਭਾਈ ਲਹਿਣੇ ਦੇ ਸਿਰ 'ਤੇ ਗੁਰਿਆਈ ਦਾ ਛੱਤ੍ਰ ਰੱਖਿਆ, ਆਪਣੀ ਗੁਰੂ ਜੋਤਿ ਗੁਰੂ ਅੰਗਦ ਨਾਲ ਮਿਲਾ ਕੇ ਅਤੇ ਰੂਪ ਵਟਾ ਕੇ ਗੁਰੂ ਅੰਗਦ ਬਣ ਗਏ। ਇਸ ਦਾ ਭਾਵ ਹੈ ਕਿ ਗੁਰੂ ਜੋਤਿ ਅਤੇ ਗੁਰੂ ਜੁਗਤਿ ਉਹੀ ਹੈ ਸਿਰਫ ਸਰੀਰਕ ਰੂਪ ਬਦਲਿਆ ਹੈ:

ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿ ਪੁਰੇ ਨੋ ਆਇਆ।
ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗ ਨਾਨਕ ਨਾਮੁ ਧਿਆਇਆ।
ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾਂ ਦੇ ਦੁਖ ਸਬਾਇਆ।
ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
ਕਾਇਆ ਪਲਟਿ ਸਰੂਪੁ ਬਣਾਇਆ॥45॥

24ਵੀਂ ਵਾਰ ਵਿਚ ਇਸੇ ਸਿਧਾਂਤ ਗੁਰੂ ਤੋਂ ਚੇਲਾ, ਚੇਲੇ ਤੋਂ ਗੁਰੂ ਅਤੇ ਜੋਤਿ ਤੋਂ ਜੋਤਿ ਜਗਣ ਦੀ ਗੱਲ ਕਰਦੇ ਹੋਏ ਭਾਈ ਗੁਰਦਾਸ ਨੇ ਅੰਗ ਤੋਂ ਅੰਗ ਉਪਜਣ, ਗੰਗ ਤੋਂ ਤਰੰਗ ਉਠਣ, ਗੁਰੂ ਤੋਂ ਚੇਲਾ ਚੇਲੇ ਤੋਂ ਗੁਰੂ, ਬਿਰਖ ਤੋਂ ਫਲ ਫਲ ਤੋਂ ਬਿਰਖ, ਪਿਉ ਤੋਂ ਪੁੱਤ ਅਤੇ ਪੁੱਤ ਤੋਂ ਪਿਉ ਬਣਨ ਦੀ ਉਦਾਹਰਣ ਦਿੰਦਿਆਂ ਗੁਰੂ ਅੰਗਦ ਨੂੰ ਬਾਬੇ ਦੇ ਰੂਪ ਵਿਚ ਆਉਣਾ ਦੱਸਿਆ ਹੈ, "ਬਾਬਾਣੇ ਗੁਰ ਅੰਗਦ ਆਇਆ॥" ਇਸੇ ਤਰ੍ਹਾਂ ਅੱਗੇ ਪਾਰਸ ਨੂੰ ਛੂਹ ਕੇ ਪਾਰਸ ਬਣਨ, ਗੁਰੂ ਉਪਦੇਸ਼ ਅਤੇ ਰਹਿਤ ਵਿਚ ਰਹਿ ਕੇ ਚੰਦਨ ਤੋਂ ਚੰਦਨ ਹੋਣ, ਜੋਤਿ ਦੇ ਜੋਤਿ ਵਿਚ ਸਮਾਉਣ ਦਾ ਵਰਣਨ ਕਰਦਿਆਂ ਸਤਿਸੰਗਤ ਵਿਚ ਚੱਲਣ ਨੂੰ ਗੁਰੂ ਨਾਨਕ ਦਾ ਗਾਡੀ ਰਾਹ ਫੁਰਮਾਇਆ ਹੈ ਅਤੇ ਭਾਈ ਲਹਿਣਾ ਜੀ ਦੀ ਵਡਿਆਈ ਬਾਬੇ ਦੇ ਘਰ ਚਾਨਣ ਹੋਣ ਵਿਚ ਕੀਤੀ ਹੈ, "ਬਾਬਾਣੈ ਘਰਿ ਚਾਨਣ ਲਹਣਾ॥" ਅੱਗੇ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਰਾਹੀਂ ਭਾਈ ਲਹਿਣਾ ਜੀ ਦੇ ਵਿਅਕਤੀਤਵ ਨੂੰ ਤਰਾਸ਼ਿਆ। ਭਾਈ ਲਹਿਣਾ ਜੀ ਨੇ ਆਪਣੇ ਅੰਦਰੋਂ ਆਪਾਭਾਵ ਦਾ ਤਿਆਗ ਕਰ ਕੇ ਪ੍ਰੇਮ ਅਤੇ ਨਿਰਮਲ ਭੈ ਵਾਲੀ ਭਗਤੀ ਦਾ ਮਾਰਗ ਅਪਣਾਇਆ। ਸਤਿ, ਸੰਤੋਖ, ਦਇਆ ਧਰਮ, ਅਰਥ ਅਤੇ ਵਿਚਾਰ ਦੇ ਸਹਿਜ ਮਾਰਗ 'ਤੇ ਚੱਲਦਿਆਂ ਕਾਮ, ਕ੍ਰੋਧ, ਵੈਰ-ਵਿਰੋਧ, ਲੋਭ, ਮੋਹ ਅਤੇ ਅਹੰਕਾਰ ਦਾ ਤਿਆਗ ਕੀਤਾ ਅਤੇ ਇਸ ਤਰ੍ਹਾਂ ਲਹਿਣਾ ਬਾਬੇ ਨਾਨਕ ਦੇ ਪੁੱਤ ਤੋਂ ਸਪੁੱਤ ਬਣਿਆ, "ਪੁਤੁ ਸਪੁਤੁ ਬਾਬਾਣੇ ਲਹਣਾ॥" ਭਾਈ ਲਹਿਣੇ ਨੂੰ ਗੁਰੂ ਨਾਨਕ ਨੇ ਆਪਣੇ ਸੀਨੇ ਨਾਲ ਲਾ ਕੇ ਅੰਗਦ ਬਣਾ ਲਿਆ ਉਸੇ ਤਰ੍ਹਾਂ ਜਿਵੇਂ ਅੰਮ੍ਰਿਤ ਦੇ ਬਿਰਛ ਨੂੰ ਅੰਮ੍ਰਿਤ ਫਲ ਲੱਗਦਾ ਹੈ, ਜੋਤਿ ਤੋਂ ਜੋਤਿ ਅਤੇ ਦੀਵੇ ਤੋਂ ਦੀਵਾ ਜਗਦਾ ਹੈ, ਹੀਰੇ ਨਾਲ ਹੀਰਾ ਬੇਧਿਆ ਜਾਂਦਾ ਹੈ, ਜਦੋਂ ਪਾਣੀ ਨਾਲ ਪਾਣੀ ਰਲ ਜਾਂਦਾ ਹੈ ਕੋਈ ਬੁੱਝ ਨਹੀਂ ਸਕਦਾ, ਸਚੁ ਅੰਦਰ ਸੱਚ ਢਲ ਜਾਂਦਾ ਹੈ ਤਾਂ ਸੱਚਾ ਅਤੇ ਸੱਚ ਦੋਵੇਂ ਸੁਭਾਇਮਾਨ ਹੁੰਦੇ ਹਨ। ਸੱਚ ਦਾ ਤਖਤ ਵੀ ਅਟਲ ਹੈ ਅਤੇ ਸੱਚੇ ਤਖਤ ਦਾ ਰਾਜ ਵੀ ਅਟਲ ਹੈ। ਗੁਰੂ ਨੇ ਸੱਚਾ ਸ਼ਬਦ ਸੌਂਪਿਆ ਅਤੇ ਸੱਚ ਦੀ ਟਕਸਾਲ ਵਿਚੋਂ ਸੱਚ ਦਾ ਸਿੱਕਾ ਚਲਾਇਆ ਗਿਆ।

ਇਸ ਸੰਖੇਪ ਵੇਰਵੇ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਭਾਈ ਲਹਿਣਾ ਜੀ ਦੇ ਸਤਿ, ਸੰਤੋਖ, ਦਇਆ, ਸੇਵਾ, ਪ੍ਰੇਮ, ਹਲੀਮੀ ਅਤੇ ਸਮਰਪਣ ਆਦਿ ਗੁਣਾਂ ਦੀ ਪਰਖ ਕਰ ਕੇ ਹੀ, ਆਪਣੇ ਪੁੱਤਰਾਂ ਨਾਲੋਂ ਗੁਰਗੱਦੀ ਦੇ ਯੋਗ ਸਮਝਦਿਆਂ, ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਹਾੜ੍ਹ ਵਦੀ 13, ਬਿਕ੍ਰਮੀ ਸੰਮਤ 1596/ 13 ਜੂਨ 1539 ਈਸਵੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ। ਗੁਰੂ ਨਾਨਕ ਸਾਹਿਬ ਜੋਤੀ ਜੋਤਿ ਅੱਸੂ ਵਦੀ 10, ਬਿਕ੍ਰਮੀ ਸੰਮਤ 1596/7 ਸਤੰਬਰ 1539 ਨੂੰ ਸਮਾਏ।

*(ਬਾਕੀ ਅਗਲੇ ਸਫੇ 'ਤੇ)*

# ਭਾਜਪਾ ਵੱਲ ਕਾਂਗਰਸੀ ਆਗੂਆਂ ਦੇ ਦੁੜੰਗੇ ਅਤੇ ਲੋਕ ਸਭਾ ਚੋਣਾਂ ਲਈ ਰਣਨੀਤੀ ਦੇ ਅਗੇਤੇ ਸੰਕੇਤ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਗੱਲ ਦਸ ਕੁ ਸਾਲ ਪੁਰਾਣੀ ਹੈ। ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਅਗਲੀ ਲੋਕ ਸਭਾ ਚੋਣ ਮੌਕੇ ਪ੍ਰਧਾਨ ਮੰਤਰੀ ਅਹੁਦੇ ਵਾਸਤੇ ਉਮੀਦਵਾਰ ਚੁਣਨਾ ਸੀ। ਇਸ ਵੱਡੀ ਪਦਵੀ ਲਈ ਇਕ ਵਾਰ ਵੱਡੇ ਦਾਅਵੇਦਾਰ ਵਜੋਂ ਭਾਜਪਾ ਦੇ ਪ੍ਰਧਾਨ ਲਾਲ ਕ੍ਰਿਸ਼ਨ ਅਡਵਾਨੀ ਦੀ ਅਗਵਾਨੀ ਹੇਠ ਚੋਣ ਲੜੀ ਗਈ ਤਾਂ ਗੱਲ ਨਹੀਂ ਸੀ ਬਣ ਸਕੀ। ਅਗਲੀ ਵਾਰੀ ਅਡਵਾਨੀ ਦੀ ਥਾਂ ਪਾਰਟੀ ਨਰਿੰਦਰ ਮੋਦੀ ਨੂੰ ਪੇਸ਼ ਕਰਨਾ ਚਾਹੁੰਦੀ ਸੀ, ਪਰ ਉਹਦੇ ਅੱਗੇ ਅੜਿੱਕਾ ਪੈਂਦਾ ਸੀ। ਫਿਰ ਵੱਡੇ





ਲੀਡਰਾਂ ਵਿਚ ਸਹਿਮਤੀ ਬਣ ਗਈ ਕਿ ਐਤਕੀਂ ਨਰਿੰਦਰ ਮੋਦੀ ਨੂੰ ਹੀ ਅੱਗੇ ਲਿਆਈਏ ਤਾਂ ਠੀਕ ਰਹੇਗਾ। ਪਾਰਟੀ ਨੇ ਇਸ ਕੰਮ ਲਈ ਜਦੋਂ ਕੇਂਦਰੀ ਕਮੇਟੀ ਦੀ ਉਚੇਚੀ ਮੀਟਿੰਗ ਸੱਦੀ ਤਾਂ ਨਾ ਚਾਹੁੰਦੀ ਵੀ ਸੁਸ਼ਮਾ ਸਵਰਾਜ ਓਥੇ ਜਾ ਪਹੁੰਚੀ, ਰਾਜਨਾਥ ਸਿੰਘ ਵੀ ਇਸ ਤਜਵੀਜ਼ ਨੂੰ ਮੰਨ ਗਿਆ, ਪਰ ਲਾਲ ਕ੍ਰਿਸ਼ਨ ਅਡਵਾਨੀ ਨੇ ਪੇਟ ਖਰਾਬ ਹੋਣ ਦੀ ਈ-ਮੇਲ ਭੇਜ ਕੇ ਉਸ ਮੀਟਿੰਗ ਤੋਂ ਕਿਨਾਰਾ ਕਰ ਲਿਆ। ਓਥੇ ਜੋ ਕੁਝ ਕਰਨਾ ਤੈਅ ਕੀਤਾ ਸੀ, ਓਸੇ ਤਰ੍ਹਾਂ ਹੋਇਆ ਅਤੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਵੱਖਰੀ ਦਿੱਖ ਪੇਸ਼ ਕਰ ਚੁੱਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਅਹੁਦੇ ਵਾਸਤੇ ਉਮੀਦਵਾਰ ਬਣਾਉਣ ਦਾ ਐਲਾਨ ਕਰ ਕੇ ਪਾਰਟੀ ਅੰਦਰਲੇ ਕੱਟੜਪੰਥੀਆਂ ਨੇ ਕਾਂਗਰਸ ਦੇ ਸਫਾਏ ਦਾ ਨਾਅਰਾ ਵੀ ਨਾਲ ਹੀ ਚੁੱਕ ਲਿਆ।

ਅਗਲੇ ਦਿਨ ਭਾਜਪਾ ਦੇ ਨਵੇਂ ਆਗੂ ਨਰਿੰਦਰ ਮੋਦੀ ਨੇ 'ਕਾਂਗਰਸ ਮੁਕਤ ਭਾਰਤ' ਬਣਾਉਣ ਨੂੰ ਪਾਰਲੀਮੈਂਟ ਚੋਣ ਦੀ ਮੁਹਿੰਮ ਦਾ ਮੁੱਖ ਨਾਅਰਾ ਬਣਾਉਣ ਦਾ ਸੰਕੇਤ ਦੇ ਦਿੱਤਾ ਤਾਂ ਓਸੇ ਦਿਨ ਹਰਿਆਣੇ ਦਾ ਇਕ ਵੱਡਾ ਕਾਂਗਰਸੀ ਲੀਡਰ ਦਲ-ਬਦਲੀ ਕਰ ਕੇ ਭਾਜਪਾ ਵਿਚ ਆਣ ਵੜਿਆ। ਅਗਲੇਰੇ ਦਿਨ ਦੂਰਦਰਸ਼ਨ ਪੰਜਾਬੀ ਦੇ ਸਵੇਰ ਦੇ ਸ਼ੋਅ ਵਿਚ ਪਹਿਲਾ ਸਵਾਲ ਮੈਥੋਂ ਇਹੀ ਪੁੱਛਿਆ ਗਿਆ ਕਿ ਨਰਿੰਦਰ ਮੋਦੀ ਦਾ ਕਾਂਗਰਸ-ਮੁਕਤ ਭਾਰਤ ਦਾ ਸੱਦਾ ਕਿੱਦਾਂ ਜਾਪਦਾ ਹੈ! ਅਸੀਂ ਹੱਸ ਕੇ ਕਿਹਾ ਕਿ ਤੁਸੀਂ ਵੇਖਦੇ ਰਹੋ, ਨਰਿੰਦਰ ਮੋਦੀ ਨੇ ਭਾਰਤ ਨੂੰ ਕਾਂਗਰਸ-ਮੁਕਤ ਕਰਨਾ ਸ਼ੁਰੂ ਕਰ ਕੇ ਹੌਲੀ-ਹੌਲੀ ਭਾਜਪਾ ਨੂੰ ਕਾਂਗਰਸ-ਯੁਕਤ ਬਣਾ ਦੇਣਾ ਹੈ। ਐਂਕਰ ਦੇ ਕਹਿਣ ਉੱਤੇ ਸਾਨੂੰ ਦੱਸਣਾ ਪਿਆ ਸੀ ਕਿ ਹਿੰਦੀ ਵਿਚ ਮੁਕਤ ਤੇ ਯੁਕਤ ਦੋ ਸ਼ਬਦ ਇਕ-ਦੂਸਰੇ ਦੇ ਮਦਦਗਾਰ ਵੀ ਹੋ ਜਾਂਦੇ ਹਨ ਤੇ ਯੁਕਤ ਦਾ ਅਰਥ ਇਕ ਵਸਤੂ ਵਿਚ ਦੂਜੀ ਦੇ ਪੂਰੀ ਤਰ੍ਹਾਂ ਸਮਾ ਜਾਣਾ ਹੁੰਦਾ ਹੈ। ਨਰਿੰਦਰ ਮੋਦੀ ਯਤਨ ਕਰਨਗੇ ਕਿ ਹੌਲੀ-ਹੌਲੀ ਕਾਂਗਰਸੀ ਆਗੂ ਭਾਜਪਾ ਵਿਚ ਓਸੇ ਤਰ੍ਹਾਂ ਆਈ ਜਾਣ, ਜਿਵੇਂ ਉਹ ਗੁਜਰਾਤ ਵਿਚ ਕਰ ਚੁੱਕੇ ਹਨ। ਉਹ ਦਿਨ ਅਤੇ ਆਹ ਦਿਨ, ਇਹੀ ਕੁਝ ਵਾਪਰ ਰਿਹਾ ਹੈ ਅਤੇ ਕਾਂਗਰਸੀ ਲੀਡਰ ਹੌਲੀ-ਹੌਲੀ ਭਾਜਪਾ ਵਿਚ ਸ਼ਾਮਲ ਹੋਈ ਜਾ ਰਹੇ ਹਨ। ਇਹ ਦਾਅ ਖੇਡਦੇ ਸਮੇਂ ਕਈ ਭਾਜਪਾ ਲੀਡਰਾਂ ਨੇ ਪਹਿਲਾਂ-ਪਹਿਲ ਕੁਝ ਇਤਰਾਜ਼ ਕੀਤੇ ਸਨ ਕਿ ਜਿਨ੍ਹਾਂ ਖ਼ਿਲਾਫ ਲੜਦੇ ਰਹੇ ਹਾਂ, ਜੇ ਭਾਜਪਾ ਦੇ ਆਗੂ ਉਹੀ ਬਣਦੇ ਗਏ ਤਾਂ ਲੋਕ ਗੱਲਾਂ ਕਰਨਗੇ, ਪਰ ਬਾਅਦ ਵਿਚ ਏਦਾਂ ਕਹਿਣ ਵਾਲੇ ਚੁੱਪ ਵੱਟ ਗਏ ਸਨ। ਕਾਰਨ ਇਸ ਦਾ ਇਹ ਸੀ ਕਿ ਉਨ੍ਹਾਂ ਦੀ ਗੱਲ ਕਿਸੇ ਸੁਣਨੀ ਨਹੀਂ ਸੀ, ਕਿਉਂਕਿ ਭਾਜਪਾ ਵਿਚ ਨਰਿੰਦਰ ਮੋਦੀ ਮੂਹਰੇ ਸਿਰ ਚੁੱਕ ਕੇ ਬੋਲਣ ਵਾਲਾ ਆਗੂ ਹੀ ਕੋਈ ਨਹੀਂ ਸੀ ਰਿਹਾ। ਉਲਟਾ ਇਹ ਸੁਰ ਚੁੱਕਣ ਵਾਲਿਆਂ ਨੂੰ ਮੁਸ਼ਕਲਾਂ ਝੱਲਣੀਆਂ ਪੈ ਸਕਦੀਆਂ ਸਨ।

ਅੱਜ ਪੰਜਾਬ ਵਿਚ ਇਹੋ ਕੁਝ ਹੁੰਦਾ ਪਿਆ ਹੈ। ਹਰ ਮਹੀਨੇ ਤੇ ਹਰ ਹਫਤੇ ਨਹੀਂ, ਕਾਂਗਰਸੀ ਆਗੂ ਰੋਜ਼ ਅੱਗੜ-ਪਿੱਛੜ ਪਹਿਲੀ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋਣ ਦੇ ਐਲਾਨ ਕਰੀ ਜਾ ਰਹੇ ਹਨ। ਭਾਜਪਾ ਲੀਡਰਸ਼ਿਪ ਨੇ ਉਨ੍ਹਾਂ ਲਈ ਇਕ ਖੁੱਲ੍ਹਾ ਸਵਾਗਤੀ ਕਾਊਂਟਰ ਖੋਲ੍ਹਿਆ ਪਿਆ ਹੈ ਤੇ ਇਸ ਕੰਮ ਲਈ ਆਪਣੇ ਏਜੰਟ ਉਨ੍ਹਾਂ ਕਾਂਗਰਸੀ ਆਗੂਆਂ ਦੇ ਮਗਰ ਲਾ ਰੱਖੇ ਹਨ, ਜਿਹੜੇ ਭ੍ਰਿਸ਼ਟਾਚਾਰ ਦੀ ਕਿਸੇ ਨਾ ਕਿਸੇ ਜਾਂਚ ਵਿਚ ਫਸ ਚੁੱਕੇ ਹਨ ਜਾਂ ਫਸਣ ਤੋਂ ਤ੍ਰਹਿਕਦੇ ਪਏ ਸੁਣੀਂਦੇ ਹਨ। ਪੰਜਾਬ ਵਿਚ ਅਕਾਲੀ ਦਲ ਅਤੇ ਕਾਂਗਰਸ ਦੋਵਾਂ ਵੱਲੋਂ ਖਜ਼ਾਨਾ ਮੰਤਰੀ ਦੇ ਅਹੁਦੇ ਦਾ ਸੁਖ ਮਾਣਦਾ ਰਿਹਾ ਮਨਪ੍ਰੀਤ ਸਿੰਘ ਬਾਦਲ ਵੀ ਪਿਛਲੇ ਹਫਤੇ ਇਕ ਵਾਰੀ ਹੋਰ ਦਲ-ਬਦਲੀ ਕਰ ਕੇ ਭਾਜਪਾ ਕੋੜਮੇ ਦਾ ਹਿੱਸਾ ਜਾ ਬਣਿਆ ਹੈ। ਉਸ ਤੋਂ ਪਹਿਲਾਂ ਕਈ ਹੋਰ ਕਾਂਗਰਸੀ ਏਸੇ ਤਰ੍ਹਾਂ ਭਾਜਪਾ ਵਿਚ ਜਾ ਚੁੱਕੇ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਦਾ ਭਾਜਪਾ ਵਿਚ ਜਾਣਾ ਵੱਖਰੀ ਕਿਸਮ ਦਾ ਸੀ, ਕਿਉਂਕਿ ਉਸ ਨੂੰ ਜਦੋਂ ਕਾਂਗਰਸੀ ਵਿਧਾਇਕਾਂ ਦੀ ਬਹੁ-ਗਿਣਤੀ ਨੇ ਕੈਪਟਨ ਅਮਰਿੰਦਰ ਸਿੰਘ ਦੀ ਥਾਂ ਮੁੱਖ ਮੰਤਰੀ ਬਣਨ ਲਈ ਹਮਾਇਤ ਦੇ ਦਿੱਤੀ ਤਾਂ ਕਾਂਗਰਸ ਹਾਈ ਕਮਾਂਡ ਵਿਚ ਬੈਠੀ ਇਕ ਰਾਜ-ਸਭਾਈ ਮਹਿਲਾ ਆਗੂ ਨੇ 'ਸਿੱਖ ਮੁੱਖ ਮੰਤਰੀ' ਬਣਾਉਣ ਦੀ ਸੁਰ ਚੁੱਕ ਕੇ ਉਸ ਅੱਗੇ ਅੜਿੱਕਾ ਲਾ ਦਿੱਤਾ ਸੀ। ਇਸ ਤੋਂ ਬਾਅਦ ਜਾਖੜ ਨੂੰ ਏਨਾ ਅਵਾਜ਼ਾਰ ਕੀਤਾ ਗਿਆ ਕਿ ਉਹ ਨਾ ਚਾਹੁੰਦਿਆਂ ਵੀ ਭਾਜਪਾ ਵਿਚ ਜਾਣ ਨੂੰ ਮਜਬੂਰ ਹੋ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਕੁਰਸੀ ਖੁੱਸਦੇ ਸਾਰ ਹੀ ਪਹਿਲਾਂ ਇਕ ਵੱਖਰੀ ਪਾਰਟੀ ਦਾ ਫਜ਼ੂਲ ਜਿਹਾ ਢਕਵੰਜ ਬਣਾ ਕੇ ਹੌਲੀ-ਹੌਲੀ ਭਾਜਪਾ ਦੇ ਵਾੜੇ ਵਿਚ ਪਹੁੰਚ ਚੁੱਕਾ ਸੀ ਤੇ ਉਸੇ ਦੇ ਇਸ਼ਾਰੇ ਉੱਤੇ ਕਈ ਕਾਂਗਰਸੀ ਆਗੂ ਭਾਜਪਾ ਵੱਲੋਂ ਅਸੈਂਬਲੀ ਚੋਣ ਲੜ ਚੁੱਕੇ ਸਨ। ਰਾਣਾ ਗੁਰਮੀਤ ਸਿੰਘ ਸੋਢੀ, ਮੋਗੇ ਦਾ ਸਾਬਕਾ ਵਿਧਾਇਕ ਹਰਜੋਤ ਕਮਲ, ਕਾਦੀਆਂ ਦਾ ਸਾਬਕਾ ਵਿਧਾਇਕ ਫਤਹਿਜੰਗ ਸਿੰਘ ਬਾਜਵਾ ਉਨ੍ਹਾਂ ਆਗੂਆਂ ਦੀ ਲੰਮੀ ਲਿਸਟ ਵਿਚੋਂ ਹਨ, ਜਿਹੜੇ ਰਾਤੋ-ਰਾਤ ਭਾਜਪਾਈਏ ਜਾ ਬਣੇ ਸਨ। ਸਰਕਾਰ ਬਦਲ ਗਈ ਅਤੇ ਭ੍ਰਿਸ਼ਟਾਚਾਰ ਦੇ ਵਿਰੁੱਧ ਨਵੀਂ ਸਰਕਾਰ ਦੇ ਐਲਾਨ ਉੱਤੇ ਅਮਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਗੁਰਪ੍ਰੀਤ ਸਿੰਘ ਕਾਂਗੜ, ਡਾਕਟਰ ਰਾਜ ਕੁਮਾਰ ਤੇ ਉਨ੍ਹਾਂ ਵਰਗੇ ਕਈ ਹੋਰ ਆਗੂ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕਰਦੇ ਵੇਖੇ ਜਾਣ ਲੱਗ ਪਏ। ਜਿਹੜੀ ਕਸਰ ਰਹਿੰਦੀ ਜਾਪਦੀ ਸੀ, ਉਹ ਮਨਪ੍ਰੀਤ ਸਿੰਘ ਬਾਦਲ ਦੇ ਉਸ ਪਾਰਟੀ ਵਿਚ ਜਾਣ ਨਾਲ ਪੂਰੀ ਹੋ ਗਈ ਅਤੇ ਅਗਲੇ ਦਿਨੀਂ ਬਹੁਤ ਸਾਰੇ ਹੋਰ ਕਾਂਗਰਸੀ ਆਗੂ ਵੀ ਉਡਾਰੀਆਂ ਮਾਰ ਕੇ ਭਾਜਪਾ ਦੇ ਬਨੇਰਿਆਂ ਉੱਤੇ ਬਹਿਣ ਵਾਲੇ ਸੁਣੀਂਦੇ ਹਨ।

ਦਿੱਲੀ ਵਿਚ ਬੈਠੀ ਹੋਈ ਭਾਜਪਾ ਲੀਡਰਸ਼ਿਪ ਇਹ ਜਾਣਦੀ ਹੈ ਕਿ ਏਦਾਂ ਦੇ ਲੋਕ ਜਦੋਂ ਕਾਂਗਰਸ ਨੂੰ ਛੱਡ ਕੇ ਇਸ ਪਾਸੇ ਆਉਣਗੇ ਤਾਂ ਭਾਜਪਾ ਵਿਚ ਬੈਠੇ ਪੁਰਾਣੇ ਤੇ ਟਕਸਾਲੀ ਆਗੂ ਅਤੇ ਵਰਕਰ, ਜਿਨ੍ਹਾਂ ਦੇ ਬਾਪ-ਦਾਦੇ ਨੇ ਵੀ ਪਹਿਲਾਂ ਜਨ-ਸੰਘ ਦੇ ਸਮੇਂ ਤੋਂ ਸਾਂਝ ਨਿਭਾਈ ਹੋਈ ਸੀ, ਇਨ੍ਹਾਂ ਨਵਿਆਂ ਦੇ ਆਉਣ ਨਾਲ ਸੁਖਾਵੇਂ ਨਹੀਂ ਹੋਣਗੇ। ਕਈ ਹੋਰ ਰਾਜਾਂ ਵਿਚ ਭਾਜਪਾ ਦੇ ਪੁਰਾਣੇ ਆਗੂ ਅਤੇ ਵਰਕਰ ਇਸ ਕਾਂਗਰਸੀ ਵਹਿਣ ਦੇ ਓਧਰ ਆਉਣ ਦੇ ਖ਼ਿਲਾਫ ਵਿਰੋਧੀ ਸੁਰਾਂ ਕੱਢ ਚੁੱਕੇ ਹਨ, ਪਰ ਉਨ੍ਹਾਂ ਦੀ ਗੱਲ ਕੋਈ ਅਸਰ ਨਹੀਂ ਸੀ ਕਰ ਰਹੀ ਤਾਂ ਉਨ੍ਹਾਂ ਕੋਲ ਸਿਰਫ ਦੋ ਰਾਹ ਬਚਦੇ ਸਨ। ਪਹਿਲਾ ਤਾਂ ਇਹ ਕਿ ਉਹ ਖਿਝ ਕੇ ਪਾਰਟੀ ਛੱਡ ਜਾਣ ਤੇ ਦੂਸਰਾ ਇਹ ਕਿ ਪਿਉ-ਦਾਦੇ ਤੱਕ ਦੀ ਸੇਵਾ ਵਾਲੀ ਪੁਰਾਣੀ ਵਿਰਾਸਤ ਦਾ ਵਰਕਾ ਪਾੜ ਕੇ ਨਵੀਂ ਲੀਡਰਸ਼ਿਪ ਦੀ ਅੱਖ ਦਾ ਇਸ਼ਾਰਾ ਮੰਨ ਕੇ ਚੁੱਪ ਕੀਤੇ ਰਹਿਣ। ਉਨ੍ਹਾਂ ਪੁਰਾਣਿਆਂ ਵਿਚੋਂ ਬਹੁਤਿਆਂ ਨੇ ਇਹ ਦੂਸਰਾ ਰਾਹ ਚੁਣਿਆ ਤੇ ਨੀਵੀਂਆ ਪਾ ਚੁੱਕੇ ਹਨ, ਪਰ ਉਹ ਕਾਂਗਰਸ ਤੋਂ ਆਇਆਂ ਲੀਡਰਾਂ ਕਾਰਨ ਭਾਜਪਾ ਦੇ ਕਾਂਗਰਸ-ਯੁਕਤ ਹੋਣ ਬਾਰੇ ਆਪਣੇ ਮਨ ਦੀ ਕੌੜ ਛੁਪਾ ਨਹੀਂ ਰਹੇ। ਖੁੱਲ੍ਹਾ ਵਿਰੋਧ ਕਰਨ ਦੀ ਜੁਰਅੱਤ ਉਨ੍ਹਾਂ ਨੂੰ ਮਹਿੰਗੀ ਪੈ ਸਕਦੀ ਹੈ, ਪਾਰਟੀ ਵਿਚੋਂ ਕੱਢ ਦਿੱਤੇ ਜਾਣਾ ਤਾਂ ਛੋਟੀ ਗੱਲ ਹੈ, ਇਸ ਤੋਂ ਬਾਅਦ ਵੀ ਪਾਰਟੀ ਲੀਡਰਸ਼ਿਪ ਬਹੁਤ ਕੁਝ ਕਰ ਸਕਦੀ ਹੈ, ਜਿਸ ਬਾਰੇ ਬਾਹਰਲੇ ਲੋਕ ਜਾਣਦੇ ਹੋਣ ਜਾਂ ਨਾ, ਭਾਜਪਾ ਨਾਲ ਚਿਰਾਂ ਤੋਂ ਜੁੜੇ ਲੋਕਾਂ ਨੂੰ ਇਸ ਦਾ ਓਹਲਾ ਨਹੀਂ ਹੋ ਸਕਦਾ। ਇਸ ਕਰ ਕੇ ਉਹ ਅੰਦਰੋਂ ਘੁੱਟੇ-ਵੱਟੇ ਬੈਠੇ ਹਨ, ਕਦੇ ਵੀ ਬੋਲਣਗੇ ਨਹੀਂ।

ਦੂਜਾ ਪੱਖ ਆਮ ਲੋਕਾਂ ਦਾ ਹੈ। ਉਹ ਪਹਿਲਾਂ ਕਾਂਗਰਸ ਦੇ ਰਾਜ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਐਸ਼-ਪ੍ਰਸਤ ਜੁੰਡੀ ਨੂੰ ਭੁਗਤਦੇ ਰਹੇ ਸਨ ਅਤੇ ਅੱਜ ਜਦੋਂ ਉਨ੍ਹਾਂ ਬਦਨਾਮ ਹੋ ਚੁੱਕੇ ਬੰਦਿਆਂ ਨੂੰ ਭਾਜਪਾ ਦੇ ਭਗਵੇਂ ਪਟਕੇ ਪਾ ਕੇ ਪੇਸ਼ ਕੀਤਾ ਜਾਣ ਲੱਗਾ ਤਾਂ ਉਨ੍ਹਾਂ ਦੀ ਨਵੀਂ ਚੜ੍ਹਤ ਤੋਂ ਲੋਕ ਔਖ ਮਹਿਸੂਸ ਕਰਦੇ ਹਨ। ਭਾਜਪਾ ਅਗਲੇ ਸਾਲ ਲੋਕ ਸਭਾ ਚੋਣਾਂ ਵਿਚ ਪੁਰਾਣੇ ਘਾਗਾਂ ਦੀ ਨਵੀਂ ਟੀਮ ਅੱਗੇ ਲਿਆ ਕੇ ਲੋਕਾਂ ਵਿਚ ਜਾਣ ਦੀ ਤਿਆਰੀ ਵਿਚ ਹੈ ਤੇ ਉਸ ਦਾ ਦਾਈਆ ਹੈ ਕਿ ਜਿਵੇਂ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਰਗੇ ਰਾਜਾਂ ਵਿਚ ਇਕੋ ਹੱਲੇ ਵਿਚ ਸਰਕਾਰ ਬਣਾਉਣ ਦਾ ਦਾਅਵਾ ਕਰਨ ਜੋਗੀ ਹੋ ਗਈ ਸੀ, ਉਹੋ ਕੁਝ ਪੰਜਾਬ ਵਿਚ ਦੁਹਰਾ ਕੇ ਵਿਖਾਉਣਾ ਹੈ। ਉਸ ਨਾਲ ਨਵੇਂ ਜੁੜੇ ਲੀਡਰ ਆਖਦੇ ਹਨ ਕਿ ਪਹਿਲਾਂ ਕਦੇ ਕਾਂਗਰਸ ਦਾ ਸਿੱਕਾ ਚੱਲਦਾ ਹੁੰਦਾ ਸੀ, ਅੱਜ ਭਾਜਪਾ ਦਾ ਏਨਾ ਕੁ ਸਿੱਕਾ ਚੱਲਦਾ ਹੈ ਕਿ ਜਿਹੜਾ ਰਾਜ ਭਾਜਪਾ ਦੀ ਪਕੜ ਵਿਚਆ ਗਿਆ, ਫਿਰ ਓਥੇ ਮੋੜਾ ਪੈਣ ਦਾ ਸੁਫਨਾ ਹੋਰ ਰਾਜਸੀ ਧਿਰਾਂ ਦੇ ਆਗੂਆਂ ਨੂੰ ਛੱਡ ਦੇਣਾ ਚਾਹੀਦਾ ਹੈ। ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਵਿਚ ਭਾਜਪਾ ਦੀ ਜਕੜ ਵਿਚ ਆਉਣ ਪਿੱਛੋਂ ਵੀ ਕਾਂਗਰਸ ਦੀ ਜਿੱਤ ਹੋਣ ਨੂੰ ਉਹ ਪੁਰਾਣੀ ਗੱਲ ਕਹਿੰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਜਿੱਦਾਂ ਦੇ ਕਾਂਗਰਸੀ ਆਗੂਆਂ ਨੇ ਉਨ੍ਹਾਂ ਦੋਵਾਂ ਰਾਜਾਂ ਵਿਚ ਕਰ ਵਿਖਾਇਆ ਹੈ, ਉਹੋ ਜਿਹੀ ਲੀਡਰਸ਼ਿਪ ਪੰਜਾਬ ਦੀ ਕਾਂਗਰਸ ਵਿਚ ਹੈ ਨਹੀਂ ਤੇ ਜਿਹੜੇ ਲੀਡਰ ਉਹੋ ਜਿਹਾ ਪ੍ਰਭਾਵ ਪਾ ਸਕਦੇ ਸਨ, ਉਹ ਭਾਜਪਾ ਵਿਚ ਜਾ ਚੁੱਕੇ ਹੋਣ ਕਾਰਨ ਅਗਲਾ ਵਕਤ ਪੰਜਾਬ ਵਿਚ ਸਿਰਫ ਭਾਜਪਾ ਦਾ ਹੈ। ਜਦੋਂ ਭਾਜਪਾ ਦਾ ਭਗਵਾਂ ਰੰਗ ਚੜ੍ਹ ਚੁੱਕੇ ਪੁਰਾਣੇ ਕਾਂਗਰਸੀ ਆਗੂਆਂ ਦੇ ਸੁਫਨੇ ਏਹੋ ਜਿਹੇ ਹਨ ਤਾਂ ਭਾਜਪਾ ਨੂੰ ਕਾਂਗਰਸ-ਮੁਕਤ ਕਰਨ ਦੀ ਗੱਲ ਕਹਿ ਕੇ ਕਾਂਗਰਸ-ਯੁਕਤ ਕਰਨ ਵਾਲੇ ਭਾਜਪਾ ਆਗੂਆਂ ਦੇ ਸੁਫਨੇ ਇਸ ਤੋਂ ਵੀ ਵੱਡੇ ਹਨ। ਭਾਰਤ ਦੇ ਦੋ ਵੱਡੇ ਸਰਮਾਏਦਾਰ ਘਰਾਣੇ ਵਿਕਾਸ ਪ੍ਰਾਜੈਕਟਾਂ ਵਾਸਤੇ ਇਸ ਵਕਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਵਾਜ਼ ਦਾ ਹੁੰਗਾਰਾ ਭਰਦੇ ਸੁਣੇ ਜਾ ਰਹੇ ਹਨ, ਪਰ ਉਹ ਅਸਲ ਵਿਚ ਭਗਵੰਤ ਮਾਨ ਦੇ ਆਖੇ ਪੰਜਾਬ ਦਾ ਵਿਕਾਸ ਕਰਨ ਲਈ ਨਹੀਂ ਆ ਰਹੇ, ਉਹ ਅਗਲੀਆਂ ਚੋਣਾਂ ਦੌਰਾਨ ਭਾਜਪਾ ਦੀ ਰਣਨੀਤੀ ਸਿਰੇ ਲਾਉਣ ਲਈ ਆਉਣ ਵਾਲੇ ਸੁਣੀਂਦੇ ਹਨ।

ਇਹ ਵਕਤ ਪੰਜਾਬ ਦੀ ਹਰ ਪਾਰਟੀ ਦੀ ਲੀਡਰਸ਼ਿਪ ਨੂੰ ਵਾਹਵਾ ਸੋਚ ਕੇ ਕਦਮ ਪੁੱਟਣਾ ਪੈਣਾ ਹੈ, ਪਰ ਮੁਸ਼ਕਲ ਇਹ ਹੈ ਕਿ ਜਦੋਂ ਸਭ ਦੀ ਸੋਚ ਸਿਰਫ ਕੁਰਸੀ ਤੱਕ ਸੀਮਤ ਹੋਵੇ ਤਾਂ ਬਾਕੀ ਗੱਲਾਂ ਬਾਰੇ ਕੋਈ ਸੋਚਦਾ ਨਹੀਂ ਹੁੰਦਾ।

---

## ਗੁਰੂ ਅੰਗਦ ਦੇਵ-ਗੁਰੂ ਚੇਲਾ ਚੇਲਾ ਗੁਰੂ

*(ਪਿਛਲੇ ਸਫੇ ਦਾ ਬਾਕੀ)*

ਗੁਰੂ ਨਾਨਕ ਨੇ ਉਨ੍ਹਾਂ ਨੂੰ ਗੁਰੂ ਅੰਗਦ ਬਣਾ ਕੇ ਆਪਣੇ ਬਰਾਬਰ ਕੀਤਾ ਅਤੇ ਆਪਣੀ ਜੋਤਿ ਉਨ੍ਹਾਂ ਵਿਚ ਰੱਖੀ। ਇਸ ਤਰ੍ਹਾਂ ਉਹ ਦੂਸਰੀ ਨਾਨਕ ਜੋਤਿ ਦੇ ਤੌਰ 'ਤੇ ਬਿਰਾਜਮਾਨ ਹੋਏ ਅਤੇ ਨਾਨਕ ਵਿਰਾਸਤ ਨੂੰ ਅੱਗੇ ਲੈ ਕੇ ਗਏ। 'ਗੁਰੁ ਚੇਲਾ ਚੇਲਾ ਗੁਰੂ' ਦੀ ਯੋਗਤਾ-ਮੂਲਕ ਕਸਵੱਟੀ ਨਿਰਧਾਰਤ ਕੀਤੀ ਗਈ।

ਗੁਰੂ ਅੰਗਦ ਸਾਹਿਬ ਨੇ ਗੁਰੂ ਕਾਰਜ ਨੂੰ ਖਡੂਰ ਸਾਹਿਬ ਤੋਂ ਜਾਰੀ ਰੱਖਿਆ ਅਤੇ ਗੁਰੂ ਨਾਨਕ ਵਾਂਗ ਸੰਗਤਿ ਨੂੰ ਗੁਰਮਤਿ ਦੀ ਸਿੱਖਿਆ ਅਤੇ ਗੁਣਾਂ ਤੋਂ ਜਾਣੂ ਕਰਾਉਣ ਦਾ ਕਾਰਜ ਨਿਭਾਇਆ। ਕਰਤਾਰਪੁਰ ਵਾਂਗ ਹੀ ਖਡੂਰ ਸਾਹਿਬ ਵਿਖੇ ਵੀ ਨਾਮ ਸਿਮਰਨ, ਗੁਰਬਾਣੀ ਕੀਰਤਨ, ਗੁਰਬਾਣੀ ਵਿਚਾਰਾਂ ਅਤੇ ਲੰਗਰ ਦੀ ਪ੍ਰੰਪਰਾ ਰੋਜ਼ਾਨਾ ਤੌਰ 'ਤੇ ਹੋਣ ਲੱਗੀ ਅਤੇ ਕਰਤਾਰਪੁਰ ਵਾਂਗ ਹੀ ਖਡੂਰ ਸਾਹਿਬ ਸਿੱਖੀ ਦਾ ਕੇਂਦਰ ਬਣ ਗਿਆ। ਗੁਰੂ ਨਾਨਕ ਸਾਹਿਬ ਦੀ ਵਿਰਾਸਤ ਨੂੰ ਗੁਰੂ ਅੰਗਦ ਦੇਵ ਅੱਗੇ ਲੈ ਕੇ ਗਏ। ਜਿਵੇਂ ਰਾਮਕਲੀ ਕੀ ਵਾਰ ਵਿਚ ਵੀ ਦੱਸਿਆ ਹੈ ਕਿ ਬਾਬਾ ਲਹਿਣਾ ਜੀ (ਗੁਰੂ ਅੰਗਦ ਦੇਵ) ਕਰਤਾ ਪੁਰਖ ਦੀ ਦਿੱਤੀ ਹੋਈ ਨਾਮ ਦੀ ਦਾਤ ਵੰਡ ਰਹੇ ਹਨ, ਆਪ ਵੀ ਵਰਤ ਰਹੇ ਹਨ ਅਤੇ ਹੋਰਨਾਂ ਨੂੰ ਵੀ ਦਬਾਦਬ ਦਾਨ ਕਰ ਰਹੇ ਹਨ। ਗੁਰੂ ਨਾਨਕ ਦੀ ਹੱਟ ਵਿਚ ਗੁਰੂ ਦੇ ਸ਼ਬਦ ਦਾ ਲੰਗਰ ਚੱਲ ਰਿਹਾ ਹੈ, ਨਾਮ ਕਮਾਈ ਵਿਚ ਕੋਈ ਘਾਟਾ ਨਹੀਂ ਪੈਂਦਾ।

ਗੁਰੂ ਅੰਗਦ ਦੇਵ ਚੇਤ ਸੁਦੀ 4, ਸੰਤ ਬਿਕ੍ਰਮੀ 1609 ਅਰਥਾਤ 29 ਮਾਰਚ 1552 ਈਸਵੀ ਨੂੰ ਖਡੂਰ ਵਿਖੇ ਜੋਤੀ ਜੋਤਿ ਸਮਾਏ ਅਤੇ ਸੰਸਾਰ ਤੋਂ ਕੂਚ ਕਰਨ ਤੋਂ ਪਹਿਲਾਂ ਗੁਰੂ ਅਮਰਦਾਸ ਨੂੰ, ਗੁਰੂ ਨਾਨਕ ਦੀ ਚਲਾਈ ਪ੍ਰੰਪਰਾ ਅਨੁਸਾਰ ਤੀਜੀ ਨਾਨਕ ਜੋਤਿ ਦੇ ਤੌਰ ਤੇ ਗੁਰਗੱਦੀ 'ਤੇ ਸਥਾਪਤ ਕੀਤਾ। ਪੈਮਾਨਾ ਇਥੇ ਵੀ ਯੋਗਤਾ-ਮੂਲਕ ਹੀ ਰੱਖਿਆ ਗਿਆ ਜਿਸ ਕਰਕੇ ਪੁੱਤਰਾਂ ਅਤੇ ਸਿੱਖਾਂ ਵਿਚੋਂ ਕਸਵੱਟੀ 'ਤੇ ਪੂਰਾ ਉਤਰਨ 'ਤੇ ਸਿੱਖ ਦੀ ਚੋਣ ਕੀਤੀ ਗਈ। ਸਤਾ ਅਤੇ ਬਲਵੰਡ ਇਸ ਅਧਿਆਤਮਕ ਵਿਰਾਸਤ ਦੀ ਗੱਲ ਕਰਦਿਆਂ ਗੁਰੂ ਨਾਨਕ ਨੂੰ ਦਾਦਾ, ਗੁਰੂ ਅੰਗਦ ਨੂੰ ਪਿਤਾ ਅਤੇ ਗੁਰੂ ਅਮਰਦਾਸ ਨੂੰ ਗੁਰੂ ਨਾਨਕ ਦਾ ਪੋਤਾ ਹੋਣ ਦਾ ਦਰਜਾ ਦਿੰਦੇ ਹਨ ਜੋ ਗੁਰੂ ਵਿਰਾਸਤ ਨੂੰ ਅੱਗੇ ਲੈ ਕੇ ਗਏ। ਤਖ਼ਤ ਭਾਵ ਗੁਰਗੱਦੀ ਵੀ ਉਹੀ ਹੈ, ਗੁਰਗੱਦੀ ਦਾ ਨਿਸ਼ਾਨ ਵੀ ਉਹੀ ਹੈ, ਗੁਰੂ ਦਰਬਾਰ ਵੀ ਉਹੀ ਹੈ ਗੁਰੂ ਨਾਨਕ ਦੀ ਪ੍ਰੰਪਰਾ ਨੂੰ ਗੁਰੂ ਅਮਰਦਾਸ ਰਾਹੀਂ ਗੁਰੂ ਅੰਗਦ ਦੇਵ ਅੱਗੇ ਤੋਰਦੇ ਹਨ:

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ॥
ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ॥

ਭਾਈ ਗੁਰਦਾਸ ਗੁਰੂ ਨਾਨਕ ਦੀ ਵਿਰਾਸਤ ਦੇ ਗੁਰੂ ਅੰਗਦ ਦੇਵ ਤੋਂ ਗੁਰੂ ਅਮਰਦਾਸ ਤੱਕ ਪਹੁੰਚਣ ਦਾ ਵੇਰਵਾ ਬਹੁਤ ਹੀ ਸੰਖੇਪ ਸ਼ਬਦਾਂ ਵਿਚ ਬਿਆਨ ਕਰਦੇ ਹਨ ਕਿ ਮੱਥੇ 'ਤੇ ਗੁਰਿਆਈ ਦਾ ਤਿਲਕ, ਸਿਰ 'ਤੇ ਗੁਰਿਆਈ ਦਾ ਛਤਰ ਅਤੇ ਗੁਰਿਆਈ ਦਾ ਤਖ਼ਤ ਵੀ ਉਹੀ ਹੈ ਜਿਸ 'ਤੇ ਗੁਰੂ ਅਮਰਦਾਸ ਟਿਕੇ ਹਨ। ਗੁਰੂ ਨਾਨਕ ਦੀ ਮੁਹਰ ਗੁਰੂ ਅੰਗਦ ਹੱਥ ਆਈ ਤਾਂ ਉਨ੍ਹਾਂ ਦੇ ਨਾਮ ਦੀ ਵਡਿਆਈ ਹੋਈ ਅਤੇ ਉਨ੍ਹਾਂ ਨੇ ਕਰਤਾਰਪੁਰ ਛੱਡ ਕੇ ਖਡੂਰ ਵਿਖੇ ਜੋਤਿ ਜਗਾਈ। ਜਿਸ ਕਿਸਮ ਦਾ ਬੀਜ ਪਹਿਲਾ ਬੀਜਿਆ ਹੋਵੇ ਬੂਟਾ ਵੀ ਉਸੇ ਕਿਸਮ ਦਾ ਉਗਦਾ ਹੈ। ਭਾਈ ਲਹਿਣੇ ਨੇ ਗੁਰੂ ਨਾਨਕ ਦੇ ਹੱਥੋਂ ਜੋ ਮੁਹਰ ਪ੍ਰਾਪਤ ਕੀਤੀ ਸੀ ਉਹ ਹੁਣ ਗੁਰੂ ਅੰਗਦ ਪਾਸੋਂ ਗੁਰੂ ਅਮਰਦਾਸ ਕੋਲ ਆ ਗਈ ਹੈ। ਇਸ ਇਲਾਹੀ ਦਾਤ ਨੂੰ ਪਾ ਕੇ ਗੁਰੂ ਅਮਰ ਸਰੂਪ ਹੋ ਕੇ ਬਿਰਾਜਮਾਨ ਹੋ ਗਏ ਅਤੇ ਉਨ੍ਹਾਂ ਨੇ ਫੇਰ ਖਡੂਰ ਨੂੰ ਛੱਡ ਕੇ ਗੋਇੰਦਵਾਲ ਵਸਾ ਲਿਆ ਅਤੇ ਇਸ ਅਸਚਰਜ ਖੇਡ ਦਾ ਭੇਦ ਪਾ ਸਕਣਾ ਮੁਸ਼ਕਿਲ ਹੈ। ਜੋਤਿ ਦੀ ਇਹ ਦਾਤ ਉਸ ਮਾਲਕ ਦੀ ਵਡਿਆਈ ਵਜੋਂ ਪ੍ਰਾਪਤ ਹੋਈ ਹੈ:

ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ।
ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪੁ ਹੋਇ ਗੁਰਮੁਖਿ ਪਾਈ ਦਾਦਿ ਇਲਾਹੀ।
ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।
ਦਾਤਿ ਜੋਤਿ ਖਸਮੇ ਵਡਿਆਈ॥ 46॥

ਗੁਰੂ ਨਾਨਕ ਤੋਂ ਦਸਵੇਂ ਗੁਰੂ ਗੋਬਿੰਦ ਸਿੰਘ ਤੱਕ ਸਤਿ ਦਾ ਪ੍ਰਕਾਸ਼ਨ, ਜਿਸ ਨੂੰ ਸਿੱਖ ਇਲਹਾਮ ਵੀ ਕਹਿ ਸਕਦੇ ਹਾਂ, ਗੁਰੂ ਜੋਤਿ ਅਤੇ ਗੁਰੂ ਜੁਗਤਿ ਦੇ ਰੂਪ ਵਿਚ ਇਕ ਲਗਾਤਾਰ ਅਮਲ ਹੈ। ਗੁਰੂ ਨੇ ਆਪ ਸਤਿ ਦਾ ਅਨੁਭਵ ਕੀਤਾ ਅਤੇ ਫਿਰ ਇਸ ਅਨੁਭਵ ਦਾ ਪ੍ਰਗਟਾਵਾ ਸ਼ਬਦ ਦੇ ਰੂਪ ਵਿਚ ਕੀਤਾ। ਸ਼ਬਦ ਉਸ ਨਾਮ ਦਾ ਪ੍ਰਗਟਾਵਾ ਹੈ ਇਸੇ ਲਈ ਸ਼ਬਦ ਨੂੰ ਸੁਣਨਾ ਹੈ, ਉਸ ਦਾ ਗਾਇਨ ਕਰਨਾ ਹੈ, ਉਸ 'ਤੇ ਮਨਣ ਕਰਨਾ ਹੈ। ਸ਼ਬਦ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਜਿੱਥੋਂ ਤੱਕ ਗੁਰੂ ਸਾਹਿਬਾਨ ਦੀ ਹਸਤੀ ਜਾਂ ਰੁਤਬੇ ਦਾ ਤੁਅਲਕ ਹੈ, ਇਸ ਨੂੰ ਸਮਝਣ ਲਈ ਸਾਨੂੰ ਗੁਰੂ ਦਾ ਇੱਕ ਪਾਸੇ ਕਰਤਾ ਪੁਰਖ ਨਾਲ ਰਿਸ਼ਤਾ ਅਤੇ ਦੂਸਰੇ ਪਾਸੇ ਸਿੱਖ ਨਾਲ ਰਿਸ਼ਤਾ ਸਮਝਣਾ ਪਵੇਗਾ। ਕਰਤਾ ਪੁਰਖ ਨਾਲ ਆਪਣੇ ਰੁਤਬੇ ਨੂੰ ਪ੍ਰਗਟ ਕਰਨ ਲਈ ਗੁਰੂ ਢਾਢੀ, ਦਾਸ, ਸੇਵਕ, ਪੁੱਤਰ, ਧਨ ਅਰਥਾਤ ਇਸਤ੍ਰੀ, ਖੋਜੀ, ਪਹਿਲਵਾਨ ਆਦਿ ਸ਼ਬਦਾਂ ਦੀ ਵਰਤੋਂ ਕਰਦੇ ਹਨ, ਜਿਵੇਂ 'ਹਉਂ ਢਾਢੀ ਬੇਕਾਰ ਕਾਰੇ ਲਾਇਆ' ਜਾਂ 'ਹਉਂ ਸਾਈਂ ਦਾ ਪਹਿਲਵਾਨੜਾ', 'ਹਉਂ ਖਰੀ ਨਿਮਾਣੀ', ਆਦਿ। ਜਿੱਥੋਂ ਤੱਕ ਸਿੱਖ ਨਾਲ ਸਬੰਧ ਹੈ ਗੁਰੂ ਖੇਵਟ ਜਾਂ ਕਿਸ਼ਤੀ (ਜੋ ਸਿੱਖ ਨੂੰ ਭਵ-ਸਾਗਰ ਤੋਂ ਪਾਰ ਲੈ ਜਾਂਦੀ ਹੈ), ਭਾਈ, ਮਿੱਤਰ, ਦ੍ਰਿਸ਼ਟਾ, ਰਾਹ-ਦਰਸਾਵਾ, ਨਾਮ ਦੇਣ ਵਾਲਾ ਅਤੇ ਸੱਚਾ ਪਾਤਿਸ਼ਾਹ ਹੈ। ਇਸ ਸੰਦਰਭ ਵਿਚ ਸਿੱਖ ਧਰਮ ਦਰਸ਼ਨ ਦਾ ਵਿਲੱਖਣ ਲੱਛਣ 'ਆਪੇ ਗੁਰ ਚੇਲਾ' ਜਾਂ 'ਗੁਰ ਚੇਲਾ ਚੇਲਾ ਗੁਰੂ' ਦਾ ਹੈ ਅਰਥਾਤ ਸਿੱਖ ਗੁਰੂ ਦੀ ਸਿੱਖਿਆ ਤੇ ਚੱਲ ਕੇ ਗੁਰੂ ਪਦਵੀ ਤੱਕ ਪਹੁੰਚਿਆ ਹੈ ਅਤੇ ਗੁਰੂ ਨੇ ਉਸ ਨੂੰ ਗੁਰੂ ਦਾ ਦਰਜਾ ਦਿੰਦਿਆਂ ਸਿੱਖ ਬਣ ਕੇ ਨਮਸਕਾਰ ਕੀਤੀ ਹੈ। ਇਸੇ ਪ੍ਰੰਪਰਾ ਨੂੰ ਕਾਇਮ ਰੱਖਦਿਆਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ 'ਗ੍ਰੰਥ ਸਾਹਿਬ' ਨੂੰ ਗੁਰੂ ਥਾਪ ਕੇ ਸਦੀਵ ਸਮਿਆਂ ਵਾਸਤੇ ਸਿੱਖ ਨੂੰ 'ਸ਼ਬਦ ਗੁਰੂ' ਦੇ ਲੜ ਲਾ ਦਿੱਤਾ ਅਤੇ ਸਿੱਖ ਨੂੰ ਸ਼ਬਦ ਗੁਰੂ ਦੀ ਅਗਵਾਈ ਲੈਣ ਦੀ ਆਗਿਆ ਕੀਤੀ।

## ਨਫਰਤ ਦਾ ਧੰਦਾ-3

# ਝੂਠ-ਤੂਫਾਨ ਬੋਲਦੇ ਸੱਜੇ-ਪੱਖੀ ਯੂਟਿਊਬਰ

*ਪਿਛਲੇ ਕੁਝ ਸਮੇਂ ਤੋਂ ਯੂਟਿਓਬ ਚੈਨਲਾਂ ਨੇ ਮੀਡੀਆ, ਖਾਸਕਰ ਸੋਸ਼ਲ ਮੀਡੀਆ 'ਤੇ ਗਾਹ ਪਾਇਆ ਹੋਇਆ ਹੈ। ਕੱਟੜ ਤਾਕਤਾਂ ਇਸ ਮੰਚ ਨੂੰ ਖੂਬ ਵਰਤ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਵਰਗੀਆਂ ਸਿਆਸੀ ਜਮਾਤਾਂ ਇਨ੍ਹਾਂ ਯੂਟਿਊਬਰਾਂ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਇਸ ਪਾਰਟੀ ਦੇ ਲੀਡਰ ਮੁੱਖ ਚੈਨਲਾਂ ਦੀ ਥਾਂ ਇਨ੍ਹਾਂ ਯੂਟਿਊਬਰਾਂ ਨੂੰ ਇੰਟਰਵਿਊ ਦਿੰਦੇ ਹਨ ਅਤੇ ਆਪਣੀ ਮਰਜ਼ੀ ਦੀਆਂ ਗੱਲਾਂ ਕਰਦੇ ਹਨ। ਉਘੇ ਰਸਾਲੇ 'ਕਾਰਵਾਂ' ਨਾਲ ਜੁੜੇ ਨੀਲ ਮਾਧਵ ਅਤੇ ਅਲੀਸਾਨ ਜਾਫਰੀ ਇਸ ਮਸਲੇ ਦੀਆਂ ਤਹਿਆਂ ਫਰੋਲਦਿਆਂ ਰਿਪੋਰਟ ਤਿਆਰ ਕੀਤੀ ਹੈ। ਇਸ ਲੰਮੇ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਤੀਜੀ ਕਿਸ਼ਤ ਹਾਜ਼ਰ ਹੈ।*

**ਨੀਲ ਮਾਧਵ/ਅਲੀਸਾਨ ਜਾਫਰੀ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਕਿਸਾਨ ਅੰਦੋਲਨ ਦੀ ਵਿਆਪਕ ਕਵਰੇਜ ਕਰਨ ਵਾਲੇ ਪੱਤਰਕਾਰ ਮਨਦੀਪ ਪੂਨੀਆ ਵੀ ਘਟਨਾ ਸਮੇਂ ਉੱਥੇ ਮੌਜੂਦ ਸੀ। ਉਸ ਨੇ ਸਾਨੂੰ ਦੱਸਿਆ ਕਿ ਚੌਧਰੀ ਨੇ ਹੀ ਭੀੜ ਨੂੰ ਉਕਸਾਇਆ ਸੀ। ਪੂਨੀਆ ਨੇ ਕਿਹਾ, "ਉਹ ਭੀੜ ਨਾਲ ਸੀ ਅਤੇ ਕਿਸਾਨਾਂ ਨੂੰ ਖਾਲਿਸਤਾਨੀ ਕਹਿ ਰਿਹਾ ਸੀ।" ਤੱਥਾਂ ਦੀ ਜਾਂਚ ਕਰਨ ਵਾਲੀਆਂ ਸੰਸਥਾਵਾਂ ਨੇ ਵਿਸਤਾਰਤ ਜਾਂਚ ਕੀਤੀ ਜਿਸ ਤੋਂ ਸਾਹਮਣੇ ਆਇਆ ਕਿ ਭੀੜ ਵਿਚ ਸ਼ਾਮਿਲ ਬਹੁਤ ਸਾਰੇ ਮੈਂਬਰ ਭਾਜਪਾ ਦਾ ਕਾਡਰ ਸਨ। ਮੁੱਖਧਾਰਾ ਪ੍ਰੈੱਸ ਵਿਚ ਇਸ ਖਬਰ ਇਸ ਤਰ੍ਹਾਂ ਨਸ਼ਰ ਹੋਈ ਕਿ ਇਹ 'ਸਥਾਨਕ ਲੋਕਾਂ' ਅਤੇ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦਰਮਿਆਨ ਟਕਰਾਅ ਦਾ ਲੇਖਾ-ਜੋਖਾ ਸੀ ਬੱਸ। ਟਾਈਮਜ਼ ਨਾਓ ਨੇ ਹਮਲਾਵਰਾਂ ਨੂੰ "ਸਥਾਨਕ ਲੋਕਾਂ ਦੇ ਰੂਪ 'ਚ ਪੇਸ਼ ਕੀਤਾ ਜੋ ਪ੍ਰਦਰਸ਼ਨਕਾਰੀਆਂ ਤੋਂ ਇਲਾਕਾ ਖਾਲੀ ਕਰਾਉਣ ਦੀ ਆਪਣੀ ਮੰਗ 'ਤੇ ਅੜੇ ਹੋਏ ਹਨ।" ਜ਼ੀ ਨਿਊਜ਼ ਨੇ ਵੀ ਇਹੀ ਰਿਪੋਰਟ ਦਿੱਤੀ। ਮਈ 2022 ਵਿਚ ਮੁੱਖ ਤੌਰ 'ਤੇ ਫੇਸਬੁੱਕ ਆਧਾਰਿਤ ਵੌਕਸ-ਪੌਪ ਚੈਨਲ ਵਰਤਮਾਨ ਭਾਰਤ ਦਾ ਇਕ ਵੀਡੀਓ ਵਾਇਰਲ ਹੋਇਆ ਸੀ। ਰਿਪੋਰਟਰ ਸ਼ਾਹੀਨ ਬਾਗ਼ ਤੋਂ ਲੰਘ ਰਹੇ ਕਈ ਰਾਹਗੀਰਾਂ ਨੂੰ ਪੁੱਛਦਾ ਨਜ਼ਰ ਆ ਰਿਹਾ ਹੈ ਕਿ ਉਹ ਲੋਕ ਕਿੱਥੋਂ ਦੇ ਹਨ? ਸਾਰੇ ਝੱਟਪੱਟ ਜਵਾਬ ਦਿੰਦੇ ਹਨ ਕਿ ਉਹ ਬੰਗਲਾਦੇਸ਼ ਤੋਂ ਹਨ। ਵੀਡੀਓ ਦੇ ਹੇਠਾਂ ਲਿਖਿਆ ਹੈ, "ਖੁਲਾਸਾ, ਕਿਵੇਂ ਸ਼ਾਹੀਨ ਬਾਗ਼ ਬੰਗਲਾਦੇਸ਼ੀਆਂ ਦਾ ਗੜ੍ਹ ਹੈ।" ਕੁਝ ਘੰਟਿਆਂ 'ਚ ਹੀ ਵੀਡੀਓ ਨੂੰ 1 ਕਰੋੜ ਤੋਂ ਵੱਧ ਵਾਰ ਦੇਖਿਆ ਗਿਆ- ਹੁਣ ਇਸ ਦੇ ਦਰਸ਼ਕ 2 ਕਰੋੜ 20 ਲੱਖ ਹਨ। ਵੀਡੀਓ ਦੀ ਕਲਿਪ ਕੀਤੀ ਫੁਟੇਜ ਨੂੰ ਸੁਰਿੰਦਰ ਪੂਨੀਆ ਸਮੇਤ ਭਾਜਪਾ ਦੇ ਕਈ ਸੀਨੀਅਰ ਆਗੂਆਂ ਨੇ ਸ਼ੇਅਰ ਕੀਤਾ। ਪੂਨੀਆ ਨੇ ਵੀਡੀਓ ਟਵੀਟ ਕਰਦੇ ਹੋਏ ਕਿਹਾ, "ਰੋਹਿੰਗਿਆ-ਬੰਗਲਾਦੇਸ਼ੀ ਘੁਸਪੈਠੀਏ ਦਿੱਲੀ ਵਿਚ ਖੁੱਲ੍ਹੇਆਮ ਘੁੰਮ ਰਹੇ!" ਪਾਰਟੀ ਦੇ ਸਾਬਕਾ ਬੁਲਾਰੇ ਅਸ਼ਵਨੀ ਉਪਾਧਿਆਏ ਨੇ ਆਪਣੇ ਫੇਸਬੁੱਕ 'ਤੇ ਵੀਡੀਓ ਅਪਲੋਡ ਕੀਤਾ ਅਤੇ ਲਿਖਿਆ: "ਰੋਹਿੰਗਿਆ-ਬੰਗਲਾਦੇਸ਼ੀ ਘੁਸਪੈਠੀਆਂ ਦੀ 100 ਫੀਸਦੀ ਜਾਇਦਾਦ ਜ਼ਬਤ ਕਰਨ ਅਤੇ 10-20 ਸਾਲ ਦੀ ਸਜ਼ਾ ਦੇਣ ਲਈ ਕਾਨੂੰਨ ਬਣਾਉਣਾ ਜ਼ਰੂਰੀ ਹੈ।" ਫੇਸਬੁੱਕ ਉੱਪਰ ਇਸ ਨੂੰ ਪਹਿਲੇ ਤਿੰਨ ਦਿਨਾਂ ਵਿਚ ਦੋ ਲੱਖ ਤੋਂ ਵੱਧ ਵਾਰ ਸਾਂਝਾ ਕੀਤਾ ਗਿਆ ਅਤੇ 1 ਕਰੋੜ 80 ਲੱਖ ਵਾਰ ਦੇਖਿਆ ਗਿਆ। ਸਵਾਲਾਂ ਦੇ ਜਵਾਬ ਵਿਚ ਉਪਾਧਿਆਏ ਨੇ ਵੀਡੀਓ ਦਾ ਲਿੰਕ ਮੰਗਿਆ, ਸਾਡੇ ਵੱਲੋਂ ਲਿੰਕ ਭੇਜੇ ਜਾਣ ਤੋਂ ਬਾਅਦ ਉਸ ਨੇ ਕੋਈ ਜਵਾਬ ਨਹੀਂ ਦਿੱਤਾ।

ਆਲਟ ਨਿਊਜ਼ ਦੇ ਸਹਿ-ਸੰਸਥਾਪਕ ਮੁਹੰਮਦ ਜ਼ੁਬੈਰ ਨੇ ਸਾਨੂੰ ਦੱਸਿਆ ਕਿ ਘੋਰ-ਸੱਜੇਪੱਖੀ ਯੂਟਿਊਬਰ ਈਕੋ-ਸਿਸਟਮ ਦੇ ਇਹ ਅਤੇ ਇਸੇ ਤਰ੍ਹਾਂ ਦੇ ਹੋਰ ਵੀਡੀਓ ਆਮ ਤੌਰ 'ਤੇ ਹਾਸਲ ਹੋਣ ਵਾਲੀਆਂ ਗ਼ਲਤ ਸੂਚਨਾਵਾਂ ਤੋਂ ਵੱਖਰੇ ਹਨ। ਉਨ੍ਹਾਂ ਸਪਸ਼ਟ ਕਿਹਾ, "ਜਾਅਲੀ ਖਬਰਾਂ ਰੋਕਣਾ ਸੌਖਾ ਹੈ ਪਰ ਉਸ ਪ੍ਰਚਾਰ ਨੂੰ ਬੇਨਕਾਬ ਕਰਨਾ ਔਖਾ ਹੈ ਜੋ ਕਪਟ ਪੂਰਨ ਤਰੀਕੇ ਨਾਲ ਤੱਥਾਂ ਦੀ ਦੁਰਵਰਤੋਂ ਕਰਦੇ ਹਨ। ਇਸ ਵੀਡੀਓ ਨੂੰ ਹੀ ਲੈ ਲਓ, ਕੀ ਵੀਡੀਓ ਵਿਚ ਨਜ਼ਰ ਆ ਰਹੇ ਲੋਕ ਬੰਗਲਾਦੇਸ਼ੀ ਹਨ? ਹਾਂ। ਕੀ ਜਿਸ ਜਗ੍ਹਾ ਇਹ ਵੀਡੀਓ ਬਣਾਇਆ ਜਾ ਰਿਹਾ ਹੈ, ਉਹ ਸ਼ਾਹੀਨ ਬਾਗ਼ ਹੈ? ਹਾਂ। ਹਾਲਾਂਕਿ, ਉਹ ਲੋਕ ਸੈਲਾਨੀ ਹਨ ਅਤੇ ਗ਼ੈਰ-ਕਾਨੂੰਨੀ ਪਰਵਾਸੀ ਨਹੀਂ ਹਨ (ਪਰ) ਵੀਡੀਓ ਵਿਚ ਇਸ ਦਾ ਜ਼ਿਕਰ ਨਹੀਂ ਹੈ। ਅਜਿਹੀ ਸਮੱਗਰੀ ਵਿਚ ਤੱਥਾਂ ਦੀ ਚੋਣਵੀਂ ਪੇਸ਼ਕਾਰੀ ਇਸ ਨੂੰ ਮੁੱਖ ਧਾਰਾ ਦੀਆਂ ਜ਼ਿਆਦਾਤਰ ਮੀਡੀਆ ਸੰਸਥਾਵਾਂ ਦੀਆਂ ਕਮਜ਼ੋਰ ਸੰਪਾਦਕੀ ਛਾਨਣੀਆਂ 'ਚੋਂ ਸੌਖਿਆਂ ਹੀ ਲੰਘਾ ਦਿੰਦੀ ਹੈ।"

23 ਜੁਲਾਈ 2021 ਨੂੰ ਪਿਆਰਾ ਹਿੰਦੁਸਤਾਨ ਨੇ ਮਦਨਪੁਰ ਖਾਦਰ ਦੇ ਇਕ ਖਸਤਾ ਹਾਲ ਕੈਂਪ ਵਿਚ ਰਹਿ ਰਹੇ ਕਈ ਰੋਹਿੰਗਿਆ ਸ਼ਰਨਾਰਥੀਆਂ ਨਾਲ ਇੰਟਰਵਿਊ ਕੀਤੀ। ਇਕ ਦਿਨ ਪਹਿਲਾਂ ਹੀ ਉੱਥੋਂ ਦੇ ਸ਼ਰਨਾਰਥੀਆਂ ਦਾ ਉੱਤਰ ਪ੍ਰਦੇਸ਼ ਵਿਚਲਾ ਅਸਥਾਈ ਕੈਂਪ ਖੁਸ ਗਿਆ ਸੀ। ਪਿਆਰਾ ਹਿੰਦੁਸਤਾਨ ਦੇ ਰਿਪੋਰਟਰ ਨੇ ਸ਼ਰਨਾਰਥੀਆਂ ਨੂੰ ਇਹ ਮੰਨ ਲੈਣ ਲਈ ਬਦਨਾਮ ਕੀਤਾ ਕਿ ਉਨ੍ਹਾਂ ਨੂੰ ਦਿੱਲੀ ਸਰਕਾਰ ਤੋਂ ਮਦਦ ਮਿਲੀ ਹੈ। ਕੁਝ ਲੋਕਾਂ ਨੇ ਪਾਣੀ, ਟੈਂਟ ਅਤੇ ਸੀਮਤ ਬਿਜਲੀ ਸਪਲਾਈ ਦਿੱਤੇ ਜਾਣ ਦੀ ਗੱਲ ਮੰਨੀ ਪਰ ਭਾਸ਼ਾ ਨੂੰ ਪੂਰੀ ਤਰ੍ਹਾਂ ਨਾ ਸਮਝਦੇ ਹੋਣ ਕਰ ਕੇ ਇੰਞ ਜਾਪਦਾ ਸੀ ਕਿ ਉਹ ਸਵਾਲਾਂ ਬਾਰੇ ਅਨਿਸ਼ਚਿਤ ਸਨ ਅਤੇ ਆਪਣੇ ਅਨੁਭਵ ਦੱਸ ਰਹੇ ਸਨ। ਕੁਝ ਲੋਕਾਂ ਨੇ ਉਸ ਬਾਰੇ ਗੱਲ ਕੀਤੀ ਜੋ ਉਨ੍ਹਾਂ ਨੂੰ ਮਿਲਿਆ ਸੀ ਜਿਸ ਵਿਚ ਮਦਦ ਕਰਨ ਵਾਲੇ ਵਿਅਕਤੀਆਂ ਜਾਂ ਗ਼ੈਰ-ਸਰਕਾਰੀ ਸੰਸਥਾਵਾਂ ਤੋਂ ਮਿਲੀ ਮਦਦ ਵੀ ਸ਼ਾਮਲ ਹੈ। ਵੀਡੀਓ ਨੂੰ ਇਸ ਤਰੀਕੇ ਨਾਲ ਸੰਪਾਦਿਤ ਕੀਤਾ ਗਿਆ ਸੀ ਤਾਂ ਜੋ ਦਰਸ਼ਕ ਇਹ ਵਿਸ਼ਵਾਸ ਕਰ ਲੈਣ ਕਿ ਦਿੱਲੀ ਸਰਕਾਰ ਵੱਲੋਂ ਸ਼ਰਨਾਰਥੀਆਂ ਦੀ ਹਰ ਜ਼ਰੂਰਤ ਪੂਰੀ ਕੀਤੇ ਜਾਣ ਕਾਰਨ ਉਹ ਐਸ਼ੋ-ਆਰਾਮ ਦੀ ਜ਼ਿੰਦਗੀ ਜੀ ਰਹੇ ਹਨ। ਅਗਲੇ ਦਿਨ ਉਨ੍ਹਾਂ ਨੇ ਉਸੇ ਕੈਂਪ 'ਚ ਬਣਾਈ ਫਾਲੋਅੱਪ ਵੀਡੀਓ ਵੀ ਜਾਰੀ ਕੀਤੀ।



*ਵੱਖ-ਵੱਖ ਯੂਟਿਊਬਰਾਂ ਦੀਆਂ ਚਲਾਈਆਂ ਭੜਕਾਊ ਖਬਰਾਂ।*

ਵੀਡੀਓ ਵਿਚ ਕੀਤੇ ਦਾਅਵੇ ਆਲਟ ਨਿਊਜ਼ ਨੇ ਲੱਗਭੱਗ ਤੁਰੰਤ ਹੀ ਰੱਦ ਕਰ ਦਿੱਤੇ ਸਨ ਪਰ ਇਸ ਨਾਲ ਇਸ ਵੀਡੀਓ ਦੇ ਫੈਲਣ ਨੂੰ ਰੋਕਿਆ ਨਾ ਜਾ ਸਕਿਆ। ਭਾਜਪਾ ਦੀ ਦਿੱਲੀ ਇਕਾਈ ਦੇ ਅਧਿਕਾਰਤ ਹੈਂਡਲ ਨੇ ਇਹ ਵੀਡਿਓ ਸ਼ੇਅਰ ਕੀਤੀ, ਇਸੇ ਤਰ੍ਹਾਂ ਭਾਜਪਾ ਦੇ ਬੁਲਾਰੇ ਤਜਿੰਦਰ ਬੱਗਾ ਨੇ ਸ਼ੇਅਰ ਕੀਤੀ ਜੋ 80 ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਦੇਖੀ। ਭਾਜਪਾ ਵੱਲੋਂ ਕੇਜਰੀਵਾਲ ਉੱਪਰ ਰੋਹਿੰਗਿਆ ਭਾਈਚਾਰੇ ਦੀ ਮਦਦ ਕਰਨ ਦਾ ਇਲਜ਼ਾਮ ਵੱਡਾ ਸਿਆਸੀ ਵਿਵਾਦ ਬਣ ਗਿਆ ਜੋ ਅਗਲੇ ਮਹੀਨੇ ਮੁੱਖ ਖਬਰਾਂ ਬਣ ਕੇ ਛਾਇਆ ਰਿਹਾ।

ਰਿਪੋਰਟਾਂ ਦੱਸਦੀਆਂ ਹਨ ਕਿ ਦੋ ਕੁ ਸਾਲ ਪਹਿਲਾਂ ਬਣਾਈ ਯੋਜਨਾ ਅਨੁਸਾਰ ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹਰਦੀਪ ਪੁਰੀ ਨੇ ਐਲਾਨ ਕੀਤਾ ਸੀ ਕਿ ਕੈਂਪ ਦੇ ਸ਼ਰਨਾਰਥੀਆਂ ਨੂੰ ਦਿੱਲੀ ਦੇ ਬੱਕਰਵਾਲਾ ਮੁਹੱਲੇ 'ਚ ਸੁਰੱਖਿਅਤ ਘਰਾਂ ਵਿਚ ਭੇਜਿਆ ਜਾ ਰਿਹਾ ਹੈ ਪਰ ਸ਼ਾਇਦ ਆਪ ਸਰਕਾਰ ਵੱਲੋਂ ਸ਼ਰਨਾਰਥੀ ਭਾਈਚਾਰੇ ਦੀਆਂ ਕੁਝ ਕੁ ਜ਼ਰੂਰਤਾਂ ਪੂਰੀਆਂ ਕਰਨ ਬਾਰੇ ਹੋ ਰਹੀ ਚਰਚਾ ਨੂੰ ਦੇਖਦੇ ਹੋਏ ਮੰਤਰਾਲੇ ਨੇ ਤੁਰੰਤ ਬਿਆਨ ਜਾਰੀ ਕੀਤਾ ਕਿ ਉਸ ਨੇ 'ਨਵੀਂ ਦਿੱਲੀ ਵਿਚ ਬੱਕਰਵਾਲਾ ਵਿਚ ਗ਼ੈਰ-ਕਾਨੂੰਨੀ ਰੋਹਿੰਗਿਆ ਸ਼ਰਨਾਰਥੀਆਂ ਨੂੰ ਈ.ਵੀ.ਐੱਸ. ਫਲੈਟ ਦੇਣ ਲਈ ਕੋਈ ਨਿਰਦੇਸ਼ ਨਹੀਂ ਦਿੱਤਾ।' ਇਸ ਦੀ ਬਜਾਏ ਮੰਤਰਾਲੇ ਨੇ ਦਾਅਵਾ ਕੀਤਾ ਕਿ ਇਹ ਤਾਂ ਦਿੱਲੀ ਸਰਕਾਰ ਵੱਲੋਂ ਤਜਵੀਜ਼ ਕੀਤਾ ਗਿਆ ਸੀ।

ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਵੀ ਅਜਿਹਾ ਕੋਈ ਆਦੇਸ਼ ਜਾਰੀ ਕੀਤੇ ਜਾਣ ਤੋਂ ਇਨਕਾਰ ਕੀਤਾ ਅਤੇ ਆਪਣਾ ਪਹਿਲਾ ਦਾਅਵਾ ਦੁਹਰਾਇਆ ਕਿ ਭਾਜਪਾ ਰਾਜਧਾਨੀ ਵਿਚ ਸ਼ਰਨਾਰਥੀਆਂ ਨੂੰ "ਗ਼ੈਰ-ਕਾਨੂੰਨੀ ਤਰੀਕੇ ਨਾਲ ਵਸਾਉਣ ਦੀ ਸਾਜ਼ਿਸ਼" ਕਰ ਰਹੀ ਸੀ। ਨਤੀਜਾ ਇਹ ਹੋਇਆ ਕਿ ਜਿਨ੍ਹਾਂ ਸ਼ਰਨਾਰਥੀਆਂ ਨੂੰ ਸੰਯੁਕਤ ਰਾਸ਼ਟਰ ਨੇ ਦੁਨੀਆ ਦੀ "ਸਭ ਤੋਂ ਵਧੇਰੇ ਸਤਾਈ ਹੋਈ ਘੱਟਗਿਣਤੀ" ਕਿਹਾ, ਉਨ੍ਹਾਂ ਨੂੰ ਦੋਵਾਂ ਪਾਰਟੀਆਂ ਨੇ ਹੋਰ ਵੀ ਅਣਮਨੁੱਖੀ ਬਣਾਉਣਾ ਜਾਰੀ ਰੱਖਿਆ ਜਿਸ ਦੀ ਤਕਰੀਬਨ ਹਰ ਪ੍ਰਿੰਟ ਅਤੇ ਟੈਲੀਵੀਜ਼ਨ ਨਿਊਜ਼ਰੂਮ ਵਿਆਪਕ ਕਵਰੇਜ਼ ਕਰਦੇ ਰਹੇ। ਨਿਊਜ਼18 ਨੇ ਇਸ ਵਿਸ਼ੇ ਉੱਪਰ ਪ੍ਰਾਈਮ ਟਾਈਮ ਬਹਿਸ ਚਲਾਈ ਜਦੋਂ ਕਿ ਐੱਨ.ਡੀ.ਟੀ.ਵੀ. ਨੇ ਕਈ ਜ਼ਮੀਨੀ ਰਿਪੋਰਟਾਂ ਦਿੱਤੀਆਂ। ਸਾਡੇ ਵੱਲੋਂ ਭੇਜੇ ਸਵਾਲਾਂ ਦਾ ਜਵਾਬ ਨਾ ਦਿੱਲੀ ਭਾਜਪਾ ਅਤੇ ਆਪ ਨੇ ਦਿੱਤਾ, ਨਾ ਹੀ ਬੱਗਾ ਅਤੇ ਸਿਸੋਦੀਆ ਨੇ।

ਵਰਤਮਾਨ ਭਾਰਤ ਦਾ ਸ਼ਾਹੀਨ ਬਾਗ਼ ਅਤੇ ਪਿਆਰਾ ਹਿੰਦੁਸਤਾਨ ਦਾ ਮਦਨਪੁਰ ਖਾਦਰ ਵੀਡੀਓ ਇਸਲਾਮ ਨੂੰ ਹਊਆ ਬਣਾ ਕੇ ਪੇਸ਼ ਕਰਦੀ ਸਮੱਗਰੀ ਨੂੰ ਯੂਟਿਊਬ ਤੋਂ 'ਮੁੱਖ ਧਾਰਾ' ਦੇ ਪਲੇਟਫਾਰਮਾਂ 'ਤੇ ਲਿਆਉਣ ਵਿਚ ਭਾਜਪਾ ਨੇਤਾਵਾਂ ਦੀ ਭੂਮਿਕਾ ਨੂੰ ਦਰਸਾਉਂਦੇ ਹਨ। ਭਾਜਪਾ ਦੀ ਲੀਡਰਸ਼ਿਪ ਅਤੇ ਘੋਰ-ਸੱਜੇਪੱਖੀ ਸਮੱਗਰੀ ਬਣਾਉਣ ਵਾਲਿਆਂ ਦਾ ਦੁਵੱਲਾ ਲਾਭਦਾਇਕ ਰਿਸ਼ਤਾ ਹੈ। ਅਵਸਥੀ ਨੇ ਸਾਨੂੰ ਦੱਸਿਆ ਕਿ ਜਿੱਥੋਂ ਤੱਕ ਉਸ ਨੂੰ ਪਤਾ ਹੈ, ਭਾਜਪਾ ਇਨ੍ਹਾਂ ਸਮੱਗਰੀ ਨਿਰਮਾਤਾਵਾਂ ਨੂੰ ਸਿੱਧੇ ਤੌਰ 'ਤੇ ਭੁਗਤਾਨ ਨਹੀਂ ਕਰਦੀ। ਉਸ ਅਨੁਸਾਰ- "ਬੇਸ਼ੱਕ, ਕੁਝ ਆਗੂਆਂ ਨੇ ਕੁਝ ਮਾਮਲਿਆਂ 'ਚ ਚੈਨਲ 'ਤੇ ਆਉਣ ਲਈ ਵਿਅਕਤੀਗਤ ਤੌਰ 'ਤੇ ਭੁਗਤਾਨ ਕੀਤਾ ਹੋ ਸਕਦਾ ਹੈ ਪਰ ਇਸ ਤੋਂ ਵਧੇਰੇ ਕੋਈ ਬਕਾਇਦਾ ਭੁਗਤਾਨ ਪ੍ਰਣਾਲੀ ਜਾਂ ਅਜਿਹਾ ਕੁਝ ਨਹੀਂ ਹੈ।"

ਫਿਰ ਵੀ, ਉਨ੍ਹਾਂ ਦੇ ਵੀਡੀਓ ਦਾ ਜਿਸ ਤਰ੍ਹਾਂ ਦਾ ਪ੍ਰਚਾਰ ਭਾਜਪਾ ਦੇ ਆਗੂ ਕਰਦੇ ਹਨ, ਉਸ ਦੀ ਬਦੌਲਤ ਉਨ੍ਹਾਂ ਦੀ ਨਿੱਜੀ ਆਮਦਨ ਮੁੱਖ ਧਾਰਾ ਮੀਡੀਆ ਵਿਚ ਉਨ੍ਹਾਂ ਦੇ ਹਮਰੁਤਬਾ ਦੀਆਂ ਤਨਖਾਹਾਂ ਤੋਂ ਕਿਤੇ ਵੱਧ ਹੈ। ਅਵਸਥੀ ਹੁਣ ਉਭਰਦੇ ਕਾਰੋਬਾਰੀ ਵਾਲੇ ਭਰੋਸੇ ਨਾਲ ਗੱਲ ਕਰਦਾ ਹੈ। ਉਸ ਨੇ ਸਾਨੂੰ ਦੱਸਿਆ ਕਿ ਓ ਨਿਊਜ਼ ਹਿੰਦੀ ਇਕ ਮਹੀਨੇ ਵਿਚ 1 ਲੱਖ ਰੁਪਏ ਤੋਂ ਵੀ ਘੱਟ ਕਮਾਉਂਦਾ ਹੈ, ਜਦੋਂ ਕਿ ਫੇਸਬੁੱਕ ਤੋਂ ਮਹੀਨਾਵਾਰ ਆਮਦਨ ਕਈ ਵਾਰ 5 ਲੱਖ ਰੁਪਏ ਤੱਕ ਪਹੁੰਚ ਜਾਂਦੀ ਹੈ। ਓ ਨਿਊਜ਼ ਹਿੰਦੀ ਦਾ ਦਵਾਰਕਾ ਵਿਚ ਸਹੂਲਤਾਂ ਨਾਲ ਲੈਸ ਦਫ਼ਤਰ ਹੈ ਅਤੇ ਉਹ ਆਪਣੇ ਪੱਤਰਕਾਰਾਂ ਦੇ ਸਫ਼ਰ ਦੇ ਖਰਚੇ ਸੌਖਿਆਂ ਹੀ ਚੁੱਕ ਸਕਦਾ ਹੈ। ਇਹ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਚੋਣ ਸਰਕਟ ਅਵਸਥੀ ਦੇ ਮੁਕਾਬਲੇਬਾਜ਼ਾਂ ਲਈ ਸਭ ਤੋਂ ਵੱਧ ਲਾਭਦਾਇਕ ਦੌੜ ਹੈ। ਉਨ੍ਹਾਂ ਦੀ ਟੀਮ ਮੁੱਢਲੀ ਜੋੜੀ ਨਾਲੋਂ ਵਿਸਤਾਰਤ ਹੋ ਗਈ ਹੈ ਜੋ ਪਹਿਲਾਂ ਸ਼ੂਟਿੰਗ, ਸੰਪਾਦਨ, ਪੇਸ਼ਕਾਰੀ ਅਤੇ ਅਪਲੋਡ ਕਰਨ ਦਾ ਸਾਰਾ ਕੰਮ ਖੁਦ ਹੀ ਕਰਦੀ ਸੀ।

ਉਸ ਨੇ ਦੱਸਿਆ ਕਿ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ (ਚੋਣਾਂ ਨੂੰ ਮੁੱਖ ਰੱਖ ਕੇ) ਵੌਕਸ ਪੌਪ ਰੁੱਤ ਦੀ ਯੋਜਨਾ ਬਣਾਈ ਗਈ ਹੈ ਪਰ ਇਸ ਨੂੰ ਉਹ ਸੌਖਾ ਸਮਝਦਾ ਸੀ: "ਮੈਂ 2024 'ਤੇ ਧਿਆਨ ਕੇਂਦਰਿਤ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸ ਚੋਣ ਲਈ ਸਮੱਗਰੀ ਅਸੀਂ ਪਹਿਲਾਂ ਹੀ ਤਿਆਰ ਕਰ ਰਹੇ ਹਾਂ।" ਹੋਰ ਚੈਨਲਾਂ ਨੇ ਵੀ ਆਪਣੀਆਂ 2024 ਯੂਟਿਊਬ ਪਲੇਅ-ਲਿਸਟਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਹਨ।





*ਪੱਤਰਕਾਰ ਮਨਦੀਪ ਪੂਨੀਆ ਅਤੇ (ਸੱਜੇ) 'ਆਲਟ ਨਿਊਜ਼' ਦੇ ਸਹਿ-ਸੰਸਥਾਪਕ ਮੁਹੰਮਦ ਜ਼ੁਬੈਰ।*

ਭਾਜਪਾ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ ਅਤੇ ਨਾਲ ਹੀ ਉਨ੍ਹਾਂ ਦੇ ਆਗੂ ਉਨ੍ਹਾਂ ਦੀ ਸਮੱਗਰੀ ਦੇ ਫੈਲਾਅ ਨੂੰ ਜ਼ਰਬਾਂ ਦੇ ਕੇ ਅਹਿਸਾਨ ਮੋੜਨ ਲਈ ਬਹੁਤ ਤਤਪਰ ਰਹਿੰਦੇ ਹਨ। ਸਿਰਫ਼ ਅੱਠ ਦਿਨਾਂ ਦੇ ਅਰਸੇ 'ਚ ਹੀ ਅਸੀਂ ਦੇਖਿਆ ਕਿ ਭਾਜਪਾ ਦੀ ਦਿੱਲੀ ਇਕਾਈ ਦੇ ਟਵਿੱਟਰ ਹੈਂਡਲ ਨੇ ਉਨ੍ਹਾਂ ਚੈਨਲਾਂ ਦੇ ਘੱਟੋ-ਘੱਟ 9 ਵੀਡੀਓ ਸਾਂਝੇ ਕੀਤੇ ਜਿਨ੍ਹਾਂ ਦਾ ਜ਼ਿਕਰ ਅਸੀਂ ਕੀਤਾ ਹੈ। ਜਿਵੇਂ-ਜਿਵੇਂ ਨਗਰ ਨਿਗਮ ਚੋਣਾਂ ਨੇੜੇ ਆ ਰਹੀਆਂ ਸਨ, ਇਹ ਮੁੱਖ ਤੌਰ 'ਤੇ ਸ਼ਹਿਰੀ ਮੁੱਦਿਆਂ, ਹਸਪਤਾਲਾਂ ਅਤੇ ਬਿਜਲੀ ਦੀ ਕਮੀ ਨੂੰ ਲੈ ਕੇ ਸਨ। ਅਵਸਥੀ ਨੇ ਕਿਹਾ, "ਇਹ ਦੋਵਾਂ ਸੰਸਥਾਵਾਂ ਲਈ ਸਹਾਈ ਹੁੰਦਾ ਹੈ। ਭਾਜਪਾ ਨੂੰ ਸਾਡੀ ਰਿਪੋਰਟਿੰਗ ਤੋਂ ਉਨ੍ਹਾਂ ਦੇ ਸੋਸ਼ਲ ਮੀਡੀਆ ਲਈ ਸਮੱਗਰੀ ਮਿਲਦੀ ਹੈ ਅਤੇ ਜਦੋਂ ਉਹ ਵੀਡੀਓ ਵਾਇਰਲ ਕਰਦੇ ਹਨ ਤਾਂ ਉਨ੍ਹਾਂ ਵਿਚ ਸਾਡੇ ਚੈਨਲ ਦਾ ਨਾਮ ਅਤੇ ਲੋਗੋ ਲੱਗਿਆ ਰਹਿੰਦਾ ਹੈ। ਇਸ ਨਾਲ ਸਾਡੀ ਪਹੁੰਚ ਵਧਣ ਨਾਲ ਸਾਨੂੰ ਫ਼ਾਇਦਾ ਹੁੰਦਾ ਹੈ।"

ਮੁੱਖ ਧਾਰਾ ਮੀਡੀਆ ਵਿਚ ਪਲੇਟਫਾਰਮ ਦੀ ਘਾਟ ਕਾਰਨ ਹਿੰਦੂ ਕੱਟੜਪੰਥੀਆਂ ਦੇ ਕਈ ਅਤਿਵਾਦੀ ਅਨਸਰਾਂ ਨੂੰ ਡਿਜੀਟਲ ਮੀਡੀਆ ਵਿਚ ਅੱਡਾ ਮਿਲ ਗਿਆ ਹੈ। ਭਾਰਤੀ ਜਨਤਾ ਯੁਵਾ ਮੋਰਚਾ ਦਾ ਸਾਬਕਾ ਨੇਤਾ ਸੰਜੀਵ ਭਾਟੀ ਅਜਿਹੀ ਸ਼ਖਸੀਅਤ ਹਨ ਜੋ ਹੁਣ ਹਿੰਦੂ ਸੈਨਾ ਨਾਂ ਦੇ ਸੰਗਠਨ ਦੀ ਅਗਵਾਈ ਕਰਦਾ ਹੈ। ਮਈ 2022 'ਚ ਵਾਇਰਲ ਸੰਦੇਸ਼ ਵਿਚ ਦਾਅਵਾ ਕੀਤਾ ਗਿਆ ਕਿ ਸ਼ਿਰਡੀ ਸਾਈ ਬਾਬਾ 'ਜਹਾਦੀ' ਸੀ। ਉਹ 19ਵੀਂ ਸਦੀ ਦਾ ਸੰਤ ਹੋਇਆ ਹੈ ਜਿਸ ਨੂੰ ਹਿੰਦੂ ਪੂਜਦੇ ਹਨ। ਇਕ ਹੋਰ ਵਾਇਰਲ ਸੰਦੇਸ਼ ਵਿਚ ਇਲਜ਼ਾਮ ਲਾਇਆ ਗਿਆ ਕਿ ਉਹ ਝਾਂਸੀ ਦੀ ਰਾਣੀ ਲਕਸ਼ਮੀਬਾਈ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਸੀ।

ਭਾਟੀ ਨੇ ਆਪਣੇ ਫੇਸਬੁੱਕ ਪੇਜ ਉੱਪਰ ਅਪਲੋਡ ਕੀਤੇ ਵੀਡੀਓ ਵਿਚ ਕਿਹਾ, "ਅਸੀਂ ਜਾਗਰੂਕਤਾ ਮੁਹਿੰਮ ਚਲਾ ਰਹੇ ਹਾਂ। ਸਾਡੇ ਮੰਦਰਾਂ ਵਿਚ ਜਹਾਦੀ ਸਥਾਪਤ ਕੀਤਾ ਗਿਆ ਹੈ ਚਾਂਦ ਮੀਆਂ ਜਿਸ ਨੂੰ ਤੁਸੀਂ ਸਾਈਂ ਕਹਿੰਦੇ ਹੋ ਅਤੇ ਉਸ ਦੀ ਪੂਜਾ ਕਰਦੇ ਹੋ। ਇਸ ਮੁਹਿੰਮ ਨਾਲ ਅਸੀਂ ਬਹੁਤ ਛੇਤੀ ਆਪਣੇ ਮੰਦਰਾਂ ਵਿਚੋਂ ਜਹਾਦੀ ਸਾਈਂ ਚਾਂਦ ਮੀਆਂ ਦਾ ਸਫ਼ਾਇਆ ਕਰ ਦੇਵਾਂਗੇ। ਸਭ ਤੋਂ ਪਹਿਲਾਂ ਅਸੀਂ ਮੰਦਰਾਂ ਵਿਚ ਜਾਵਾਂਗੇ ਅਤੇ ਪੁਜਾਰੀਆਂ ਨਾਲ ਗੱਲ ਕਰ ਕੇ ਉਨ੍ਹਾਂ ਨੂੰ ਸਾਈਂ ਦੀਆਂ ਮੂਰਤੀਆਂ ਨੂੰ ਹਟਾਉਣ ਲਈ ਕਹਾਂਗੇ। ਜੇ ਉਹ ਅਜਿਹਾ ਨਹੀਂ ਕਰਦੇ ਤਾਂ ਅਸੀਂ ਸਾਈਂ ਦੀਆਂ ਮੂਰਤੀਆਂ ਤੋੜਨ ਲਈ ਹਥੌੜੇ ਅਤੇ ਛੈਣੀਆਂ ਲੈ ਕੇ ਮੰਦਰਾਂ ਦੇ ਅੰਦਰ ਜਾਵਾਂਗੇ। ਸੰਜੀਵ ਭਾਟੀ ਨੇ ਹੁਣ ਸੱਜੇ-ਪੱਖੀ ਯੂਟਿਊਬ ਚੈਨਲਾਂ 'ਤੇ ਖਾਸ ਬੁਲਾਰੇ ਵਜੋਂ ਆਪਣੀ ਆਉਣੀ-ਜਾਣੀ ਖੂਬ ਵਧਾ ਲਈ ਹੈ ਅਤੇ ਉਹ ਪਿਆਰਾ ਹਿੰਦੁਸਤਾਨ, ਓ ਨਿਊਜ਼ ਹਿੰਦੀ ਅਤੇ ਐੱਚ.ਸੀ.ਐਨ. ਦੀਆਂ ਵੀਡੀਓ ਵਿਚ ਅਕਸਰ ਨਜ਼ਰ ਆਉਂਦਾ ਹੈ। ਅਸੀਂ ਟਿੱਪਣੀ ਲਈ ਸੰਜੀਵ ਭਾਟੀ ਤੱਕ ਨਹੀਂ ਪਹੁੰਚ ਸਕੇ।

ਅਜਿਹੇ ਹੋਰ ਕਾਰਕੁਨ ਹਨ ਜਿਨ੍ਹਾਂ ਨੂੰ ਯੂਟਿਊਬਰ ਆਰਥਿਕਤਾ ਨੇ ਹੱਲਾਸ਼ੇਰੀ ਦਿੱਤੀ ਅਤੇ ਮਸ਼ਹੂਰ ਬਣਾਇਆ ਹੈ। ਇਨ੍ਹਾਂ ਵਿਚ ਰਾਮ ਤਿਆਗੀ ਵਰਗੇ ਸ਼ਖਸ ਸ਼ਾਮਲ ਹਨ ਜਿਨ੍ਹਾਂ ਨੇ ਉਹ ਵੀਡੀਓ ਪ੍ਰਸਾਰਿਤ ਕੀਤਾ ਜਿਸ ਵਿਚ ਭੀੜ ਜਿਸ ਨੇ ਬਾਅਦ ਵਿਚ ਚਰਚ ਵਿਚ ਭੰਨਤੋੜ ਕੀਤੀ, 'ਦੇਸ਼ ਕੇ ਗ਼ੱਦਾਰੋਂ ਕੋ ਗੋਲੀ ਮਾਰੋ ਸਾਲੋਂ ਕੋ' ਦੇ ਨਾਅਰੇ ਲਗਾ ਰਹੀ ਸੀ।

ਇਸੇ ਤਰ੍ਹਾਂ ਪਿੰਕੀ ਚੌਧਰੀ ਜਿਸ ਨੇ 5 ਜਨਵਰੀ 2020 ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਉੱਪਰ ਹਮਲੇ ਦੀ ਜ਼ਿੰਮੇਵਾਰੀ ਲਈ ਸੀ ਅਤੇ ਰਾਗਿਨੀ ਤਿਵਾੜੀ ਜਿਸ ਨੇ ਫੇਸਬੁੱਕ ਲਾਈਵ ਈਵੈਂਟ ਚਲਾਏ, ਜਿੱਥੇ ਉਸ ਨੇ ਉੱਤਰ-ਪੂਰਬੀ ਦਿੱਲੀ ਵਿਚ ਹਿੰਸਾ ਦੌਰਾਨ ਭੀੜ ਨੂੰ ਹਮਲੇ ਲਈ ਉਕਸਾਇਆ। ਇਸ ਕਾਰਨ 53 ਲੋਕ ਮਾਰੇ ਗਏ ਸਨ ਜਿਨ੍ਹਾਂ ਵਿਚ ਜ਼ਿਆਦਾਤਰ ਮੁਸਲਮਾਨ ਸਨ। ਤਿਆਗੀ ਨੇ ਸਾਡੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ। ***(ਚੱਲਦਾ)***

# ਉੱਘੇ ਸਮਾਜ ਸੇਵਕ ਤੇ ਸਿੱਖਿਆ ਕਰਮੀ ਭਜਨ ਸਿੰਘ ਚਾਹਲ ਦਾ ਸਨਮਾਨ









**ਡੈਲਸ/ਟੈਕਸਸ (ਹਰਜੀਤ ਸਿੰਘ ਢੇਸੀ):** ਇਥੋਂ ਦੇ ਰੋਮਾ ਪੈਲੇਸ ਹਾਲ ਵਿਚ ਉੱਘੇ ਸਮਾਜ ਸੇਵਕ ਅਤੇ ਸਿੱਖਿਆ ਸ਼ਾਸਤਰੀ ਸ. ਭਜਨ ਸਿੰਘ ਚਾਹਲ ਦੇ ਸਨਮਾਨ ਹਿੱਤ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵੱਲੋਂ ਵਿਸ਼ੇਸ਼ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਸੰਸਥਾ ਦੇ ਮੈਂਬਰ ਸਹਿਬਾਨ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਭਾਵਸ਼ਾਲੀ ਸ਼ਖਸੀਅਤਾਂ ਨੇ ਭਰਵੀਂ ਸ਼ਮੂਲੀਅਤ ਕੀਤੀ ਅਤੇ ਸੰਧੂਰੀ ਸ਼ਾਮ ਦਾ ਆਨੰਦ ਮਾਣਿਆ।

ਸ਼ਾਮ ਦੇ ਤਕਰੀਬਨ ਸੱਤ ਵਜੇ ਸ. ਭਜਨ ਸਿੰਘ ਚਾਹਲ ਅਤੇ ਉਨ੍ਹਾਂ ਦੇ ਸਾਥੀ ਸਮਾਗਮ ਵਿਚ ਪਹੁੰਚੇ। ਸੰਸਥਾ ਦੇ ਮੈਂਬਰ ਸਾਹਿਬਾਨ ਅਤੇ ਪਹੁੰਚੇ ਹੋਏ ਪਤਵੰਤੇ ਸੱਜਣਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ 'ਜੀ ਆਇਆਂ' ਕਿਹਾ ਜਿਸ ਉਪਰੰਤ ਸਮਾਗਮ ਦੀ ਸ਼ੁਰੂਆਤ ਹੋਈ। ਸਭ ਤੋਂ ਪਹਿਲਾਂ ਉਨ੍ਹਾਂ ਨੂੰ ਸਟੇਜ 'ਤੇ ਬੁਲਾਇਆ ਗਿਆ ਅਤੇ ਸੰਸਥਾ ਵਲੋਂ ਯਾਦਗਾਰੀ ਸਨਮਾਨ ਚਿੰਨ੍ਹ ਤੇ ਲੋਈ ਭੇਟ ਕੀਤੀ ਗਈ। ਸਭ ਮਹਿਮਾਨਾਂ ਨੇ ਖੜ੍ਹੇ ਹੋ ਕੇ ਉਨ੍ਹਾਂ ਨੂੰ ਵਧਾਈ ਪੇਸ਼ ਕੀਤੀ ਅਤੇ ਸ. ਚਾਹਲ ਨੇ ਸਭ ਦਾ ਧੰਨਵਾਦ ਕਰਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ।

ਇਸ ਮੌਕੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਮਨਧੀਰ ਬੱਲ ਨੇ ਬਾਖੂਬੀ ਨਿਭਾਈ। ਉਨ੍ਹਾਂ ਵੱਲੋਂ ਸਵਾਗਤੀ ਸ਼ਬਦਾਂ ਤੋਂ ਬਾਅਦ ਸਮਾਗਮ ਦੇ ਮੁੱਖ ਮਹਿਮਾਨ ਭਜਨ ਸਿੰਘ ਚਾਹਲ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਅਤੇ ਬੁਲਾਰਿਆਂ ਨੂੰ ਮਹਿਮਾਨਾਂ ਦੇ ਰੂ-ਬ-ਰੂ ਕਰਵਾਇਆ ਗਿਆ। ਸਭ ਤੋਂ ਪਹਿਲਾਂ ਰਾਜਾ ਸਿੰਘ ਨਿੱਝਰ ਨੇ ਸ. ਚਾਹਲ ਦਾ ਸਮਾਗਮ ਵਿਚ ਪਹੁੰਚਣ ਲਈ ਧੰਨਵਾਦ ਕਰਦਿਆਂ ਕਿਹਾ ਕਿ ਸ. ਚਾਹਲ ਨੂੰ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਜਿਊਣ ਦਾ ਪੂਰਨ ਗਿਆਨ ਹੈ। ਸ. ਗੁਰਸ਼ਰਨ ਬਗਲੀ ਨੇ ਉਨ੍ਹਾਂ ਦੇ ਸਮਾਜ ਪ੍ਰਤੀ ਨਿਭਾਏ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਸੀਂ ਇਨ੍ਹਾਂ ਦੇ ਜੀਵਨ ਅਨੁਭਵਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਸ. ਚਾਹਲ ਦੇ ਪੁਰਾਣੇ ਸਾਥੀ ਸ. ਭੁਪਿੰਦਰ ਸਿੰਘ ਢੱਲ ਅਤੇ ਹਰੀ ਪ੍ਰੀਤਮ ਸਿੰਘ ਨੇ ਆਪੋ-ਆਪਣੇ ਸੰਬੋਧਨ ਵਿਚ ਦੱਸਿਆ ਕਿ ਉਨ੍ਹਾਂ ਵਲੋਂ ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਚ ਯੋਗ ਕਲਾਸਾਂ ਦਾ ਪ੍ਰਬੰਧ ਕਰ ਕੇ ਸੰਗਤਾਂ ਦੀ ਚੰਗੀ ਸਿਹਤ ਅਤੇ ਉਨ੍ਹਾਂ ਦੇ ਜੀਵਨ ਬਿਹਤਰ ਬਣਾਉਣ ਵਿਚ ਵਡਮੁੱਲਾ ਯੋਗਦਾਨ ਪਾਇਆ ਗਿਆ ਹੈ। ਟਹਿਲ ਸਿੰਘ ਦਿਉਲ ਅਤੇ ਸ਼ੇਰੇ ਪੰਜਾਬ ਸਿੰਘ ਰੰਧਾਵਾ ਵਲੋਂ ਸ. ਚਾਹਲ ਨਾਲ ਬਿਤਾਏ ਪਲਾਂ ਦੀ ਯਾਦ ਤਾਜ਼ਾ ਕੀਤੀ ਗਈ।









ਪੱਤਰਕਾਰ ਹਰਜੀਤ ਢੇਸੀ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਸ. ਭਜਨ ਸਿੰਘ ਚਾਹਲ ਬਹੁਤ ਹੀ ਸੰਵੇਦਨਸ਼ੀਲ ਸੀਰਤ ਅਤੇ ਸੂਰਤ ਦਾ ਸੁਮੇਲ, ਸੱਚੇ-ਸੁੱਚੇ, ਇਮਾਨਦਾਰ ਦਾਨਸ਼ਵਰ ਰੂਹ ਦੇ ਮਾਲਕ ਹਨ। ਸ. ਢੇਸੀ ਨੇ ਉਨ੍ਹਾਂ ਦੇ ਜੀਵਨ ਬਿਰਤਾਂਤ 'ਤੇ ਝਾਤੀ ਪਾਉਂਦਿਆਂ ਦੱਸਿਆ ਕਿ ਸ. ਭਜਨ ਸਿੰਘ ਚਾਹਲ ਦਾ ਜਨਮ ਪਿੰਡ ਬਰਮਾ, ਜ਼ਿਲ੍ਹਾ ਲੁਧਿਆਣਾ ਵਿਚ 13 ਅਕਤੂਬਰ 1934 ਵਿਚ ਆਮ ਕਿਸਾਨੀ ਪਰਿਵਾਰ ਵਿਚ ਹੋਇਆ, ਆਪ ਜੀ ਦੇ ਮੁੱਢਲੇ ਸ਼ੌਕ ਸਨ ਪੜ੍ਹਨਾ, ਪੜ੍ਹਾਉਣਾ ਤੇ ਜਿਸਮ ਨੂੰ ਤੰਦਰੁਸਤ ਤੇ ਸੁਡੌਲ ਰੱਖਣਾ। ਸਕੂਲ ਦੀ ਪੜ੍ਹਾਈ ਉਪਰੰਤ ਉਨ੍ਹਾਂ ਮਹਿੰਦਰਾ ਕਾਲਜ ਪਟਿਆਲਾ ਤੋਂ ਗਰੈਜੂਏਸ਼ਨ ਕੀਤੀ ਅਤੇ ਸਕੂਲਾਂ, ਕਾਲਜਾਂ ਵਿਚ ਪੜ੍ਹਾਇਆ। ਫਿਰ ਉਹ ਇੰਗਲੈਂਡ ਕਾਫ਼ੀ ਸਮਾਂ ਰਹੇ ਅਤੇ ਉਚੇਰੀ ਪੜ੍ਹਾਈ ਦੇ ਨਾਲ-ਨਾਲ ਸਕੂਲਾਂ, ਕਾਲਜਾਂ ਵਿਚ ਸਿੱਖਿਆ ਕਰਮੀ ਵੀ ਰਹੇ। ਇੰਗਲੈਂਡ ਵਿਚ ਕਾਲਜ ਵਿਚ ਦੋ ਮੈਰਾਥਨ ਦੌੜੀਆਂ। 1966 ਵਿਚ ਪਹਿਲੇ ਨੰਬਰ 'ਤੇ ਆਏ ਅਤੇ ਅਗਲੇ ਸਾਲ ਦੂਜੇ ਨੰਬਰ 'ਤੇ ਰਹੇ। ਇਸ ਉਪਰੰਤ ਉਨ੍ਹਾਂ ਅਮਰੀਕਾ ਦੇ ਡੈਲਸ ਸ਼ਹਿਰ ਨੂੰ ਆਪਣੀ ਕਰਮ ਭੂਮੀ ਬਣਾਇਆ। ਇਥੇ ਵੀ ਉਨ੍ਹਾਂ 17 ਮੈਰਾਥਨ ਵਿਚ ਭਾਗ ਲਿਆ। ਆਖਰੀ ਮੈਰਾਥਨ ਉਨ੍ਹਾਂ ਨੇ 10 ਦਸੰਬਰ 2017 ਨੂੰ ਡੈਲਸ ਵਿਖੇ ਦੌੜੀ। ਇਸ ਵਿਚ ਵਿਲੱਖਣਤਾ ਇਹ ਸੀ ਕਿ ਉਨ੍ਹਾਂ ਦੀ ਉਮਰ 83 ਸਾਲ ਅਤੇ ਦੋਵੇਂ ਗੋਡਿਆਂ ਦੀ ਸਰਜਰੀ ਹੋ ਚੁੱਕੀ ਸੀ। ਅੱਜ ਭਾਵੇਂ ਸ. ਚਾਹਲ ਨੱਬਿਆਂ ਨੂੰ ਢੁਕਣ ਵਾਲੇ ਹਨ ਪਰ ਦਿਖ ਉਨ੍ਹਾਂ ਦੀ 60-65 ਸਾਲ ਦੀ ਲੱਗਦੀ ਹੈ। ਡੈਲਸ ਵਿਖੇ ਰੈਣ ਬਸੇਰਾ ਕਰਦਿਆਂ ਸਕੂਲ ਵਿਚ ਪੰਜ ਦਿਨ ਪੜ੍ਹਾਉਂਦਿਆਂ ਅਤੇ ਸ਼ਨਿਚਰਵਾਰ ਅਤੇ ਐਤਵਾਰ ਗੁਰਦੁਆਰਾ ਗਾਰਲੈਂਡ ਵਿਚ ਫੁੱਲਾਂ, ਬੂਟਿਆਂ, ਬਾਗ਼ਬਾਨੀ ਤੇ ਬਾਹਰਲੀ ਸਫ਼ਾਈ ਦੀ ਸੇਵਾ ਕਰਦੇ-ਕਰਦੇ ਥਕਦੇ ਨਹੀਂ। ਸ. ਢੇਸੀ ਨੇ ਦੱਸਿਆ,"ਮੈਂ ਜਦੋਂ ਵੀ ਉਨ੍ਹਾਂ ਨੂੰ ਮਿਲਿਆ, ਸਹਿਜ ਅਵਸਥਾ ਵਿਚ ਵਿਚਰਦਿਆਂ ਦੇਖਿਆ। ਗੁਰਦੁਆਰਾ ਸਿੱਖ ਟੈਂਪਲ ਗਾਰਲੈਂਡ ਵਿਚ ਗਰਮੀ ਦੀਆਂ ਤਿਖੜ ਦੁਪਹਿਰਾਂ ਅਤੇ ਸਰਦੀਆਂ ਦੇ ਠੰਢੇ ਸੀਤ ਦਿਨਾਂ ਵਿਚ ਬਾਹਰ ਬਾਗ਼ਬਾਨੀ ਕਰਦਿਆਂ ਸੇਵਾਵਾਂ ਨਿਭਾਉਂਦਿਆਂ ਦੇਖਿਆ। ਸ. ਢੇਸੀ ਨੇ ਆਪਣੇ ਵਿਚਾਰਾਂ ਨੂੰ ਸੀਮਤ ਕਰਦਿਆਂ ਕਿਹਾ ਕਿ ਸ. ਚਾਹਲ ਨੇ ਦੱਸਿਆ ਹੈ ਕਿ ਚੰਗੇ ਕਰਮ ਕਿਵੇਂ ਕਮਾਈਦੇ ਹਨ। ਸਾਨੂੰ ਉਨ੍ਹਾਂ ਤੋਂ ਸਿੱਖਣ ਦੀ ਲੋੜ ਹੈ। ਉਹ ਸਾਡੇ ਸਭਨਾਂ ਲਈ ਰੋਲ ਮਾਡਲ ਹਨ, ਸਾਨੂੰ ਇਨ੍ਹਾਂ 'ਤੇ ਹਮੇਸ਼ਾ ਮਾਣ ਰਹੇਗਾ।















# ਕਸ਼ਮੀਰੀਅਤ ਦੀ ਰੂਹ



ਕਲਾ ਪਰਿਕਰਮਾ

ਪ੍ਰੋਫੈਸਰ ਰਹਿਮਾਨ ਰਾਹੀ ਦਾ ਵਿਦਾ ਹੋਣਾ ਕਸ਼ਮੀਰੀ ਸਾਹਿਤ ਦੇ ਇਕ ਯੁੱਗ ਦਾ ਖ਼ਤਮ ਹੋਣਾ ਹੈ। ਉਹ ਅਜਿਹੀ ਯੁਗਾਂਤਰੀ ਸ਼ਖ਼ਸੀਅਤ ਸੀ ਜਿਸ ਦੀ ਰੂਹ ਵਿਚ ਕਸ਼ਮੀਰੀਅਤ ਦਾ ਸਮੁੰਦਰ ਠਾਠਾਂ ਮਾਰਦਾ ਸੀ। ਪ੍ਰੋਫੈਸਰ ਰਾਹੀ ਦੇ ਕਸ਼ਮੀਰੀ, ਉਰਦੂ ਅਤੇ ਅੰਗਰੇਜ਼ੀ ਲਫ਼ਜ਼ਾਂ ਦੀ ਚਿੱਤਰਕਾਰੀ ਦੀ ਧਾਰ ਧੁਰ ਅੰਦਰ ਤੀਕ ਪਾਠਕਾਂ ਨੂੰ ਲਰਜ਼ਾ ਜਾਂਦੀ ਸੀ। ਰਾਹੀ ਨੇ ਕਸ਼ਮੀਰੀ 'ਚ ਲਿਖਿਆ ਪਰ ਉਹ ਪੂਰੀ ਦੁਨੀਆ ਵਿਚ ਪੜ੍ਹਿਆ ਗਿਆ। ਉਸ ਨੇ ਭਰਪੂਰ ਉਮਰ ਜੀਵੀ। ਉਹਨੇ ਲਿਖਿਆ ਸੀ:

ਲਾਲ ਗੁਲਾਬਾਂ ਦੀਆਂ ਪਗਡੰਡੀਆਂ ਨੂੰ
ਛੂਹਣ ਲੱਗੀ ਹੈ ਸ਼ਬਨਮ
ਸ਼ਾਇਦ ਕੋਈ ਮਖ਼ਮਲੀ ਹਵਾ
ਬਾਗ਼ 'ਚ ਦਾਖ਼ਲ ਹੋਣ ਲੱਗੀ ਹੈ।

ਪ੍ਰੋ. ਰਹਿਮਾਨ ਰਾਹੀ ਜਦੋਂ ਇਹ ਸ਼ਬਦ ਸਿਰਜ ਰਹੇ ਸਨ ਤਾਂ ਸਮੁੱਚੇ ਭਾਰਤ ਵਿਚ ਉਹ ਬਾਗ਼ੀਆਨਾ ਤਬੀਅਤ ਦੇ ਸ਼ਾਇਰ ਵੀ ਮੰਨੇ ਜਾਂਦੇ ਸਨ ਪਰ ਉਨ੍ਹਾਂ ਨੇ ਵਾਦਾਂ-ਵਿਵਾਦਾਂ ਵਿਚ ਵੀ ਸਾਹਿਤ ਦੀ ਰੂਹ ਨੂੰ ਦੇਖਿਆ ਅਤੇ ਜਿਉਂਦਾ ਰੱਖਿਆ। ਉਹ ਅਸਲੀ ਅਰਥਾਂ ਵਿਚ ਕਸ਼ਮੀਰੀਅਤ ਦੀ ਰੂਹ ਦੇ ਲੇਖਕ ਸਨ। ਜਦੋਂ ਉਨ੍ਹਾਂ ਦੀ ਕਵਿਤਾ ਦੀ ਪੁਸਤਕ 'ਨੌਰੋਜ਼-ਏ-ਸਬਾ' ਨੂੰ ਸਾਲ 1961 ਦਾ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ ਤਾਂ ਉਨ੍ਹਾਂ ਕਿਹਾ ਸੀ, "ਇਹ ਕਸ਼ਮੀਰੀ ਰੰਗ ਹੈ ਮੇਰੀਆਂ ਰਗਾਂ 'ਚ ਜੋ ਧੜਕਦਾ ਹੈ। ਡੱਲ ਦੀਆਂ ਲਹਿਰਾਂ ਨਾਲ।" ਉਹ ਕਸ਼ਮੀਰੀਅਤ ਦੀ ਪੁਰਸੋਜ਼ ਆਵਾਜ਼ ਸਨ ਜਿਸ ਆਵਾਜ਼ ਵਿਚ ਭਾਸ਼ਾ, ਦਿਲ ਤੇ ਰਵਾਨੀ, ਸਭ ਇਕੋ ਵੇਲੇ ਧੜਕਦੇ ਸਨ।



ਕ੍ਰਿਸ਼ਨ ਕੁਮਾਰ ਰੱਤੂ
ਫੋਨ: +91-94787-30156

ਸ੍ਰੀਨਗਰ ਨੌਸ਼ਹਿਰਾ ਵਿਚਲੇ ਘਰ ਅਤੇ ਪ੍ਰਤਾਪ ਪ੍ਰੈਸ ਇਨਕਲੇਵ 'ਚ ਉਨ੍ਹਾਂ ਨਾਲ ਹੋਈਆਂ ਕਈ ਯਾਦਗਾਰੀ ਮੁਲਾਕਾਤਾਂ ਮੇਰੇ ਚੇਤੇ ਦੀ ਚੰਗੇਰ ਵਿਚ ਅੱਜ ਵੀ ਤਾਜ਼ਾ ਹਨ ਜਿਵੇਂ ਕੱਲ੍ਹ ਦੀ ਗੱਲ ਹੋਵੇ। ਮੈਂ ਜਿੰਨੀ ਵਾਰੀ ਵੀ ਉਨ੍ਹਾਂ ਨੂੰ ਮਿਲਿਆ, ਉਨ੍ਹਾਂ ਦੀ ਮਿਲਣੀ ਨਵੀਂ ਊਰਜਾ ਅਤੇ ਨਵੇਂ ਸ਼ਬਦਾਂ ਵਿਚ ਸਮਾਜ ਤੇ ਲੋਕਾਂ ਦੇ ਸੁਹੱਪਣ ਦੀ ਸਿਫ਼ਤ ਕਰਨ ਵਾਲੀ ਭਾਵਨਾ ਨਾਲ ਭਰ ਦਿੰਦੀ ਸੀ। ਉਹ ਨਵੀਂ ਕਵਿਤਾ ਸੁਣਾਉਣੀ ਨਹੀਂ ਭੁੱਲਦੇ ਸਨ। ਸ੍ਰੀਨਗਰ ਵਿਚ ਨੌਕਰੀ ਦੌਰਾਨ ਮੈਂ ਜਿੰਨੀ ਵਾਰੀ ਪ੍ਰੋ. ਰਾਹੀ ਨੂੰ ਮਿਲਿਆ, ਉਹ ਕਸ਼ਮੀਰੀਅਤ ਦੀ ਖ਼ੁਸ਼ਬੂ ਨਾਲ ਲਬਰੇਜ਼ ਮਿਲੇ। ਉਨ੍ਹਾਂ ਦਾ ਗੁਜ਼ਰ ਜਾਣਾ ਇਕ ਯੁੱਗ ਦਾ ਅੰਤ ਹੈ ਕਿਉਂਕਿ ਕਸ਼ਮੀਰੀ ਭਾਸ਼ਾ 'ਚ ਉਨ੍ਹਾਂ ਵਰਗੀ ਪ੍ਰਤਿਭਾ ਵਾਲਾ ਸ਼ਖ਼ਸ ਮਿਲਣਾ ਮੁਸ਼ਕਿਲ ਹੈ।

ਰਹਿਮਾਨ ਰਾਹੀ ਕੋਲ ਖੁੱਲ੍ਹੀ ਕਵਿਤਾ ਦਾ ਅਜਿਹਾ ਹੁਨਰ ਸੀ ਕਿ ਉਹ ਜਿੱਥੇ ਵੀ ਅਨੁਵਾਦ ਹੋ ਕੇ ਪਹੁੰਚੀ, ਲਫ਼ਜ਼ਾਂ ਨੇ ਹਰ ਭਾਸ਼ਾ 'ਚ ਪਾਠਕਾਂ ਦਾ ਵੱਡਾ ਘੇਰਾ ਹਾਸਿਲ ਕੀਤਾ। ਰਹਿਮਾਨ ਰਾਹੀ ਨੂੰ ਬਹੁਤ ਸਾਰੇ ਸਨਮਾਨਾਂ ਨਾਲ ਨਿਵਾਜਿਆ ਗਿਆ। ਉਹ ਪਹਿਲੇ ਅਜਿਹੇ ਕਸ਼ਮੀਰੀ ਲੇਖਕ ਸਨ ਜਿਨ੍ਹਾਂ ਨੂੰ ਗਿਆਨਪੀਠ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ। ਸਾਲ 2000 ਵਿਚ ਰਹਿਮਾਨ ਨੂੰ ਪਦਮਸ੍ਰੀ ਨਾਲ ਸਨਮਾਨਿਤ ਕੀਤਾ ਗਿਆ। ਇਹ ਪੁਰਸਕਾਰ 2007 ਵਿਚ ਪੁਸਤਕ 'ਸਿਆਹ ਰੂਦ ਜੇਰੇਨ ਮੰਜ਼' ਲਈ ਮਿਲਿਆ।

ਪ੍ਰੋ. ਰਾਹੀ ਨੇ ਭਰਪੂਰ ਤੇ ਕਰਮਸ਼ੀਲ ਜ਼ਿੰਦਗੀ ਜੀਵੀ। ਉਨ੍ਹਾਂ ਦਾ ਜਨਮ 6 ਮਈ 1925 ਨੂੰ ਸ੍ਰੀਨਗਰ ਵਿਚ ਹੋਇਆ। ਆਪਣਾ ਪੁਰਾਣਾ ਮਕਾਨ ਕਈ ਗਲੀਆਂ 'ਚ ਘੁੰਮਦਿਆਂ ਉਨ੍ਹਾਂ ਨੇ ਬੜੇ ਚਾਅ ਨਾਲ ਮੈਨੂੰ 1990 'ਚ ਦਿਖਾਇਆ ਸੀ। ਇਹ ਉਨ੍ਹਾਂ ਨਾਲ ਦੂਰਦਰਸ਼ਨ ਦੇ ਇਕ ਮੁਲਾਕਾਤੀ ਪ੍ਰੋਗਰਾਮ ਲਈ ਸ਼ੂਟਿੰਗ ਦੇ ਦਿਨ ਸਨ। ਰਹਿਮਾਨ ਨੂੰ ਭਾਸ਼ਾ ਪ੍ਰਤੀ ਕੱਟੜਤਾ ਬੜੀ ਚੁਭਦੀ ਸੀ ਜਦੋਂ ਕਸ਼ਮੀਰੀ ਭਾਸ਼ਾ ਨੂੰ ਬਿਲਕੁਲ ਹੀ ਅਲੱਗ ਕਰ ਦਿੰਦੇ ਸਨ ਅਤੇ ਉਰਦੂ ਨੂੰ ਅਲੱਗ। ਉਹ ਭਾਸ਼ਾਵਾਂ ਪ੍ਰਤੀ ਜਗਿਆਸੂ ਬਿਰਤੀ ਦੇ ਮਾਲਕ ਸਨ। ਇਸ ਦਾ ਸਬੂਤ ਉਨ੍ਹਾਂ ਦਾ ਪੰਜਾਬੀ ਪੜ੍ਹਨੀ ਜਾਣਦੇ ਹੋਣਾ ਸੀ। ਕਈ ਵਾਰੀ ਉਹ ਪੰਜਾਬੀ ਬੋਲਦੇ ਵੀ ਸਨ। ਬਾਬਾ ਫ਼ਰੀਦ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰੂਹਾਨੀਅਤ ਬਾਰੇ ਉਨ੍ਹਾਂ ਦਾ ਦਾਰਸ਼ਨਿਕ ਗਿਆਨ ਵਿਆਪਕ ਸੀ। ਉਨ੍ਹਾਂ ਨੇ ਬਾਬਾ ਫ਼ਰੀਦ ਜੀ ਦੀ ਰਚਨਾ ਨੂੰ ਪੰਜਾਬੀ ਤੋਂ ਕਸ਼ਮੀਰੀ ਵਿਚ ਅਨੁਵਾਦ ਕੀਤਾ। ਕਈ ਵਾਰੀ ਉਹ ਮੂਲ ਪੰਜਾਬੀ ਕਵਿਤਾ ਬਾਰੇ ਚਰਚਾ ਵੀ ਕਰਦੇ ਸਨ।

ਪ੍ਰੋ. ਰਹਿਮਾਨ ਰਾਹੀ ਨੇ ਕਸ਼ਮੀਰੀ ਸੱਭਿਆਚਾਰ ਅਤੇ ਰਾਜਨੀਤਕ ਉਥਲ-ਪੁਥਲ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ-ਵਸਤੂ ਬਣਾਇਆ। ਉਨ੍ਹਾਂ ਦੀਆਂ ਮਕਬੂਲ ਪੁਸਤਕਾਂ ਵਿਚ 1952 ਵਿਚ ਪ੍ਰਕਾਸ਼ਿਤ ਪੁਸਤਕ ਸੰਨਾ-ਵਾਣੀ-ਸਾਜ਼, ਸੁਹਕ ਸੌਡਾ, ਕਲਾਮ-ਏ-ਰਾਹੀ, ਅਜਿਚ ਕਸ਼ੀਰ ਸ਼ਾਇਰੀ, ਕਸ਼ੀਰ ਨਗਮਿਤਰੀ ਸ਼ਾਇਰੀ ਤੋਂ ਇਲਾਵਾ ਬਾਬਾ ਫ਼ਰੀਦ, ਸਬਾ ਮੁਲਾਕਾਤ, ਫਾਰਮੋਵ ਜਰਤੁਸ ਜ਼ਦੀਆ ਸ਼ਾਮਲ ਹਨ। ਹਿੰਦੀ ਤੇ ਉਰਦੂ ਵਿਚ ਵੀ 'ਰਹਿਮਾਨ ਰਾਹੀ ਕੀ ਪ੍ਰਤੀਨਿਧੀ ਕਵਿਤਾਏਂ' ਨਾਮਕ ਪੁਸਤਕ ਮਿਲਦੀ ਹੈ।

ਰਹਿਮਾਨ ਰਾਹੀ ਵਧੀਆ ਪੱਤਰਕਾਰ ਅਤੇ ਸੰਪਾਦਕ ਵੀ ਸਨ। ਡੇਲੀ ਖ਼ਿਦਮਤ ਵਰਗੀ ਅਖ਼ਬਾਰ ਤੇ 1953 ਤੋਂ 1955 ਡੇਲੀ ਆਜਕੱਲ੍ਹ ਦੇ ਸੰਪਾਦਕੀ ਮੰਡਲ 'ਚ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਉਨ੍ਹਾਂ ਨੇ ਆਪਣੇ ਕਾਲਮਾਂ ਰਾਹੀਂ ਬੇਹੱਦ ਸਲਾਹੁਣਯੋਗ ਲਿਖਿਆ।

ਰਾਹੀ ਨੇ ਸਾਰਤਰ ਤੇ ਕਾਮੂ ਦੀਆਂ ਰਚਨਾਵਾਂ ਦੇ ਨਾਲ ਨਾਲ ਚੋਣਵੇਂ ਭਗਤਾਂ ਦੀ ਬਾਣੀ ਨੂੰ ਕਸ਼ਮੀਰੀ 'ਚ ਅਨੁਵਾਦ ਕੀਤਾ। ਕਈ ਕਸ਼ਮੀਰੀ ਲੇਖਕ ਉਨ੍ਹਾਂ 'ਤੇ ਦੀਨਾਨਾਥ ਨਦੀਮ ਦਾ ਅਸਰ ਦੱਸਦੇ ਰਹੇ ਹਨ ਪਰ ਰਾਹੀ ਨੇ ਹਮੇਸ਼ਾ ਲੋਕਾਂ ਲਈ ਹੀ ਲਿਖਿਆ। ਉਹ ਭਾਰਤੀ ਕਮਿਊਨਿਸਟ ਪਾਰਟੀ ਕਸ਼ਮੀਰ ਨਾਲ ਵੀ ਜੁੜੇ ਰਹੇ। ਕਸ਼ਮੀਰੀ ਮੈਗਜ਼ੀਨ ਕੁੰਗ-ਪੋਸ਼ ਨਾਲ ਵੀ ਉਹ ਜੁੜੇ ਰਹੇ। ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਨਾਲ ਜੁੜੇ ਰਹਿਣ ਕਾਰਨ ਹੀ ਸਾਹਿਤ ਖ਼ਾਸਕਰ ਕਵਿਤਾ 'ਚ ਉਸ ਦੇ ਅਸਰ ਨੂੰ ਉਸ ਨੇ ਨਹੀਂ ਕਬੂਲਿਆ। ਆਪਣੇ ਖੁੱਲ੍ਹੇ ਵਿਚਾਰਾਂ ਤੇ ਜ਼ਿੰਦਗੀ ਦਾ ਚਿਤੇਰਾ ਸੀ ਰਹਿਮਾਨ ਰਾਹੀ ਜਿਸ ਨੇ ਵੀਹਵੀਂ ਸਦੀ ਦੇ ਗੁੰਝਲਦਾਰ ਤੇ ਵਿਸ਼ਿਆਂ ਵਾਦਾਂ ਤੋਂ ਉੱਪਰ ਉੱਠ ਕੇ ਲਿਖਿਆ ਤੇ ਜੀਵਿਆ ਸੀ।

ਆਪਣੇ ਨੌਸ਼ਹਿਰਾ ਵਾਲੇ ਘਰ ਦੀ ਪਹਿਲੀ ਮੰਜ਼ਿਲ 'ਚ ਬੈਠਿਆਂ ਇਕ ਵਾਰੀ ਰਹਿਮਾਨ ਨੇ ਦੱਸਿਆ ਸੀ ਕਿ ਕਿਵੇਂ ਇਕ ਕਲਰਕ ਦੀ ਨੌਕਰੀ ਉਹ ਵੀ 1947 ਦੀ ਵੰਡ ਤੋਂ ਬਾਅਦ ਉਸ ਨੂੰ ਮਿਲੀ ਤੇ ਫਿਰ ਇਹ ਸਿਲਸਿਲਾ ਵਧਦਾ ਹੀ ਗਿਆ। ਰਵਾਇਤੀ ਇਸਲਾਮੀਆ ਸਕੂਲ ਤੋਂ ਪੜ੍ਹਨ ਵਾਲੇ ਇਕ ਔਸਤ ਵਿਦਿਆਰਥੀ ਨੇ ਕਿਵੇਂ ਆਪਣੀ ਮਿਹਨਤ ਨਾਲ ਫ਼ਾਰਸੀ ਤੇ ਕਸ਼ਮੀਰੀ ਸਾਹਿਤ ਵਿਚ ਯੂਨੀਵਰਸਿਟੀ ਆਫ਼ ਕਸ਼ਮੀਰ ਤੋਂ ਐਮ.ਏ. ਕਰ ਕੇ ਫਿਰ ਉਸ ਯੂਨੀਵਰਸਿਟੀ 'ਚ ਹੀ ਕਸ਼ਮੀਰੀ ਵਿਭਾਗ ਦੇ ਮੁਖੀ ਵਜੋਂ ਉਭਰ ਕੇ ਸਮੁੱਚੇ ਭਾਰਤ ਨੂੰ ਆਪਣੀਆਂ ਕਵਿਤਾਵਾਂ ਦੇ ਘੇਰੇ ਵਿਚ ਲੈ ਲਿਆ। 1977 ਤੋਂ ਆਪਣੀ ਸੇਵਾਮੁਕਤੀ ਤੱਕ ਉਹ ਇਸ ਵਿਭਾਗ ਦੇ ਮੁਖੀ ਰਹੇ।

ਉਨ੍ਹਾਂ ਨੇ ਆਪਣੀਆਂ ਕਈ ਕਵਿਤਾਵਾਂ ਵਿਚ ਮੁਹੱਬਤ ਤੇ ਗੁਰਬਤ ਦੀ ਗੱਲ ਇਕੱਠਿਆਂ ਹੀ ਕੀਤੀ ਹੈ। ਉਸ ਨੇ ਸ਼ਾਇਰ, ਹੁਸਨ-ਏ-ਜਲਵਾ, ਫ਼ਨ-ਏ-ਬਾਗ-ਏ ਵਰਗੀਆਂ ਕਵਿਤਾਵਾਂ 'ਚ ਜਿਸ ਤਰ੍ਹਾਂ ਦੀ ਰਵਾਨੀ ਪੇਸ਼ ਕੀਤੀ ਹੈ, ਉਹ ਅਦਭੁੱਤ ਹੈ। ਉਨ੍ਹਾਂ ਦੇ ਆਪਣੇ ਮੂੰਹੋਂ ਇਹ ਰਚਨਾਵਾਂ ਸੁਣਨਾ ਸਾਹਿਤ ਦੇ ਇਸ ਚਿਤੇਰੇ ਦੇ ਸ਼ਬਦਾਂ ਦਾ ਵਲਵਲਾ ਤੇ ਮੁਹੱਬਤ ਦੀ ਸੰਜੀਦਾ ਪੇਸ਼ਕਾਰੀ ਦਾ ਨਮੂਨਾ ਹੁੰਦਾ ਸੀ। ਕਸ਼ਮੀਰੀਅਤ ਦਾ ਜਜ਼ਬਾ ਉਨ੍ਹਾਂ ਦੀਆਂ ਕਵਿਤਾਵਾਂ ਕਾਰੀ ਦਰਿਆ, ਸਲਸਲਾਬੀਲ, ਅਵਲਮ ਆਦਿ ਵਿਚ ਦੇਖਿਆ ਜਾ ਸਕਦਾ ਹੈ। ਜਬਰਬਾਨ ਵਾਲੇ ਸ਼ਾਂਗੀ ਕਵਿਤਾ ਹੋਵੇ 'ਚ ਉਹ ਇਕ ਥਾਂ ਲਿਖਦੇ ਹਨ:

ਇਕ ਸ਼ਬਦ ਇਕੱਲਿਆਂ ਹੀ
ਰੌਸ਼ਨੀ ਲਈ ਕਾਫ਼ੀ ਹੈ
ਇਨ੍ਹਾਂ ਸਮਿਆਂ 'ਚ
ਜਦੋਂ ਪਹਾੜਾਂ 'ਤੇ ਰੌਸ਼ਨੀ ਗਾਇਬ ਹੈ।
ਇਕ ਸ਼ਬਦ ਇਕੱਲਾ ਹੀ ਕਾਫ਼ੀ ਹੈ,
ਜਿਉਣ ਲਈ।

1970 ਤੋਂ ਬਾਅਦ ਜਦੋਂ ਰਹਿਮਾਨ ਤ੍ਰੈਭਾਸ਼ੀ ਕਸ਼ਮੀਰੀ ਕੋਸ਼ 'ਤੇ ਕੰਮ ਰਹੇ ਸਨ ਤਾਂ ਸਬਾ-ਏ-ਮੁਲਾਕਾਤ 'ਚ ਉਨ੍ਹਾਂ ਨੇ ਲਿਖਿਆ ਸੀ:

ਇਤਿਹਾਸ ਬਦਲਦਾ ਹੈ
ਡੱਲ ਤਾਂ ਨਹੀਂ ਬਦਲੇਗੀ
ਇਹ ਕਸ਼ਮੀਰ ਦੀ ਰੂਹ
ਆਉਂਦੀ ਜਾਂਦੀ ਰਹੇਗੀ।

ਸਮੁੱਚੇ ਭਾਰਤੀ ਸਾਹਿਤ ਦੇ ਸੰਦਰਭ 'ਚ ਰਹਿਮਾਨ ਵਰਗਾ ਕਸ਼ਮੀਰੀ ਤੇ ਉਰਦੂ ਭਾਸ਼ਾ ਦਾ ਕੋਈ ਰਚਨਾਕਾਰ ਨਹੀਂ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਸਾਹਿਤ ਜਗਤ ਨੂੰ ਪਿਆ ਘਾਟਾ ਕਦੇ ਪੂਰਿਆ ਨਹੀਂ ਜਾ ਸਕਦਾ। ਉਹ ਸਧਾਰਨ ਦਿੱਖ ਵਾਲਾ ਦਿਲਦਾਰ ਮਨੁੱਖ ਸੀ ਜਿਸ ਦੀਆਂ ਅੱਖਾਂ ਵਿਚ ਸ਼ਬਦਾਂ ਦਾ ਸਮੁੰਦਰ ਤੇ ਦਿਲ ਵਿਚ ਦੋਸਤੀ ਦੇ ਚਿਰਾਗ਼ ਬਲਦੇ ਸਨ। ਪ੍ਰੋ. ਰਹਿਮਾਨ ਰਾਹੀ ਦੀਆਂ ਕੁਝ ਕਵਿਤਾਵਾਂ ਦੇ ਅੰਸ਼:

ਨਦੀ ਦੇ ਤਲ 'ਤੇ
ਕਿਆਰੇ ਦਰਿਆ ਸਲਸਬੀਲ ਅਸਲੀ ਛਬੀਲ
ਨਦੀ ਦੇ ਤਲ 'ਤੇ ਹੁੰਦੀ ਹੈ
ਉਪਰ ਦੀ ਤਹਿ ਤਾਂ ਅੱਗ ਦੀ ਹੁੰਦੀ ਹੈ।

---

ਨਾ ਧੁੱਪ, ਨਾ ਗਰਮੀ ਹੈ
ਠੰਢਕ ਕਿਧਰੇ ਵੀ ਨਹੀਂ ਹੈ
ਕਿਧਰੇ ਕੁਝ ਨਹੀਂ
ਲਟਕੀ ਹੋਈ ਹੈ ਪਿਆਸ
ਕਿਸੇ ਉਦਾਸੀ ਵਾਂਗ।

---

ਹਨੇਰੇ 'ਚ ਖੁੱਲ੍ਹਦਾ ਰਹੱਸ
ਜਦੋਂ ਨੀਂਦ ਤੋਂ ਮੈਂ ਉਸ ਨੂੰ ਪਛਾਣਿਆ
ਉਹੀ ਸੀ, ਕਬੂਤਰ
ਪਹਾੜਾਂ ਦੀ ਚੋਟੀਆਂ ਤੋਂ
ਝੜਦੇ ਖੰਭਾਂ ਨਾਲ ਉਡਦਾ ਜਾ ਰਿਹਾ ਸੀ
ਖੁੱਲ੍ਹੇ ਅਕਾਸ਼ ਵਿਚ।

---

ਚਿਨਾਰ ਦੀ ਟਹਿਣੀਆਂ ਉੱਤੇ
ਇਕ ਸੋਚ ਦਾ ਵਿਸਫ਼ੋਟ ਹੈ
ਗੁਲਾਮ ਗਰਦਿਸ਼ ਹੈ, ਚਾਰੇ ਪਾਸੇ
ਕਦਮ ਹਨ, ਬਲਦੇ ਹੋਏ ਅੰਗਾਰਿਆਂ 'ਤੇ।
ਥੱਲੇ ਬੇਬਰੋਸਗੀ ਹੈ, ਮੌਸਮ 'ਚ ਇਨ੍ਹੀਂ ਦਿਨੀਂ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖ਼ਰੀ ਤਾਰੀਖ 4 ਫਰਵਰੀ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-571



ਨੰਗ-ਧੜੰਗਾ ਬਚਪਨ ਘੁੰਮਦਾ, ਕਿਸਮਤ ਦੀ ਹੈ ਮਾਰੀ ਮਾਂ,
ਤੀਰਾਂ ਤੋਂ ਹਨ ਤਿੱਖੀਆਂ ਨਜ਼ਰਾਂ, ਕੌੜੇ ਬੋਲਾਂ ਦੀ ਹੈ ਮਾਰੀ ਮਾਂ।
ਹੰਝੂ-ਹਉਕੇ ਪੱਲੇ ਪਈ ਲਾਚਾਰੀ, ਬੇਵੱਸ ਅਤੇ ਦੁਖਿਆਰੀ ਮਾਂ,
ਨੰਨ੍ਹੇ ਨੂੰ ਕੁਝ ਸਮਝ ਨ੍ਹੀਂ ਆਉਂਦੀ, ਪੂੰਝੇ ਅੱਥਰੂ ਡਡਿਆਰੀ ਮਾਂ।

### ਕੈਪਸ਼ਨ ਮੁਕਾਬਲਾ-569



ਸਾਡੇ 'ਦੇਸ਼ ਮਹਾਨ' ਦਾ,
ਦੇਖੋ ਹੈ ਇਹ ਹਾਲ।
ਵਿਚ ਚੌਕਾਂ ਦੇ ਤਰਲੇ ਪਾਉਂਦੇ,
ਫਿਰਦੇ ਸਾਡੇ ਬਾਲ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ : +91 98783-37222*

---

ਮੇਰੀ ਉਮਰ
ਖਿਡੌਣਿਆਂ ਦੇ ਨਾਲ ਖੇਡਣ ਦੀ
ਪਰ ਮੈਂ ਖਿਡੌਣੇ ਵੇਚ ਪੈਸੇ ਕਮਾਵਾਂ,
ਹੁਣ ਤੁਹਾਨੂੰ ਦਿਲ ਦੀ ਗੱਲ ਸੁਣਾਵਾਂ,
ਮਨ ਮੇਰਾ ਵੀ ਕਰਦਾ ਸਕੂਲੇ ਜਾਵਾਂ,
ਪੜ੍ਹ ਲਿਖ ਚੰਗਾ ਨਾਮ ਕਮਾਵਾਂ,
ਸਹੇਲੀਆਂ ਦੇ ਨਾਲ ਕਿੱਕਲੀ ਪਾਵਾਂ,
ਵਧੀਆ ਅਫ਼ਸਰ ਬਣਾਂ ਤੇ
ਮਾਂ ਬਾਪ ਦਾ ਨਾਂ ਚਮਕਾਵਾਂ,
ਆਪਣੇ ਸੁਪਨੇ ਆਪ ਸਜਾਵਾਂ,
ਸੋਹਣੇ ਸੋਹਣੇ ਕੱਪੜੇ ਪਾਵਾਂ,
ਪਰੀਆਂ ਵਾਂਗ ਖ਼ੁਦ ਨੂੰ ਸਜਾਵਾਂ
ਮਾਂ ਦੇ ਹੱਥਾਂ ਦੀ ਚੂਰੀ ਖਾਵਾਂ,
ਪਿਓ ਦੇ ਸਿਰ ਦਾ ਤਾਜ ਬਣ ਜਾਵਾਂ,
ਭੈਣ ਭਰਾ ਸੰਗ ਮੌਜ ਕਰਾਂ ਤੇ
ਖ਼ੁਸ਼ੀਆਂ ਨਾਲ ਹਰ ਤਿਓਹਾਰ ਮਨਾਵਾਂ,
ਰੱਬ ਤੋਂ ਮੰਗਾਂ ਇਹੋ ਦੁਆਵਾਂ,
ਮਿਹਨਤ ਕਰ ਏਨੇ ਜੋਗੀ ਹੋ ਜਾਵਾਂ
ਕਿ ਆਪਣੇ ਸਾਰੇ ਆਪਣੇ ਚਾਅ ਪੁਗਾਵਾਂ।
*-ਨਵਜੋਧ ਸਿੰਘ ਬਾਜਵਾ*
*ਫੋਨ: 224-447-8307*

---

ਵਰੇਸ ਚੜ੍ਹਦੀ ਉਮਰ
ਖੇਡਣ ਮੱਲਣ ਦਾ ਵੇਲਾ
ਨਹੀਂ ਤੁਰਦਾ ਘਰ ਦਾ ਤੋਰੀ ਫੁਲਕਾ
ਵੇਚ ਭੰਬੀਰੀਆਂ, ਖਿਡੌਣੇ ਜਾ ਕੇ ਦਰ ਦਰ
ਪਰਿਵਾਰ ਨਾਲ ਹੱਥ ਵਟਾਉਣਾ ਪੈਂਦਾ,
ਕਾਗਜ਼ਾਂ 'ਚ ਬਾਲ ਮਜ਼ਦੂਰੀ
ਵਰਜਿਤ ਹੈ ਭਾਵੇਂ
ਲੋੜ ਹੈ ਮਜ਼ਬੂਤ ਜਥੇਬੰਦੀ ਦੀ,
ਬਾਲਾਂ ਨੂੰ ਰਾਹਤ ਦਿਵਾਉਂਦੀ
ਆਵਾਜ਼ ਜੋ ਉਠਾਵੇ
ਸੋਚਣ ਸਰਕਾਰਾਂ
ਘੱਟ ਆਮਦਨ ਮਾਪਿਆਂ ਨੂੰ
ਦੇ ਮੁਆਵਜ਼ਾ ਤੰਗੀਆਂ ਤੁਰਸ਼ੀਆਂ ਤੋਂ
ਛੁਟਕਾਰਾ ਦੁਆਵੇ।
*-ਦਰਸ਼ਨ ਪਾਲ ਦੋਸਾਂਝ*

# ਹਾਸ਼ੀਏ 'ਤੇ ਪਹੁੰਚਿਆ ਭਾਈਚਾਰਾ...

***ਭਾਰਤ ਵਿਚ ਐਂਗਲੋ-ਇੰਡੀਅਨਾਂ ਦਾ ਆਪਣਾ ਇਤਿਹਾਸ ਰਿਹਾ ਹੈ। ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਬੈਰੀ ਓ'ਬਰਾਇਨ ਦੀ ਕਿਤਾਬ ਦੇ ਬਹਾਨੇ ਇਸ ਭਾਈਚਾਰੇ ਬਾਰੇ ਕੁਝ ਬੇਹੱਦ ਦਿਲਚਸਪ ਤੱਥ ਆਪਣੇ ਇਸ ਲੇਖ ਵਿਚ ਪਰੋਏ ਹਨ।***

ਰੌਜਰ ਮਾਈਕਲ ਹੰਫਰੀ ਬਿੰਨੀ (67) ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦਾ ਪ੍ਰਧਾਨ ਹੈ। ਕ੍ਰਿਕਟ ਨਾਲ ਉਸ ਦਾ ਨਾਤਾ ਅੱਧੀ ਸਦੀ ਤੋਂ ਵੱਧ ਪੁਰਾਣਾ ਹੈ। 1983 ਵਿਚ ਕਪਿਲ ਦੇਵ ਦੀ ਅਗਵਾਈ ਹੇਠ ਵਿਸ਼ਵ ਕੱਪ ਅਤੇ 1985 'ਚ ਆਸਟਰੇਲੀਆ ਵਿਚ ਵਿਸ਼ਵ ਕ੍ਰਿਕਟ ਚੈਂਪੀਅਨਸ਼ਿਪ ਜਿੱਤਣ ਵਾਲੀਆਂ ਭਾਰਤੀ ਟੀਮਾਂ ਦਾ ਉਹ ਮੁੱਖ ਮੈਂਬਰ ਸੀ। ਕਪਿਲ ਵਾਂਗ ਉਹ ਤੇਜ਼ ਗੇਂਦਬਾਜ਼ ਵੀ ਸੀ ਤੇ ਬੱਲੇਬਾਜ਼ ਵੀ। ਫੀਲਡਰ ਵੀ ਨਿਹਾਇਤ ਉਮਦਾ। ਦਰਅਸਲ, ਦੋਵਾਂ ਚੈਂਪੀਅਨਸ਼ਿਪਾਂ ਵਿਚ ਬਤੌਰ ਗੇਂਦਬਾਜ਼ ਉਸ ਨੇ ਸਭ ਤੋਂ ਵੱਧ ਵਿਕਟਾਂ ਲਈਆਂ। ਆਪਣੇ ਨਾਮ ਵਾਂਗ ਸ਼ਕਲ-ਸੂਰਤ ਤੋਂ ਉਹ ਯੂਰਪੀ ਗੋਰਾ ਲੱਗਦਾ ਸੀ-ਨਸਲ ਪੱਖੋਂ ਐਂਗਲੋ-ਇੰਡੀਅਨ ਹੋਣ ਕਰ ਕੇ। ਉਸ ਦਾ ਪੜਦਾਦਾ ਸਕੌਟਲੈਂਡ ਤੋਂ ਭਾਰਤ ਆਇਆ। ਇੱਥੇ ਨੌਕਰੀ ਕਰਦਿਆਂ ਉਸ ਨੇ ਭਾਰਤੀ ਇਸਾਈ ਕੁੜੀ ਨਾਲ ਵਿਆਹ ਰਚਾਇਆ। ਇਹੋ ਜਿਹੇ ਮੇਲ



ਹੀ ਭਾਰਤੀ ਉਪ-ਮਹਾਂਦੀਪ ਵਿਚ ਐਂਗਲੋ-ਇੰਡੀਅਨ ਨਸਲ ਦੀ ਉਤਪਤੀ ਤੇ ਪਸਾਰ ਦਾ ਜ਼ਰੀਆ ਬਣੇ। ਪਹਿਲਾਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਫਿਰ ਬ੍ਰਿਟਿਸ਼ ਭਾਰਤ ਸਰਕਾਰ ਨੇ

**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਐਂਗਲੋ-ਇੰਡੀਅਨਾਂ ਨੂੰ ਵਿਆਪਕ ਰਿਆਇਤਾਂ ਦਿੱਤੇ ਜਾਣ ਦੇ ਬਾਵਜੂਦ ਭਾਰਤੀ ਵਸੋਂ ਵਿਚ ਇਸ ਭਾਈਚਾਰੇ ਦੀ ਆਬਾਦੀ ਦਾ ਅਨੁਪਾਤ ਨਾਂ-ਮਾਤਰ ਹੀ ਰਿਹਾ। ਅਜਿਹੇ ਨਾਂ-ਮਾਤਰ ਅਨੁਪਾਤ ਦੇ ਬਾਵਜੂਦ ਇਸ ਭਾਈਚਾਰੇ ਨੇ ਆਜ਼ਾਦੀ ਤੋਂ ਪਹਿਲਾਂ ਵੀ, ਅਤੇ ਬਾਅਦ ਵਿਚ ਵੀ ਭਾਰਤੀ ਵਿਕਾਸ-ਵਿਗਾਸ ਵਿਚ ਅਹਿਮ ਯੋਗਦਾਨ ਪਾਇਆ। ਇਹੋ ਕਹਾਣੀ ਕਹਿੰਦੀ ਹੈ ਖੇਡ ਪੱਤਰਕਾਰ, ਵਿਦਿਆਦਾਨੀ ਤੇ ਲੇਖਕ ਬੈਰੀ ਓ'ਬ੍ਰਾਇਨ ਦੀ ਕਿਤਾਬ 'ਦਿ ਐਂਗਲੋ-ਇੰਡੀਅਨਜ਼: ਏ ਪੋਰਟਰੇਟ ਆਫ ਏ ਕਮਿਊਨਿਟੀ' (ਭਾਰਤ 'ਚ ਐਂਗਲੋ-ਇੰਡੀਅਨ ਭਾਈਚਾਰੇ ਦੀ ਅਸਲ ਤਸਵੀਰ)। ਇਸ ਭਾਈਚਾਰੇ ਬਾਰੇ ਦਰਜਨਾਂ ਕਿਤਾਬਾਂ ਮੌਜੂਦ ਹਨ, ਬਹੁਤੀਆਂ ਖੋਜ ਪੱਤਰਾਂ ਜਾਂ ਨਿਬੰਧ ਸੰਗ੍ਰਹਿਆਂ ਵਰਗੀ ਖੁਸ਼ਕੀ ਵਾਲੀਆਂ। ਓ'ਬ੍ਰਾਇਨ ਦੀ ਕਿਤਾਬ ਇਨ੍ਹਾਂ ਤੋਂ ਭਿੰਨ ਹੈ। ਇਹ ਐਂਗਲੋ-ਇੰਡੀਅਨਾਂ ਦੇ ਆਦਿ ਤੋਂ ਵਰਤਮਾਨ ਦੇ ਫ਼ਸਾਨੇ, ਅਫ਼ਸਾਨਿਆਂ ਵਰਗੀ ਲੱਜ਼ਤ ਤੇ ਸ਼ਾਇਸਤਗੀ ਨਾਲ ਪੇਸ਼ ਕਰਦੀ ਹੈ।


ਪੰਜ ਸੌ ਵਰ੍ਹੇ ਪਹਿਲਾਂ ਸ਼ੁਰੂ ਹੋਇਆ ਸੀ ਯੂਰਪੀਨਾਂ ਅਤੇ ਭਾਰਤੀਆਂ ਦਾ ਨਸਲੀ ਮੇਲ। ਵਾਸਕੋ ਡੀ'ਗਾਮਾ ਦੀ ਅਗਵਾਈ ਹੇਠ ਪੁਰਤਗੀਜ਼ਾਂ ਦੀ ਅਰਬ ਸਾਗਰੀ ਸਾਹਿਲ 'ਤੇ ਆਮਦ ਨਾਲ। ਤਕਰੀਬਨ ਅੱਧੀ ਸਦੀ ਤੱਕ ਜਿੰਨੇ ਵੀ ਪੁਰਤਗੀਜ਼ ਜਹਾਜ਼ ਭਾਰਤੀ ਸਾਹਿਲ ਤੱਕ ਪਹੁੰਚੇ, ਉਨ੍ਹਾਂ ਵਿਚ ਇਕ ਵੀ ਔਰਤ ਸਵਾਰ ਨਹੀਂ ਸੀ। ਸਥਾਨਕ ਪ੍ਰਸ਼ਾਸਕਾਂ ਨੇ ਪੁਰਤਗੀਜ਼ ਜਹਾਜ਼ੀਆਂ ਨੂੰ ਭਾਰਤੀ ਔਰਤਾਂ ਨਾਲ ਵਿਆਹ ਕਰਨ ਦੀ ਇਜਾਜ਼ਤ ਦੇ ਦਿੱਤੀ। ਪੁਰਤਗੀਜ਼ ਸਰਕਾਰ ਤੇ ਕੈਥੋਲਿਕ ਪਾਦਰੀਆਂ ਨੂੰ ਅਜਿਹੇ ਵਿਆਹਾਂ 'ਤੇ ਇਤਰਾਜ਼ ਨਹੀਂ ਸੀ ਬਲਕਿ ਸਮਾਜਿਕ ਅਤੇ ਸਿਆਸੀ ਤੌਰ 'ਤੇ ਅਜਿਹੇ ਵਿਆਹ ਪੁਰਤਗੀਜ਼ ਹਿੱਤਾਂ ਲਈ ਲਾਹੇਵੰਦ ਸਨ। ਪਹਿਲਾਂ ਦੱਖਣੀ ਭਾਰਤ ਦੇ ਵਿਜੈ ਨਗਰ ਸਾਮਰਾਜ ਦੇ ਹਿੰਦੂ ਸਮਰਾਟਾਂ ਤੇ ਦਰਬਾਰੀਆਂ ਅਤੇ ਫਿਰ ਆਦਿਲਸ਼ਾਹੀ ਸੁਲਤਾਨਾਂ ਦੀ ਮੰਗ 'ਤੇ ਪੁਰਤਗੀਜ਼ਾਂ ਨੇ ਕੱਕੇ ਕੇਸਾਂ, ਭੂਰੀਆਂ ਅੱਖਾਂ ਤੇ ਗੋਰੀ ਜਿਲਦ ਵਾਲੀਆਂ ਔਰਤਾਂ ਵੀ ਭਾਰਤ ਲਿਆਉਣੀਆਂ ਸ਼ੁਰੂ ਕੀਤੀਆਂ; ਮੁੱਖ ਤੌਰ 'ਤੇ ਵਪਾਰਕ ਰਿਆਇਤਾਂ ਹਾਸਲ ਕਰਨ ਲਈ। ਅਜਿਹੇ ਸਹਿਵਾਸ ਤੋਂ ਉਪਜੀ ਨਸਲ ਤਾਂ ਭਾਰਤੀ ਨਸਲ ਦਾ ਹਿੱਸਾ ਬਣ ਗਈ ਪਰ ਪੁਰਤਗੀਜ਼ ਪੁਰਸ਼ਾਂ ਤੇ ਭਾਰਤੀ ਔਰਤਾਂ ਦੇ ਮੇਲ ਤੋਂ ਉਪਜੀ ਔਲਾਦ ਵੱਖਰੀ (ਯੂਰੇਸ਼ੀਅਨ) ਹੀ ਮੰਨੀ ਜਾਂਦੀ ਰਹੀ। ਬਰਤਾਨਵੀਆਂ ਦੀ ਆਮਦ ਨੇ ਸਥਿਤੀ ਨੂੰ ਹੋਰ ਪੇਚੀਦਾ ਬਣਾ ਦਿੱਤਾ। ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਬਹੁਤੇ ਮੁਲਾਜ਼ਮ ਮੁੱਢੋਂ-ਸੁੱਢੋਂ ਇੰਗਲਿਸਤਾਨੀ ਨਹੀਂ ਸਨ। ਉਹ ਅਮੂਮਨ ਗ਼ਰੀਬ ਆਇਰਿਸ਼ ਤੇ ਸਕੌਟਿਸ਼ ਪਰਿਵਾਰਾਂ ਨਾਲ ਸਬੰਧਿਤ ਸਨ ਅਤੇ ਕੰਪਨੀ ਦੀ ਨੌਕਰੀ ਰਾਹੀਂ ਆਪਣੀ ਜ਼ਿੰਦਗੀ ਬਿਹਤਰ ਬਣਾਉਣ ਲਈ ਭਾਰਤ ਆਏ ਸਨ। ਉਨ੍ਹਾਂ ਨੂੰ ਪਤਾ ਸੀ ਕਿ ਉਹ ਦੋ-ਚਾਰ ਵਰ੍ਹਿਆਂ ਮਗਰੋਂ ਵਤਨ ਨਹੀਂ ਪਰਤ ਸਕਦੇ। ਲਿਹਾਜ਼ਾ, ਉਨ੍ਹਾਂ ਨੇ ਭਾਰਤੀ ਔਰਤਾਂ ਨਾਲ ਵਿਆਹਾਂ ਨੂੰ ਤਰਜੀਹ ਦਿੱਤੀ। ਐਂਗਲੋ-ਇੰਡੀਅਨ ਭਾਈਚਾਰਾ ਇਸੇ ਵਰਤਾਰੇ ਵਿਚੋਂ ਉਪਜਿਆ। ਪੁਰਤਗੀਜ਼ ਤਾਕਤ ਕਮਜ਼ੋਰ ਪੈਣ ਮਗਰੋਂ ਯੂਰੇਸ਼ੀਅਨ ਲੋਕ ਵੀ ਐਂਗਲੋ-ਇੰਡੀਅਨਾਂ ਵਾਂਗ ਵਿਚਰਨ ਲੱਗੇ।


ਬਰਤਾਨਵੀਆਂ ਤੇ ਪੁਰਤਗੀਜ਼ਾਂ ਦਰਮਿਆਨ ਬੁਨਿਆਦੀ ਫ਼ਰਕ ਇਹ ਸੀ ਕਿ ਪੁਰਤਗੀਜ਼ਾਂ ਨੂੰ ਭੂਰੇ ਰੰਗ ਤੋਂ ਪਰਹੇਜ਼ ਨਹੀਂ ਸੀ। ਇਸ ਦਾ ਮੁੱਖ ਕਾਰਨ ਭੂਗੋਲਿਕ ਸੀ। ਪੁਰਤਗਾਲ, ਉੱਤਰ ਅਫਰੀਕੀ ਸਾਹਿਲ ਤੋਂ ਬਹੁਤਾ ਦੂਰ ਨਹੀਂ। ਉੱਤਰ ਅਫਰੀਕੀ ਅਰਬ (ਮੂਰ) ਰੁਜ਼ਗਾਰ ਤੇ ਕਾਰੋਬਾਰ ਲਈ ਪੁਰਤਗਾਲ ਵੱਲ ਹਿਜਰਤ ਇਕ ਦਹਿਸਦੀ ਤੋਂ ਕਰਦੇ ਆਏ ਹਨ। ਉਨ੍ਹਾਂ ਦੀ ਗੰਦਮੀ ਜਾਂ ਨੀਮ-ਗੋਰੀ ਚਮੜੀ ਪੁਰਤਗੀਜ਼ ਜਨਤਕ ਲੈਂਡਸਕੇਪ ਦਾ ਹਿੱਸਾ ਬਣੀ ਰਹੀ ਹੈ। ਇਸ ਵੇਲੇ ਵੀ ਪੁਰਤਗਾਲ ਦਾ ਪ੍ਰਧਾਨ ਮੰਤਰੀ, ਵਿਦੇਸ਼ ਮੰਤਰੀ ਅਤੇ ਪ੍ਰਤੀਨਿਧੀ ਸਭਾ (ਪਾਰਲੀਮੈਂਟ) ਦਾ ਸਪੀਕਰ ਗੋਆ ਦੇ ਜੰਮਪਲ ਹਨ। ਉਨ੍ਹਾਂ ਦਾ ਗੰਦਮੀ ਰੰਗ ਉਨ੍ਹਾਂ ਲਈ ਕਦੇ ਵੀ ਰਾਜਸੀ ਅੜਿੱਕਾ ਸਾਬਤ ਨਹੀਂ ਹੋਇਆ। ਐਂਗਲੋ-ਇੰਡੀਅਨਾਂ ਦੇ ਨਸੀਬ ਇੰਨੇ ਖੁਸ਼ਗਵਾਰ ਨਹੀਂ ਰਹੇ। 17ਵੀਂ ਤੋਂ 19ਵੀਂ ਸਦੀ ਤੱਕ ਦੇ ਅਰਸੇ ਦੌਰਾਨ ਇਕ ਵੀ ਬਰਤਾਨਵੀ ਪਰਿਵਾਰ ਅਜਿਹਾ ਨਹੀਂ ਸੀ ਜਿਸ ਨੇ ਆਪਣੇ ਕਿਸੇ ਐਂਗਲੋ-ਇੰਡੀਅਨ ਮੈਂਬਰ ਨੂੰ ਬ੍ਰਿਟੇਨ ਬੁਲਾਇਆ ਅਤੇ ਪਰਿਵਾਰਕ ਜੀਅ ਵਜੋਂ ਸਵੀਕਾਰਿਆ। ਆਪਣੀ ਗੰਦਮੀ ਜਾਂ ਭੂਰੀ ਜਿਲਦ ਕਾਰਨ ਉਹ ਭਾਰਤੀ ਉਪ-ਮਹਾਂਦੀਪ ਤੱਕ ਹੀ ਮਹਿਦੂਦ ਹੋ ਕੇ ਰਹਿ ਗਏ। ਉਨ੍ਹਾਂ ਲਈ ਬ੍ਰਿਟੇਨ 'ਵਤਨ' ਸੀ ਪਰ ਬਹੁਤ ਘੱਟ ਖੁਸ਼ਨਸੀਬਾਂ ਨੂੰ ਇਸ 'ਮਾਤ-ਭੂਮੀ' ਦੇ ਦੀਦਾਰੇ ਨਸੀਬ ਹੋਏ। ਭਾਰਤੀ ਲੋਕ ਉਨ੍ਹਾਂ ਪ੍ਰਤੀ ਤਾਅਬੇਦਾਰੀ ਜ਼ਰੂਰ ਦਿਖਾਉਂਦੇ ਰਹੇ ਪਰ ਰੂਹੋਂ ਹਿਕਾਰਤ ਨਾਲ। ਬ੍ਰਿਟਿਸ਼ ਭਾਰਤੀ ਸ਼ਾਸਕਾਂ ਨੇ ਉਨ੍ਹਾਂ ਲਈ ਵਿਦਿਆ, ਪੱਕੀਆਂ ਨੌਕਰੀਆਂ, ਚੰਗੇ ਘਰ, ਕਲੱਬ ਆਦਿ ਯਕੀਨੀ ਬਣਾਏ ਪਰ ਆਪਣੇ ਜ਼ਾਤੀ ਜਸ਼ਨਾਂ ਜਾਂ ਸਮਾਗਮਾਂ ਲਈ ਸੱਦਾ-ਪੱਤਰ ਸਿਰਫ਼ ਨਾਂ-ਮਾਤਰ ਐਂਗਲੋ-ਇੰਡੀਅਨਾਂ ਨੂੰ ਦੇਣ ਦੀ ਰਵਾਇਤ ਸਖ਼ਤੀ ਨਾਲ ਬਰਕਰਾਰ ਰੱਖੀ। ਬ੍ਰਿਟਿਸ਼ ਨਾਵਲਕਾਰ ਜੌਹਨ ਮਾਸਟਰਜ਼ ਦਾ 1954 ਵਿਚ ਲਿਖਿਆ ਨਾਵਲ ਅਤੇ ਉਸ ਉੱਤੇ 1956 ਵਿਚ ਬਣੀ ਬ੍ਰਿਟਿਸ਼ ਫਿਲਮ 'ਭੋਵਾਨੀ ਜੰਕਸ਼ਨ' (ਜੋ ਭੁਸਾਵਲ ਜੰਕਸ਼ਨ-ਮਹਾਰਾਸ਼ਟਰ ਵਿਚ ਆਜ਼ਾਦੀ ਤੋਂ ਪਹਿਲਾਂ ਵਾਪਰੀਆਂ ਘਟਨਾਵਾਂ ਤੋਂ ਪ੍ਰੇਰਿਤ ਸੀ) ਇਸੇ ਦ੍ਰਿਸ਼ਾਵਲੀ ਦਾ ਚਿਤਰਨ ਸੀ।


ਓ'ਬ੍ਰਾਇਨ ਅਨੁਸਾਰ ਬ੍ਰਿਟਿਸ਼ ਰਾਜ ਦੌਰਾਨ ਐਂਗਲੋ-ਇੰਡੀਅਨਾਂ ਨੂੰ ਵਿਦਿਅਕ ਪ੍ਰਾਪਤੀਆਂ ਦੇ ਮੌਕੇ ਵੀ ਖ਼ੂਬ ਮਿਲੇ ਅਤੇ ਸਰਕਾਰੀ ਨੌਕਰੀਆਂ ਦੀ ਵੀ ਉਨ੍ਹਾਂ ਲਈ ਕਦੇ ਕਮੀ ਨਹੀਂ ਰਹੀ। ਭਾਰਤੀ ਫ਼ੌਜ ਦੇ ਦਰ ਉਨ੍ਹਾਂ ਲਈ ਸਦਾ ਖੁੱਲ੍ਹੇ ਰਹੇ। ਭਾਰਤੀ ਆਜ਼ਾਦੀ ਤੋਂ ਬਾਅਦ ਇਹ ਮੌਜਾਂ ਸੀਮਿਤ ਹੋ ਕੇ ਰਹਿ ਗਈਆਂ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਬ੍ਰਿਟੇਨ, ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਜਾ ਵਸਣ ਦੀ ਖੁੱਲ੍ਹ ਦਿੱਤੀ ਪਰ ਬਹੁਗਿਣਤੀ ਨੇ ਭਾਰਤ ਨਾ ਛੱਡਣਾ ਹੀ ਬਿਹਤਰ ਸਮਝਿਆ। ਹੁਣ ਸਥਿਤੀ ਬਦਲ ਗਈ ਹੈ। ਯੁਵਾ ਪੀੜ੍ਹੀ ਹੋਰਨਾਂ ਭਾਰਤੀ ਯੁਵਾਵਾਂ ਵਾਂਗ ਕੈਨੇਡਾ-ਅਮਰੀਕਾ ਵੱਲ ਧੜਾਧੜ ਹਿਜਰਤ ਕਰ ਰਹੀ ਹੈ। 1947 ਵਿਚ ਭਾਰਤ ਵਿਚ ਹੀ ਵਸੇ ਰਹਿਣ ਦੇ ਐਂਗਲੋ-ਇੰਡੀਅਨਾਂ ਦੇ ਫ਼ੈਸਲੇ ਦੀ ਕਦਰ ਕਰਦਿਆਂ ਨਹਿਰੂ ਸਰਕਾਰ ਨੇ ਭਾਰਤੀ ਪਾਰਲੀਮੈਂਟ ਵਿਚ ਇਕ ਸੀਟ ਇਸ ਭਾਈਚਾਰੇ ਲਈ ਰਾਖਵੀਂ ਰੱਖਣ ਦੀ ਰਵਾਇਤ ਤੋਰੀ ਸੀ। ਇਸ ਭਾਈਚਾਰੇ ਦੇ ਇਕ ਵਿਦਵਾਨ ਨੁਮਾਇੰਦੇ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਜਾਂਦਾ ਸੀ। ਉੱਘੇ ਵਿਦਿਆਦਾਨੀ ਤੇ ਨਾਮਵਰ ਵਕੀਲ ਫਰੈਂਕ ਐਂਥਨੀ ਬੜੇ ਵਰ੍ਹਿਆਂ ਤੱਕ ਰਾਜ ਸਭਾ ਮੈਂਬਰ ਰਹੇ। 2017 ਵਿਚ ਮੋਦੀ ਸਰਕਾਰ ਨੇ ਇਹ ਰਵਾਇਤ ਖ਼ਤਮ ਕਰ ਦਿੱਤੀ। ਉਸ ਸਾਲ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਦਾ ਇਹ ਤਰਕ ਸੀ ਕਿ ਜਿਸ ਭਾਈਚਾਰੇ ਦੀ ਵਸੋਂ (2011 ਦੀ ਮਰਦਮਸ਼ੁਮਾਰੀ ਮੁਤਾਬਿਕ) ਸਿਰਫ਼ 286 ਹੋਵੇ, ਉਸ ਵਾਸਤੇ ਰਾਖਵਾਂਕਰਨ ਕਿਉਂ? ਬੈਰੀ ਓ'ਬ੍ਰਾਇਨ ਅਨੁਸਾਰ ਪ੍ਰਸਾਦ ਦਾ ਅੰਕੜਾ ਗ਼ਲਤ ਸੀ। ਉਸ ਸਮੇਂ ਐਂਗਲੋ-ਇੰਡੀਅਨ ਵਸੋਂ ਚਾਰ ਲੱਖ ਦੇ ਕਰੀਬ ਸੀ; ਹੁਣ ਕੁਝ ਘੱਟ ਹੈ, ਨੌਜਵਾਨ ਪੀੜ੍ਹੀ ਦੀ ਹਿਜਰਤ ਕਾਰਨ। ਬਹਰਹਾਲ, ਇਸ ਭਾਈਚਾਰੇ ਦਾ ਡੈਰੇਕ ਓ'ਬ੍ਰਾਇਨ ਅੱਜ ਵੀ ਰਾਜ ਸਭਾ ਦਾ ਸਰਗਰਮ ਮੈਂਬਰ ਹੈ, ਤ੍ਰਿਣਮੂਲ ਕਾਂਗਰਸ ਦਾ ਨੇਤਾ ਹੋਣ ਸਦਕਾ। ਬੈਰੀ ਓ'ਬ੍ਰਾਇਨ ਦਾ ਉਹ ਭਰਾ ਹੈ ਭਾਵੇਂ ਬੈਰੀ ਹੁਣ ਰਾਜਸੀ ਤੌਰ 'ਤੇ ਭਾਜਪਾ ਨਾਲ ਸਬੰਧਤ ਹੈ। ਉਨ੍ਹਾਂ ਦਾ ਪਿਤਾ ਨੀਲ ਓ'ਬ੍ਰਾਇਨ ਉੱਘਾ ਵਿਦਿਆਦਾਨੀ ਅਤੇ ਕੁਇੱਜ਼ ਮਾਸਟਰ ਸੀ। ਉਹ ਤਿੰਨ ਵਾਰ ਪੱਛਮੀ ਬੰਗਾਲ ਵਿਧਾਨ ਸਭਾ ਦਾ ਨਾਮਜ਼ਦ ਮੈਂਬਰ ਰਿਹਾ। 2011 ਵਿਚ ਇਹੋ ਐਜਾਜ਼ ਬੈਰੀ ਓ'ਬ੍ਰਾਇਨ ਦੇ ਹਿੱਸੇ ਆਇਆ ਪਰ 2014 ਵਿਚ ਉਸ ਨੇ ਤ੍ਰਿਣਮੂਲ ਕਾਂਗਰਸ ਨਾਲੋਂ ਨਾਤਾ ਤੋੜ ਲਿਆ।

ਕਿਤਾਬ ਦੱਸਦੀ ਹੈ ਕਿ ਭਾਰਤੀ ਵਿਕਾਸ ਦੇ ਘੱਟੋ-ਘੱਟ ਤਿੰਨ ਖੇਤਰਾਂ ਵਿਚ ਐਂਗਲੋ-ਇੰਡੀਅਨਾਂ ਦੀ ਅਹਿਮ ਭੂਮਿਕਾ ਰਹੀ। ਪਹਿਲਾ ਖੇਤਰ ਹੈ ਅੰਗਰੇਜ਼ੀ ਭਾਸ਼ਾ। ਇਸ ਭਾਸ਼ਾ ਵਿਚ ਭਾਰਤੀਆਂ ਦੀ ਮੁਹਾਰਤ ਐਂਗਲੋ-ਇੰਡੀਅਨ ਸਕੂਲਾਂ ਤੇ ਅਧਿਆਪਕਾਂ ਨੇ ਸੰਭਵ ਬਣਾਈ। ਇਸੇ ਮੁਹਾਰਤ ਸਦਕਾ ਭਾਰਤੀਆਂ ਨੂੰ ਦੁਨੀਆ ਦੇ ਹਰ ਮੁਲਕ ਵਿਚ ਚੰਗੀਆਂ ਨੌਕਰੀਆਂ ਮਿਲ ਰਹੀਆਂ ਹਨ। ਇੰਝ ਹੀ ਭਾਰਤੀ ਰੇਲਵੇ ਦੇ ਵਿਕਾਸ-ਵਿਸਤਾਰ ਵਿਚ ਐਂਗਲੋ-ਇੰਡੀਅਨਾਂ ਨੇ ਭਰਵਾਂ ਯੋਗਦਾਨ ਪਾਇਆ। 1947 ਤੋਂ ਪਹਿਲਾਂ 40 ਫ਼ੀਸਦੀ ਤੋਂ ਵੱਧ ਇੰਜਣ ਡਰਾਈਵਰ ਤੇ ਇੰਜਨੀਅਰ ਐਂਗਲੋ-ਇੰਡੀਅਨ ਸਨ। ਖੇਡਾਂ ਦੇ ਖੇਤਰ ਵਿਚ ਵੀ ਉਨ੍ਹਾਂ ਦੀ ਭੂਮਿਕਾ ਜ਼ਿਕਰਯੋਗ ਹੈ। ਆਜ਼ਾਦੀ ਤੋਂ ਪਹਿਲਾਂ ਭਾਰਤੀ ਓਲੰਪਿਕ ਹਾਕੀ ਟੀਮਾਂ ਵਿਚ ਔਸਤਨ 6-7 ਖਿਡਾਰੀ ਐਂਗਲੋ ਇੰਡੀਅਨ ਹੋਇਆ ਕਰਦੇ ਸਨ। 1952, 1956 ਤੇ 1960 ਦੀਆਂ ਓਲੰਪਿਕ ਖੇਡਾਂ ਵਿਚ ਨੇਜ਼ਲੀ ਕਲਾਡੀਅਸ ਭਾਰਤੀ ਹਾਕੀ ਟੀਮ ਦਾ ਧੁਰਾ ਸੀ। ਦਰਅਸਲ, 1960 ਦੇ ਰੋਮ ਓਲੰਪਿਕ ਵਿਚ ਜਿੱਥੇ ਕਲਾਡੀਅਸ ਭਾਰਤੀ ਕਪਤਾਨ ਸੀ, ਉੱਥੇ ਆਸਟਰੇਲੀਅਨ ਕਪਤਾਨ ਕੇਵਿਨ ਕਾਰਟਨ ਵੀ ਐਂਗਲੋ-ਇੰਡੀਅਨ ਸੀ।

ਬੜੀ ਲੰਮੀ ਹੈ ਅਜਿਹੀਆਂ ਪ੍ਰਾਪਤੀਆਂ ਦੀ ਫਹਿਰਿਸਤ। ਲੇਖਣ ਦੇ ਖੇਤਰ ਵਿਚ ਮੈਂ ਰਸਕਿਨ ਬੌਂਡ ਅਤੇ ਐਲੇਨ ਸੀਲੀ ਦੇ ਨਾਵਾਂ ਤੱਕ ਹੀ ਮਹਿਦੂਦ ਰਹਾਂਗਾ। ਦਰਜਨਾਂ ਭਰਮ-ਭੁਲੇਖੇ ਦੂਰ ਕਰਦੀ ਹੈ ਕਿਤਾਬ ਉਹ ਵੀ ਸੁਹਜਮਈ ਲਹਿਜੇ ਨਾਲ। ਇਹ ਕੋਈ ਛੋਟੀ ਪ੍ਰਾਪਤੀ ਨਹੀਂ।








***ਬੈਰੀ ਓ'ਬ੍ਰਾਇਨ ਦੀ ਕਿਤਾਬ 'ਦਿ ਐਂਗਲੋ ਇੰਡੀਅਨਜ਼', (ਵਿਚਕਾਰ) ਅਨੀਰੁੱਧ ਭੱਟਾਚਾਰਜੀ ਤੇ ਬਾਲਾਜੀ ਵਿੱਟਲ ਦੀ ਕਿਤਾਬ 'ਗਾਤਾ ਰਹੇ ਮੇਰਾ ਦਿਲ' ਅਤੇ (ਸੱਜੇ) ਜੰਗ ਬਹਾਦਰ ਗੋਇਲ ਦੀ ਕਿਤਾਬ 'ਸਾਹਿਤ ਸੰਜੀਵਨੀ' ਦੇ ਮੁਖੜੇ।***

### ਗਾਤਾ ਰਹੇ ਮੇਰਾ ਦਿਲ

ਬੋਲਣ ਵਾਲੀ ਪਹਿਲੀ ਭਾਰਤੀ ਫਿਲਮ 'ਆਲਮ ਆਰਾ' (1931) ਵਿਚ ਵਜ਼ੀਰ ਮੁਹੰਮਦ ਨੇ ਜਦੋਂ 'ਦੇ ਦੇ ਖ਼ੁਦਾ ਕੇ ਨਾਮ ਪੇ' ਗੀਤ ਗਾਇਆ ਤਾਂ ਉਸ ਸਮੇਂ ਕਿਸੇ ਨੇ ਕਿਆਸ ਤੱਕ ਨਹੀਂ ਸੀ ਕੀਤਾ ਕਿ ਅਜਿਹਾ ਗੀਤ-ਸੰਗੀਤ ਨਾ ਸਿਰਫ਼ ਨਵੀਂ ਸੰਗੀਤ ਸਨਅਤ ਨੂੰ ਜਨਮ ਦੇਵੇਗਾ ਸਗੋਂ ਭਾਰਤੀ ਸਿਨੇ-ਜਗਤ ਦੀ ਨਵੇਕਲੀ ਪਛਾਣ ਬਣ ਜਾਵੇਗਾ। ਉਸ ਗੀਤ ਮਗਰੋਂ ਫਿਲਮੀ ਗੀਤਾਂ ਦਾ ਅਜਿਹਾ ਸਿਲਸਿਲਾ ਤੁਰਿਆ ਜਿਸ ਦਾ ਪ੍ਰਵਾਹ ਹੁਣ ਵੀ ਜਾਰੀ ਹੈ। ਅਜਿਹੇ ਫਿਲਮੀ ਗੀਤਾਂ ਦੀ ਗਿਣਤੀ ਬੇਸ਼ੁਮਾਰ ਹੈ ਜਿਨ੍ਹਾਂ ਨੂੰ ਕਲਾਸਿਕ ਮੰਨਿਆ ਜਾ ਸਕਦਾ ਹੈ। ਅਜਿਹੇ ਕਲਾਸਿਕਸ ਵਿਚੋਂ 50 ਗੀਤਾਂ ਦੇ ਜਾਦੂ ਤੇ ਜਲਵੇ ਦੀਆਂ ਗਾਥਾਵਾਂ ਦੀ ਪੇਸ਼ਕਾਰੀ ਹੈ ਅਨੀਰੁੱਧ ਭੱਟਾਚਾਰਜੀ ਤੇ ਬਾਲਾਜੀ ਵਿੱਟਲ ਦੀ ਕਿਤਾਬ 'ਗਾਤਾ ਰਹੇ ਮੇਰਾ ਦਿਲ'। ਦੋਵੇਂ ਲੇਖਕ ਕਾਰਪੋਰੇਟ ਜਗਤ ਵਿਚ ਉੱਚ ਅਹੁਦਿਆਂ 'ਤੇ ਕੰਮ ਕਰਦੇ ਆਏ ਹਨ। ਦੋਵੇਂ ਸੰਗੀਤ, ਖ਼ਾਸ ਕਰ ਕੇ ਭਾਰਤੀ ਸ਼ਾਸਤਰੀ ਸੰਗੀਤ ਦੇ ਗਿਆਤਾ ਹੋਣ ਦੇ ਨਾਲ ਨਾਲ ਹਿੰਦੀ ਫ਼ਿਲਮ ਸੰਗੀਤ ਦੇ ਸ਼ੈਦਾਈ ਹਨ। ਇਹ ਉਨ੍ਹਾਂ ਦੀ ਤੀਜੀ ਕਿਤਾਬ ਹੈ (ਪਹਿਲੀਆਂ ਦੋ ਕਿਤਾਬਾਂ ਸੰਗੀਤਕਾਰ ਸਚਿਨ ਦੇਵ ਬਰਮਨ ਤੇ ਉਨ੍ਹਾਂ ਦੇ ਪੁੱਤਰ ਰਾਹੁਲ ਦੇਵ ਬਰਮਨ ਦੀਆਂ ਸੰਗੀਤਕ ਜੀਵਨੀਆਂ ਸਨ)।

'ਗਾਤਾ ਰਹੇ ਮੇਰਾ ਦਿਲ' ਤਿੰਨ ਵਰ੍ਹਿਆਂ ਦੀ ਮਿਹਨਤ ਦੀ ਪੈਦਾਇਸ਼ ਹੈ ਅਤੇ ਫਿਲਮ ਮੇਲਿਆਂ ਵਿਚ ਪੁਰਸਕਾਰ ਵੀ ਜਿੱਤ ਚੁੱਕੀ ਹੈ। 50 ਕਲਾਸਿਕ ਗੀਤਾਂ ਦੇ ਮੁਲਾਂਕਣ ਦਾ ਆਗਾਜ਼ 'ਵਾਕਟਰ' (1942) ਦੇ ਪੰਕਜ ਮਲਿਕ ਵਲੋਂ ਗਾਏ ਗੀਤ 'ਚਲੇ ਪਵਨ ਕੀ ਚਾਲ' ਤੋਂ ਕੀਤਾ ਗਿਆ ਹੈ। ਇਹ ਸਫ਼ਰ 'ਐ ਅਜਨਬੀ, ਤੂ ਭੀ ਕਭੀ, ਆਵਾਜ਼ ਦੇ ਕਹੀਂ ਸੇ' (ਦਿਲ ਸੇ; 1988) ਉੱਤੇ ਜਾ ਕੇ ਸਮਾਪਤ ਹੁੰਦਾ ਹੈ।

ਭੂਮਿਕਾ ਤੇ ਅੰਤਿਕਾ ਵਿਚ ਲੇਖਕ ਜੋੜੀ ਨੇ ਕਬੂਲ ਕੀਤਾ ਹੈ ਕਿ ਗੀਤਾਂ ਦੀ ਚੋਣ, ਮਕਬੂਲੀਅਤ ਜਾਂ ਮਿਠਾਸ ਦੇ ਆਧਾਰ 'ਤੇ ਨਹੀਂ ਕੀਤੀ ਗਈ ਬਲਕਿ ਉਨ੍ਹਾਂ ਅੰਦਰਲੇ ਸੰਗੀਤਕ ਤਜਰਬਿਆਂ, ਫਿਲਮ ਦੇ ਜਿਸਮ ਅੰਦਰ ਉਨ੍ਹਾਂ ਦੀ ਅਹਿਮੀਅਤ ਅਤੇ ਫਿਲਮਾਂਕਣ ਅੰਦਰਲੀ ਨਾਟਕੀਅਤਾ ਦੀ ਬੁਨਿਆਦ 'ਤੇ ਕੀਤੀ ਗਈ ਹੈ। ਮਸਲਨ, 'ਆਵਾਰਾ' (1951) ਵਿਚਲੇ ਦੋ ਜੁੜਵੇਂ ਗੀਤਾਂ 'ਤੇਰੇ ਬਿਨਾ ਆਗ ਯਿਹ ਚਾਂਦਨੀ/ਘਰ ਆਯਾ ਮੇਰਾ ਪਰਦੇਸੀ' ਨੂੰ ਚਰਚਾ ਵਾਸਤੇ ਚੁਣਿਆ ਗਿਆ ਹੈ। ਇਹ ਦੋਵੇਂ ਗੀਤ ਲੋਕਪ੍ਰਿਯਤਾ ਪੱਖੋਂ ਫਿਲਮ ਦੇ ਥੀਮ ਸੌਂਗ 'ਆਵਾਰਾ ਹੂੰ...' ਦੇ ਨੇੜੇ ਵੀ ਨਹੀਂ ਖੜ੍ਹਦੇ ਪਰ ਫਿਲਮ ਦੇ ਜਿਸਮ ਤੇ ਰੂਹ ਦੇ ਅੰਦਰ ਇਨ੍ਹਾਂ ਦੋਵਾਂ ਗੀਤਾਂ ਦਾ ਮਹੱਤਵ 'ਆਵਾਰਾ ਹੂੰ' ਤੋਂ ਕਿਤੇ ਜ਼ਿਆਦਾ ਹੈ। ਇਹ ਇਕ ਚੋਰ (ਨਾਇਕ) ਪ੍ਰਤੀ ਨਾਇਕਾ ਦੀ ਵੇਦਨਾ, ਚੋਰ ਦੇ ਹਿਰਦੇ ਪਰਿਵਰਤਨ ਅਤੇ ਇਸ ਅਮਲ ਮਗਰੋਂ ਨਾਇਕਾ ਨੂੰ ਮਿਲੀ ਅੰਤਰੀਵੀ ਖ਼ੁਸ਼ੀ ਦਾ ਇਜ਼ਹਾਰ ਹਨ। ਇਨ੍ਹਾਂ ਦੇ ਫ਼ਿਲਮਾਂਕਣ 'ਤੇ ਕੀਤੀ ਗਈ ਮੁਸ਼ੱਕਤ ਵੀ ਬੇਮਿਸਾਲ ਹੈ। ਇਸੇ ਤਰ੍ਹਾਂ 'ਗਾਈਡ' (1966) ਦੇ ਅੱਵਲਤਰੀਨ ਗੀਤ 'ਪੀਆ ਤੋਸੇ ਨੈਨਾ ਲਾਗੇ ਰੇ' ਦੀ ਥਾਂ ਜੌੜੇ ਗੀਤਾਂ 'ਮੋਸੇ ਛਲ ਕੀਏ ਜਾ, ਸਈਆਂ ਬਈਮਾਨ/ਕਿਆ ਸੇ ਕਿਆ ਹੋ ਗਯਾ, ਬੇਵਫ਼ਾ ਤੇਰੇ ਪਿਆਰ ਮੇਂ' ਨੂੰ ਤਰਜੀਹ ਦਿੱਤੀ ਗਈ ਹੈ। ਇਸ ਦੀਆਂ ਦੋ ਵਜ੍ਹਾ ਹਨ: ਇਕ ਤਾਂ ਦਾਦਾ ਬਰਮਨ (ਸੰਗੀਤਕਾਰ ਐੱਸ.ਡੀ. ਬਰਮਨ) ਨੇ ਇਕੋ ਹੀ ਬੁਨਿਆਦੀ ਧੁਨ ਨੂੰ ਬਹੁਤ ਹੁਨਰਮੰਦੀ ਨਾਲ ਦੋ ਵੱਖ-ਵੱਖ ਗੀਤਾਂ ਵਿਚ ਢਾਲਿਆ ਹੈ ਅਤੇ ਰਾਗ ਤੇ ਲੈਅ ਦਾ ਤਵਾਜ਼ਨ ਨਹੀਂ ਵਿਗੜਨ ਦਿੱਤਾ। ਦੂਜਾ ਦੋਵੇਂ ਗੀਤ ਨਾਇਕਾ ਰੋਜ਼ੀ ਤੇ ਨਾਇਕ ਰਾਜੂ ਦਾ ਰਿਸ਼ਤਾ ਤਿੜਕਣ ਦੀ ਕਹਾਣੀ ਅਤੇ ਇਨ੍ਹਾਂ ਦੋਵਾਂ ਕਿਰਦਾਰਾਂ ਦਾ ਆਪੋ-ਆਪਣਾ ਪੱਖ ਬੜੇ ਸਹਿਜ ਨਾਲ ਪੇਸ਼ ਕਰ ਜਾਂਦੇ ਹਨ। ਕੁਲ ਮਿਲਾ ਕੇ ਗੀਤਾਂ ਦੀ ਬਣਤਰ ਪਿਛਲੀ ਕਹਾਣੀ, ਸ਼ਬਦਾਂ ਤੇ ਸਾਜ਼ਾਂ ਦੀ ਚੋਣ, ਰਿਕਾਰਡਿੰਗ ਜਾਂ ਫਿਲਮਾਂਕਣ ਸਮੇਂ ਆਈਆਂ ਦਿੱਕਤਾਂ, ਆਖ਼ਰੀ ਮੌਕੇ ਕੀਤੀਆਂ ਤਬਦੀਲੀਆਂ ਆਦਿ ਜਾਣਕਾਰੀਆਂ ਦਾ ਜ਼ਖ਼ੀਰਾ ਹੈ ਇਹ ਕਿਤਾਬ।

### ਸਾਹਿਤ ਸੰਜੀਵਨੀ

ਰਸਮੀ ਤੁਆਰਫ਼ ਤੋਂ ਪਹਿਲਾਂ ਕਿਤਾਬ ਵਿਚੋਂ ਕੁਝ ਸਤਰਾਂ: "...ਜ਼ਿੰਦਗੀ ਦੇ ਬੇਹੱਦ ਔਖੇ ਦੌਰ ਵਿਚ ਸਾਹਿਤ ਅਧਿਐਨ ਮੇਰੇ ਲਈ ਸੰਜੀਵਨੀ ਸਿੱਧ ਹੋਇਆ। ਸ਼ਾਹਕਾਰ ਨਾਵਲਾਂ ਦਾ ਅਧਿਐਨ ਲਗਾਤਾਰ ਮੇਰੇ ਜਿਸਮ ਤੇ ਜ਼ਹਿਨ 'ਤੇ ਪਸਰੇ ਘੁੱਪ ਹਨੇਰੇ ਨੂੰ ਦੁਪਹਿਰ ਦੀ ਖਿੜੀ ਧੁੱਪ ਵਿਚ ਤਬਦੀਲ ਕਰਦਾ ਰਿਹਾ।... ਮਹਾਨ ਸਾਹਿਤਕ ਕ੍ਰਿਤੀਆਂ ਦੇ ਅਧਿਐਨ ਨੇ ਮੈਨੂੰ ਸਰੀਰਿਕ ਪੀੜ ਬਰਦਾਸ਼ਤ ਕਰਨ ਦੀ ਸਮਰੱਥਾ ਤਾਂ ਦਿੱਤੀ ਹੀ, ਨਾਲੋ-ਨਾਲ ਇਸ ਨੇ ਮੇਰੀ ਮਾਨਸਿਕ ਸਿਹਤ ਨੂੰ ਵੀ ਚੜ੍ਹਦੀ ਕਲਾ ਵਿਚ ਰੱਖਿਆ। ... ਸਾਹਿਤ-ਅਧਿਐਨ ਨੇ ਮੈਨੂੰ ਭਲੀ-ਭਾਂਤ ਅਹਿਸਾਸ ਕਰਵਾਇਆ ਕਿ ਦੁਨੀਆ ਵਿਚ ਦੁੱਖ-ਦਰਦ ਝੱਲਣ ਵਾਲਾ ਨਾ ਤਾਂ ਮੈਂ ਪਹਿਲਾ ਵਿਅਕਤੀ ਹਾਂ ਅਤੇ ਨਾ ਹੀ ਆਖ਼ਰੀ।" ਅਜਿਹੇ ਅਹਿਸਾਸਾਂ ਤੋਂ ਉਗਮੀ, ਨਿੱਸਰੀ ਤੇ ਮੌਲੀ ਹੈ ਜੰਗ ਬਹਾਦਰ ਗੋਇਲ ਦੀ ਕਿਤਾਬ 'ਸਾਹਿਤ ਸੰਜੀਵਨੀ'। ਅਨੂਠੀ ਅਦਬੀ ਜੁਗਤ ਹੈ ਇਹ: ਸਾਹਿਤਕ ਸਵੈ-ਜੀਵਨੀ ਵੀ ਹੈ, ਸ਼ਾਹਕਾਰ ਕਿਤਾਬਾਂ ਬਾਰੇ ਚਿੰਤਨ-ਮੰਥਨ ਵੀ ਹੈ, ਤੇ ਸਾਹਿਤ ਦੇ ਚਕਿਤਸਾਮੁਖੀ ਗੁਣਾਂ-ਖ਼ੂਬੀਆਂ ਦਾ ਖ਼ੁਲਾਸਾ ਵੀ ਹੈ।

ਡਾ. ਸੁਰਜੀਤ ਪਾਤਰ ਨੇ ਇਸ ਦੀ ਜਾਣ-ਪਛਾਣ ਇਨ੍ਹਾਂ ਸ਼ਬਦਾਂ ਨਾਲ ਕਰਵਾਈ ਹੈ: "ਸਾਹਿਤ ਸੰਜੀਵਨੀ... ਬਹੁਤ ਅਨੂਠੀ, ਸਾਰਥਕ ਤੇ ਦਿਲਚਸਪ ਪੁਸਤਕ ਹੈ। ਜਿਵੇਂ ਨਾਮ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਪੁਸਤਕ ਸਾਹਿਤ ਪੜ੍ਹਨ-ਲਿਖਣ ਦੇ ਜੀਵਨਮਈ ਮਹੱਤਵ ਬਾਰੇ ਹੈ। ਮਾਯੂਸ, ਹਾਰੇ ਹੋਏ, ਉਦਾਸ, ਰੋਗੀ ਸੋਗੀ ਕੁੰਠਿਤ ਲੋਕ ਕਵਿਤਾ, ਕਹਾਣੀ, ਨਾਵਲ, ਨਾਟਕ ਜਾਂ ਲੇਖ ਪੜ੍ਹ ਕੇ ਆਪਣੇ ਆਪ ਵਿਚ ਨਵੀਂ ਜੀਵਨ ਸ਼ਕਤੀ ਮਹਿਸੂਸ ਕਰਨ ਲੱਗ ਪੈਂਦੇ ਹਨ। ਇਹ ਤੱਥ ਇਸ ਪੁਸਤਕ ਵਿਚ ਅਮੂਰਤ ਢੰਗ ਨਾਲ ਬਿਆਨ ਹੀ ਨਹੀਂ ਕੀਤਾ ਗਿਆ, ਇਸ ਤੱਥ ਨੂੰ ਦੁਨੀਆਂ ਭਰ ਦੇ ਲੋਕਾਂ ਦੀਆਂ ਦਿਲ-ਟੁੰਬਵੀਆਂ ਮਿਸਾਲਾਂ ਨਾਲ ਸਮੂਰਤ ਵੀ ਕੀਤਾ ਗਿਆ ਹੈ।" ਕਿਤਾਬ ਉਪਰੋਕਤ ਰਾਇ ਉਪਰ ਖ਼ਰੀ ਉਤਰਦੀ ਹੈ। ਇਸ ਅੰਦਰਲੇ ਛੇ ਨਿਬੰਧ ਨਿੱਜੀ ਅਨੁਭਵਾਂ ਦਾ ਬਿਆਨ ਤਾਂ ਹਨ ਹੀ, ਅਦਬੀ ਜਾਣਕਾਰੀ ਦਾ ਭੰਡਾਰ ਵੀ ਹਨ। ਗੋਇਲ ਸਾਬਕਾ ਆਈ.ਏ.ਐੱਸ. ਅਫਸਰ ਹਨ। ਅੰਗਰੇਜ਼ੀ ਦੇ ਵਿਦਵਾਨ ਹੋਣ ਦੇ ਬਾਵਜੂਦ ਪੰਜਾਬੀ ਤੇ ਹਿੰਦੀ ਵਿਚ ਲਿਖਦੇ ਆਏ ਹਨ। ਪੰਜਾਬੀ ਨੂੰ ਉਨ੍ਹਾਂ ਨੇ ਆਲਮੀ ਸ਼ਾਹਕਾਰ ਨਾਵਲਾਂ ਦੇ ਪੁਨਰ-ਕਥਨ ਨਾਲ ਪ੍ਰਫੁਲਿਤ ਕੀਤਾ ਹੈ। 'ਸਾਹਿਤ ਸੰਜੀਵਨੀ' ਉਨ੍ਹਾਂ ਉੱਦਮਾਂ ਨਾਲੋਂ ਵੱਧ ਤਸੱਲੀ, ਵੱਧ ਵਿਸਮਾਦ ਦੇਣ ਵਾਲੀ ਕਿਤਾਬ ਹੈ।

# ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ

ਨਿੰਦਰ ਘੁਗਿਆਣਵੀ ਜਿੰਨਾ ਨਿੱਕਾ ਹੈ ਓਨਾ ਹੀ ਤਿੱਖਾ। ਪਹਿਲਾਂ ਮੈਨੂੰ ਚਾਚਾ ਕਹਿੰਦਾ ਸੀ ਹੁਣ ਤਾਇਆ। ਅਖੇ ਮੈਂ ਦੋਹਾਂ ਦੀਆਂ ਜਨਮ ਤਾਰੀਖਾਂ ਵੇਖ ਲਈਆਂ ਤੇ ਗ਼ਲਤੀ ਸੁਧਾਰ ਲਈ! ਉਸ ਨੇ ਸਵੈ-ਜੀਵਨੀ, ਜੀਵਨੀਆਂ, ਰੇਖਾ-ਚਿੱਤਰ, ਨਿਬੰਧ, ਲਲਿਤ ਨਿਬੰਧ, ਯਾਦਾਂ, ਸਫ਼ਰਨਾਮੇ, ਡਾਇਰੀਨਾਮਾ, ਰੇਡੀਓਨਾਮਾ ਅਤੇ ਅਨੇਕਾਂ ਅਖ਼ਬਾਰੀ




ਕਾਲਮ ਲਿਖੇ ਨੇ ਜੋ ਪੰਜਾਹ ਤੋਂ ਵੱਧ ਪੁਸਤਕਾਂ ਵਿਚ ਸ਼ਾਮਲ ਹਨ। ਪੇਂਡੂ ਮਲਵਈ ਸ਼ਬਦਾਵਲੀ, ਅਖਾਣਾਂ, ਮੁਹਾਵਰੇ, ਨਿੱਕੇ ਸਰਲ ਵਾਕ, ਸੰਖੇਪ ਪੈਰੇ, ਸ਼ਬਦਾਂ ਦੀ ਸੂਖਮ ਲੈਅ, ਵਾਰਤਾ ਦਾ ਦ੍ਰਿਸ਼ ਵਰਣਨ, ਰੌਚਕ ਬਿਰਤਾਂਤ, ਸਰਲਤਾ, ਸਪੱਸ਼ਟਤਾ ਤੇ

**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਕਾਵਿਕ ਛੋਹਾਂ ਉਸ ਦੀ ਵਾਰਤਕ ਦੇ ਮੀਰੀ ਗੁਣ ਹਨ। ਉਹਦੀ ਲੇਖਣੀ ਵਿਚ ਅਨੇਕਾਂ ਰੰਗਾਂ, ਰਸਾਂ, ਸੁਗੰਧਾਂ, ਤੱਤੀਆਂ ਠੰਢੀਆਂ ਛੋਹਾਂ ਤੇ ਮਧੁਰ ਧੁਨਾਂ ਦਾ ਮਿਸ਼ਰਨ ਹੈ। ਸੁਰਜੀਤ ਪਾਤਰ ਨੂੰ ਉਹਦੀ ਵਾਰਤਕ ਵਿਚਲੀ ਮਾਸੂਮੀਅਤ, ਵਿਅੰਗ ਤੇ ਵਿਨੋਦੀਪਣ ਚੰਗੇ ਲੱਗਦੇ ਹਨ। ਉਹਦੀ ਲਿਖਣ ਸ਼ੈਲੀ ਦੀ ਸਾਦਗੀ, ਰਵਾਨਗੀ ਤੇ ਬੇਬਾਕੀ ਪਾਠਕਾਂ ਦੇ ਸਿਰ ਚੜ੍ਹ ਕੇ ਬੋਲਦੀ ਹੈ। ਉਹ ਨਿੱਕੇ ਕੱਦ ਦਾ ਕੱਦਾਵਰ ਲੇਖਕ ਹੈ। 'ਜੁਗਤੀ' ਵੀ ਹੈ ਤੇ 'ਜੁਗਾੜੀ' ਵੀ। ਕਲਮ ਚਲਾਉਣੀ ਉਹਦੀ ਜੁਗਤ ਹੈ ਤੇ ਤੂੰਬੀ ਵਜਾਉਣੀ ਉਹਦਾ ਜੁਗਾੜ। ਰੇਹੜੇ 'ਤੇ ਚੜ੍ਹਨ ਵਾਲਾ ਪੇਂਡੂ ਮੁੰਡਾ, ਕਲਮ ਤੇ ਤੂੰਬੀ ਦੇ ਸਿਰ 'ਤੇ ਹਵਾਈ ਜਹਾਜ਼ਾਂ 'ਤੇ ਚੜ੍ਹ ਕੇ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਗਾਹ ਆਇਐ। ਹੈ ਕੋਈ ਉਹਦੇ ਵਰਗਾ ਅਸਤਰ ਜਿਹੜਾ ਸਕੂਲ ਦੀ ਪੜ੍ਹਾਈ ਵਿਚੇ ਛੱਡ ਗਿਆ ਹੋਵੇ ਅਤੇ ਅਰਦਲੀ ਤੋਂ ਮਾਲੀ ਬਣ ਕੇ ਕਿਸੇ ਯੂਨੀਵਰਸਿਟੀ ਦਾ ਵਿਜ਼ਿਟਿੰਗ ਪ੍ਰੋਫ਼ੈਸਰ ਬਣ ਗਿਆ ਹੋਵੇ। ਅਜੇ ਕੀ ਪਤਾ ਕੀ ਦਾ ਕੀ ਬਣ ਜਾਵੇ?

ਉਸ ਨੇ ਇਸ ਪੁਸਤਕ ਦੇ ਆਰੰਭ 'ਜਦੋਂ ਮੈਂ ਵਾਰਤਕ ਲਿਖਦਾ ਹਾਂ' ਵਿਚ ਲਿਖਿਆ, 'ਸੁਰ ਦੀ ਸਾਂਝ ਬਚਪਨ ਤੋਂ ਰਹੀ। ਜਦੋਂ ਕਲਮ ਸੌਂ ਰਹੀ ਹੋਵੇ ਤਾਂ ਤੂੰਬੀ ਹੱਥ ਹੁੰਦੀ ਹੈ। ਇੰਜ ਗਿਆਨ ਤੇ ਧਿਆਨ ਬਣਿਆ ਰਹਿੰਦੈ। ਵਾਰਤਕ ਲਿਖਦਿਆਂ ਸੁਰ ਮੇਰੇ ਨਾਲ ਨਾਲ ਤੁਰਦੀ ਹੈ। ਕੁਝ ਕੁਝ ਪੋਹੰਦੀ ਰਹਿੰਦੀ ਹੈ, ਮੋਹੰਦੀ ਰਹਿੰਦੀ ਹੈ। ਸ਼ਬਦ ਬੀੜ ਹੁੰਦੇ ਨੇ। ਜਿਵੇਂ ਰਾਜ ਮਿਸਤਰੀ ਇੱਟਾਂ ਚਿਣਦਾ ਹੈ। ਹੱਥ 'ਚ ਤੇਸੀ ਹੈ। ਫੀਤਾ ਹੈ। ਸੂਤਾ ਹੈ। ਕਰੰਡੀ ਹੈ। ਵਿੱਥਾਂ, ਵਿੱਥਾਂ ਮੇਲਦਾ-ਭਰਦਾ ਜਾਂਦਾ ਹੈ ਤੇ ਇੱਟਾਂ ਦੇ ਸੰਸਾਰ ਨਾਲ ਖੇਲ੍ਹਦਾ-ਮੇਲ੍ਹਦਾ ਰਹਿੰਦਾ ਹੈ। ਇਉਂ ਹੀ ਮੈਂ ਅੱਖਰਾਂ, ਸ਼ਬਦਾਂ, ਵਾਕਾਂ, ਪੈਰ੍ਹਿਆਂ ਵਿਚ ਦੀ ਵਿਚਰਦਿਆਂ ਖੇਲ੍ਹਦਾ-ਮੱਲ੍ਹਦਾ ਵਾਰਤਕ ਲਿਖੀ ਜਾ ਰਿਹਾ ਹਾਂ।'




ਵਰਿਆਮ ਸਿੰਘ ਸੰਧੂ ਨੇ ਲਿਖਿਆ, 'ਨਿੰਦਰ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਉਹਨੇ ਲਿਖਣ ਨੂੰ ਹੀ ਆਪਣਾ ਕਿੱਤਾ ਬਣਾ ਲਿਆ ਹੈ। ਉਹ ਉਨ੍ਹਾਂ ਪਾਖੰਡੀ ਲੇਖਕਾਂ ਵਿਚੋਂ ਨਹੀਂ ਜਿਹੜੇ ਕਹਿੰਦੇ ਨੇ ਕਿ ਉਹ ਲਿਖ ਕੇ ਮਾਂ-ਬੋਲੀ ਦੀ ਸੇਵਾ ਕਰ ਰਹੇ ਨੇ। ਨਿੰਦਰ ਤਾਂ ਮਾਂ-ਬੋਲੀ ਤੋਂ ਸੇਵਾ ਲੈ ਰਿਹਾ ਹੈ ਤੇ ਗੱਜ ਵੱਜ ਕੇ ਲੈ ਰਿਹਾ ਹੈ। ਤੇ ਇਹਦੇ ਵਿਚ ਮਿਹਣੇ ਵਾਲੀ ਕੋਈ ਗੱਲ ਈ ਨਹੀਂ। ਉਹ ਦੇਸ਼-ਵਿਦੇਸ਼ ਦੇ ਅਖ਼ਬਾਰਾਂ ਵਿਚ ਕਾਲਮ ਲਿਖਣ ਦੇ ਪੈਸੇ ਲੈਂਦਾ ਹੈ। ਕਈ ਵਿਦੇਸ਼ੀ ਟੀਵੀ ਤੇ ਰੇਡੀਓ ਪ੍ਰੋਗਰਾਮਾਂ ਲਈ ਕੁਮੈਂਟਰੀ ਕਰਦਾ ਹੈ। ਨਾਲੇ 'ਵੰਝਾਂ ਦਾ ਵਪਾਰ ਨਾਲੇ 'ਗੰਗਾ' ਦਾ 'ਸ਼ਨਾਨ'। ਉਹਦੇ ਲਈ ਸਾਹਿਤ ਵੀ ਵਸਤੂ ਹੈ। ਜੇ ਕਿਸਾਨ ਫਸਲ ਵੇਚ ਕੇ, ਕਾਰੀਗਰ ਫਰਨੀਚਰ ਬਣਾ ਕੇ, ਪੇਂਟਰ ਪੇਂਟਿੰਗ ਵੇਚ ਕੇ ਤੇ ਗਾਉਣ ਵਾਲਾ ਗਾ ਕੇ ਪੈਸੇ ਕਮਾ ਸਕਦਾ ਏ ਤਾਂ ਸਾਹਿਤਕਾਰ ਆਪਣੀ ਵਸਤ ਕਿਉਂ ਨਾ ਵੇਚੇ? ਨਿੰਦਰ ਦਾ ਸਾਹਿਤ ਛਪ ਵੀ ਰਿਹਾ ਏ ਤੇ ਵਿਕ ਵੀ ਰਿਹਾ ਏ।"

ਦਸਵੀਂ ਫੇਲ੍ਹ ਨਿੰਦਰ ਦੀਆਂ ਕਿਤਾਬਾਂ ਹੁਣ ਬੀਏ ਐਮਏ ਦੇ ਕੋਰਸਾਂ ਵਿਚ ਲੱਗੀਆਂ ਹੋਈਆਂ ਹਨ ਅਤੇ ਉਨ੍ਹਾਂ ਉਤੇ ਐਮ ਫਿਲਾਂ ਤੇ ਪੀਐਚਡੀਆਂ ਹੋ ਰਹੀਆਂ ਹਨ। ਘਰਦਿਆਂ ਦੇ ਚਾਅ ਨਾਲ ਰੱਖੇ ਨਾਂ ਨਰਿੰਦਰ ਕੁਮਾਰ ਤੋਂ ਵਾਂਈਆ ਬਣ ਕੇ, ਪਹਿਲਾਂ ਉਹ ਨਰਿੰਦਰ 'ਨਿੰਦਾ' ਬਣਿਆ ਤੇ ਫਿਰ ਲੇਖਕ ਬਣ ਕੇ ਨਿੰਦਰ 'ਘੁਗਿਆਣਵੀ' ਬਣ ਗਿਆ। ਉਹਦਾ ਕੱਦ ਭਾਵੇਂ ਪੰਜ ਕੁ ਫੁੱਟ ਹੈ ਪਰ ਉਹਦੀਆਂ ਕਿਤਾਬਾਂ ਦਾ ਕੱਦ ਉਸ ਤੋਂ ਕਿਤੇ ਵੱਧ ਹੈ। ਤੱਕੜ ਦੇ ਇਕ ਪਾਸੇ ਉਹ ਬੈਠਾ ਹੋਵੇ ਤੇ ਦੂਜੇ ਪਾਸੇ ਉਹਦੀਆਂ ਕਿਤਾਬਾਂ ਧਰੀਆਂ ਹੋਣ ਤਾਂ ਕਿਤਾਬਾਂ ਵਾਲਾ ਪਾਸਾ ਭਾਰਾ ਹੋਵੇਗਾ। 1994 ਤੋਂ 2022 ਤਕ ਪੁੱਜਦਿਆਂ ਉਹਦੀਆਂ ਕਿਤਾਬਾਂ ਦੀ ਗਿਣਤੀ ਪਚਵੰਜਾ ਹੋ ਚੁੱਕੀ ਹੈ। ਜੇ ਜਸਵੰਤ ਸਿੰਘ ਕੰਵਲ ਜਿੰਨੀ ਉਮਰ ਜੀਅ ਗਿਆ ਤਾਂ ਕੰਵਲ ਦੀਆਂ ਸੌ ਕਿਤਾਬਾਂ ਦੇ ਮੁਕਾਬਲੇ ਉਹਦੀਆਂ ਦੋ ਸੌ ਕਿਤਾਬਾਂ ਵੱਟ 'ਤੇ ਹਨ!

1978 ਵਿਚ ਜਨਮੇ ਨਿੰਦਰ ਦੀ ਸਵੈ-ਜੀਵਨੀ 'ਮੈਂ ਸਾਂ ਜੱਜ ਦਾ ਅਰਦਲੀ' ਏਨੀ ਛਪੀ, ਏਨੀ ਛਪੀ ਕਿ ਹੁਣ ਤਕ ਛਪੀ ਹੀ ਜਾ ਰਹੀ ਹੈ। 2019 ਵਿਚ ਉਸ ਦੀ ਨੌਵੀਂ ਐਡੀਸ਼ਨ ਛਪੀ ਸੀ ਤੇ 2020 ਵਿਚ ਦਸਵੀਂ। ਉਸ ਦੇ ਹਿੰਦੀ, ਅੰਗਰੇਜ਼ੀ, ਉਰਦੂ, ਤੇਲਗੂ, ਕੰਨੜ, ਗੁਜਰਾਤੀ, ਮਰਾਠੀ, ਮਲਿਆਲਮ, ਸਿੰਧੀ, ਮੈਥਿਲੀ, ਭੋਜਪੁਰੀ, ਬੰਗਲਾ ਤੇ ਉੜੀਆ ਵਿਚ ਅਨੁਵਾਦ ਵੀ ਛਪੇ ਹਨ। ਸ਼ਾਹਮੁਖੀ ਵਿਚ ਵੀ ਛਪੀ ਹੈ ਅਤੇ ਇਸ ਉਤੇ ਰੇਡੀਓ ਰੂਪਾਂਤਰ ਤੇ ਲਘੂ ਫਿਲਮ ਵੀ ਬਣੀ ਹੈ। ਫਰੀਦਕੋਟ ਵਾਲੇ ਜੱਜ ਦੀ ਰਿਹਾਇਸ਼ ਵਾਲੀ 'ਲਾਲ ਕੋਠੀ' ਭਾਵੇਂ ਹੁਣ ਬੇਆਬਾਦ ਹੋਈ ਪਈ ਹੈ ਪਰ ਨਿੰਦਰ ਘੁਗਿਆਣਵੀ ਨੇ 'ਮੈਂ ਸਾਂ ਜੱਜ ਦਾ ਅਰਦਲੀ' ਲਿਖ ਕੇ ਉਸ ਨੂੰ ਸਦਾ ਲਈ ਆਬਾਦ ਕਰ ਦਿੱਤਾ ਹੈ।

ਉਹ ਲੇਖਕ, ਪੱਤਰਕਾਰ, ਕਾਲਮਨਵੀਸ, ਰੇਡੀਓਕਾਰ ਤੇ ਤੂੰਬੀਕਾਰ, ਫਾਈਵ ਇਨ ਵਨ ਹੈ। ਲੋਹੜੇ ਦਾ ਮਿਲਾਪੜਾ ਹੈ ਤੇ ਮਾੜਾ ਮੋਟਾ ਟੁੱਟ-ਪੈਣਾ ਵੀ। ਨਾ ਰੁੱਸਦੇ ਦਾ ਪਤਾ ਲੱਗਦਾ ਨਾ ਮੰਨਦੇ ਦਾ। ਫੋਨ 'ਤੇ ਤਰ੍ਹਾਂ-ਤਰ੍ਹਾਂ ਦੀਆਂ ਆਵਾਜ਼ਾਂ ਕੱਢਦੈ, ਘਿਆਕੋ ਬਿੱਲੀਆਂ ਬੁਲਾਉਂਦੈ ਤੇ ਜਣੇ ਖਣੇ ਦੀਆਂ ਸਾਂਗਾਂ ਲਾਉਂਦੈ। ਵਿਚੇ ਗੁਰਬਚਨ ਭੁੱਲਰ ਦੀਆਂ, ਵਿਚੇ ਹਰਭਜਨ ਹੁੰਦਲ ਦੀਆਂ, ਵਿਚੇ ਮੇਰੀਆਂ, ਵਿਚੇ ਕਿਰਪਾਲ ਕਜ਼ਾਕ ਦੀਆਂ ਤੇ ਵਿਚੇ 'ਫਿਲਹਾਲ' ਵਾਲੇ ਗੁਰਬਚਨ ਦੀਆਂ। ਦੇਸ ਪ੍ਰਦੇਸ ਗਾਹੁਣ ਵਾਲੇ ਗੁਰਬਚਨ ਵਰਗੇ ਵੀ ਪਛਾਣ ਨਹੀਂ ਸਕਦੇ ਕਿ ਨਿੰਦਰ ਉਹਦਾ ਮਜ਼ਾਕ ਉਡਾ ਰਿਹੈ!

ਆਹ ਪੁਸਤਕ ਉਹਦੀ ਵਾਰਤਕ ਰਚਨਾ ਬਾਰੇ ਤਿਆਰ ਕੀਤੀ ਗਈ ਹੈ ਜਿਸ ਵਿਚ ਉਸਤਤ ਵੱਧ ਹੈ, ਮੀਨਮੇਖ ਘੱਟ। ਦੋ ਦਰਜਨ ਦੇ ਕਰੀਬ ਨਾਮਵਰ ਲੇਖਕਾਂ ਤੇ ਆਲੋਚਕਾਂ ਨੇ ਸਮੇਂ ਸਮੇਂ ਉਹਦੀ ਸ਼ਖ਼ਸੀਅਤ, ਉਹਦੀਆਂ ਕਿਤਾਬਾਂ ਤੇ ਉਹਦੀ ਵਾਰਤਕ ਬਾਰੇ ਨਿੱਕੇ ਵੱਡੇ ਲੇਖ ਲਿਖੇ ਸਨ। ਦਰਜਨ ਤੋਂ ਵੱਧ ਲੇਖਕਾਂ ਨੇ ਨਵੇਂ ਨਕੋਰ ਲੇਖ ਵੀ ਲਿਖੇ। ਇਉਂ ਇਹ ਨਵੀਆਂ ਤੇ ਪੁਰਾਣੀਆਂ ਲਿਖਤਾਂ ਦਾ ਵੰਨ ਸੁਵੰਨਾ ਗੁਲਦਸਤਾ ਹੈ ਜਿਸ ਵਿਚੋਂ ਨਿੰਦਰ ਘੁਗਿਆਣਵੀ ਦੇ ਸੰਘਰਸ਼ਮਈ ਜੀਵਨ, ਉਸ ਦੀਆਂ ਪੁਸਤਕਾਂ ਤੇ ਉਹਦੀ ਬਹੁਰੰਗੀ ਵਾਰਤਕ ਸ਼ੈਲੀ ਦੀ ਟਹਿਕ ਤੇ ਮਹਿਕ ਮਾਣੀ ਜਾ ਸਕਦੀ ਹੈ। 260 ਪੰਨਿਆਂ ਦੀ ਇਹ ਪੁਸਤਕ ਲੋਕਗੀਤ ਪ੍ਰਕਾਸ਼ਨ ਨੇ ਛਾਪੀ ਹੈ।

# ਮੁਰੀਦ ਸੰਧੂ ਦੀ 'ਲੋਅ' ਲੋਏ...

**ਪੁਸਤਕ ਚਰਚਾ**

**ਉਂਕਾਰਪ੍ਰੀਤ, ਟੋਰਾਂਟੋ (ਕੈਨੇਡਾ)**

ਮੁਰੀਦ ਸੰਧੂ ਨੂੰ ਮਿਲਦਿਆਂ ਉਹਦੀਆਂ ਨਜ਼ਰਾਂ 'ਚੋਂ ਜਿਹੜੀ ਲੋਅ ਧੁਰ ਅੰਦਰ ਲਹਿੰਦੀ ਹੈ, ਉਸਦਾ ਪਾਠ ਉਹਦੇ ਸ਼ਿਅਰਾਂ 'ਚ ਖੁੱਲ੍ਹਦਾ ਹੈ। ਤਦ ਹੀ ਮੁਰੀਦ ਸੰਧੂ ਦੀ ਪਲੇਠੀ ਗ਼ਜ਼ਲਾਂ ਦੀ ਪੁਸਤਕ 'ਲੋਅ' ਨੂੰ ਵਾਚਦਿਆਂ, ਪੜ੍ਹਦਿਆਂ ਤੇ ਗੁੜ੍ਹਦਿਆਂ ਪਾਠਕ ਮਨ ਕਵਿਤਾ ਦੀ ਲੋਅ ਨਾਲ ਭਰ ਭਰ ਵਗਣ ਲੱਗਦਾ ਹੈ। ਹਰ ਮੈਂ/ਮੇਰ ਪਹਿਲਾਂ ਤੂੰ/ਤੇਰ ਤੇ ਫਿਰ 'ਤੇਰਾ...ਤੇਰਾ' ਦੀ ਧੁਨ 'ਚ ਰਮਣ ਲੱਗਦੀ ਹੈ:

ਆਪਾ ਮੁਕਦਾ ਜਾਂਦਾ ਹੈ ਹੁਣ ਮੇਰੇ 'ਚੋਂ
ਤੈਨੂੰ ਲੱਭਦਾ ਰਹਿਨਾ ਹਰ ਇਕ ਚਿਹਰੇ 'ਚੋਂ।
(ਪੰਨਾ: 23)


ਕਵਿਤਾ ਲੋਅ ਦੀ ਅੰਸ਼ ਹੈ। ਵੰਸ਼ ਵੀ। ਜਿਹੜੀ ਜੋਤ ਸ੍ਰਿਸ਼ਟੀ ਦੇ ਕਣ ਕਣ ਦਾ ਮੂਲ ਹੈ ਉਸਦੀ ਲੋਅ ਦਾ ਨਾਂ ਕਵਿਤਾ ਹੈ। ਜੇ ਕਵਿਤਾ, ਕਵਿਤਾ ਹੈ ਤਾਂ ਉਹ ਸ਼ੁੱਧ ਲੋਅ ਹੈ। ਉਸ 'ਚ ਕਿਸੇ ਵਾਧ ਘਾਟ ਦੀ ਗੁੰਜਾਇਸ਼ ਨਹੀਂ। ਇਸ ਪੱਖੋਂ ਕਵਿਤਾ ਦੀ ਗ਼ਜ਼ਲ ਸਿਨਫ਼ ਖਾਸ ਤੌਰ 'ਤੇ ਵਾਧ-ਘਾਟ ਰਹਿਤ ਲੋਅ ਦੀ ਉੱਤਮ ਪਰਿਭਾਸ਼ਾ ਹੈ। ਗ਼ਜ਼ਲ ਦੀ ਬੰਦਿਸ਼ (ਬਹਿਰ, ਵਜ਼ਨ, ਕਾਫੀਆ, ਰਦੀਫ਼ ਆਦਿ) ਅਸਲ 'ਚ ਕਵਿਤਾ ਦੀ ਬਿਨ ਵਾਧ-ਘਾਟ ਲੋਅ ਨੂੰ ਸ਼ੁੱਧ ਰੂਪ 'ਚ ਪ੍ਰਗਟਾਉਣ ਦਾ ਮਾਧਿਅਮ ਹੈ। ਮੁਰੀਦ ਸੰਧੂ ਆਪਣੇ ਹਥਲੇ ਗ਼ਜ਼ਲ-ਸੰਗ੍ਰਹਿ ਕਵਿਤਾ ਦੀ ਏਸ ਲੋਅ ਨੂੰ ਆਪਣੇ ਸ਼ਿਅਰਾਂ, ਮਿਸਰਿਆਂ ਅਤੇ ਖਿਆਲਾਂ 'ਚ ਬਾਖ਼ੂਬੀ ਉਜਾਗਰ ਕਰਦਾ ਹੈ। ਜਲਵਾਗਰ ਕਰਦਾ ਹੈ:

ਐ ਦਿਲਾ ਤੂੰ ਮੇਰਿਆ ਕੁਝ ਏਦਾਂ ਦਾ ਕਰ ਦਿਖਾ ਦੇ
ਇੱਕ ਕਸ਼ ਲਾ ਜ਼ਿੰਦਗੀ ਦਾ ਤੇ ਹਵਾ ਦੇ ਵਿਚ ਉਡਾ ਦੇ।
(ਪੰਨਾ:47)

ਕਵਿਤਾ ਦੀ ਲੋਅ ਦੇ ਹਵਾਲੇ ਨਾਲ ਇਹ ਗੱਲ ਬੜੀ ਦਿਲਚਸਪ ਹੈ ਕਿ ਛੰਦ ਬੱਧ ਸ਼ਾਇਰੀ ਦੇ ਸਿਆਣਿਆਂ, ਰਿਸ਼ੀਆਂ, ਉਸਤਾਦਾਂ ਨੇ ਕਵਿਤਾ ਨੂੰ ਹਮੇਸ਼ਾ ਜੋਤ, ਰੌਸ਼ਨੀ, ਅਗਨੀ, ਅਤੇ ਉਜਾਲੇ ਦੇ ਪ੍ਰਤੀਕ ਵਜੋਂ ਬਿਆਨਿਆ ਹੈ। ਚਾਹੇ ਇਹ ਜੋਤ ਜ਼ਮੀਂ ਆਸਮਾਨ ਵਿਚ ਹੈ, ਹੁਸਨ ਇਸ਼ਕ ਦਰਮਿਆਨ ਹੈ, ਧੁਰ ਅੰਦਰੀ ਹੈ, ਕਿ ਆਰ-ਪਾਰ ਸਤ-ਸਮੁੰਦਰੀ ਹੈ। ਮੁਰੀਦ ਸੰਧੂ ਦੀ ਇਹ ਪਲੇਠੀ ਪੁਸਤਕ ਆਪਣੇ ਨਾਮ/ਉਨਵਾਨ ਤੋਂ ਲੈ ਕੇ ਆਦਿ-ਮਧ-ਅੰਤ ਤੀਕ ਕਵਿਤਾ ਦੀ ਅਜਿਹੀ ਲੋਅ ਨੂੰ ਸਮਰਪਿਤ ਹੈ। ਜ਼ਿੰਦਗੀ ਨੂੰ ਅਜਿਹੀ ਲੋਅ ਵੰਡਣ ਵਾਲਿਆਂ ਨੂੰ ਅਰਪਿਤ ਹੈ:

ਬੁਝਾ ਸਕਿਆ ਨਹੀਂ ਉਹ ਮੈਨੂੰ ਸਾਰਾ
ਬੜਾ ਸੀ ਨੇਰ੍ਹ ਦਾ ਭਾਵੇਂ ਖਿਲਾਰਾ
ਕਰੇ ਜੋ ਗੱਲ ਚਾਨਣ ਦੀ ਅਜੇ ਵੀ
ਮੈਂ ਉਸਦੀ ਆਸ ਦੇ ਵਿਚ ਚਮਕਦਾ ਹਾਂ। (ਪੰਨਾ:44)

ਛੰਦ-ਬੱਧ ਸ਼ਾਇਰੀ 'ਚ 'ਦੇਹਲੀ ਦੀਪਕ' ਅਲੰਕਾਰ ਦਾ ਖ਼ਾਸ ਮਹੱਤਵ ਮੰਨਿਆ ਗਿਆ ਹੈ। ਕਿਸੇ ਛੰਦ ਦੀ ਪਹਿਲੀ ਸਤਰ ਦੇ ਅਖ਼ੀਰ 'ਚ ਆਉਣ ਵਾਲਾ ਇਹ ਅਜਿਹਾ ਸ਼ਬਦ ਹੁੰਦਾ ਹੈ ਜਿਸ ਦੀ ਲੋਅ 'ਚ ਛੰਦ ਦੀ ਅਗਲੀ ਤੁਕ ਰੌਸ਼ਨ ਹੁੰਦੀ ਹੈ। ਇਹ ਸਰਦਲ 'ਤੇ ਜਗਦਾ ਉਹ ਦੀਵਾ ਹੈ ਜਿਸ ਦੀ ਲੋਅ ਦਰ ਦੇ ਅੰਦਰ ਵੀ ਹੈ ਤੇ ਬਾਹਰ ਵੀ। ਜੇ ਕੋਈ ਕਵਿਤਾ ਸਹੀ ਮਾਅਨਿਆਂ 'ਚ ਕਵਿਤਾ ਹੈ ਤਾਂ ਉਹ ਆਪਣੇ ਧੁਰ 'ਚ ਵਸੇ




ਚਾਨਣ ਦੇ ਅੰਸ਼ ਦੀ ਲੋਅ ਨਾਲ ਸਮੇਂ ਦੀ ਦਹਿਲੀਜ਼ 'ਤੇ ਇਸੇ ਤਰ੍ਹਾਂ ਰੌਸ਼ਨ ਹੁੰਦੀ ਹੈ:

ਕੁਝ ਚਾਨਣ ਦਾ ਅੰਸ਼ ਤਾਂ ਸਾਡੇ ਅੰਦਰ ਵੀ ਹੋਣਾ ਚਾਹੀਦਾ
ਸੂਰਜਾਂ ਦੀ ਕਿਹੜੀ ਗੱਲ ਕਰੀਏ ਇਹ ਤਾਂ ਚੜ੍ਹਦੇ ਛਿਪਦੇ ਜਾਂਦੇ। (ਪੰਨਾ:22)

ਸ਼ਾਇਰ ਬਾਬੇ ਨਾਨਕ ਜੀ ਦਾ ਵੀ ਕਥਨ ਹੈ ਕਿ 9-ਖੰਡ, 7-ਦੀਪ, 14-ਭਵਨ, 3-ਲੋਕ, 4-ਯੁੱਗਾਂ ਨੂੰ ਸ੍ਰਿਸ਼ਟੀ ਦੀ ਵੱਡੀ ਹਵੇਲੀ 'ਚ ਚਾਰੇ ਖਾਣੀਆਂ ਰੂਪ ਇੱਕਰਸ ਵੱਸਣ (ਕੁਦਰਤੀ ਆਜ਼ਾਦੀ ਵਾਲਾ ਜੀਣ ਸਿਧਾਂਤ) ਵਾਸਤੇ ਹਰ ਯੁੱਗ ਦੀ ਤਲੀ 'ਤੇ ਇੱਕ ਦੀਵਾ ਬਲਦਾ ਹੈ ਜਿਸ ਦੀ ਲੋਅ 'ਚ ਪਿਛਲੇ ਯੁੱਗ ਦੀ ਚੇਤਨਾ ਵੀ ਹੈ, ਵਰਤਮਾਨ ਅਤੇ ਭਵਿੱਖ ਲਈ ਰੌਸ਼ਨੀ ਵੀ। ਸਮੇਂ ਦੇ ਹੱਥ 'ਚ ਉਸ ਦੀਵੇ ਦਾ ਨਾਮ 'ਕਵਿਤਾ' ਹੈ। ਮੁਰੀਦ ਸੰਧੂ ਦੀ ਇਹ ਪੁਸਤਕ ਜਿਵੇਂ ਸਾਡੇ ਸਮਿਆਂ ਦੇ ਉਸੇ ਦੀਵੇ ਦੀ ਲੋਅ, ਦੀ ਬਣੀ ਹੋਈ ਹੈ:

ਹੁਣ ਲੋਕ ਨੇ ਇਸ ਸ਼ਹਿਰ ਦੇ ਕਿੰਦਾਂ ਦਾ ਚਾਨਣ ਮੰਗਦੇ
ਦੀਵੇ ਬੁਝਾ ਕੇ ਕੰਧ 'ਤੇ ਦੀਵੇ ਦੀ ਫੋਟੋ ਟੰਗਦੇ।
(ਪੰਨਾ:36)

ਕੁਦਰਤ ਦਾ ਸਾਰਾ ਦ੍ਰਿਸ਼ ਅੱਗ, ਹਵਾ, ਪਾਣੀ, ਧਰਤੀ ਤੇ ਆਕਾਸ਼ ਦੇ ਅੱਖਰਾਂ ਦੀ ਰਚੀ ਜੀਵਨ ਕਵਿਤਾ ਹੈ। ਕੁਦਰਤ ਦੀ ਏਸੇ ਕਵਿਤਾ ਦੀ ਲੋਏ ਜੀਉੜੇ ਆਪੋ ਆਪਣੀ ਸੂਝ ਦੀ ਲੋਅ ਦੇ ਅੱਖਰਾਂ ਨਾਲ ਇਸ ਨੂੰ ਮਾਣਦੇ ਤੇ ਮਾਣਨਯੋਗ ਰੱਖਦੇ ਹਨ। ਤਦ ਹੀ ਕਵਿਤਾ ਦੀ ਲੋਅ ਸਥਾਨ ਅਤੇ ਸਮੇਂ ਨਾਲ ਬੱਝੀ ਹੋਈ ਨਹੀਂ ਸਗੋਂ ਇਨ੍ਹਾਂ ਦਾ ਆਰ-ਪਾਰ ਅੰਦਰ ਬਾਹਰ ਹੈ। ਸ਼ਬਦਾਂ 'ਚ ਪ੍ਰਗਟ ਕੀਤੀ ਕਵਿਤਾ ਧੁੱਪੇ ਬਲਦੇ ਦੀਵੇ ਵਰਗੀ ਹੈ। ਜਿਵੇਂ ਧੁੱਪ ਨੇ ਦੀਵੇ ਨੂੰ ਰੌਸ਼ਨ ਕੀਤਾ ਹੋਵੇ। ਮੁਰੀਦ ਸੰਧੂ ਦੀ ਸ਼ਾਇਰੀ 'ਚ ਇਹ ਧੁਰ ਦੀ ਧੁੱਪੇ ਬਲਦੇ ਦੀਵੇ ਲੋਅ ਦਾ ਜਸ਼ਨ ਹਨ। ਧੁਰ ਦੀ ਧੁੱਪ ਜੇ ਉਸਨੂੰ ਗ੍ਰਹਿਣੀ ਪ੍ਰਤੀਤ ਹੁੰਦੀ ਹੈ ਤਾਂ ਉਸਦੀ ਕਵਿਤਾ ਦੇ ਇਹੀ ਦੀਵੇ ਖ਼ਾਲਸ ਧੁੱਪ ਦੀ ਜਗਿਆਸਾ ਰੂਪ ਬਲਦੇ ਦਿਸਦੇ ਹਨ:

ਤਿਕਾਲੀਂ ਰੋਜ਼ ਹੀ ਮੈਂ ਅਸਤ ਹੋਵਾਂ। ਢਲੇ ਦਿਨ ਲੋਕਾਂ ਭਾਣੇ ਪਸਤ ਹੋਵਾਂ।
ਤੇਰੇ ਦਿਲ ਦੀਆਂ ਤੈਹਾਂ ਵਿਚ ਪਿਆਰੇ, ਮੈਂ ਤਾਂਹੀਂ ਖਾਬ ਬਣ ਕੇ ਜਨਮਦਾ ਹਾਂ। (ਪੰਨਾ:44)

ਉਸਦੇ ਸ਼ਿਅਰ ਤੁਹਾਨੂੰ ਧੁਰ ਤੀਕ ਕਵਿਤਾ ਦਿੰਦੇ ਹਨ। ਤੁਹਾਡੇ ਧੁਰ 'ਤੇ ਚੜ੍ਹੀਆਂ ਅਨੇਕ ਗਰਦ-ਓ-ਗੁਬਾਰ ਦੀਆਂ ਪਰਤਾਂ ਨੂੰ ਉਹ ਆਪਣੇ ਸ਼ਿਅਰਾਂ ਦੇ ਮਿਸਰਿਆਂ ਨਾਲ ਹਟਾਉਂਦਾ ਹੈ ਤੇ ਤੁਹਾਨੂੰ ਤੁਹਾਡੇ ਧੁਰ ਦੀ ਲੋਅ 'ਚ ਲਿਆਉਂਦਾ ਹੈ:

ਫੇਰ ਬਿਗਾਨਾ ਏਸ ਧਰਤ 'ਤੇ ਰਹਿ ਨਈਂ ਜਾਣਾ ਕੋਈ ਮੁਰੀਦ
ਹਰ ਬੰਦੇ ਨੂੰ ਮਿਲਿਆ ਜਾਵੇ ਜੇਕਰ ਆਪਣੇ ਸੱਜਣ ਵਾਂਗ। (ਪੰਨਾ: 32)

ਸਾਂਭ ਕੇ ਸਭ ਟੁਕੜਿਆਂ ਨੂੰ ਤੇਰੇ ਦਰ 'ਤੇ ਪੁੱਜਿਆ
ਤੇਰੇ ਕਾਰਨ ਮੇਰਾ ਫਿਰ ਇਕ ਹੋਰ ਟੁਕੜਾ ਹੋ ਗਿਆ।
(ਪੰਨਾ:59)

ਮੁਰੀਦ ਸੰਧੂ ਦੇ ਏਸ ਗ਼ਜ਼ਲ ਸੰਗ੍ਰਹਿ ਵਿਚ ਜਿੱਥੇ ਆਦਿ-ਜੁਗਾਦ ਨੂੰ ਰੁਸ਼ਨਾਉਣ ਵਾਲੀ ਕਵਿਤਾ ਦੀ ਲੋਅ ਦੀ ਬਾਖ਼ੂਬ ਨਿਸ਼ਾਨਦੇਹੀ ਅਤੇ ਪ੍ਰਤੀਬੱਧਤਾ ਹੈ ਓਥੇ ਉਹ ਇਸ ਲੋਅ ਨਾਲ ਇਸਦੇ ਹਰ ਪਾਠਕ ਦੇ ਅਗਿਆਨਤਾ ਵੱਸ ਭੈਅ-ਭਰਮ-ਹਨੇਰੇ ਰੁਸ਼ਨਾਉਣ ਲਈ ਤਤਪਰ ਨਜ਼ਰ ਆਉਂਦਾ ਹੈ:

ਵਿਰਲਾ ਟਾਵਾਂ ਹੀ ਬਚ ਸਕਿਆ ਏਸ ਬਾਜ਼ਾਰ ਦੇ ਕੋਲੋਂ
ਜਿਵੇਂ ਜਿਵੇਂ ਮੁੱਲ ਵਧਦਾ ਜਾਂਦਾ ਵਿਕਦੇ ਜਾਂਦੇ ਸਾਰੇ।
(ਪੰਨਾ: 30)

ਅਸਾਨੂੰ ਕੈਦ ਹੋ ਕੇ ਵੀ ਆਜ਼ਾਦੀ ਦਾ ਭਰਮ ਰਹਿੰਦਾ
ਬੜੇ ਮਨਮੋਹਣੇ ਰੰਗਾਂ ਦੇ ਅੱਜ-ਕੱਲ੍ਹ ਜਾਲ ਆਉਂਦੇ ਨੇ।
(ਪੰਨਾ: 50)

ਸਾਡੀਆਂ ਫ਼ਸਲਾਂ ਦਾ ਮੁੱਲ ਜੋ ਦੇ ਸਕੇ ਨਾ ਉਹ
ਸਾਡੀਆਂ ਖ਼ੁਦਕੁਸ਼ੀਆਂ ਦੇ ਮੁੱਲ ਪਾਉਣ ਲੱਗ ਪਏ।
(ਪੰਨਾ: 63)

ਉਸਦੇ ਧੁਰ ਅੰਦਰ ਹਰ ਜੀਉੜੇ ਲਈ ਚੰਗੇਰ ਭਰੀ, ਪਿਆਰੀ ਅਤੇ ਰੌਸ਼ਨ ਜੀਂਦੀ ਜਾਗਦੀ ਜ਼ਿੰਦਗੀ ਦਾ ਖ਼ਾਬ ਹੈ। ਆਪਣੇ ਇਸ ਖ਼ਾਬ ਨੂੰ ਉਹ ਹਰ ਹੀਲੇ ਸੱਚ ਤੇ ਸਾਕਾਰ ਕਰਨਾ ਲੋਚਦਾ ਹੈ:

ਮੇਰੇ ਇਕ ਖ਼ਾਬ ਨੇ ਹੀ ਮੌਤ ਵੱਲੇ ਤੋਰਿਆ ਮੈਨੂੰ
ਕਿ ਮੈਂ ਹੁਣ ਜੀਣ ਦੀ ਖ਼ਾਤਰ ਤਲੀ 'ਤੇ ਸਿਰ ਧਰੀ ਫਿਰਦਾ। (ਪੰਨਾ: 31)

ਮੁਰੀਦ ਸੰਧੂ ਵਾਂਗ ਜਿਨ੍ਹਾਂ ਦੇ ਨੈਣਾਂ 'ਚ ਆਪਣੇ ਸਮਿਆਂ ਦੀ ਜ਼ਿੰਦਗੀ ਨੂੰ ਰੁਸ਼ਨਾਉਣ ਦੇ ਖ਼ਾਬ ਹੁੰਦੇ ਹਨ ਉਨ੍ਹਾਂ ਦੇ ਪੈਰਾਂ 'ਚ ਪਦਮ-ਚੱਕਰ ਵੀ ਹੁੰਦਾ ਹੈ, ਜੋ ਉਨ੍ਹਾਂ ਦੀ ਜਗਿਆਸਾ ਨੂੰ ਹੱਦਾਂ ਸਰਹੱਦਾਂ ਤੋਂ ਆਰ-ਪਾਰ ਸਫ਼ਰਤ ਰੱਖਦਾ ਹੈ। ਉਨ੍ਹਾਂ ਦਾ ਹਰ ਦਿਨ ਇਕ ਨਵੀਂ ਉਦਾਸੀ ਹੁੰਦਾ। ਉਨ੍ਹਾਂ ਦੀ ਹਰ ਉਦਾਸੀ ਰਾਹਾਂ, ਰਾਹੀਆਂ ਅਤੇ ਰਾਹਬਰਾਂ ਨੂੰ ਜਗਾਈ ਰੱਖਦੀ। ਮਘਾਈ ਰੱਖਦੀ। ਰੁਸ਼ਨਾਈ ਰੱਖਦੀ:

ਤੂੰ ਜੁਗਨੂੰ ਏਂ ਇਕ ਥਾਂ ਤੇਰਾ ਵਾਸ ਕਦੇ ਨਈਂ ਹੋ ਸਕਣਾ
ਅੱਜ ਮੇਰੇ ਕੱਲ ਹੋਰ ਕਿਸੇ ਦੇ ਰਸਤੇ ਨੂੰ ਰੁਸ਼ਨਾਏਂਗਾ।
(ਪੰਨਾ:74)

ਜ਼ਿੰਦਗੀ ਦੇ ਧੁਰ 'ਚ ਵਸੀ ਕਵਿਤਾ ਦੀ ਲੋਅ ਨੂੰ ਉਜਾਗਰ ਕਰਦੀ, ਉਸ ਨਾਲ ਜੋੜਦੀ ਅਤੇ ਜ਼ਿੰਦਗੀ ਦੇ ਹਰ ਪਲ ਨੂੰ ਰੁਸ਼ਨਾਉਣ ਲਈ ਤਾਂਘਦੇ, ਮੁਰੀਦ ਸੰਧੂ ਦੇ ਇਸ ਗ਼ਜ਼ਲ ਪਰਾਗੇ ਦਾ ਹਾਰਦਿਕ ਸਵਾਗਤ ਹੈ। ਅੱਲ੍ਹਾ ਕਰੇ ਜ਼ੋਰ-ਏ-ਕਲਮ ਔਰ!

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਚੰਗਾ ਹੁੰਦਾ ਹੈ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਚੰਗਾ ਹੁੰਦਾ ਹੈ ਉਹ ਕੁਝ ਕਰਨਾ ਜੋ ਤੁਹਾਨੂੰ ਚੰਗਾ ਲੱਗਦਾ। ਜੋ ਰੂਹ ਨੂੰ ਸਕੂਨ ਦਿੰਦਾ, ਮਨ ਨੂੰ ਤਾਜ਼ਗੀ ਅਤੇ ਅੰਤਰੀਵ ਨੂੰ ਸੁੱਖਨਤਾ। ਸਭ ਤੋਂ ਚੰਗਾ ਹੁੰਦਾ ਹੈ, ਖ਼ੁਦ ਦੀ ਖ਼ੁਦ ਲਈ ਚਾਹਤ। ਇਸ ਲਈ ਕੁਝ ਅਜੇਹਾ ਕਰਨਾ ਕਿ ਆਪ ਨੂੰ ਵੀ ਚੰਗਾ ਲੱਗੇ ਅਤੇ ਜੱਗ ਨੂੰ ਵੀ। ਚੰਗਾ ਹੁੰਦਾ ਹੈ ਆਪਣੇ ਬਚਪਨੇ ਨੂੰ ਮਿਲਣ ਲਈ ਪਿੰਡ ਦੀਆਂ ਗਲੀਆਂ ’ਚ ਫੇਰਾ ਪਾਉਣਾ। ਇਸ ਦੀਆਂ ਜੂਹਾਂ ਨੂੰ ਫਰੋਲਣਾ, ਉਨ੍ਹਾਂ ਨੁੱਕਰਾਂ ਤੇ ਓਟਿਆਂ ਨੂੰ ਮੁੜ ਤੋਂ ਨਿਹਾਰਨਾ ਜਿਨ੍ਹਾਂ ਨੇ ਤੁਹਾਡੇ ਬਚਪਨੇ ਨੂੰ ਮਾਣਿਆ ਵੀ ਹੁੰਦਾ ਅਤੇ ਦੇਖਿਆ ਵੀ। ਆਪਣੇ ਪੁਰਾਣੇ ਘਰ ਨੂੰ ਗਲ ਲੱਗ ਕੇ ਮਿਲਣਾ, ਇਸ ਦੀਆਂ ਕੰਧਾਂ ਅਤੇ ਕੌਲਿਆਂ ਦੀਆਂ ਨਜ਼ਰਾਂ ਨਾਲ ਆਪਣੇ ਆਪ ਨੂੰ ਦੇਖਣਾ। ਵਿਹੜੇ ਵਿਚ ਨਿੱਕੀ ਜਿਹੀ ਛੱਪੜੀ ਵਾਲੀ ਥਾਂ ਨੂੰ ਚਿਤਾਰਨਾ ਜਿਸ ਵਿਚ ਕਾਗਜ਼ ਦੀਆਂ ਬੇੜੀਆਂ ਨਾਲ ਪਤਾ ਨਹੀਂ ਕਿੰਨੇ ਪੱਤਣ ਤਰ ਲਈਦੇ ਸੀ ਅਤੇ ਫਿਰ ਘਰ ਦੇ ਵਿਹੜੇ ਵਿਚ ਆ ਜਾਈਦਾ ਸੀ।

ਚੰਗਾ ਹੁੰਦਾ ਹੈ ਕੱਚੀ ਪੱਕੀ ਦੇ ਸਕੂਲ ਦੇ ਦਰੀਂ ਨਤਮਸਤਕ ਹੋਣਾ। ਇਹ ਦਰ ਉਹੀ ਨੇ ਜਿਨ੍ਹਾਂ ਨੂੰ ਲੰਘ ਕੇ ਚਾਨਣ-ਝੀਤ ਨੂੰ ਮਨ-ਜੂਹ ਵਿਚ ਧਰਨ ਦੀ ਤਮੰਨਾ ਪੈਦਾ ਹੋਈ, ਅੱਖਰ-ਬੋਧ ਦਾ ਗਿਆਨ ਹੋਇਆ। ਫੱਟੀ ‘ਤੇ ਪਾਏ ਪੂਰਨਿਆਂ ‘ਤੇ ਲਿਖਣਾ ਅਤੇ ਸੁਰ ਵਿਚ ਪਹਾੜੇ ਪੜ੍ਹਨਾ। ਇਸ ਸਕੂਲ ਦੇ ਵਿਹੜੇ ਵਿਚ ਗਿਆਨ ਹਾਸਲ ਕਰਨ ਦੀ ਅਜੇਹੀ ਲਗਨ ਲੱਗੀ ਕਿ ਮਨ ਭਰਦਾ ਹੀ ਨਹੀਂ ਪੜ੍ਹਦਿਆ ਅਤੇ ਅੱਖਰਾਂ ਨਾਲ ਸੰਵਾਦ ਰਚਾਉਂਦਿਆ। ਇਸ ਦੇ ਕਮਰਿਆਂ ਵਿਚ ਸੁਣਦੀਆਂ ਨੇ ਮਾਸਟਰਾਂ ਦੀਆਂ ਝਿੜਕਾਂ, ਇੱਲਤਾਂ ਤੋਂ ਹੋੜਨਾ ਅਤੇ ਬਚਪਨੇ ਨੂੰ ਚੰਗੇਰੇ ਰਾਹ ਵੰਨੀਂ ਤੋਰਨਾ। ਝਿੜਕਾਂ ਵਿਚੋਂ ਉਗੀਆਂ ਸਿਆਣਪਾਂ ਹੀ ਹਨ ਜੋ ਜੀਵਨ-ਪੈਂਡੇ ਨੂੰ ਸੁਖਾਲਾ ਅਤੇ ਆਸਾਨ ਬਣਾਉਣ ਵਿਚ ਸਹਾਈ ਹੋਈਆਂ।

ਚੰਗਾ ਤਾਂ ਹੁੰਦਾ ਹੀ ਜਦ ਤੁਸੀਂ ਉਸ ਕਾਲਜ ਜਾਂ ਯੂਨੀਵਰਸਿਟੀ ਦੀ ਫਿਜ਼ਾ ਵਿਚ ਇਕ ਵਾਰ ਫਿਰ ਸਾਹ ਲੈਣ ਅਤੇ ਇਸ ਦੀ ਆਬੋ ਹਵਾ ਨੂੰ ਸਾਹਾਂ ਵਿਚ ਰਚਾਉਣ ਲਈ ਇਸਦੀ ਹਜ਼ੂਰੀ ਵਿਚ ਪੈਰ ਧਰਦੇ ਹੋ। ਤੁਹਾਨੂੰ ਯਾਦ ਆਉਂਦੀ ਹੈ ਸੁਪਨਿਆਂ ਦੀ ਤੰਦ ਪਕੜ ਕੇ ਭਰੀ ਪਰਵਾਜ਼, ਜਿਊਣ ਦਾ ਅਨਹਦੀ ਅੰਦਾਜ਼ ਅਤੇ ਅਲਮਸਤੀ। ਇਕ ਹੀ ਅਚੇਤ ਫ਼ਿਕਰ ਮਨ ਵਿਚ ਰਹਿੰਦਾ ਸੀ ਕਿ ਘਰ ਦੀਆਂ ਬੋੜੀਆਂ ਕੰਧਾਂ ਨੂੰ ਆਸਰਾ ਅਤੇ ਡਿਗਦੀ ਛੱਤ ਨੂੰ ਥੰਮੀ ਦੇਣ ਜੋਗੇ ਹੋ ਜਾਈਏ। ਬੀਤੇ ਦਿਨਾਂ ਦੀ ਤਸਦੀਕੀ ਵਿਚੋਂ ਹੀ ਤੁਸੀਂ ਆਪਣੇ ਵਰਤਮਾਨ ਨੂੰ ਚੰਗੀ ਤਰ੍ਹਾਂ ਸਮਝ ਅਤੇ ਮਾਣ ਸਕਦੇ ਹੋ। ਚੰਗਾ ਹੁੰਦਾ ਹੈ ਕਦੇ ਕਦਾਈਂ ਸੁਵੱਖਤੇ ਉਠ ਕੇ ਘਰ ਤੋਂ ਬਾਹਰ ਖੇਤਾਂ ਵੰਨੀਂ ਨਿਕਲਣਾ, ਵੱਟਾਂ ਤੇ ਤ੍ਰੇਲੇ ਘਾਹ ‘ਤੇ ਟਹਿਲਣਾ। ਪੋਹ-ਮਾਘ ਦੇ ਦਿਨੀਂ ਵੱਟਾਂ ‘ਤੇ ਤੁਰ ਕੇ ਭਰ ਰਹੇ ਕਿਆਰੇ ਨੂੰ ਦੇਖਣਾ ਅਤੇ ਫਿਰ ਕਿਆਰਾ ਮੋੜਨਾ। ਤਰੇਲ ਧੋਤੇ ਪੈਰਾਂ ਵਿਚਲੀ ਠੰਢਕ ਅਤੇ ਧਰਤ ਦੀ ਚੁੰਬਕੀ ਛੋਹ ਦੇ ਅਕਹਿ ਅਨੰਦ ਨੂੰ ਫਿਰ ਤੋਂ ਮਾਨਣਾ। ਖੇਤਾਂ ਵਿਚ ਲਹਿਰਾਉਂਦੀਆ ਫ਼ਸਲਾਂ ਨੂੰ ਕਲਾਵੇ ਵਿਚ ਲੈਣਾ। ਦੂਰ ਦੂਰ ਤੀਕ ਸਰ੍ਹੋਂ ਦੇ ਫੁੱਲਾਂ ਦੀ ਖੇਤਾਂ ਵਿਚ ਵਿਛੀ ਪੀਲੀ ਚਾਦਰ ਨੂੰ ਆਪਣੇ ਦੀਦਿਆਂ ਵਿਚ ਉਤਾਰਨਾ। ਬਾਪ ਦੇ ਲਾਏ ਹੋਏ ਅੰਬ ਦੇ ਬੂਟੇ ਦੇ ਕੋਲ ਬਹਿ ਕੇ ਬਾਪ ਦੀ ਇਬਾਦਤੀ ਹੋਂਦ ਨੂੰ ਕਿਆਸਣਾ। ਉਨ੍ਹਾਂ ਦੇ ਮਿੱਟੀ ਨਾਲ ਲਿੱਬੜੇ ਹੱਥਾਂ ਦੇ ਅੱਟਣਾਂ ਅਤੇ ਪੈਰਾਂ ਦੀਆਂ ਬਿਆਈਆਂ ਵਿਚੋਂ ਉਦੈਮਾਨ ਹੁੰਦੀ ਅਮੀਰਤਾ ਨੂੰ ਚੇਤਿਆਂ ਵਿਚ ਨਵਿਆਉਣਾ।

ਚੰਗਾ ਹੀ ਹੁੰਦਾ ਪਿੰਡ ਦੇ ਕੋਲੋਂ ਲੰਘਦੀ ਨਦੀ ਦੇ ਕੰਢੇ ਕੰਢੇ ਸੈਰ ਕਰਨਾ। ਨਦੀ ਦੇ ਸਫ਼ਰ ਵਿਚ ਕੁਝ ਸਮੇਂ ਲਈ ਉਸਦਾ ਸਾਥੀ ਬਣਨਾ, ਇਸ ਦੀਆਂ ਲਹਿਰਾਂ ਨਾਲ ਗੱਲਾਂ ਕਰਨੀਆਂ। ਇਸਦੇ ਪਾਣੀਆਂ ਵਿਚ ਆਪਣੇ ਤੈਰਦੇ ਬਿੰਬ ਨੂੰ ਦੇਖਣਾ ਜੋ ਪਾਣੀਆਂ ਦੇ ਨਾਲ-ਨਾਲ ਤੁਰਨ ਦੀ ਇੱਛਾ ਨੂੰ ਉਜਗਾਰ ਕਰਦਾ ਹੈ। ਇਸ ਦੇ ਕੰਢਿਆਂ ‘ਤੇ ਪਈਆਂ ਘਰਾਲਾਂ ਅਤੇ ਪਾਣੀ ਪੀਣ ਲਈ ਪਸ਼ੂਆਂ ਵਲੋਂ ਪਾਈਆਂ ਡੰਡੀਆਂ ਦੇਖਣਾ। ਇਸ ਵਿਚ ਤਾਰੀਆਂ ਲਾਉਣਾ ਅਤੇ ਆਪਣੇ ਆੜੀਆਂ ਨਾਲ ਤਰਦਿਆਂ ਕਦੇ ਪਾਰ ਜਾਣਾ ਅਤੇ ਫਿਰ ਪਰਤ ਆਣਾ। ਇਹ ਨਦੀ ਹੀ ਸੀ ਜੋ ਪਿੰਡ ਲਈ ਵਰਦਾਨ, ਫਸਲਾਂ ਲਈ ਜਾਨ ਅਤੇ ਬੱਚਿਆਂ ਵਾਸਤੇ ਖੇਡਣ ਲਈ ਪਾਣੀ ਦਾ ਮੈਦਾਨ ਸੀ। ਚੰਗਾ ਹੁੰਦਾ ਹੀ ਹੈ ਲੰਮੀ ਸੈਰ ਨੂੰ ਨਿਕਲਣਾ, ਬਿਰਖ਼ਾਂ ਨਾਲ ਗੱਲਾਂ ਕਰਨੀਆਂ। ਆਲ੍ਹਣਿਆਂ ਵਿਚ ਗੁਟਕਦੇ ਪਰਿੰਦਿਆਂ ਦੀ ਸੰਧੂਰੀ ਗੁਫ਼ਤਗੂ ਸੁਣਨਾ। ਪੱਤਿਆਂ ਵਿਚ ਸਰਸਰਾਉਂਦੀ ਹਵਾ ਦਾ ਸੰਗੀਤ ਮਾਣਨਾ। ਦੂਰ ਦੂਰ ਤੀਕ ਫੈਲੀ ਹੋਈ ਕੁਦਰਤੀ ਸੁੰਦਰਤਾ ਨੂੰ ਨਿਹਾਰਨਾ ਅਤੇ ਇਸ ਵਿਚ ਅਭੇਦ ਹੋ ਕੇ ਖ਼ੁਦ ਨੂੰ ਭੁੱਲ ਜਾਣਾ। ਚਾਰੇ ਪਾਸੇ ਕੁਦਰਤ ਦੇ ਪਾਸਰੇ ਵਿਚੋਂ ਖ਼ੁਦ ਦੀ ਨਿੱਕੀ ਜਿਹੀ ਹੋਂਦ ਨੂੰ ਕਿਆਸਣਾ ਅਤੇ ਖ਼ੁਦ ਨੂੰ ਨਿੱਕੇਪਣ ਦਾ ਅਹਿਸਾਸ ਹੋਣਾ। ਅਕਸਰ ਅਸੀਂ ਨਿੱਕੇ ਹੁੰਦੇ ਹੋਏ ਬਹੁਤ ਵੱਡੇ ਹੋਣ ਦਾ ਦਾਅਵਾ ਕਰਦੇ ਹਾਂ ਪਰ ਕੁਦਰਤ ਅਸੀਮਤ ਹੁੰਦਿਆਂ ਵੀ ਕਦੇ ਵਡੱਪਣ ਦਾ ਦਾਅਵਾ ਨਹੀਂ ਕਰਦੀ।

ਚੰਗਾ ਹੁੰਦਾ ਹੈ ਬਾਗ ਵਿਚ ਖਿੜੇ ਫੁੱਲਾਂ ਦੀ ਸੰਦਰਤਾ ਨੂੰ ਆਪਣੇ ਦੀਦਿਆਂ ਵਿਚ ਉਤਾਰਨਾ। ਫੁੱਲਾਂ ਦੇ ਵਿਹੜੇ ਵਿਚ ਉਤਰੇ ਹੋਏ ਭੌਰਿਆਂ ਤੇ ਤਿਤਲੀਆਂ ਦਾ ਹਜ਼ੂਮ। ਇਸ ਰੰਗ-ਬਿਰੰਗਤਾ ਵਿਚ ਬਾਗ ਦੀ ਸੁੰਦਰਤਾ ਨੂੰ ਲੱਗੇ ਚਾਰ ਚੰਨ। ਇਸ ਸੁੰਦਰਤਾ ਵਿਚੋਂ ਤੁਸੀਂ ਖ਼ੁਦ ਦੀ ਤੁਲਨਾ ਕਰ ਸਕਦੇ ਹੋ ਕਿ ਕੀ ਤੁਸੀਂ ਕਰੂਪਤਾ ਦਾ ਸਿਖਰ ਹੋ ਜਾਂ ਸੁੰਦਰਤਾ ਨੂੰ ਮਾਨਣਹਾਰੇ। ਇਸ ਤੋਂ ਇਹ ਵੀ ਪਤਾ ਲੱਗਦਾ ਕਿ ਅੰਦਰਲੀ ਅਤੇ ਬਾਹਰੀ ਸੁੰਦਰਤਾ ਵਿਚ ਕਿੰਨਾ ਅੰਤਰ ਹੁੰਦਾ। ਬਾਹਰੀ ਸੁੰਦਰਤਾ ਥੋੜ੍ਹ-ਚਿਰੀ ਜਦਕਿ ਅੰਦਰੂਨੀ ਸੁੰਦਰਤਾ ਸਦੀਵੀ। ਮਹਿਕ ਦਿਸਦੀ ਨਹੀਂ ਸਿਰਫ਼ ਮਹਿਸੂਸ ਹੁੰਦੀ। ਇਹ ਆਲੇ-ਦੁਆਲੇ ਹੁੰਦਿਆਂ ਵੀ ਅਦਿੱਖ ਅਤੇ ਮਨੁੱਖ ਲਈ ਸਭ ਤੋਂ ਵੱਡੀ ਮੱਤ ਕਿ ਕੁਝ ਅਜੇਹਾ ਕਰੋ ਕਿ ਅਦਿੱਖ ਹੁੰਦਿਆਂ ਵੀ ਤੁਹਾਡੀ ਮੌਜੂਦਗੀ ਫਿਜ਼ਾ ਨੂੰ ਸੁਗੰਧਤ ਕਰਦੀ ਰਹੇ।

ਚੰਗਾ ਹੁੰਦਾ ਹੈ ਚੰਨ ਦੀ ਜੂਹੇ
ਚਾਨਣੀ ਵਿਚ ਨਹਾਉਣਾ
ਸੂਰਜ ਦੀ ਗੋਦ ‘ਚ ਬਹਿ ਕੇ
ਨਿੱਘ ਦਾ ਨਗ਼ਮਾ ਗਾਉਣਾ।

ਚੰਗਾ ਹੁੰਦਾ ਹੈ ਘਾਹ ਪੱਤੀਆਂ ‘ਤੇ
ਸੂਬ੍ਹਾ ਨੂੰ ਪਈ ਤ੍ਰੇਲ ‘ਤੇ
ਪੋਲੇ ਪੋਲੇ ਪੱਬ ਧਰਦਿਆਂ
ਜਿੰਦ ਤੇ ਰੂਹ ਦਾ ਮੇਲ।

ਚੰਗਾ ਹੁੰਦਾ ਹੈ ਠੰਢੀ ਰੁੱਤ ਨੂੰ
ਸਾਹਾਂ ਨਾਲ ਗਰਮਾਉਣਾ
ਤੇ ਯੱਖ਼ ਸਮਿਆਂ ਦੀ ਸਰਦਲੇ ਬਹਿ
ਧੁੱਪ ਨੂੰ ਕੋਲ ਬੁਲਾਉਣਾ।

ਚੰਗਾ ਹੁੰਦਾ ਹੈ ‘ਵਾਵਾਂ ਹੱਥੀਂ
ਭੇਜਣੇ ਸੁਗਮ ਸੁਨੇਹੇ
ਚਸਕਦੇ ਜ਼ਖਮਾਂ ਉਪਰ ਰੱਖਣੇ
ਮੋਹ ਦੇ ਭਿੱਜੇ ਫੇਹੇ।

ਚੰਗਾ ਹੁੰਦਾ ਹੈ ਰੁੱਤ-ਰਾਗਣੀ
ਹੋਠਾਂ ਉਤੇ ਖੇਲੇ
ਤੇ ਚੁੱਪ ਦੀ ਜੂਨ ਹੰਢਾਵਣ ਵਾਲੇ
ਮੁੱਕ ਜਾਣ ਸਭ ਝਮੇਲੇ।

ਚੰਗਾ ਹੁੰਦਾ ਹੈ ਸਫ਼ਰਾਂ ਉਤੇ
ਪੈਰੀਂ ਵਜਦ ਸੁਹਾਵੇ
ਤੇ ਰਾਹੀ ਪੱਲੇ ਬੱਝਿਆ ਸੱਚ
ਮੰਜ਼ਲ ਹੀ ਬਣ ਜਾਵੇ।

ਚੰਗਾ ਹੁੰਦਾ ਹੈ ਨੈਣਾਂ ਦੇ ਵਿਚ
ਸੁਪਨਿਆਂ ਦੀ ਤਸ਼ਬੀਹ
ਉਮਰ ਦੇ ਕੋਲ ਇਸਦੇ ਬਾਝੋਂ
ਹੋਰ ਨਾ ਕੋਈ ਤਰਜੀਹ।



ਚੰਗਾ ਹੁੰਦਾ ਹੈ ਭਰ ਕਲਾਵਾ
ਅੰਬਰ ਥੱਲੇ ਲਾਹੁਣਾ
ਤੇ ਧਰਤੀ ਦੀ ਸੁੰਨੀ ਕੁੱਖ ਨੂੰ
ਤਾਰਿਆਂ ਨਾਲ ਗਰਭਾਉਣਾ।

ਚੰਗੀ ਹੁੰਦੀ ਹੈ ਅੱਖ ਸਮੇਂ ਦੀ
ਕਦੇ ਨਾ ਨੀਂਦ ਹੰਢਾਵੇ
ਤੇ ‘ਨੇਰੇ ਦੀ ਟੀਰੀ ਅੱਖ ਨਾ
ਤਹਿਰੀਕ ਨਾਲ ਦਗਾ ਕਮਾਵੇ।
ਚੰਗਾ ਹੁੰਦਾ ਹੈ ਘਰ-ਬਨੇਰਾ
ਚਾਨਣ ਚਾਨਣ ਹੋਵੇ
ਜੋ ਪਾਣੀ ਡੋਲ੍ਹੇ ਤੇ ਪੱਤੇ ਬੰਨ੍ਹੇ
ਤੇ ਤੇਲ ਦਰਾਂ ਵਿਚ ਚੋਵੇ।

ਚੰਗਾ ਹੁੰਦਾ ਹੈ ਮਾਪਿਆਂ ਵਾਲਾ
ਰਹਿਮਤਾਂ ਦਾ ਦਰਿਆ
ਬੁੱਕਾਂ ਬੁੱਕਾਂ ਭਰ ਪੀਂਦੇ ਜਾਣਾ
ਲਾਡ, ਹਾਸੇ ਤੇ ਚਾਅ।

ਚੰਗਾ ਹੁੰਦਾ ਹੈ ਮੋਹ ਦੀ ਬੁੱਕਲੇ
ਤਰਲ ਤਰਲ ਹੋ ਜਾਣਾ
ਤੇ ਮਨ-ਬਸਤੀ ਦੇ ਸੁੰਨੇਪਣ ਨੂੰ
ਭਾਵਾਂ ਸੰਗ ਲਰਜ਼ਾਣਾ।

ਚੰਗਾ ਹੁੰਦਾ ਹੈ ਕੋਰੇ ਵਰਕੀਂ
ਜਾਗਦੇ ਹਰਫ਼ ਟਿਕਾਣਾ
ਤੇ ਅਰਥਾਂ ਦੇ ਜਗਦੇ ਦੀਵੀਂ
ਮੱਥਿਆਂ ਨੂੰ ਰੁਸ਼ਨਾਣਾ।

ਚੰਗੀ ਹੁੰਦੀ ਹੈ ਚਾਨਣ-ਝੀਤ
ਜੋ ਰੌਸ਼ਨਦਾਨ ‘ਚੋਂ ਆਵੇ
ਕਮਰੇ ਬੈਠੀ ਸੁੰਨ ਨੂੰ ਤੋੜੇ
ਤੇ ਛੇਕ ‘ਨੇਰ ਵਿਚ ਪਾਵੇ।

ਚੰਗੀ ਹੁੰਦੀ ਹੈ ਸੂਰਜ-ਟਿਕੀ
ਜੋ ਉਗਦੀ ਧੁੰਦ ਦੀ ਜੂਹੇ
ਰੌਸ਼ਨ ਕਰਦੀ ਮੰਜ਼ਲ-ਜੂਹਾਂ
ਤੇ ਸੁਪਨੇ ਕਰਦੀ ਸੂਹੇ।

ਚੰਗਾ ਹੁੰਦਾ ਹੈ ਖ਼ੁਦ ਨੂੰ ਮਿਲਣਾ
ਤੇ ਖ਼ੁਦ ਤੋਂ ਪਰਦਾ ਲਾਹੁਣਾ
ਆਪਣੇ ਨੈਣੀਂ ਖ਼ੁਦ ਝਾਕਣਾ
ਤੇ ਖ਼ੁਦ ਹੀ ਖ਼ੁਦ ਨੂੰ ਪਾਉਣਾ।

ਚੰਗਾ ਹੁੰਦਾ ਹੈ ਨਿੱਤ ਦੇ ਰੁਝੇਵਿਆਂ ਨੂੰ ਪਾਸੇ ਰੱਖ, ਕਦੇ ਕਦਾਈਂ ਸਮੁੰਦਰ ਨੂੰ ਮਿਲਣਾ, ਇਸ ਦੀਆਂ ਲਹਿਰਾਂ ਸੰਗ ਸੰਵਾਦ ਰਚਾਉਣਾ, ਗਿੱਲੀ ਰੇਤ ’ਤੇ ਪੈਰਾਂ ਦੇ ਨਿਸ਼ਾਨ ਉਘਾੜਨੇ ਅਤੇ ਦੇਖਣਾ ਕਿਵੇਂ ਸਮੁੰਦਰੀ ਛੱਲਾਂ ਰੇਤ ਸਮੇਤ ਤੁਹਾਡੀ ਪੈੜ ਨੂੰ ਆਪਣੇ ਨਾਲ ਹੀ ਸਮੁੰਦਰ ਵਿਚ ਲੈ ਜਾਂਦੀਆਂ। ਸਮੁੰਦਰ ਨੂੰ ਦੇਖ ਕੇ ਮਨ ਵਿਚ ਸਮੁੰਦਰ ਵਰਗਾ ਵਿਸ਼ਾਲ ਹੋਣ ਦੀ ਚਾਹਨਾ ਜ਼ਰੂਰ ਪੈਦਾ ਹੋਵੇਗੀ। ਚੰਗਾ ਹੁੰਦਾ ਹੈ ਟਿਕੀ ਹੋਈ ਰਾਤ ਨੂੰ ਮਿਲਣਾ, ਇਸਦੀ ਚੁੱਪ ਨੂੰ ਆਪਣੇ ਸਾਹਾਂ ਵਿਚ ਘੋਲਣਾ, ਇਸ ਦੀਆਂ ਰਮਜ਼ਾਂ ਨੂੰ ਜਾਨਣਾ ਅਤੇ ਇਨ੍ਹਾਂ ਰਮਜ਼ਾਂ ਵਿਚ ਆਪਣੇ ਜੀਵਨ ਨੂੰ ਢਾਲਣਾ ਕਿ ਰਾਤ ਸਦਾ ਨਹੀਂ ਰਹਿੰਦੀ। ਆਖਰ ਨੂੰ ਸੂਰਜ ਨੇ ਦਸਤਕ ਦੇ ਕੇ ਰਾਤ ਦੀ ਕੁੱਖ ਵਿਚ ਦਿਨ ਦਾ ਉਜਾਲਾ ਧਰਨਾ ਹੁੰਦਾ। ਚੰਗਾ ਹੁੰਦਾ ਹੈ ਕਦੇ ਕਦਾਈਂ ਘਰ ਤੋਂ ਬਾਹਰ ਨਿਕਲਣਾ। ਚੰਨ ਅਤੇ ਤਾਰਿਆਂ ਦੀ ਗੁਫ਼ਤਗੂ ਵਿਚ ਸ਼ਾਮਲ ਹੋਣਾ। ਇਨ੍ਹਾਂ ਦੀਆਂ ਰਿਸ਼ਮ-ਰੱਤੀਆਂ ਬਾਤਾਂ ਨੂੰ ਜੀਵਨ-ਧਾਰਾ ਬਣਾਉਣਾ ਅਤੇ ਆਪਣੇ ਆਪ ਨੂੰ ਰੁਸ਼ਨਾਣਾ। ਤਾਰਿਆਂ ਦੀ ਸੰਗਤ ਵਿਚ ਅਕਸਰ ਹੀ ਲੋਕ ਤਾਰੇ ਵਰਗੇ ਬਣ ਜਾਂਦੇ ਅਤੇ ਫਿਰ ਸਾਰਾ ਅੰਬਰ ਵੀ ਉਨ੍ਹਾਂ ਦਾ ਹੁੰਦਾ।

ਚੰਗਾ ਹੁੰਦਾ ਹੈ ਰੋਜ਼ਮਰ੍ਹਾ ਦੇ ਜੀਵਨ ਤੋਂ ਕੁਝ ਸਮੇਂ ਲਈ ਨਿਜਾਤ ਪਾਉਣ ਲਈ ਆਪਣੇ ਲੰਗੋਟੀਏ ਯਾਰਾਂ ਨੂੰ ਮਿਲਣਾ। ਬੇਫ਼ਿਕਰੀ ਦੇ ਪਲਾਂ ਨੂੰ ਜਿਊਣਾ। ਚਿਹਰੇ ’ਤੇ ਚਾੜ੍ਹੇ ਹੋਏ ਨਕਾਬਾਂ ਨੂੰ ਉਤਾਰਨਾ, ਅਹੁਦਿਆਂ ਤੇ ਰੁਤਬਿਆਂ ਤੋਂ ਸੁਰਖ਼ਰੂ ਹੋਣਾ ਅਤੇ ਨਿਰ-ਉਚੇਚਤਾ ਵਿਚੋਂ ਆਪਣੇ ਬਚਪਨੇ ਅਤੇ ਮਖ਼ਰੂਰੀ ਭਰੇ ਪਲਾਂ ਨੂੰ ਜਿਊਣਾ। ਮਿੱਤਰ ਤੁਹਾਡੀ ਔਕਾਤ ਨੂੰ ਜਾਣਦੇ ਅਤੇ ਉਹ ਤੁਹਾਨੂੰ ਔਕਾਤ ਵਿਚ ਰਹਿਣ ਦਾ ਗੁਰ ਵੀ ਸਮਝਾ ਦਿੰਦੇ। ਬਹੁਤ ਚੰਗਾ ਹੁੰਦਾ ਹੈ ਬੱਚਿਆਂ ਵਿਚ ਬੱਚਾ ਹੀ ਬਣ ਜਾਣਾ। ਤੋਤਲੀਆਂ ਗੱਲਾਂ ਕਰਨੀਆਂ। ਉਨ੍ਹਾਂ ਨਾਲ ਬਚਪਨੀ ਖੇਡਾਂ ਖੇਡਣਾ। ਉਨ੍ਹਾਂ ਦੀ ਬੋਲੀ ਬੋਲਣਾ ਤੇ ਸਵਾਂਘ ਰਚਾਉਣੇ। ਬਹੁਤ ਜ਼ਰੂਰੀ ਹੁੰਦਾ ਹੈ ਹਰ ਵਿਅਕਤੀ ਦੇ ਅੰਦਰਲੇ ਬੱਚੇ ਨੂੰ ਸਦਾ ਜਿਉਂਦਾ ਰੱਖਣਾ। ਭੱਚਾ ਜਿਉਂਦਾ ਹੈ ਤਾਂ ਤੁਹਾਡੇ ਅੰਦਰ ਪਾਕੀਜ਼ਗੀ ਜਿਊਂਦੀ ਹੈ, ਸੱਚ ਜਾਗਦਾ ਹੈ, ਨਿਰਛਲਤਾ ਦਾ ਵਾਸਾ ਰਹਿੰਦਾ ਅਤੇ ਦੁਨਿਆਵੀ ਪਾਖੰਡ ਤੁਹਾਡੀਆਂ ਅੱਖਾਂ ਵਿਚ ਦਿਖਾਈ ਨਹੀਂ ਦਿੰਦਾ।

ਚੰਗਾ ਹੁੰਦਾ ਹੈ ਉਮਰ ਦੇ ਆਖਰੀ ਪੜਾਅ ਵਿਚ ਦਿਲ ਦੀਆਂ ਗੱਲਾਂ ਕਰਨ ਲਈ ਲੋਚਦੇ ਬਜ਼ੁਰਗਾਂ ਨਾਲ ਸਮਾਂ ਬਿਤਾਉਣਾ ਅਤੇ ਉਨ੍ਹਾਂ ਦੇ ਸੀਨਿਆਂ ਵਿਚ ਠੰਢ ਪਾਉਣਾ। ਬਜ਼ੁਰਗ ਤੁਰ ਜਾਣ ‘ਤੇ ਤੁਹਾਨੂੰ ਕਦੇ ਨਹੀਂ ਮਿਲਣੀਆਂ ਬਜ਼ੁਰਗੀ ਨਸੀਹਤਾਂ, ਕਿਸੇ ਨੇ ਨਹੀਂ ਤੁਹਾਨੂੰ ਸੁਮੱਤਾਂ ਦਾ ਵਰਦਾਨ ਦੇਣਾ। ਕਿਸੇ ਨੇ ਨਹੀਂ ਤੁਹਾਡਾ ਬਚਪਨ ਦਾ ਨਾਂ ਲੈ ਕੇ ‘ਵਾਜ਼ ਮਾਰਨੀ ਅਤੇ ਕਦੇ ਨਹੀਂ ਕਹਿਣਾ ਕਿ ਪੁੱਤ ਪਿੰਡ ਜ਼ਰੂਰ ਆਵੀਂ। ਮਾਪੇ ਹੀ ਹੁੰਦੇਜਿਹੜੇ ਤੁਹਾਨੂੰ ਤੁਹਾਡੇ ਪੁਰਾਣੇ ਘਰ ਵਿਚ ਉਡੀਕਦੇ ਨੇ। ਜੇ ਘਰ ਵਾਲੇ ਨਾ ਉਡੀਕਣ ਤਾਂ ਤੁਹਾਡਾ ਘਰ ਤੁਹਾਡੀ ਆਮਦ ਲਈ ਸਦਾ ਲਈ ਓਧਰ ਜਾਂਦਾ ਅਤੇ ਘਰ ਦਾ ਚੇਤਾ ਨਾ-ਚਾਹੁੰਦਿਆਂ ਹੋਇਆਂ ਵੀ ਤੁਹਾਡੇ ਚੇਤਿਆਂ ਵਿਚੋਂ ਖੁਰ ਜਾਂਦਾ। ਚੰਗਾ ਹੁੰਦਾ ਹੈ ਕਮਰੇ ਵਿਚ ਪਸਰੀ ਹੋਈ ਚੁੱਪ ਨੂੰ ਤੋੜਨਾ। ਇਸਦੀ ਸੁੰਨ ਨੂੰ ਸਾਹਾਂ ਦੀ ਗਰਮੀ ਨਾਲ ਗਰਮਾਉਣਾ। ਇਸਨੂੰ ਸੁਰ-ਸੰਗੀਤ ਨਾਲ ਭਰਨਾ, ਰੂਹਾਂ ਦੀ ਰਾਗਣੀ ਨਾਲ ਸੁਰ ਕਰਨਾ ਅਤੇ ਇਸਦੀ ਫਿਜ਼ਾ ਨੂੰ ਸੁਗੰਧਤ ਹੋਂਦ ਨਾਲ ਤਰੰਗਤ ਕਰਨਾ। ਯਾਦ ਰੱਖਣਾ! ਕਮਰੇ ਦੀ ਸੁੰਨ, ਕਮਰੇ ਵਿਚ ਰਹਿਣ ਵਾਲਿਆਂ ਅਤੇ ਕਮਰੇ ਨੂੰ ਬਹੁਤ ਜਲਦੀ ਹਜ਼ਮ ਕਰ ਜਾਂਦੀ ਹੈ।

ਚੰਗਾ ਹੁੰਦਾ ਹੈ ਸ਼ੈਲਫ ‘ਤੇ ਪਈਆਂ ਕਿਤਾਬਾਂ ਨੂੰ ਹੱਥਾਂ ਦੀ ਛੂਹ ਦੇਣਾ ਅਤੇ ਉਨ੍ਹਾਂ ਨੂੰ ਫਰੋਲਣਾ। ਇਨ੍ਹਾਂ ਦੀ ਇਬਾਰਤ ਵਿਚ ਰਚੇ ਗਿਆਨ ਨੂੰ ਮਸਤਕ ਵਿਚ ਟਿਕਾਉਣਾ, ਅੰਦਰ ਬੈਠੇ ਅੰਧਕਾਰ ਨੂੰ ਮਿਟਾਉਣਾ। ਕਿਤਾਬਾਂ ਗੱਲਾਂ ਵੀ ਕਰਦੀਆਂ ਅਤੇ ਹੁੰਗਾਰਾ ਵੀ ਭਰਦੀਆਂ। ਸਿਰਫ਼ ਸਾਨੂੰ ਕਿਤਾਬਾਂ ਨਾਲ ਗੱਲਾਂ ਕਰਨ ਦੀ ਜਾਚ ਹੋਣੀ ਚਾਹੀਦੀ। ਚੰਗਾ ਹੁੰਦਾ ਹੈ ਕੋਰੇ ਵਰਕਿਆਂ ਨੂੰ ਸ਼ਬਦ ਅਰਪਣੇ। ਇਨ੍ਹਾਂ ਸ਼ਬਦਾਂ ਵਿਚ ਆਲੇ-ਦੁਆਲੇ ਨੂੰ ਉਲਥਾਉਣਾ, ਚੌਗਿਰਦੇ ਦੇ ਸਰੋਕਾਰਾਂ ਨੂੰ ਹਰਫ਼ਾਂ ਦੇ ਹਵਾਲੇ ਕਰਨਾ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਬੀਤੇ ਦੀ ਤਸਦੀਕ ਕਰ ਸਕਣ।। ਇਸ ਤੋਂ ਸਿੱਖ ਕੇ ਉਹ ਆਪਣੇ ਭਵਿੱਖ ਨੂੰ ਵਿਉਂਤਣ।

ਚੰਗਾ ਹੁੰਦਾ ਹੈ ਖ਼ੁਦ ਨੂੰ ਪਾਕੀਜ਼ ਕਰਨ ਲਈ ਰੂਹ ਦੇ ਨਿਰਮਲ ਪਾਣੀਆਂ ਵਿਚ ਹੰਘਾਲਣਾ। ਇਸ ਵਿਚਲੀ ਗੰਦਗੀ ਨੂੰ ਉਤਾਰਨਾ, ਨਚੋੜਨਾ ਅਤੇ ਸੂਰਜ ਦੀ ਬੀਹੀ ਵਿਚ ਸੁੱਕਣੇ ਪਾਉਣਾ। ਫਿਰ ਆਪਣੇ ਸੁਚਿਆਰੇ ਰੂਪ ਨੂੰ ਆਪਣੀ ਹੋਂਦ ਦਾ ਹਾਸਲ ਬਣਾਉਣਾ। ਚੰਗਾ ਹੁੰਦਾ ਹੈ ਉਮਰ ਦੇ ਹਰ ਪੜਾਅ ‘ਤੇ ਸੁਪਨੇ ਲੈਣਾ ਅਤੇ ਇਨ੍ਹਾਂ ਦੀ ਪੂਰਤੀ ਲਈ ਸਫ਼ਰ ‘ਤੇ ਰਹਿਣਾ। ਸਫ਼ਰ ਵਿਚ ਰਹਿਣ ਵਾਲੇ ਹੀ ਪ੍ਰਾਪਤੀ ਦਾ ਸਿਰਨਾਵਾਂ ਹੁੰਦੇ। ਰਾਹਾਂ ਵਿਚ ਖੜਿਆਂ ਨੂੰ ਕਦੇ ਮੰਜ਼ਲਾਂ ਨਹੀਂ ਮਿਲਦੀਆਂ। ਪੈਰਾਂ ਵਿਚ ਉਗੇ ਸਫ਼ਰ ਹੀ ਨਵੀਆਂ ਰਾਹਾਂ, ਥਾਵਾਂ ਅਤੇ ਸਿਰਨਾਵਿਆਂ ਦੇ ਸੂਚਕ ਹੁੰਦੇ।

ਬਹੁਤ ਚੰਗਾ ਹੁੰਦਾ ਹੈ ਕਿ ਵਕਤ ਦੇ ਮੋੜ ‘ਤੇ ਆਪਣੇ ਹਿੱਸੇ ਦੇ ਅੰਬਰ ਨੂੰ ਤਲਾਸ਼ਣ ਲਈ ਇਸ ਦੀਆਂ ਸੂਹਾਂ ਲੈਣੀਆਂ। ਫਿਰ ਇਸ ਅੰਬਰ ਨੂੰ ਆਪਣੇ ਨਾਮ ਕਰ, ਆਪਣੇ ਹਿੱਸੇ ਦੀ ਜ਼ਿੰਦਗੀ ਜਿਊਣਾ। ਜਦ ਤੁਸੀਂ ਆਪਣੇ ਹਿੱਸੇ ਦੀ ਧਰਤ, ਅਤੇ ਅੰਬਰ ਨੂੰ ਆਪਣੀਆਂ ਤਰਜੀਹਾਂ ਵਿਚ ਸ਼ਾਮਲ ਕਰਦੇ ਹੋ ਤਾਂ ਤਕਦੀਰਾਂ ਤੁਹਾਡੇ ਮਸਤਕ ਦਾ ਨਸੀਬ ਬਣ ਜਾਂਦੀਆਂ। ਸਮਾਜ ਤੇ ਪਰਿਵਾਰ ਲਈ ਅਸੀਂ ਸਾਰੀ ਉਮਰ ਹੀ ਜਿਉਂਦੇ। ਕਦੇ ਖ਼ੁਦ ਲਈ ਵੀ ਜਿਊਣਾ ਚੰਗਾ ਹੁੰਦਾ। ਸਾਹਾਂ ਨੂੰ ਆਪਣੀ ਸਾਰਥਿਕਤਾ ਅਤੇ ਸੰਤੁਸ਼ਟੀ ਦਾ ਪ੍ਰਮਾਣ ਮਿਲ ਜਾਵੇਗਾ। ਸਭ ਤੋਂ ਚੰਗਾ ਹੁੰਦਾ ਹੈ ਗਾਹੇ-ਬਗਾਹੇ ਖ਼ੁਦ ਦੇ ਰੂਬਰੂ ਹੁੰਦੇ ਰਹੀਏ। ਖ਼ੁਦ ਨੂੰ ਮਿਲਦੇ ਰਹੀਏ। ਖ਼ੁਦ ਹੀ ਆਪਣਾ ਹਾਲ-ਚਾਲ ਪੁੱਛਦੇ ਰਹੀਏ। ਆਪਣੇ ਦੁੱਖਾਂ ਤੇ ਦਰਦਾਂ ਤੋਂ ਜਾਣੂ ਹੁੰਦੇ ਰਹੀਏ। ਆਪਣੀਆਂ ਕਾਮਨਾਵਾਂ ਅਤੇ ਤਮੰਨਾਵਾਂ ਦੀ ਜਾਣਕਾਰੀ ਲੈਂਦੇ ਰਹੀਏ। ਆਪਣੀਆਂ ਤਰਜੀਹਾਂ ਤੇ ਤਸ਼ਬੀਹਾਂ ਬਾਰੇ ਪਤਾ ਹੋਵੇ। ਆਪਣੀਆਂ ਘਾਟਾਂ ਅਤੇ ਥੋੜ੍ਹਾਂ ਬਾਰੇ ਗਿਆਨ ਹੋਵੇ। ਖ਼ੁਦ ਦੀਆਂ ਕਮੀਆਂ ਅਤੇ ਕਮੀਨਗੀਆਂ ਬਾਰੇ ਪਤਾ ਹੋਵੇ। ਖ਼ੁਦ ਨੂੰ ਜਾਣੇ ਬਗੈਰ ਤੁਸੀਂ ਕੁਝ ਵੀ ਨਹੀਂ ਕਰ ਸਕਦੇ। ਇਸ ਤੋਂ ਬਗੈਰ ਕਦਮਾਂ ਵਿਚ ਸਫ਼ਰ, ਅੱਖਾਂ ਵਿਚ ਸੁਪਨੇ, ਮਨ ਵਿਚ ਤਾਂਘ ਅਤੇ ਦਿਲ ਵਿਚ ਤੜਫਣ ਪੈਦਾ ਨਹੀਂ ਹੋਵੇਗੀ। ਬਾਹਰੀ ਭਟਕਣ ਵਿਚ ਵਕਤ ਅਜਾਈਂ ਗਵਾਉਣ ਦੀ ਬਜਾਏ ਖ਼ੁਦ ਵਿਚੋਂ ਖ਼ੁਦ ਦੀ ਤਲਾਸ਼ ਕਰੋਗੇ ਤਾਂ ਜੋ ਚਾਹੋਗੇ ਉਹ ਪ੍ਰਾਪਤ ਕਰ ਸਕੋਗੇ। ਤੁਹਾਡੇ ਵਿਚ ਅਸੀਮ ਸਮਰੱਥਾ, ਅਥਾਹ ਤਾਕਤ ਅਤੇ ਅਣਗਿਣਤ ਗੁਣ ਹੁੰਦੇ। ਸਿਰਫ਼ ਬੰਦੇ ਨੂੰ ਖ਼ੁਦ ਬਾਰੇ ਅਣਜਾਣਤਾ ਹੋਣ ਕਾਰਨ ਉਹ ਆਪਣੇ ਹਿੱਸੇ ਦੀਆਂ ਪ੍ਰਾਪਤੀਆਂ ਤੋਂ ਵਿਹੂਣਾ ਰਹਿ ਜਾਂਦਾ। ਇਸ ਲਈ ਬਹੁਤ ਹੀ ਚੰਗਾ ਹੁੰਦਾ ਹੈ ਜਨਾਬ ਕਿ ਖ਼ੁਦ ਨੂੰ ਅਕਸਰ ਹੀ ਮਿਲਦੇ ਰਹੀਏ।

# ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਦੇ ਮਸਲੇ

***'ਸਾਕਾ ਨੀਲਾ ਤਾਰਾ' ਦੇ ਦੁਖਾਂਤ ਦੇ ਵੱਖ-ਵੱਖ ਪੱਖਾਂ ਬਾਰੇ ਕਈ ਕੁਝ ਸਾਹਮਣੇ ਆ ਚੁੱਕਾ ਹੈ। ਉਸ ਸਮੇਂ ਦੇ ਪੰਜਾਬ ਦੇ ਗਵਰਨਰ ਬੀ.ਡੀ. ਪਾਂਡੇ, ਅੰਮ੍ਰਿਤਸਰ ਦੇ ਉਸ ਸਮੇਂ ਰਹੇ ਡਿਪਟੀ ਕਮਿਸ਼ਨਰ ਸ. ਰਮੇਸ਼ਇੰਦਰ ਸਿੰਘ, 'ਰਾਅ' ਦੇ ਸੀਨੀਅਰ ਅਧਿਕਾਰੀ ਜੀ.ਬੀ.ਐਸ. ਸਿੱਧੂ ਸਮੇਤ ਅਨੇਕਾਂ ਲਿਖਾਰੀਆਂ ਅਤੇ ਪੱਤਰਕਾਰਾਂ ਦੀਆਂ ਪੁਸਤਕਾਂ ਛਪ ਚੁੱਕੀਆਂ ਹਨ ਪਰ ਇਹ ਬਹਿਸ ਅਜੇ ਤੱਕ ਜਾਰੀ ਹੈ। ਇਸ ਪ੍ਰਥਾਏ ਸ. ਹਰਚਰਨ ਸਿੰਘ ਪ੍ਰਹਾਰ ਨੇ ਉਸ ਦੌਰ ਵਿਚ ਕਮਿਊਨਿਸਟਾਂ ਦੀ ਭੂਮਿਕਾ ਸਬੰਧੀ ਵਿਵਾਦ ਬਾਰੇ ਆਪਣਾ ਲੇਖ ਭੇਜਿਆ ਹੈ। ਲੇਖ ਵਿਚ ਪ੍ਰਗਟ ਵਿਚਾਰਾਂ ਨਾਲ ਸਾਡੀ ਸਹਿਮਤੀ ਹੋਵੇ, ਇਹ ਜ਼ਰੂਰੀ ਨਹੀਂ; ਉਂਝ, ਇਸ ਮਸਲੇ 'ਤੇ ਆਉਣ ਵਾਲੇ ਵਿਚਾਰਾਂ ਦਾ ਸਵਾਗਤ ਕੀਤਾ ਜਾਵੇਗਾ।***

'ਪੰਜਾਬ ਮਸਲਾ' ਭਾਰਤ ਵਿਚ ਸਿੱਖ ਹੱਕਾਂ-ਹਿੱਤਾਂ ਦੇ ਸਵਾਲ ਨੂੰ ਲੈ ਕੇ, ਪਿਛਲੇ 70-75 ਵਰ੍ਹਿਆਂ ਤੋਂ ਕਸ਼ਮੀਰ ਜਾਂ ਫਲਸਤੀਨ ਦੇ ਮੁੱਦੇ ਵਾਂਗ ਹੀ ਨਿਰੰਤਰ ਕਲੇਸ਼ ਅਤੇ ਵਾਦ-ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ। ਸਿੱਖ ਹਲਕਿਆਂ ਅੰਦਰ ਰਵਾਇਤੀ ਤੌਰ 'ਤੇ ਗਰਮ-ਖਿਆਲੀ ਧਿਰਾਂ ਇਸ ਮਸਲੇ ਨੂੰ ਖੜਾ ਕਰਨ ਜਾਂ ਉਲਝਾਣ ਲਈ ਸਾਰੀ ਜ਼ਿੰਮੇਵਾਰੀ ਕਥਿਤ ਤੌਰ 'ਤੇ ਦੇਸ਼ ਦੇ ਬਹੁ-ਗਿਣਤੀ ਭਾਈਚਾਰੇ ਦੀ ਨੁਮਾਇੰਦਗੀ ਕਰਦੀਆਂ ਕੇਂਦਰੀ ਸਰਕਾਰਾਂ ਸਿਰ ਮੜ੍ਹਦੀਆਂ ਰਹੀਆਂ ਹਨ। ਪਰ ਕਾਮਰੇਡੀ ਛੱਡ ਕੇ ਸਿੱਖ ਚਿੰਤਕ ਬਣੇ ਸ. ਅਜਮੇਰ ਸਿੰਘ ਤੇ ਸ. ਗੁਰਬਚਨ ਸਿੰਘ ਨੇ




**ਹਰਚਰਨ ਸਿੰਘ ਪਰਹਾਰ**

**ਫੋਨ: 403-681-8689**

**ਈਮੇਲ:**

*hparharwriter@gmail.com*


ਆਪਣੀਆਂ ਕਿਤਾਬਾਂ, ਯੂ ਟਿਊਬ ਪ੍ਰਵਚਨਾਂ ਤੇ ਸੋਸ਼ਲ ਮੀਡੀਆ ਰਾਹੀਂ, ਭਾਰਤੀ ਹਾਕਮਾਂ ਤੋਂ ਵੀ ਵੱਧ ਇਸ ਸਾਰੇ ਮਸਲੇ ਲਈ ਕਾਮਰੇਡ, ਸੈਕੂਲਰ ਤੇ ਉਦਾਰਵਾਦੀ ਧਿਰਾਂ ਨੂੰ ਦੋਸ਼ੀ ਗਰਦਾਨਣਾ ਸ਼ੁਰੂ ਕੀਤਾ ਹੋਇਆ ਹੈ। ਪਰ ਇਨ੍ਹਾਂ ਦੀਆਂ ਗੱਲਾਂ ਤੋਂ ਸਪੱਸ਼ਟ ਨਹੀਂ ਹੁੰਦਾ ਕਿ ਜੇ ਕਾਮਰੇਡਾਂ ਗਦਾਰੀ ਕੀਤੀ ਹੈ ਤਾਂ ਇਨ੍ਹਾਂ ਦਾ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਵਿਚ ਨਿੱਜੀ ਯੋਗਦਾਨ ਕੀ ਰਿਹਾ ਹੈ? ਕੀ ਇਨ੍ਹਾਂ ਵਿਦਵਾਨਾਂ ਨੂੰ ਪੰਜਾਬ ਦੇ ਲੋਕ ਮਸਲਿਆਂ; ਨਿੱਘਰ ਰਹੀ ਸਿਆਸਤ, ਬੌਧਿਕ ਕੰਗਾਲੀ, ਬੇਰੁਜ਼ਗਾਰੀ, ਕਰਜ਼ੇ, ਮੰਦਹਾਲੀ, ਭ੍ਰਿਸ਼ਟਾਚਾਰ, ਨਸ਼ੇ, ਸਿੱਖਾਂ ਦਾ ਵਿਦੇਸ਼ਾਂ ਨੂੰ ਪ੍ਰਵਾਸ, ਪ੍ਰਦੂਸ਼ਤ ਹੋ ਰਹੇ ਪਾਣੀ ਤੇ ਵਾਤਾਵਰਣ ਆਦਿ ਅਨੇਕਾਂ ਮਸਲਿਆਂ ਦੇ ਕਾਰਨ ਲੱਭਣ ਜਾਂ ਕੋਈ ਹੱਲ ਸੁਝਾਉਣ ਲਈ ਉਪਰਾਲਾ ਨਹੀਂ ਕਰਨਾ ਚਾਹੀਦਾ? ਪੰਜਾਬ ਦੇ ਲੋਕ ਮੁੱਦਿਆਂ ਨੂੰ ਵਿਸਾਰ ਕੇ ਸਿਰਫ ਸਿੱਖਾਂ ਦੇ ਧਾਰਮਿਕ ਮੁੱਦਿਆਂ ਅਤੇ ਸਿਆਸੀ ਅਕਾਂਖਿਆਵਾਂ 'ਤੇ ਹੀ ਪ੍ਰਵਚਨ ਕਰੀ ਜਾਣ ਅਤੇ ਵਿਤਕਰਿਆਂ ਦੇ ਬਿਰਤਾਂਤ ਸਿਰਜੀ ਜਾਣ ਨਾਲ ਕਿੰਨੇ ਕੁ ਸਾਰਥਕ ਸਿੱਟੇ ਨਿਕਲ ਸਕਦੇ ਹਨ? ਕੀ ਇਨ੍ਹਾਂ ਨੂੰ ਪੰਜਾਬ ਦੇ ਅਸਲ ਮੁੱਦਿਆਂ ਦੇ ਕਾਰਨ ਲੱਭਣ ਲਈ ਕੋਈ ਉਪਰਾਲਾ ਨਹੀਂ ਕਰਨਾ ਚਾਹੀਦਾ? ਪੰਜਾਬ 3 ਲੱਖ ਕਰੋੜ ਦੇ ਕਰਜ਼ੇ ਕਾਰਨ ਦੀਵਾਲੀਆ ਹੋਣ ਕਿਨਾਰੇ ਹੈ। ਪੰਜਾਬ ਸਰਕਾਰ ਦੀ ਆਮਦਨ ਇਸ ਵਕਤ 90 ਹਜ਼ਾਰ ਕਰੋੜ ਤੇ ਖਰਚੇ 1 ਲੱਖ 55 ਕਰੋੜ ਹਨ ਅਤੇ ਹਾਲਤ ਪਾਕਿਸਤਾਨ ਜਾਂ ਸ੍ਰੀ ਲੰਕਾ ਤੋਂ ਵੀ ਭੈੜੀ ਬਣੀ ਹੋਈ ਹੈ। ਕੀ ਅਜਿਹੇ ਬਦਤਰ ਹਾਲਾਤ ਵਿਚ ਪੰਜਾਬ ਦੀਆਂ ਇਨ੍ਹਾਂ ਵਾਰਿਸ ਧਿਰਾਂ ਦੇ ਏਜੰਡੇ 'ਤੇ ਪੰਜਾਬ ਦੇ ਅਜਿਹੇ ਗੰਭੀਰ ਮੁੱਦੇ ਪ੍ਰਮੁੱਖ ਨਹੀਂ ਹੋਣੇ ਚਾਹੀਦੇ?

ਪਿਛੇ ਜਿਹੇ ਸਿੱਖ ਵਿਦਵਾਨ ਸ. ਗੁਰਬਚਨ ਸਿੰਘ ਨੇ ਪੰਜਾਬ ਦੇ ਕਾਮਰੇਡਾਂ ਦਾ ਮਜ਼ਾਕ ਉਡਾਉਣ ਲਈ ਰੂਸੀ ਲੇਖਕ ਗੋਰਕੀ ਦੀ ਬੜੀ ਵਿਅੰਗਾਤਮਕ ਤੇ ਰੌਚਕ ਪੋਸਟ ਸ਼ੇਅਰ ਕੀਤੀ ਹੈ: 'ਰੂਸੀ ਲੇਖਕ ਮੈਕਸਿਮ ਗੋਰਕੀ ਦੀ ਪੰਜਾਬ ਦੇ 'ਕਾਮਰੇਡੀ' ਸਾਹਿਤ ਉਤੇ ਬਹੁਤ ਖੂਬਸੂਰਤ ਟਿੱਪਣੀ; 'ਇਕ ਦਿਨ ਚੈਖੋਵ ਮੂਹਰੇ ਕੋਈ ਸ਼ਿਕਾਇਤ ਕਰ ਰਿਹਾ ਸੀ ਕਿ ਭਾਰੀ-ਭਾਰੀ ਰਸਾਲਿਆਂ ਦੇ 'ਗੰਭੀਰ' ਲੇਖ ਕਿੰਨੇ ਬੋਰ ਕਰਨ ਵਾਲੇ ਹੁੰਦੇ ਹਨ।' 'ਤੁਸੀਂ ਅਜਿਹੇ ਲੇਖ ਪੜ੍ਹੋ ਹੀ ਨਾ', ਚੈਖੋਵ ਨੇ ਪੂਰੇ ਭਰੋਸੇ ਨਾਲ ਆਖਿਆ। 'ਇਹ ਤਾਂ ਮਿੱਤਰਾਂ ਦਾ ਸਾਹਿਤ ਹੈ। ਇੱਕ ਲਿਖਦੈ, ਦੂਜਾ ਆਲੋਚਨਾ ਕਰਦੈ, ਤੀਜਾ ਉਨ੍ਹਾਂ ਦੋਹਾਂ ਦੀ ਬਹਿਸ ਦਾ ਨਿਪਟਾਰਾ ਕਰਦੈ ਅਤੇ ਪਾਠਕ ਨੂੰ ਇਸ ਦੀ ਕੀ ਲੋੜ ਹੈ, ਕੋਈ ਨਹੀਂ ਜਾਣਦਾ।'

'ਕਾਮਰੇਡਾਂ ਵਲੋਂ ਸਰਕਾਰੀ ਹਥਿਆਰਾਂ ਦੀ ਮੰਗ' ਸਿਰਲੇਖ ਹੇਠਲੀ ਉਨ੍ਹਾਂ ਦੀ ਇਸ ਤੋਂ ਵੀ ਵਾਢਵੀਂ ਇੱਕ ਹੋਰ ਪੋਸਟ ਇਸ ਪ੍ਰਕਾਰ ਹੈ: 'ਉਗਰਾਹਾਂ ਜਥੇਬੰਦੀ ਲਈ ਹੁਣ ਇਸਦੀ 'ਸਵੈ ਰੱਖਿਆ' ਨੂੰ ਜਿਹੜਾ ਖਤਰਾ ਖੜਾ ਹੋਇਆ ਹੈ, ਉਹ ਇਸਦਾ ਖੁਦ ਸਹੇੜਿਆ ਹੋਇਆ ਹੈ। ਜਦੋਂ ਇਸ ਖਤਰੇ ਦੀਆਂ ਸੰਭਾਵਨਾਵਾਂ ਸਾਹਮਣੇ ਆਈਆਂ ਤਾਂ ਇਹ ਧੁਰ ਅੰਦਰੋਂ ਕੰਬ ਉਠੀ। ਉਗਰਾਹਾਂ ਨੇ ਅੰਮ੍ਰਿਤਪਾਲ ਦੀ ਪੰਜਾਬ ਦੇ ਸਿਆਸੀ ਰੰਗ-ਮੰਚ ਉਤੇ ਆਮਦ ਪ੍ਰਤੀ ਜੋ ਲਫਜ਼ ਬੋਲੇ ਸਨ, ਉਹ ਸਿਆਸੀ ਸ਼ਬਦਾਵਲੀ ਨਹੀਂ ਸੀ।' ਸਮਝੋ ਕਿ ਕਾਮਰੇਡ ਜੋਗਿੰਦਰ ਸਿੰਘ ਉਗਰਾਹਾਂ ਆਪਣੇ ਇੱਕ ਭਾਸ਼ਨ ਵਿਚ ਭਾਈ ਅੰਮ੍ਰਿਤਪਾਲ ਸਿੰਘ ਨੂੰ 'ਛੋਕਰਾ' ਤਾਂ ਕੀ ਕਹਿ ਬੈਠਾ, ਸ. ਗੁਰਬਚਨ ਸਿੰਘ ਅਨੁਸਾਰ ਫਿਰ ਉਸਨੂੰ ਇਸ ਤੋਂ ਨਿਕਲਣ ਵਾਲ਼ੇ ਸੰਭਾਵੀ ਸਿੱਟਿਆਂ, ਬਾਰੇ ਸੋਚ ਕੇ ਕਾਂਬਾ ਛਿੜ ਪਿਆ ਤੇ ਉਸਨੇ ਹਥਿਆਰਾਂ ਦੀ ਮੰਗ ਸ਼ੁਰੂ ਕਰ ਦਿੱਤੀ।

ਇਸੇ ਪੋਸਟ ਵਿਚ ਅੱਗੇ ਲਿਖਦੇ ਹਨ: 'ਪੰਜਾਬ ਦੇ 'ਕਾਮਰੇਡ' ਇੱਕ ਵਾਰ ਫਿਰ ਓਹੀ ਗਲਤੀ ਕਰ ਰਹੇ ਹਨ, ਜਿਹੜੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਵੇਲੇ ਕੀਤੀ ਸੀ। ਉਦੋਂ ਵੀ ਉਹ ਸਰਕਾਰ ਤੋਂ ਦੂਰੀ ਬਣਾ ਕੇ ਸੰਤ ਭਿੰਡਰਾਂਵਾਲਿਆ ਦੀ ਲਹਿਰ ਨਾਲ ਹਾਂ-ਪੱਖੀ ਸੰਵਾਦ ਰਚਾਉਣ ਦੀ ਬਜਾਇ ਸਰਕਾਰੀ ਪੈਂਤੜੇ ਉਤੇ ਖੜ ਕੇ ਉਨ੍ਹਾਂ ਦਾ ਅੰਨ੍ਹਾ ਵਿਰੋਧ ਕਰਨ ਦੇ ਰਾਹ ਪੈ ਗਏ ਸਨ ਅਤੇ ਹੁਣ ਫਿਰ ਉਹ ਭਾਈ ਅੰਮ੍ਰਿਤਪਾਲ ਸਿੰਘ ਦਾ ਉਸੇ ਪੈਂਤੜੇ ਉਤੇ ਖੜ ਕੇ ਵਿਰੋਧ ਕਰ ਰਹੇ ਹਨ।'

ਸਮਝ ਨਹੀਂ ਆਉਂਦੀ ਕਿ ਸ. ਗੁਰਬਚਨ ਸਿੰਘ ਤੇ ਉਨ੍ਹਾਂ ਦਾ ਪੁਰਾਣਾ ਸਾਥੀ ਸ. ਅਜਮੇਰ ਸਿੰਘ, ਕਾਮਰੇਡ ਉਗਰਾਹਾਂ ਤੇ ਉਸਦੀ ਜਥੇਬੰਦੀ ਤੋਂ ਇਤਨੇ ਤਪੇ ਹੋਏ ਕਿਉਂ ਹਨ? ਦਿੱਲੀ ਦੀਆਂ ਬਰੂਹਾਂ 'ਤੇ ਚੱਲਿਆ ਕਿਸਾਨ ਮੋਰਚਾ ਆਪਣੇ ਜ਼ਾਬਤੇ ਤੇ ਸਫਲਤਾ ਲਈ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਨੋਇਮ ਚੋਮੈਸਿਕੀ ਵਰਗੇ ਵਿਸ਼ਵ ਪ੍ਰਸਿੱਧ ਸਥਾਪਤੀ ਵਿਰੋਧੀ ਅਤੇ ਲੋਕ-ਪੱਖੀ ਅਨੇਕਾਂ ਚਿੰਤਕਾਂ ਨੇ ਉਸਨੂੰ ਸਲਾਹਿਆ, ਕਿਸਾਨ ਨੇਤਾਵਾਂ ਦੀ ਹਮਾਇਤ ਕੀਤੀ ਅਤੇ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ ਨੂੰ ਇਸ ਤੋਂ ਸਬਕ ਸਿੱਖਣ ਦੀਆਂ ਸਲਾਹਾਂ ਦਿੱਤੀਆਂ। ਉਸ ਮੋਰਚੇ ਦੇ ਇੱਕ ਮੁਹਾਜ 'ਤੇ 32 ਕਿਸਾਨ ਜਥੇਬੰਦੀਆਂ ਅਤੇ ਦੂਜੇ ਪਾਸੇ ਉਗਰਾਹਾਂ ਜਥੇਬੰਦੀ ਨੇ ਕੱਲਿਆਂ ਹੀ ਮੈਦਾਨ ਮੱਲੀ ਰੱਖਿਆ। ਉਗਰਾਹਾਂ ਮੁਹਾਜ 'ਤੇ ਅੰਦੋਲਨਕਾਰੀਆਂ ਦਾ ਜ਼ਾਬਤਾ ਤੇ ਸ਼ਾਂਤਮਈ ਸੰਘਰਸ਼ ਅਜਿਹਾ ਕਮਾਲ ਦਾ ਸੀ ਕਿ ਮਹਾਤਮਾ ਗਾਂਧੀ ਵੀ ਦੇਖ ਕੇ ਧੰਨ ਹੋ ਜਾਂਦਾ? ਉਸ ਮੌਕੇ ਸ. ਅਜਮੇਰ ਸਿੰਘ ਨੇ ਦੀਪ ਸਿੱਧੂ ਨੂੰ ਵਡਿਆਉਣ ਤੇ ਖੱਬੀ ਪੱਖੀ ਸਾਰੀਆਂ ਕਿਸਾਨ ਜਥੇਬੰਦੀਆਂ ਖਾਸਕਰ ਉਗਰਾਹਾਂ ਨੂੰ ਛੁਟਿਆਉਣ ਤੇ ਉਨ੍ਹਾਂ ਨੂੰ ਬੁਰ੍ਹੇ ਦੇ ਘਰ ਤੱਕ ਬੱਦੂ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਈ ਰੱਖਿਆ। ਉਗਰਾਹਾਂ ਧੜੇ ਵਿਰੁੱਧ ਉਸਦੇ ਭੰਡੀ ਪ੍ਰਚਾਰ ਦੀ ਸਿਖਰ 3 ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਜਿੱਤ ਪਿਛੋਂ ਮਸਤੂਆਣਾ ਰੈਲੀ ਦੌਰਾਨ, ਗਰਜਵੇਂ ਭਾਸ਼ਨ ਵਿਚ ਖੁੱਲ੍ਹ ਕੇ ਸਾਹਮਣੇ ਆਈ। ਉਸਨੇ ਕਿਸਾਨ ਆਗੂਆਂ ਨੂੰ ਬੁਜ਼ਦਿਲੀ ਤੇ ਕਾਇਰਤਾ ਦੇ ਮਿਹਣੇ ਮਾਰੇ ਕਿ ਉਨ੍ਹਾਂ 26 ਨਵੰਬਰ, 2020 ਨੂੰ ਦਿੱਲੀ ਜਾਣ ਦਾ ਸੱਦਾ ਤਾਂ ਦਿੱਤਾ ਹੋਇਆ ਸੀ, ਨਾਲ਼ ਹੀ ਪੁਲਿਸ ਵਲੋਂ ਰੋਕੇ ਜਾਣ 'ਤੇ ਰਾਹ ਵਿਚ ਹੀ ਤੰਬੂ ਗੱਡ ਕੇ ਭੁੱਜੇ ਛੋਲੇ ਖਾਣ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਏਥੇ ਉਹ 'ਜੋਸ਼ ਤੇ ਹੋਸ਼' ਦੇ ਜੁੱਟ ਦੇ ਅਨੁਪਾਤ ਦਾ ਫਰਕ ਕੱਢਦਾ ਹੋਇਆ ਮੋਰਚੇ ਦੌਰਾਨ ਸ਼ਾਂਤ ਰਹਿਣ ਜਾਂ ਹੋਸ਼ ਤੋਂ ਕੰਮ ਲੈਣ, ਦੀਆਂ ਸਲਾਹਾਂ ਦੇਣ ਲਈ ਉਗਰਾਹਾਂ ਧੜੇ ਨੂੰ ਕੂਕ-ਕੂਕ ਕੇ ਸ਼ਰਮ ਦਿਵਾਉਣ ਤੱਕ ਚਲਾ ਜਾਂਦਾ ਹੈ। ਉਸਦਾ ਗਚ ਭਰ ਉਠਦਾ ਹੈ, ਜਦੋਂ ਉਹ ਕਿਸਾਨ ਨੇਤਾਵਾਂ ਨੂੰ ਚੜੂਨੀ ਦੇ ਭਤੀਜੇ ਨਵਦੀਪ ਸਿੰਘ ਦਾ ਧੰਨਵਾਦੀ ਹੋਣ ਲਈ ਕਹਿੰਦਾ ਹੈ। ਜਿਸ ਨੇ ਪੁਲਿਸ ਦੇ ਵਾਟਰ ਕੈਨਨ 'ਤੇ ਚੜ੍ਹ ਕੇ ਪਾਣੀ ਵਾਲ਼ੀ ਤੋਪ ਦੀਆਂ ਬੁਛਾੜਾਂ ਰੋਕ ਕੇ ਅੱਖ ਦੇ ਫੋਰ ਵਿਚ ਹੀ ਸਾਰੇ ਅੜਿੱਕੇ ਤੋੜ ਦਿਖਾਏ ਸਨ। ਅਜਮੇਰ ਸਿੰਘ ਦਾ ਕਹਿਣਾ ਸੀ ਕਿ ਜੇ ਨੌਜਵਾਨ ਅਜਿਹਾ ਜੋਸ਼ ਨਾ ਦਿਖਾਉਂਦੇ ਤਾਂ ਹੋਸ਼ ਵਾਲ਼ਿਆਂ ਉਥੇ ਹੀ ਬੈਠੇ ਰਹਿਣਾ ਸੀ। ਸ. ਅਜਮੇਰ ਸਿੰਘ ਅਤੇ ਸ. ਗੁਰਬਚਨ ਸਿੰਘ ਹੋਰਾਂ ਦੇ ਅਜਿਹੇ ਪ੍ਰਵਚਨ ਕੋਈ ਨਵੇਂ ਨਹੀਂ ਹਨ। ਇਹ ਉਨ੍ਹਾਂ ਪ੍ਰਵਚਨਾਂ ਦਾ ਸਿਖਰ ਹਨ, ਜਿਹੜੇ ਇਨ੍ਹਾਂ ਧਰਮ ਯੁੱਧ ਮੋਰਚੇ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੇ ਮੁਕਾਬਲੇ ਰਵਾਇਤੀ ਅਕਾਲੀਆਂ ਦੇ ਰੋਲ ਨੂੰ ਮੁੱਢੋਂ ਹੀ ਛੁਟਿਆਉਣ ਅਤੇ ਕਾਮਰੇਡਾਂ ਤੇ ਹੋਰ ਧਿਰਾਂ ਨੂੰ ਦੋਸ਼ੀ ਠਹਿਰਾਉਣ ਲਈ 20-25 ਵਰ੍ਹਿਆਂ ਤੋਂ ਆਰੰਭੇ ਹੋਏ ਹਨ। ਜਿਸ ਤਰ੍ਹਾਂ ਅਜਮੇਰ ਸਿੰਘ ਨੇ ਕਿਸਾਨ ਮੋਰਚੇ ਦੌਰਾਨ ਲਗਾਤਾਰ ਦੀਪ ਸਿੱਧੂ ਦਾ ਗੁੱਡਾ ਬੰਨ੍ਹਿਆ ਸੀ, ਕੀ ਉਸੇ ਤਰ੍ਹਾਂ ਸ. ਗੁਰਬਚਨ ਸਿੰਘ ਆਪਣੀਆਂ ਫੇਸਬੁੱਕ ਪੋਸਟਾਂ ਰਾਹੀਂ ਭਾਈ ਅੰਮ੍ਰਿਤਪਾਲ ਸਿੰਘ ਨੂੰ ਅਸਮਾਨੀਂ ਚੜ੍ਹਾਉਣ ਲਈ ਕਾਹਲੇ ਪਏ ਨਹੀਂ ਜਾਪਦੇ?







ਇਸ ਤੋਂ ਪਹਿਲਾਂ ਕਿ ਸ. ਸਾਹਿਬ ਵਲੋਂ ਉਠਾਏ ਸਵਾਲ ਕਿ ਕਾਮਰੇਡਾਂ ਨੇ ਸੰਤ ਭਿੰਡਰਾਂਵਾਲ਼ਿਆਂ ਜਾਂ ਧਰਮ ਯੁੱਧ ਮੋਰਚਾ ਚਲਾ ਰਹੇ ਅਕਾਲੀਆਂ ਨਾਲ਼ ਸੰਵਾਦ ਕਿਉਂ ਨਹੀਂ ਰਚਾਇਆ ਬਾਰੇ ਚਰਚਾ ਕਰੀਏ, ਇਹ ਸਮਝ ਲੈਣਾ ਜ਼ਰੂਰੀ ਹੈ ਕਿ 1984 ਤੋਂ ਪਹਿਲਾਂ ਕਿਹੜੇ ਹਾਲਾਤ ਸਨ, ਜਿਨ੍ਹਾਂ ਕਰਕੇ ਜੂਨ 1984 ਵਰਗਾ ਦੁਖਦਾਈ ਤੇ ਭਿਆਨਕ ਘੱਲੂਘਾਰਾ ਵਾਪਰਿਆ। ਅਜਿਹਾ ਕਾਂਡ ਕਿਸੇ ਵੀ ਸੂਰਤ ਵਿਚ ਨਹੀਂ ਵਾਪਰਨਾ ਚਾਹੀਦਾ ਸੀ। ਇੰਦਰਾ ਗਾਂਧੀ ਦੀ ਇਸ ਮੁਜਰਮਾਨਾ ਗਲਤੀ ਤੋਂ ਵੀ ਕੋਈ ਇਨਕਾਰੀ ਨਹੀਂ ਹੈ, ਪਰ ਧਰਮ ਯੁੱਧ ਮੋਰਚੇ ਦੌਰਾਨ ਗਰਮ ਖਿਆਲੀ ਤੇ ਨਰਮ ਖਿਆਲੀ ਪੰਥਕ ਧਿਰਾਂ ਕੋਲ਼ੋਂ ਜੋ ਗਲਤੀਆਂ ਹੋਈਆਂ ਸਨ, ਬਾਰੇ ਪੁਣ-ਛਾਣ ਤਾਂ ਕੀਤੀ ਹੀ ਜਾ ਸਕਦੀ ਹੈ? ਜੇ ਸਾਰਾ ਦੋਸ਼ ਇੱਕ ਧਿਰ ਨੂੰ ਹੀ ਦਿੰਦੇ ਰਹਾਂਗੇ ਤਾਂ ਆਉਣ ਵਾਲ਼ੀਆਂ ਪੀੜ੍ਹੀਆਂ ਸਹੀ ਜਾਣਕਾਰੀ ਕਿਸ ਸੋਮੇ ਤੋਂ ਲੈਣਗੀਆਂ?

24 ਅਪਰੈਲ, 1982 ਨੂੰ ਜਦੋਂ ਕਪੂਰੀ ਤੋਂ ਸਤਲੁਜ-ਜਮੁਨਾ ਲਿੰਕ ਨਹਿਰ ਰੋਕਣ ਲਈ ਮੋਰਚਾ ਸ਼ੁਰੂ ਹੋਇਆ ਤਾਂ ਹਰਕ੍ਰਿਸ਼ਨ ਸੁਰਜੀਤ ਦੀ ਅਗਵਾਈ ਵਾਲ਼ੀ ਮੁੱਖ ਮਾਰਕਸੀ ਧਿਰ ਇਸ ਮੋਰਚੇ ਵਿਚ ਅਕਾਲੀਆਂ ਦਾ ਸਾਥ ਦੇਣ ਲਈ ਸਭ ਤੋਂ ਮੂਹਰੇ ਸੀ। ਪਾਣੀਆਂ ਦੇ ਹੱਕਾਂ ਦੀ ਰਾਖੀ, ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕਿਆਂ ਦੀ ਪ੍ਰਾਪਤੀ ਜਾਂ ਰਾਜਾਂ ਲਈ ਵੱਧ ਅਧਿਕਾਰ ਆਦਿ ਮੂਲ ਮੁੱਦਿਆਂ 'ਤੇ ਮਾਰਕਸੀ ਤਾਂ ਕੀ ਸਭ ਵਿਰੋਧੀ ਪਾਰਟੀਆਂ ਅਕਾਲੀਆਂ ਦੇ ਨਾਲ਼ ਸਨ। ਉਹ ਫਸਲਾਂ ਦੀ ਕਟਾਈ ਦੇ ਦਿਨ ਸਨ, ਸ਼ੁਰੂ ਵਿਚ ਮੋਰਚੇ ਨੂੰ ਚੰਗਾ ਹੁੰਗਾਰਾ ਨਾ ਮਿਲ਼ਿਆ। ਓਧਰ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਧੜੇ ਨੇ ਆਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਪਹਿਲਾਂ ਹੀ ਦਿੱਲੀ ਮੋਰਚਾ ਲਾਇਆ ਹੋਇਆ ਸੀ। ਅਕਾਲੀ ਆਪੋ ਵਿਚ ਪਹਿਲਾਂ ਹੀ ਫਟੇ ਹੋਏ ਸਨ, ਇਸ ਆਪਾ-ਧਾਪੀ ਵਿਚ ਪਿੱਛੇ ਰਹਿਣ ਦੇ ਡਰੋਂ ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਬਲਵੰਤ ਸਿੰਘ ਆਦਿ ਅਕਾਲੀ ਲੀਡਰਾਂ ਨੇ ਸੰਤ ਲੌਂਗੋਵਾਲ਼ ਨੂੰ ਮੋਰਚੇ ਦਾ ਡਿਕਟੇਟਰ ਥਾਪ ਕੇ 'ਕਪੂਰੀ' ਛੱਡ ਕੇ ਦਰਬਾਰ ਸਾਹਿਬ ਮੋਰਚਾ ਲਾ ਲਿਆ। ਇਸ ਤੋਂ ਕੁਝ ਦਿਨ ਪਹਿਲਾਂ ਤੋਂ ਸੰਤ ਭਿੰਡਰਾਂਵਾਲ਼ਿਆਂ ਨੇ ਆਪਣੇ ਸਾਥੀਆਂ ਨੂੰ ਰਿਹਾਅ ਕਰਾਉਣ ਲਈ ਕੰਪਲੈਕਸ ਵਿਚ ਮੋਰਚਾ ਮੱਲਿਆ ਹੋਇਆ ਸੀ। ਸੰਤ ਭਿੰਡਰਾਂਵਾਲ਼ੇ 1978 ਦੀ ਵਿਸਾਖੀ 'ਤੇ ਹੋਏ ਖੂਨੀ ਨਿਰੰਕਾਰੀ ਕਾਂਡ ਤੋਂ ਹੀ ਅਕਾਲੀਆਂ ਦੀ ਤਿੱਖੀ ਆਲੋਚਨਾ ਕਰਦੇ ਆ ਰਹੇ ਸਨ। 1979 ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਚੋਣ ਨੰਗੇ ਚਿੱਟੇ ਰੂਪ ਵਿਚ ਕਾਂਗਰਸ ਦੇ ਸਹਿਯੋਗ ਨਾਲ਼ ਲੜੀ ਸੀ। ਇੱਥੇ ਹੀ ਬੱਸ ਨਹੀਂ, ਸਗੋਂ ਉਨ੍ਹਾਂ 1980 ਦੀਆਂ ਅਸੈਂਬਲੀ ਤੇ ਪਾਰਲੀਮਾਨੀ ਚੋਣਾਂ ਵਿਚ ਕਾਂਗਰਸੀ ਲੀਡਰਾਂ ਰਘੂਨੰਦਨ ਲਾਲ ਭਾਟੀਆ, ਸੁਖਬੰਸ ਕੌਰ ਭਿੰਡਰ ਆਦਿ ਨਾਲ਼ ਸਟੇਜਾਂ ਸਾਂਝੀਆਂ ਕਰ ਕੇ ਹਮਾਇਤ ਕੀਤੀ ਸੀ। ਕਾਂਗਰਸ ਦੀ 1980 ਵਿਚ ਸੱਤਾ ਵਾਪਸੀ ਤੋਂ ਬਾਅਦ ਨਿਰੰਕਾਰੀ ਮੁਖੀ ਬਾਬਾ ਗੁਰਬਚਨ ਸਿੰਘ ਦੇ ਕਤਲ ਅਤੇ ਪੰਜਾਬ ਕੇਸਰੀ ਅਖ਼ਬਾਰ ਦੇ ਐਡੀਟਰ ਲਾਲਾ ਜਗਤ ਨਰਾਇਣ ਦੀਆਂ ਹੱਤਿਆਵਾਂ ਦੇ ਮਾਮਲੇ ਵਿਚ ਸੰਤ ਭਿੰਡਰਾਂਵਾਲ਼ਿਆਂ ਦਾ ਨਾਮ ਆ ਚੁੱਕਾ ਸੀ। ਸੰਤ ਭਿੰਡਰਾਂਵਾਲ਼ੇ ਆਪਣੀ ਪੋਜੀਸ਼ਨ ਅਤੇ ਵਿਚਾਰਧਾਰਾ 'ਤੇ ਸਪੱਸ਼ਟ ਸਨ, ਉਨ੍ਹਾਂ ਦੇ ਵਿਚਾਰਾਂ ਤੇ ਮਿਜ਼ਾਜ ਤੋਂ ਭਲਾ ਕੌਣ ਜਾਣੂ ਨਹੀਂ ਸੀ? ਅਜਿਹੇ ਪਿਛੋਕੜ ਦੇ ਬਾਵਜੂਦ ਜਥੇਦਾਰ ਟੌਹੜਾ ਦੀ ਆਪਣੇ ਤਿਲਕਵੇਂ ਸੁਭਾਅ ਅਨੁਸਾਰ ਸੰਤ ਭਿੰਡਰਾਂਵਾਲ਼ਿਆਂ ਨਾਲ਼ ਨੇੜਤਾ ਤਾਂ ਸਮਝ ਆਉਂਦੀ ਹੈ, ਪ੍ਰੰਤੂ ਸ. ਬਾਦਲ, ਸੰਤ ਲੌਂਗੋਵਾਲ਼, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ. ਬਲਵੰਤ ਸਿੰਘ, ਸੁਰਜੀਤ ਸਿੰਘ ਬਰਨਾਲ਼ਾ, ਜਥੇਦਾਰ ਬ੍ਰਹਮਪੁਰਾ, ਵਰਗੇ ਘਾਗ ਅਕਾਲੀ ਲੀਡਰਾਂ ਨੇ ਸੰਤ ਭਿੰਡਰਾਂਵਾਲ਼ੇ ਨੂੰ ਆਪਣੇ ਮੋਰਚੇ ਵਿਚ ਸ਼ਾਮਿਲ ਕਰਨ ਜਾਂ ਉਸਦੇ ਮੋਰਚੇ ਵਿਚ ਸ਼ਾਮਿਲ ਹੋਣ ਵੇਲੇ ਕੀ ਸੋਚਿਆ ਹੋਵੇਗਾ? ਜਦੋਂ ਉਸ ਦੌਰ ਵਿਚ ਜੂਨ ਚੁਰਾਸੀ ਤੇ ਨਵੰਬਰ ਚੁਰਾਸੀ ਵਰਗੇ ਵੱਡੇ ਘੱਲੂਘਾਰੇ ਵਾਪਰੇ ਹੋਣ ਤਾਂ ਕੀ ਸਿੱਖ ਲੀਡਰਸ਼ਿਪ ਨੂੰ ਸਵਾਲ ਨਹੀਂ ਪੁੱਛੇ ਜਾਣੇ ਚਾਹੀਦੇ? ਅਜਿਹੇ ਵਿਚ ਕਾਮਰੇਡ ਸੁਰਜੀਤ ਜਾਂ ਹੋਰ ਮਾਰਕਸੀ ਧਿਰਾਂ ਕਿਸ ਨਾਲ਼ ਤੇ ਕਿਸ ਕਿਸਮ ਦਾ ਸੰਵਾਦ ਰਚਾਉਂਦੀਆਂ? ਕੀ ਇਸ ਬਾਰੇ ਅਜਮੇਰ ਸਿੰਘ ਜਾਂ ਗੁਰਬਚਨ ਸਿੰਘ ਵਰਗੇ ਸਿੱਖ ਚਿੰਤਕ ਕਦੇ ਲੋਕਾਂ ਨੂੰ ਸਪੱਸ਼ਟ ਕਰਨਗੇ? 1984 ਤੋਂ ਵੀ ਪਹਿਲਾਂ ਅੱਧੀ ਸਦੀ ਤੋਂ ਕਾਮਰੇਡ ਧਿਰਾਂ ਦੀ ਲੋਕ-ਹਿਤਾਂ ਲਈ ਸੰਘਰਸ਼ਾਂ ਦੀ ਆਪਣੀ ਇਕ ਵਿਰਾਸਤ ਸੀ, ਇਕ ਸਮਝ, ਇੱਕ ਵਿਚਾਰਧਾਰਾ ਸੀ। ਉਹ ਆਪਣੀ ਵਿਚਾਰਧਾਰਾ ਅਨੁਸਾਰ ਵੱਖ-ਵੱਖ ਢੰਗਾਂ ਨਾਲ਼ ਲਗਾਤਾਰ ਲੋਕ ਸੰਘਰਸ਼ ਕਰਦੇ ਆ ਰਹੇ ਸਨ। ਉਹ ਆਪਣੇ ਇਸ ਜਮਾਤੀ ਵਿਰਸੇ ਨੂੰ ਛੱਡ ਕੇ ਅਕਾਲੀਆਂ ਦੇ 'ਤਬਕਾਤੀ ਮੰਗਾਂ' ਦੇ ਧਾਰਮਿਕ ਰੰਗ ਵਾਲ਼ੇ ਮੋਰਚੇ ਵਿਚ ਕਿੰਝ ਆ ਜਾਂਦੇ? ਕੀ ਅਜਿਹਾ ਸਵਾਲ ਗੁਰਬਚਨ ਸਿੰਘ ਵਰਗੇ ਸਿੱਖ ਚਿੰਤਕਾਂ ਨੂੰ ਨਹੀਂ ਪੁੱਛਿਆ ਜਾਣਾ ਚਾਹੀਦਾ? ਕੀ ਅਜਿਹੇ ਸਵਾਲਾਂ ਨੂੰ ਸੰਬੋਧਨ ਹੋਣਾ ਹਰ ਉਸ ਪੰਜਾਬੀ ਦਾ ਨੈਤਿਕ ਫਰਜ਼ ਨਹੀਂ ਬਣਦਾ, ਜੋ ਪੰਜਾਬ ਪ੍ਰਤੀ ਚਿੰਤਤ ਹੈ ਅਤੇ ਖਾਸਕਰ ਜਿਨ੍ਹਾਂ 84 ਦਾ ਸੰਤਾਪ ਹੰਢਾਇਆ ਸੀ, ਭਾਵੇਂ ਉਹ ਕਿਸੇ ਵੀ ਧਰਮ, ਜਾਤ, ਫਿਰਕੇ ਨਾਲ਼ ਸਬੰਧਤ ਹੋਵੇ? ਕਹਿਣ ਨੂੰ ਇਹ ਮੋਰਚਾ ਸ਼ਾਂਤਮਈ ਸੀ, ਪਰ ਕੀ ਸ਼ਾਂਤਮਈ ਲੜਾਈਆਂ, ਇਸ ਤਰ੍ਹਾਂ ਲੜੀਆਂ ਜਾਂਦੀਆਂ ਹਨ।

ਮੋਰਚੇ ਦੇ ਸ਼ੁਰੂ 'ਚ ਹੀ ਸਿੱਖ ਲੀਡਰਸ਼ਿਪ ਵਲੋਂ 19 ਨਵੰਬਰ, 1982 ਤੋਂ 4 ਦਸੰਬਰ, 1982 ਤੱਕ ਦਿੱਲੀ ਜਾ ਕੇ 'ਏਸ਼ੀਆਡ ਖੇਡਾਂ' ਵਿਚ ਖਲਲ ਪਾਉਣ ਦਾ ਸੱਦਾ ਕਿੰਨੀ ਕੁ ਦੂਰ-ਅੰਦੇਸ਼ੀ ਨਾਲ਼ ਸੋਚ-ਵਿਚਾਰ ਕੇ ਦਿੱਤਾ ਗਿਆ ਸੀ? 'ਸੰਤ ਭਿੰਡਰਾਂਵਾਲ਼ੇ ਦੇ ਰੂ-ਬ-ਰੂ, ਜੂਨ 84 ਦੀ ਪੱਤਰਕਾਰੀ' ਕਿਤਾਬ ਵਿਚ ਉਸ ਵੇਲੇ ਦਰਬਾਰ ਸਾਹਿਬ ਤਾਇਨਾਤ ਰਹੇ ਯੂ ਐਨ ਆਈ ਦੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਬੇਸ਼ਕ ਨਿੱਜੀ ਗਵਾਹੀ ਪਾ ਕੇ ਸਾਬਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੋਈ ਹੈ ਕਿ ਸੰਤ ਲੌਂਗੋਵਾਲ਼ ਤੇ ਸਮੁੱਚੀ ਅਕਾਲੀ ਲੀਡਰਸ਼ਿਪ ਦੀ ਏਸ਼ੀਆਡ ਖੇਡਾਂ ਵਿਚ ਅਜਿਹਾ ਕੁਝ ਕਰਨ ਦੀ ਮਨਸ਼ਾ ਬਿਲਕੁਲ ਵੀ ਨਹੀਂ ਸੀ। ਸਗੋਂ ਖ਼ਬਰ ਏਜੰਸੀ ਦੇ ਚੰਡੀਗੜ੍ਹ ਬੈਠੇ ਸ਼ਰਾਰਤੀ ਮੁਖੀ ਅਖਿਲ ਗੌਤਮ ਨੇ ਤੋੜ-ਮਰੋੜ ਕੇ ਕੁਝ ਹੋਰ ਹੀ ਬਣਾ ਦਿੱਤਾ ਸੀ, ਜਿਸ ਕਾਰਨ ਇਕ ਵਾਰ ਤਾਂ ਸ਼ਾਂਤ ਚੱਲ ਰਿਹਾ ਮੋਰਚਾ ਲੀਹੋਂ ਲੱਥ ਗਿਆ ਸੀ। ਗੌਤਮ ਕੋਲ਼ੋਂ ਜੇ ਕੋਈ ਕਸਰ ਰਹਿ ਗਈ ਸੀ, ਹਰਿਆਣੇ ਦੇ ਮੁੱਖ ਮੰਤਰੀ ਭਜਨ ਲਾਲ ਨੇ ਦਿੱਲੀ ਵੱਲ ਜਾ ਰਹੇ ਸਿੱਖਾਂ ਦੀਆਂ ਹਰਿਆਣੇ ਵਿਚ ਤਲਾਸ਼ੀਆਂ ਰਾਹੀਂ ਬੇਇਜ਼ਤੀ ਕਰਵਾ ਕੇ ਕੱਢ ਦਿੱਤੀ ਸੀ, ਜਿਸਨੇ ਸੰਤ ਭਿੰਡਰਾਂਵਾਲ਼ਿਆਂ ਨੂੰ ਸਿੱਖਾਂ ਖ਼ਿਲਾਫ ਵਿਤਕਰੇ ਦਾ ਇਕ ਹੋਰ ਬਿਰਤਾਂਤ ਸਿਰਜਣ ਦਾ ਮੌਕਾ ਦੇ ਦਿੱਤਾ ਸੀ। ਪਰ ਕੀ ਅਜਿਹੇ ਨਾਜ਼ੁਕ ਮੌਕੇ ਸਿੱਖ ਲੀਡਰਸ਼ਿਪ ਤੇ ਪੱਤਰਕਾਰ ਦਲਬੀਰ ਸਿੰਘ ਵਰਗੇ ਸੰਤਾਂ ਦੇ ਸਲਾਹਕਾਰਾਂ ਨੂੰ ਅਖਿਲ ਗੌਤਮ ਦੀ ਸ਼ਰਾਰਤ ਤੋਂ ਸਵਾਧਾਨ ਨਹੀਂ ਹੋ ਜਾਣਾ ਚਾਹੀਦਾ ਸੀ।

ਅਫਸੋਸ ਸਿੱਖ ਲੀਡਰਸ਼ਿਪ ਇਸ ਤੋਂ ਸਾਵਧਾਨ ਨਾ ਹੋਈ? ਜੇਕਰ ਇਸ ਤੋਂ ਕੋਈ ਸਾਵਧਾਨੀ ਵਰਤੀ ਹੁੰਦੀ ਤਾਂ ਇਨ੍ਹਾਂ ਘਟਨਾਵਾਂ ਤੋਂ ਕੇਵਲ ਚਾਰ ਮਹੀਨੇ ਬਾਅਦ 25 ਅਪਰੈਲ, 1983 ਨੂੰ ਹਰਿਮੰਦਰ ਸਾਹਿਬ ਕੰਪਲੈਕਸ ਦੀ ਦੇਹਲੀ 'ਤੇ ਡੀ ਆਈ ਜੀ ਅਵਤਾਰ ਸਿੰਘ ਅਟਵਾਲ ਦੀ ਹੱਤਿਆ ਵਰਗਾ 'ਭੜਕਾਊ ਕਾਂਡ' ਨਾ ਕੀਤਾ ਹੁੰਦਾ। ਉਸ ਹੱਤਿਆ ਲਈ ਅੰਦਰ ਹੀ ਅੰਦਰ ਸੰਤ ਭਿੰਡਰਾਂਵਾਲ਼ਿਆਂ ਦੇ ਨਜ਼ਦੀਕੀ ਮੇਜਰ ਸਿੰਘ ਨਾਗੋਕੇ ਦਾ ਨਾਮ ਉਦੋਂ ਹੀ ਸਾਹਮਣੇ ਆ ਗਿਆ ਸੀ। ਜੇਕਰ ਕਿਸੇ ਨੂੰ ਅਜੇ ਤੱਕ ਕੋਈ ਸ਼ੱਕ ਸੀ ਤਾਂ ਉਹ ਹੁਣ ਇੰਗਲੈਂਡ ਰਹਿੰਦੇ, ਉਸਦੇ ਪੁੱਤਰ ਅਜੈਪਾਲ ਸਿੰਘ ਨੇ 10 ਜੂਨ, 2021 ਨੂੰ ਇੱਕ ਯੂ ਟਿਊਬ ਚੈਨਲ 'ਟ੍ਰੀਬਿਊਟ 1984' ਨੂੰ ਦਿੱਤੀ ਇੰਟਰਵਿਊ ਵਿਚ ਆਪਣੀ ਮਾਂ ਦੇ ਹਵਾਲੇ ਨਾਲ਼ ਆਪ ਹੀ ਵਿਸਥਾਰ ਵਿਚ ਸੁਣਾ ਦਿੱਤਾ ਹੈ।

(Interview Video Link ਸ਼ਹੀਦ ਭਾਈ ਮੇਜਰ ਸਿੰਘ ਨਾਗੋਕੇ ਨੇ 10 ਜੂਨ ਤੱਕ ਜੰਗ ਜਾਰੀ ਰੱਖੀ, ਸੁਣੋ ਭਾਈ ਸਾਹਬ ਦੇ ਬੇਟੇ ਦੇ ਮੂੰਹੋਂ। -Youtube) ਸੰਤ ਲੌਂਗੋਵਾਲ਼ ਤੇ ਅਕਾਲੀ ਲੀਡਰਸ਼ਿਪ ਨੇ ਇਸ ਘਟਨਾ ਨੂੰ ਭਵਿੱਖੀ ਹਿੰਸਾ ਦੇ ਦੌਰ ਦੀ ਦਸਤਕ ਸਮਝ ਕੇ ਕੋਈ ਕਦਮ ਚੁੱਕਣ ਦੀ ਥਾਂ ਸਭ ਕੁਝ ਜਾਣਦੇ ਹੋਏ ਵੀ, ਸਾਰਾ ਭਾਂਡਾ ਖੁਫੀਆ ਏਜੰਸੀਆਂ ਸਿਰ ਭੰਨ ਦਿੱਤਾ ਸੀ। ਡੀ ਆਈ ਜੀ ਅਟਵਾਲ ਦੇ ਕਤਲ ਦਾ ਨਾ ਸਿਰਫ ਸਿੱਖਾਂ ਬਾਰੇ ਸਾਰੇ ਭਾਰਤ ਵਿਚ ਵੱਡਾ ਨਾ-ਪੱਖੀ ਅਸਰ ਪਿਆ, ਸੰਤ ਭਿੰਡਰਾਂਵਾਲ਼ਿਆਂ 'ਤੇ ਕਾਰਵਾਈ ਦੀ ਮੰਗ ਵੀ ਵੱਡੀ ਪੱਧਰ 'ਤੇ ਉਠਣ ਲੱਗੀ। ਇਸ ਸਬੰਧੀ ਸ. ਅਜਮੇਰ ਸਿੰਘ ਦੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪੰਨਾ 398 ਦਾ ਹਵਾਲਾ ਪਾਠਕਾਂ ਨੂੰ ਸਥਿਤੀ ਸਮਝਣ ਲਈ ਸਹਾਈ ਹੋਵੇਗਾ।

ਸ. ਅਜਮੇਰ ਸਿੰਘ ਲਿਖਦੇ ਹਨ: 'ਇਸ ਘਟਨਾ ਤੋਂ ਬਾਅਦ ਸੰਤ ਭਿੰਡਰਾਂਵਾਲ਼ੇ ਦੇ ਖ਼ਿਲਾਫ

'ਫੌਰੀ ਤੇ ਅਸਰਦਾਰ' ਕਾਰਵਾਈ ਦੀ ਮੰਗ ਹੋਰ ਉਚੀ ਹੋ ਗਈ ਸੀ। ਇੰਦਰਾ ਗਾਂਧੀ ਇਸ ਫਿਰਕੂ ਮੰਗ ਅਤੇ ਇਸ ਪਿੱਛੇ ਕੰਮ ਕਰਦੀਆਂ ਫਿਰਕੂ ਭਾਵਨਾਵਾਂ ਨਾਲ਼ ਪੂਰੀ ਤਰ੍ਹਾਂ ਇੱਕਮਤ ਤੇ ਇੱਕਸੁਰ ਹੁੰਦੇ ਹੋਏ ਵੀ ਆਪਣੀਆਂ ਅਲੱਗ ਗੀਟੀਆਂ ਖੇਡ ਰਹੀ ਸੀ। ਇੱਕ ਤਾਂ ਉਹ ਹਿੰਦੂ ਭਾਵਨਾਵਾਂ ਨੂੰ ਅਜੇ ਹੋਰ ਸਿਖਰਾਂ 'ਤੇ ਲੈ ਜਾਣਾ ਚਾਹੁੰਦੀ ਸੀ (ਤਾਂ ਜੋ ਇਨ੍ਹਾਂ ਦੀ ਹੋਰ ਭਰਪੂਰ ਵਰਤੋਂ ਕੀਤੀ ਜਾ ਸਕੇ)। ਦੂਜਾ, ਉਹ ਹਾਲਾਤਾਂ ਦੀ ਘੁੰਮਣਘੇਰੀ ਵਿਚ ਫਸ ਕੇ ਰਹਿ ਗਈ ਅਕਾਲੀ ਲੀਡਰਸ਼ਿਪ ਨੂੰ ਅਜੇ ਹੋਰ ਗੋਤੇ ਖੁਆਉਣਾ ਚਾਹੁੰਦੀ ਸੀ।'

ਇਸ ਤੋਂ ਕੁਝ ਮਹੀਨੇ ਬਾਅਦ 'ਢਿਲਵਾਂ ਬੱਸ ਕਾਂਡ' ਵਰਗਾ ਇਕ ਹੋਰ ਭਾਣਾ ਵਰਤ ਗਿਆ। ਸਿੱਖ ਲੀਡਰ ਵਰ੍ਹਿਆਂਬੱਧੀ ਇਸਦੀ ਜ਼ਿੰਮੇਵਾਰੀ ਵੀ ਏਜੰਸੀਆਂ ਸਿਰ ਸੁੱਟੀ ਗਏ। ਦੋ ਕੁ ਸਾਲ ਪਹਿਲਾਂ, ਉਸ ਮੌਕੇ ਜਦੋਂ ਤੱਕ ਪਵਿੱਤਰ ਸ਼ਹਿਰ ਵਿਚ ਤਾਇਨਾਤ ਸੀਨੀਅਰ ਪੱਤਰਕਾਰ ਤੇ ਧਰਮ ਯੁੱਧ ਮੋਰਚੇ ਦੇ ਹਮਦਰਦ ਰਹੇ ਸੰਤਾਂ ਦੀ ਖਾੜਕੂ ਰਾਜਨੀਤੀ ਦੇ ਹਮਦਰਦ ਚਿਤੇਰੇ ਸ. ਜਗਤਾਰ ਸਿੰਘ ਨੇ ਆਪਣੀ ਪੁਸਤਕ 'ਰਿਵਰਜ਼ ਆਨ ਫਾਇਰ' ਅੰਦਰ ਇਸ ਕਾਂਡ ਵਿਚ ਸ਼ਾਮਿਲ ਖਾੜਕੂ ਸੁੱਖੇ ਕੱਕੜਾਂ ਵਾਲ਼ੇ ਨਾਲ਼ ਇਤਿਹਾਸਕ ਇੰਟਰਵਿਊ ਰਾਹੀਂ ਸਚਾਈ ਪ੍ਰਗਟ ਨਹੀਂ ਕਰ ਦਿੱਤੀ। ਸੁੱਖਾ ਕੱਕੜਾਂ ਵਾਲ਼ਾ ਬਾਰਡਰ ਦੇ ਸਮੱਗਲਰਾਂ ਦਾ ਪਾਂਡੀ ਸੀ ਅਤੇ ਉਸ ਮੌਕੇ ਦੇ ਹੋਰ ਅਨੇਕਾਂ ਮੁਜਰਮਾਂ ਵਾਂਗ ਉਸਨੇ ਵੀ ਧਰਮ ਯੁੱਧ ਮੋਰਚੇ ਦੀ ਆੜ ਵਿਚ ਦਰਬਾਰ ਸਾਹਿਬ ਵਿਚ ਪਨਾਹ ਲਈ ਹੋਈ ਸੀ। ਜਥੇਦਾਰ ਰਾਮ ਸਿੰਘ ਚੌਲੱਧਾ ਦੇ ਇਸ਼ਾਰੇ 'ਤੇ ਸੋਢੀ ਅਤੇ ਲਾਭ ਸਿੰਘ ਨੇ ਢਿਲਵਾਂ ਕਾਂਡ ਲਈ ਪ੍ਰੋਗਰਾਮ ਉਲੀਕਿਆ ਤਾਂ ਸੁੱਖੇ ਤੇ ਉਸਦੇ ਸੀਰੀ ਤੋਤੀ ਨੂੰ ਵੀ ਨਾਲ਼ ਲੈ ਲਿਆ, ਜਦਕਿ ਸੁੱਖੇ ਤੇ ਤੋਤੀ ਦਾ ਮੋਰਚੇ ਨਾਲ ਕੋਈ ਸਬੰਧ ਨਹੀਂ ਸੀ। ਉਹ ਵਾਰਦਾਤ ਕਰ ਕੇ ਉਸੇ ਬੱਸ ਚੜ੍ਹ ਕੇ ਰਾਤ ਨੂੰ ਦਰਬਾਰ ਸਾਹਿਬ ਆ ਗਏ ਸਨ। ਜਿਸ ਰਾਤ ਇਹ ਕਾਂਡ ਵਾਪਰਿਆ, ਉਸੇ ਦਿਨ ਸ੍ਰੀ ਨਗਰ ਫਾਰੂਕ ਅਬਦੁੱਲਾ ਤੇ ਆਪੋਜ਼ੀਸ਼ਨ ਲੀਡਰ 1985 ਦੀਆਂ ਚੋਣਾਂ ਵਿਚ ਇੰਦਰਾ ਗਾਂਧੀ ਦੀ ਤਾਨਾਸ਼ਾਹੀ ਵਿਰੁੱਧ ਸਾਂਝਾ ਮੁਹਾਜ ਬਣਾਉਣ ਦੀਆਂ ਯੋਜਨਾਵਾਂ ਬਣਾ ਰਹੇ ਸਨ। ਪਰ ਢਿੱਲਵਾਂ ਕਾਂਡ ਦੀ ਇਕੋ ਘਟਨਾ ਨੇ ਪਲਾਂ ਅੰਦਰ ਇੰਦਰਾ ਵਿਰੁੱਧ ਵਿਛਾਈ ਜਾ ਰਹੀ ਬਿਸਾਤ ਖਿੰਡਾ-ਪੁੰਡਾ ਦਿੱਤੀ। ਅਗਲੇ ਦਿਨ ਤੋਂ ਜਿਹੜੇ ਆਪੋਜ਼ੀਸ਼ਨ ਆਗੂ ਅਕਾਲੀ ਮੋਰਚੇ ਦੀਆਂ ਜਾਇਜ਼ ਮੰਗਾਂ ਜਾਣ-ਬੁੱਝ ਕੇ ਟਾਲ਼ੀ ਜਾਣ ਲਈ ਇੰਦਰਾ ਦੀ ਵਿਰੋਧਤਾ ਕਰ ਰਹੇ ਸਨ। ਉਨ੍ਹਾਂ ਨੇ ਕੰਪਲੈਕਸ ਵਿਚ ਛੁਪੇ ਅਨਸਰਾਂ ਤੋਂ ਕੰਪਲੈਕਸ ਤੁਰੰਤ ਮੁਕਤ ਨਾ ਕਰਾਉਣ ਲਈ ਇੰਦਰਾ ਸਰਕਾਰ ਦੀ ਅੱਡੀਆਂ ਚੁੱਕ-ਚੁੱਕ ਕੇ ਆਲੋਚਨਾ ਸ਼ੁਰੂ ਕਰ ਦਿੱਤੀ। ਸਮਝੋ, ਖਾੜਕੂ ਧਿਰਾਂ ਦੇ ਕੁਰਾਹੇ ਦੇ ਇਸ ਇਕੋ ਐਕਸ਼ਨ ਨਾਲ਼ ਇੰਦਰਾ ਦੀਆਂ ਪੌਂ ਬਾਰਾਂ ਪੈ ਗਈਆਂ ਸਨ ਅਤੇ ਇਸਨੇ ਸਾਰੇ ਭਾਰਤ ਵਿਚ ਹਿੰਦੂ ਵਸੋਂ ਦੀ ਪੋਲਰਾਈਜ਼ੇਸ਼ਨ ਕਰ ਦਿੱਤੀ ਸੀ। ਇਹ ਇੱਕ ਅਹਿਮ ਫੈਸਲਾਕੁਨ ਮੋੜ ਸੀ। ਇਸ ਕਤਲੇਆਮ ਬਾਰੇ ਪਤਾ ਸੰਤਾਂ ਦੇ ਨਜ਼ਦੀਕੀ ਰਹੇ ਪੱਤਰਕਾਰ ਦਲਬੀਰ ਸਿੰਘ ਦੀ ਕਿਤਾਬ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ' ਵਿਚੋਂ ਵੀ ਲੱਗ ਜਾਂਦਾ ਹੈ। ਉਨ੍ਹੀਂ ਦਿਨੀਂ ਸੰਤ ਭਿੰਡਰਾਂਵਾਲ਼ੇ ਸੁਣਦੇ ਵੀ ਵੱਧ ਉਨ੍ਹਾਂ ਦੀ ਹੀ ਸਨ। ਢਿੱਲਵਾਂ ਕਾਂਡ ਤੋਂ ਅਗਲੇ ਦਿਨ ਸੰਤਾਂ ਨੇ ਉਨ੍ਹਾਂ ਨੂੰ ਪੁੱਛਿਆ ਕਿ 'ਭਾਈਆ' ਹੁਣ ਆਪਾਂ ਕੀ 'ਕਹੀਏ', ਤਾਂ ਉਨ੍ਹਾਂ ਦਾ ਜਵਾਬ ਹੈਰਾਨ ਕਰਨ ਵਾਲ਼ਾ ਸੀ, 'ਦੁਸ਼ਟ ਦਰਬਾਰੇ' ਦੀ ਸਰਕਾਰ ਭੰਗ ਕਰਨ ਲਈ ਅਸੀਂ ਕਈ ਮਹੀਨਿਆਂ ਤੋਂ ਕਹਿ ਰਹੇ ਸਾਂ, ਇੰਦਰਾ ਦੇ ਕੰਨਾਂ 'ਤੇ ਜੂੰ ਨਹੀਂ ਸੀ ਸਰਕੀ, ਹੁਣ ਇਸ ਘਟਨਾ ਨੇ ਜੂੰ ਦੀਆਂ ਭਾਜੜਾਂ ਨਹੀਂ ਪੁਆ ਦਿੱਤੀਆਂ? ਹੈਰਾਨੀ ਨਹੀਂ ਕਿ ਉਹ ਇਹੀ ਸਾਖੀ ਆਪਣੇ ਆਖਰੀ ਸਾਹਾਂ ਤੱਕ 30-35 ਵਰ੍ਹੇ ਪਿੱਛੋਂ ਵੀ ਸੁਣਾਉਂਦੇ ਰਹੇ ਸਨ। ਕਦੇ ਉਨ੍ਹਾਂ ਦੇ ਕਿਸੇ ਪ੍ਰਸ਼ੰਸਕ ਨੇ ਉਨ੍ਹਾਂ ਨੂੰ ਟੋਕਣ ਦਾ ਜੇਰਾ ਨਾ ਕੀਤਾ। ਕੀ ਅਜਿਹੇ ਮੁੱਦਿਆਂ 'ਤੇ ਕਦੇ ਚਰਚਾ ਨਹੀਂ ਹੋਣੀ ਚਾਹੀਦੀ? ਇੱਥੇ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪੰਨਾ 411 ਦਾ ਹਵਾਲਾ ਬਿਲਕੁਲ ਢੁੱਕਵਾਂ ਰਹੇਗਾ: 'ਜਦ 4 ਅਕਤੂਬਰ, 1983 ਨੂੰ ਢਿੱਲਵਾਂ (ਜ਼ਿਲ੍ਹਾ ਕਪੂਰਥਲਾ) ਦੇ ਨੇੜੇ ਕੁਝ ਅਗਿਆਤ ਸਿੱਖ ਨੌਜਵਾਨਾਂ ਨੇ ਇਕ ਮੁਸਾਫਿਰ ਬੱਸ ਵਿਚੋਂ 6 ਹਿੰਦੂ ਸਵਾਰੀਆਂ ਨੂੰ ਅਲੱਗ ਛਾਂਟ ਕੇ ਗੋਲ਼ੀਆਂ ਨਾਲ਼ ਭੁੰਨ ਸੁੱਟਣ ਦਾ ਖੂਨੀ ਕਾਰਾ ਕਰ ਦਿੱਤਾ ਤਾਂ ਸੰਤ ਭਿੰਡਰਾਂਵਾਲ਼ੇ ਨੇ ਇਸ ਵਾਰਦਾਤ ਦੀ ਰਸਮੀ ਤੌਰ 'ਤੇ ਨਿੰਦਿਆ ਕਰਦਿਆਂ, ਇਸ ਕਾਂਡ ਦੇ ਝੱਟ ਪਿੱਛੋਂ ਕੇਂਦਰੀ ਸਰਕਾਰ ਦੁਆਰਾ ਪੰਜਾਬ ਅੰਦਰ ਦਰਬਾਰਾ ਸਿੰਘ ਸਰਕਾਰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦੇਣ ਦੇ ਫੈਸਲੇ ਉਤੇ ਆਪਣੀ ਖੁਸ਼ੀ ਤੇ ਤਸੱਲੀ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ। ਸੰਤ ਭਿੰਡਰਾਂਵਾਲ਼ੇ ਦੇ ਇਸ ਪ੍ਰਤੀਕਰਮ ਦੀ ਰੌਸ਼ਨੀ ਵਿਚ ਇਸ ਸੁਆਲ ਦੀ ਕੋਈ ਸਾਰਥਕਤਾ ਨਹੀਂ ਰਹਿੰਦੀ ਕਿ ਇਹ ਕਾਰਸਤਾਨੀ ਸਿੱਖ ਜੁਝਾਰੂਆਂ ਦੀ ਹੀ ਸੀ ਜਾਂ ਸਰਕਾਰੀ ਏਜੰਸੀਆਂ ਦੇ 'ਭੜਕਾਊ ਏਜੰਟਾਂ' ਦੀ। ਇਹ ਕਾਰਵਾਈ ਕਿਸੇ ਨੇ ਵੀ ਕੀਤੀ ਹੋਵੇ, ਸੰਤ ਜੀ ਇਸਦੇ ਨਤੀਜਿਆਂ ਤੋਂ ਦਿਲੋਂ ਖੁਸ਼ ਸਨ।'

ਸ. ਅਜਮੇਰ ਸਿੰਘ ਆਪਣੀ ਇਸੇ ਕਿਤਾਬ ਵਿਚ ਬੇਗੁਨਾਹ ਹਿੰਦੂਆਂ ਦੇ ਕਤਲਾਂ 'ਤੇ ਸੰਤ ਭਿੰਡਰਾਂਵਾਲਿਆਂ ਦੀ ਵਿਚਾਰਧਾਰਾ ਦਾ ਪੱਖ ਇਉਂ ਪੇਸ਼ ਕਰਦੇ ਹਨ: 'ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਨੇ ਅਮਲ ਵਿਚੋਂ ਇਹ ਭਾਂਪ ਲਿਆ ਸੀ ਕਿ ਹਿੰਦੂ ਹਾਕਮ, ਹੋਰ ਕਿਸੇ ਵੀ ਗੱਲ ਨਾਲ਼ੋਂ ਵੱਧ, ਪੰਜਾਬ ਅੰਦਰ ਹਿੰਦੂ ਵਰਗ ਦੇ ਕਤਲਾਂ ਦੀ ਸਭ ਤੋਂ ਜ਼ਿਆਦਾ ਚੋਭ ਮੰਨਦੇ ਹਨ। ਇਸ ਕਰਕੇ ਹਿੰਦੂ ਵਰਗ ਦੇ ਕਤਲਾਂ ਦੀ ਨੀਤੀ ਇੱਕ ਵਰਜਕ (Deterrent) ਦੇ ਰੂਪ ਵਿਚ ਇਸਤੇਮਾਲ ਕਰਨ ਦੀ ਧਾਰਨਾ, ਉਨ੍ਹਾਂ ਦੇ ਮਨ ਨੂੰ ਜਚ ਗਈ ਹੋਈ ਸੀ। ਉਹ ਇਹ ਮਹਿਸੂਸ ਕਰਨ ਲੱਗ ਪਏ ਸਨ ਕਿ ਫਿਰਕੂ ਹਾਕਮਾਂ ਦੇ ਵਹਿਸ਼ੀ ਜ਼ੁਲਮਾਂ ਤੋਂ ਬਚਣ ਲਈ ਸਿੱਖਾਂ ਵਲੋਂ ਬਚਾਓ ਦੇ ਇਸ ਹਥਿਆਰ ਦੀ ਵਰਤੋਂ ਕਰਨੀ, ਨੈਤਿਕ ਦ੍ਰਿਸ਼ਟੀ ਤੋਂ ਅਣਉਚਿਤ ਨਹੀਂ ਠਹਿਰਾਈ ਜਾ ਸਕਦੀ। ਉਨ੍ਹਾਂ ਦਰਬਾਰ ਸਾਹਿਬ 'ਤੇ ਫੌਜੀ ਹਮਲੇ ਦੀ ਸੂਰਤ ਵਿਚ ਇਸ ਸਵੈ-ਰੱਖਿਆ ਦੇ ਹਥਿਆਰ ਨੂੰ ਵਿਆਪਕ ਪੈਮਾਨੇ ਉਤੇ ਵਰਤਣ ਦਾ ਮਨ ਬਣਾ ਲਿਆ ਹੋਇਆ ਸੀ। ਉਨ੍ਹਾਂ ਸਿੱਖ ਸੰਗਤਾਂ ਨੂੰ ਇਸ ਸਬੰਧੀ ਅਗਾਊਂ ਹੀ ਸੰਕੇਤ ਦੇਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦਾ ਸਪੱਸ਼ਟ ਆਦੇਸ਼ ਸੀ ਕਿ ਦਰਬਾਰ ਸਾਹਿਬ ਦੇ ਹਮਲੇ ਦੀ ਖ਼ਬਰ ਸੁਣ ਕੇ ਅੰਮ੍ਰਿਤਸਰ ਵੱਲ ਵਹੀਰਾਂ ਘੱਤਣ ਦੀ ਕੋਈ ਲੋੜ ਨਹੀਂ, ਬਲਕਿ ਆਪੋ-ਆਪਣੇ ਥਾਵਾਂ ਤੋਂ ਨਿਸ਼ਾਨੇ ਮਿੱਥ ਕੇ ਹਮਲੇ ਕਰਨ (ਭਾਵ ਹਿੰਦੂਆਂ ਦੇ ਕਤਲ ਕਰਨ) ਤੋਂ ਨਹੀਂ ਉੱਕਣਾ।'

ਅਜਿਹਾ ਹੀ ਇਕ ਹੋਰ ਮੰਦਭਾਗਾ ਮੋੜ ਆਇਆ, ਜਦੋਂ 28 ਮਾਰਚ, 1984 ਨੂੰ ਖਾੜਕੂਆਂ ਨੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਬੰਸ ਸਿੰਘ ਮਨਚੰਦਾ ਨੂੰ ਦਿਨ-ਦਿਹਾੜੇ ਵਿਚ ਦਿੱਲੀ ਦੀ ਸੜਕ 'ਤੇ ਜਾ ਮਾਰਿਆ ਅਤੇ ਫਿਰ 3 ਅਪਰੈਲ, 1984 ਨੂੰ ਫੈਡਰੇਸ਼ਨ ਆਗੂ ਹਰਮਿੰਦਰ ਸੰਧੂ ਅਤੇ ਚੰਡੀਗੜ੍ਹ ਵਿਚ ਉਨ੍ਹਾਂ ਦੇ ਸਲਾਹਕਾਰ ਡਾ. ਭਗਵਾਨ ਸਿੰਘ ਦੀ ਪ੍ਰੇਰਨਾ 'ਤੇ ਫੈਡਰੇਸ਼ਨ ਕਾਰਕੁਨਾਂ ਨੇ ਕਾਂਗਰਸੀ ਐਮ ਪੀ ਤੇ ਪੰਜਾਬ ਹਿਤੈਸ਼ੀ ਸ੍ਰੀ ਵਿਸ਼ਵ ਨਾਥ ਤਿਵਾੜੀ ਦੀ ਦਿਨ ਦਿਹਾੜੇ ਉਸਦੇ ਘਰ ਜਾ ਕੇ ਹੱਤਿਆ ਕਰ ਦਿੱਤੀ। ਇਸਦੇ ਨਾਲ ਹੀ ਦਿੱਲੀ-ਅੰਮ੍ਰਿਤਸਰ ਵਿਚਾਲੇ ਗੱਲਬਾਤ ਦਾ ਅਜੇ ਵੀ ਕੋਈ ਸੰਭਾਵੀ ਅਸਰਦਾਰ ਚੈਨਲ ਹੋ ਸਕਦਾ ਸੀ ਤਾਂ ਉਸਦਾ ਵੀ ਭੋਗ ਪਾ ਦਿੱਤਾ ਗਿਆ। ਅਮਰੀਕਾ ਦੀ ਅਖ਼ਬਾਰ 'ਵਾਸ਼ਿੰਗਟਨ ਪੋਸਟ' ਦੇ ਪੱਤਰਕਾਰ ਵਿਲੀਅਮ ਕਲੇਬੋਰਨ ਦੀ 23 ਅਪਰੈਲ, 1984 ਦੀ ਇੱਕ ਵਿਸਤਾਰਤ ਰਿਪੋਰਟ ਅਨੁਸਾਰ 20 ਮਾਰਚ, 1984 ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 'ਤੇ ਭਾਰਤ ਸਰਕਾਰ ਵਲੋਂ ਪਾਬੰਧੀ ਲਾਏ ਜਾਣ ਤੋਂ ਬਾਅਦ ਨਵੀਂ ਅੰਡਰ ਗਰਾਊਂਡ ਖਾੜਕੂ ਜਥੇਬੰਦੀ 'ਦਸਮੇਸ਼ ਰੈਜਮੈਂਟ' ਵਲੋਂ ਐਲਾਨ ਕੀਤਾ ਗਿਆ ਸੀ ਕਿ ਉਹ ਰੋਜ਼ਾਨਾ ਇੱਕ ਰਾਜਨੀਤਕ ਜਾਂ ਕਿਸੇ ਵੀ. ਆਈ. ਪੀ. ਸ਼ਖ਼ਸੀਅਤ ਦਾ ਕਤਲ ਕਰਿਆ ਕਰਨਗੇ, ਜਦੋਂ ਤੱਕ ਫੈਡਰੇਸ਼ਨ ਤੋਂ ਬੈਨ ਨਹੀਂ ਚੁੱਕਿਆ ਜਾਵੇਗਾ ਅਤੇ ਪੰਜਾਬ ਵਿਚ ਕਾਲਜਾਂ ਦੇ ਸਾਲਾਨਾ ਪੇਪਰ ਨਹੀਂ ਹੋਣ ਦਿੱਤੇ ਜਾਣਗੇ। ਬੇਸ਼ਕ ਇਨ੍ਹਾਂ ਕਤਲਾਂ ਦੀ ਜ਼ਿੰਮੇਵਾਰੀ ਫੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਵੱਲੋਂ ਗੁਪਤ ਤੌਰ 'ਤੇ ਚਲਾਈ ਜਾ ਰਹੀ ਜਥੇਬੰਦੀ 'ਦਸਮੇਸ਼ ਰੈਜਮੈਂਟ' ਨੇ ਲੈ ਲਈ ਸੀ। ਪਰ ਫਿਰ ਵੀ ਇਨ੍ਹਾਂ ਦੋਨਾਂ ਕਤਲਾਂ ਦੀ ਜ਼ਿੰਮੇਵਾਰੀ ਵੀ ਅਕਾਲੀ ਰਹਿਬਰਾਂ ਵਲੋਂ ਏਜੰਸੀਆਂ ਸਿਰ ਪਾ ਦਿੱਤੀ ਗਈ।

ਹੁਣ ਇਸ ਸਾਰੀ ਘਟਨਾ ਦੀ ਸਚਾਈ ਵੀ ਸਾਬਕਾ ਖਾੜਕੂ ਕੁਲਜਿੰਦਰ ਸਿੰਘ ਢਿੱਲੋਂ ਨੇ ਆਪਣੀ ਇੱਕ ਇੰਟਰਵਿਊ ਵਿਚ ਜੱਗ ਜ਼ਾਹਰ ਕਰ ਦਿੱਤੀ ਹੈ।

ਸ਼ਾਂਤਮਈ ਮੋਰਚਾ ਕਿਤਨਾ ਕੁ ਸ਼ਾਂਤ ਸੀ, ਉਸਦਾ ਪਤਾ ਇੱਥੋਂ ਵੀ ਲਗਦਾ ਹੈ ਕਿ ਜਦੋਂ ਜਨਵਰੀ, 1984 ਵਿਚ ਹਰਿਮੰਦਰ ਸਾਹਿਬ ਕੰਪਲੈਕਸ ਵਿਚੋਂ 35 ਨਿਰੰਕਾਰੀ ਮਾਰਨ ਦੀ ਜ਼ਿੰਮੇਵਾਰੀ 'ਖਾੜਕੂ' ਸੁੱਖਦੇਵ ਸਿੰਘ ਬੱਬਰ ਵਲੋਂ ਆਪਣੀ ਹੱਥ ਲਿਖਤ ਕੰਧਾਂ 'ਤੇ ਲਗਾ ਕੇ ਲਈ ਸੀ। ਜਿਸ ਬਾਰੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਆਪਣੀ ਕਿਤਾਬ 'ਸੰਤ ਭਿੰਡਰਾਂਵਾਲ਼ੇ ਦੇ ਰੂ-ਬ-ਰੂ, ਜੂਨ 84 ਦੀ ਪੱਤਰਕਾਰੀ' ਦੇ ਪੰਨਾ 66-67 ਵਿਚ ਵਿਸਥਾਰ ਨਾਲ਼ ਦਿੱਤਾ ਹੈ। ਉਹ ਲਿਖਦੇ ਹਨ: 'ਇੱਕ ਦਿਨ ਫੈਡਰੇਸ਼ਨ ਨਾਲ਼ੋਂ ਟੁੱਟ ਕੇ ਬੱਬਰਾਂ ਨਾਲ਼ ਜੁੜੇ ਨੌਜਵਾਨ ਮਨਮੋਹਨ ਸਿੰਘ ਨੇ ਬੱਬਰਾਂ ਦੇ ਲੈਟਰ ਪੈਡ 'ਤੇ ਹੱਥ ਨਾਲ਼ ਲਿਖਿਆ ਨੋਟ ਦਿੱਤਾ, ਜਿਸ ਵਿਚ ਲਿਖਿਆ ਸੀ: 'ਕਈ ਵੱਡੇ-ਵੱਡੇ



ਨਿਰੰਕਾਰੀਆਂ ਦੇ ਕਤਲਾਂ ਦੀਆਂ ਵਾਰਦਾਤਾਂ ਅਸੀਂ ਕੀਤੀਆਂ ਹਨ ਅਤੇ ਉਨ੍ਹਾਂ ਦੀ ਜ਼ਿੰਮੇਵਾਰੀ ਅਸੀਂ ਲੈਂਦੇ ਹਾਂ।' ਜੇ ਅਜਿਹੀ ਜ਼ਿੰਮੇਵਾਰੀ ਖਾੜਕੂਆਂ ਖੁਦ ਨਾ ਲਈ ਹੁੰਦੀ ਤਾਂ ਸ਼ਾਇਦ ਨਿਰੰਕਾਰੀਆਂ ਦੇ ਕਤਲ ਵੀ ਏਜੰਸੀਆਂ ਸਿਰ ਹੀ ਮੜ੍ਹੇ ਜਾਣੇ ਸਨ? ਗੱਲ ਇੱਥੇ ਹੀ ਨਹੀਂ ਰੁਕੀ ਸੀ, ਉਸ ਤੋਂ ਬਾਅਦ ਸੈਂਕੜੇ ਨਿਰੰਕਾਰੀ (ਸ਼ਾਇਦ 500 ਤੋਂ ਵੱਧ) ਖਾੜਕੂਆਂ ਦੀਆਂ ਗੋਲ਼ੀਆਂ ਦਾ ਸ਼ਿਕਾਰ ਹੋਏ ਸਨ। ਬੇਸ਼ੱਕ ਅੰਦਰ ਬੈਠੇ ਖਾੜਕੂਆਂ ਵਲੋਂ ਅਜਿਹੀ ਜ਼ਿੰਮੇਵਾਰੀ ਲੈਣੀ, ਇਕ ਅਹਿਮ ਘਟਨਾ ਸੀ, ਪਰ ਜਸਪਾਲ ਸਿੰਘ ਸਿੱਧੂ ਨੇ ਖਾੜਕੂਆਂ ਦੇ ਬਚਾਅ ਵਾਲ਼ੇ ਪੈਂਤੜੇ ਤੋਂ ਇਸਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਸੀ ਤੇ ਕੁਝ ਦਿਨ ਖ਼ਬਰ ਆਪਣੇ ਕੋਲ਼ ਹੀ ਰੱਖ ਛੱਡੀ ਸੀ। ਜਿਸਨੂੰ ਬਾਅਦ ਵਿਚ ਬੱਬਰਾਂ ਨੇ ਦਬਾਅ ਪਾ ਕੇ ਲਵਾਇਆ ਸੀ। ਸ. ਜਸਪਾਲ ਸਿੰਘ ਸਿੱਧੂ ਅਨੁਸਾਰ ਸ਼ਾਇਦ ਬੱਬਰਾਂ ਨੇ ਜ਼ਿੰਮੇਵਾਰੀ ਸੰਤ ਭਿੰਡਰਾਂਵਾਲ਼ਿਆਂ ਦੇ ਖਾੜਕੂਆਂ ਮੁਕਾਬਲੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਵਾਸਤੇ ਲਈ ਸੀ। ਇਸ ਖ਼ਬਰ ਤੋਂ ਬਾਅਦ ਸੰਤ ਲੌਂਗੋਵਾਲ਼ ਧੜਾ ਖੁਸ਼ ਸੀ, (ਸੰਤ ਲੌਂਗੋਵਾਲ਼ ਧੜੇ ਵਲੋਂ ਸੰਤ ਭਿੰਡਰਾਂਵਾਲ਼ਿਆਂ ਦੇ ਮੁਕਾਬਲੇ ਦਰਬਾਰ ਸਾਹਿਬ ਅੰਦਰ ਬੱਬਰ ਖਾਲਸਾ ਦੇ ਖਾੜਕੂਆਂ ਦੀ ਪੁਸ਼ਤ-ਪਨਾਹੀ ਕੀਤੀ ਜਾਂਦੀ ਸੀ) ਕਿਉਂਕਿ ਬੱਬਰ ਆਮ ਹੀ ਇਹ ਕਹਿ ਰਹੇ ਸਨ ਕਿ ਐਕਸ਼ਨ ਤਾਂ ਅਸੀਂ ਕਰ ਰਹੇ ਹਾਂ ਤੇ ਭਿੰਡਰਾਂਵਾਲ਼ਾ ਐਵੇਂ ਹੀਰੋ ਬਣ ਰਿਹਾ ਹੈ। ਇਸੇ ਕਿਤਾਬ ਅਨੁਸਾਰ ਇਹ ਖ਼ਬਰ ਛਪਣ ਤੋਂ ਬਾਅਦ ਸਾਰੇ ਦੇਸ਼ ਵਿਚ ਹੰਗਾਮਾ ਮਚ ਗਿਆ ਸੀ ਤੇ ਮੀਡੀਆ ਰਾਹੀਂ ਸਰਕਾਰ 'ਤੇ ਦਬਾਅ ਬਣ ਰਿਹਾ ਸੀ ਕਿ ਸਰਕਾਰ ਦਰਬਾਰ ਸਾਹਿਬ ਵਿਚੋਂ ਅੱਤਵਾਦੀਆਂ ਨੂੰ ਬਾਹਰ ਕੱਢ ਕੇ ਸ਼ਾਂਤੀ ਬਹਾਲ ਕਰੇ।

ਮੋਰਚੇ ਵਿਚ ਸੰਭਲਣ ਦਾ ਸ਼ਾਇਦ ਆਖਰੀ ਮੌਕਾ ਉਦੋਂ ਆਇਆ, ਜਦੋਂ ਸੀ ਆਰ ਪੀ ਐਫ ਨੇ ਕੋਤਵਾਲ਼ੀ ਕੋਲ਼ ਕਾਰ-ਸੇਵਾ ਵਾਲ਼ੇ ਅਨਾਜ ਦੇ ਟਰੱਕਾਂ ਦੀ ਆੜ ਵਿਚ ਅੰਦਰ ਜਾ ਰਹੇ ਅਸਲੇ ਦੇ ਟਰੱਕ ਨੂੰ ਰੋਕਿਆ। ਪਰ ਅੰਦਰ ਬੈਠੀਆਂ ਖਾੜਕੂ ਧਿਰਾਂ ਨੇ ਧਮਕੀ ਦੇ ਕੇ ਉਸ ਟਰੱਕ ਨੂੰ ਛੁਡਵਾ ਲਿਆ ਸੀ। ਅਜਿਹੇ ਮਾਹੌਲ ਵਿਚ ਕੀ ਉਦੋਂ ਦੇ ਸਿੱਖ ਚਿੰਤਕਾਂ ਦਲਬੀਰ ਸਿੰਘ, ਗੁਰਤੇਜ ਸਿੰਘ ਵਰਗਿਆਂ ਜਾਂ ਜਥੇਦਾਰ ਟੌਹੜਾ ਤੇ ਸ. ਬਾਦਲ ਵਰਗੇ ਆਗੂਆਂ ਨੂੰ ਚੌਕਸ ਨਹੀਂ ਹੋਣਾ ਚਾਹੀਦਾ ਸੀ? ਸੰਤਾਂ ਦੇ ਸਲਾਹਕਾਰ ਦੱਸਣ ਵਾਲ਼ੇ ਸ. ਗੁਰਤੇਜ ਸਿੰਘ ਅਜੇ ਵੀ ਉਨ੍ਹਾਂ ਹਥਿਆਰਾਂ ਦਾ ਭਾਂਡਾ ਮੇਜਰ ਜਨਰਲ ਜਸਵੰਤ ਸਿੰਘ ਭੁੱਲਰ ਨੂੰ ਰਾਅ ਦਾ ਏਜੰਟ ਦੱਸ ਕੇ ਏਜੰਸੀਆਂ ਸਿਰ ਭੰਨੀ ਜਾਂਦੇ ਹਨ। ਕੀ ਇਸਦਾ ਮਤਲਬ ਇਹ ਨਹੀਂ ਬਣਦਾ ਕਿ ਰਾਅ ਦੇ ਏਜੰਟ ਭੁੱਲਰ ਵਲੋਂ ਦਰਬਾਰ ਸਾਹਿਬ ਭੇਜੇ ਹਥਿਆਰਾਂ ਦੇ ਟਰੱਕਾਂ ਨਾਲ਼ ਮੋਰਚੇਬੰਦੀ ਕਰਕੇ ਹੀ ਸੰਤ ਭਿੰਡਰਾਂਵਾਲ਼ਿਆਂ ਤੇ ਜਨਰਲ ਸ਼ੁਬੇਗ ਸਿੰਘ ਨੇ ਭਾਰਤੀ ਫੌਜ ਨਾਲ਼ ਲੜਾਈ ਲੜੀ? ਮੰਨ ਲਓ ਕੰਪਲੈਕਸ ਅੰਦਰ ਹਥਿਆਰ ਏਜੰਸੀਆਂ ਹੀ ਭੇਜ ਰਹੀਆਂ ਸਨ ਤਾਂ ਰੌਲਾ ਪੈਣ ਤੋਂ ਬਾਅਦ ਵੀ ਅੰਦਰ ਬੈਠੇ, ਨੇਤਾਵਾਂ ਨੇ ਹਥਿਆਰ ਕਿਉਂ ਸਵੀਕਾਰ ਕੀਤੇ? ਸਗੋਂ ਉਨ੍ਹਾਂ ਤਾਂ ਹਥਿਆਰ ਅੰਦਰ ਨਾ ਆਉਣ ਦੀ ਸੂਰਤ ਵਿਚ ਸਰਕਾਰ ਨੂੰ ਕਿਸੇ ਵੱਡੀ ਕਾਰਵਾਈ ਦੀ ਧਮਕੀ ਵੀ ਦੇ ਦਿੱਤੀ ਸੀ। ਸ. ਗੁਰਤੇਜ ਸਿੰਘ ਸਮੇਤ ਕਦੇ ਕਿਸੇ ਵਿਦਵਾਨ ਨੇ ਇਸ ਗੱਲ ਦਾ ਵੀ ਕਦੇ ਜਵਾਬ ਨਹੀਂ ਦਿੱਤਾ? ਜੇ ਇੰਦਰਾ ਸਰਕਾਰ ਸਿੱਖਾਂ ਨਾਲ਼ ਗੇਮ ਵੀ ਖੇਡ ਰਹੀ ਸੀ ਤਾਂ ਅਸੀਂ ਹਥਿਆਰ ਕਿਉਂ ਲਏ? ਕੀ ਉਹ ਹਥਿਆਰ ਵਾਪਸ ਭੇਜ ਕੇ ਏਜੰਸੀਆਂ ਦੀ ਚਾਲ ਨੂੰ ਸ਼ਰੇਆਮ ਬੇਨਕਾਬ ਨਹੀਂ ਕੀਤਾ ਜਾਣਾ ਚਾਹੀਦਾ ਸੀ? ਕੀ ਧਰਮ ਯੁੱਧ ਮੋਰਚੇ ਦੇ ਡਿਕਟੇਟਰ ਸੰਤ ਲੌਂਗੋਵਾਲ਼ ਜਾਂ ਸ੍ਰੀ ਹਰਿਮੰਦਰ ਕੰਪਲੈਕਸ ਦੇ ਕਸਟੋਡੀਅਨ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਟੌਹੜਾ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਕਹਾਣੀ ਕਿਸ ਤਰ੍ਹਾਂ ਆਪ ਮੁਹਾਰੇ ਦੁਖਾਂਤਕ ਮੋੜ ਵੱਲ ਭੱਜੀ ਜਾ ਰਹੀ ਸੀ? ਉਹ ਆਪਣੇ ਸਾਹਮਣੇ ਸਭ ਕੁਝ ਹੁੰਦਾ ਦੇਖ ਕੇ ਮੂਕ ਦਰਸ਼ਕ ਕਿਉਂ ਬਣੇ ਰਹੇ? ਕੀ ਉਹ ਬੰਦੂਕਾਂ ਵਾਲ਼ੀ ਧਿਰ ਤੋਂ ਇੰਨਾ ਡਰ ਤੇ ਸਹਿਮ ਗਏ ਸਨ ਕਿ ਉਨ੍ਹਾਂ ਬਿੱਲੀ ਵਲੋਂ ਕਬੂਤਰ ਅੱਗੇ ਅੱਖ ਮੀਟ ਕੇ ਵਕਤ ਟਪਾਉਣ ਦੀ ਨੀਤੀ ਅਪਨਾ ਲਈ ਸੀ? ਕੀ ਉਨ੍ਹਾਂ ਇਹ ਸੋਚ ਲਿਆ ਸੀ ਕਿ ਸਥਿਤੀ ਹੁਣ ਉਨ੍ਹਾਂ ਦੇ ਕੰਟਰੋਲ ਵਿਚ ਨਹੀਂ ਸੀ ਤੇ ਜੋ ਹੋਵੇਗਾ, ਦੇਖੀ ਜਾਵੇਗੀ? ਦਰਬਾਰ ਸਾਹਿਬ ਅੰਦਰ ਇੰਨੀ ਵੱਡੀ ਮਾਤਰਾ ਵਿਚ ਹਥਿਆਰ ਕਿਵੇਂ ਆਏ ਬਾਰੇ ਪਾਠਕ ਵਿਸਥਾਰ ਵਿਚ ਪੱਤਰਕਾਰ ਕੰਵਰ ਸੰਧੂ ਵਲੋਂ 'ਡੇਅ ਐਂਡ ਨਾਈਟ ਨਿਊਜ਼ ਚੈਨਲ' 'ਤੇ ਜੂਨ, 2013 ਵਿਚ 8 ਭਾਗਾਂ ਦੀ ਬਣਾਈ ਡਾਕੂਮੈਂਟਰੀ ਫਿਲਮ 'ਓਪਰੇਸ਼ਨ ਬਲਿਊ ਸਟਾਰ-ਦੀ ਅਨਟੋਲਡ ਸਟੋਰੀ' ਦੇ ਭਾਗ-1 ਵਿਚ ਦੇਖ ਸਕਦੇ ਹਨ। (Video link to view: https://www.youtube.com/watch?v=eu3UYjolyuM&t=286s)

ਦਰਅਸਲ ਉਸ ਸਮੇਂ ਕੰਪਲੈਕਸ ਅੰਦਰ ਸਥਿਤੀ ਕਿਸ ਕਿਸਮ ਦੀ ਬਣੀ ਹੋਈ ਸੀ। ਉਸਦਾ ਪਤਾ ਉਪਰ ਦੱਸੀਆਂ ਘਟਨਾਵਾਂ ਤੋਂ ਜੇਕਰ ਪੂਰੀ ਤਰ੍ਹਾਂ ਨਹੀਂ ਲੱਗਦਾ ਤਾਂ ਹਰਮਿੰਦਰ ਸਿੰਘ ਸੰਧੂ ਦੇ ਕਥਿਤ ਸਾਥੀ ਸੁਖਵਿੰਦਰ ਸਿੰਘ ਕਾਕਾ ਵਲੋਂ ਸੁਖਨੈਬ ਸਿੱਧੂ ਨਾਲ ਯੂ ਟਿਊਬ ਚੈਨਲ 'ਪੀ ਐਨ ਓ ਮੀਡੀਆ ਗਰੁੱਪ' ਉਪਰ 2-3 ਸਾਲ ਪਹਿਲਾਂ ਕੀਤੇ ਪ੍ਰਗਟਾਵਿਆਂ ਨੂੰ ਸੁਣ ਲਿਆ ਜਾਣਾ ਚਾਹੀਦਾ ਹੈ। ਫੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਦੇ ਜੇਲ੍ਹ ਵਿਚੋਂ ਬਾਹਰ ਆਉਣ ਤੋਂ ਬਾਅਦ ਵੀ ਸੁਖਵਿੰਦਰ ਕਾਕਾ ਉਸਦੇ ਨਾਲ ਰਿਹਾ ਸੀ। ਕਾਕੇ ਦੇ ਦੱਸਣ ਅਨੁਸਾਰ ਸੰਧੂ ਨੇ ਦਸੰਬਰ, 1989 ਵਿਚ ਜੇਲ੍ਹ ਤੋਂ ਬਾਹਰ ਆਉਂਦਿਆਂ ਹੀ ਉਘੀ ਗਾਇਕਾ ਲਤਾ ਮੰਗੇਸ਼ਕਰ ਨੂੰ ਕਿਡਨੈਪ ਕਰ ਕੇ ਜ਼ਿੰਦਾ-ਸੁੱਖਾ ਨੂੰ ਛੁਡਾਉਣ ਲਈ ਉਸਦੀ ਜ਼ਿੰਮੇਵਾਰੀ ਲਾਈ ਸੀ। ਸੰਧੂ ਦਾ ਖਾੜਕੂਆਂ ਵਲੋਂ ਕਤਲ ਕਰਨ ਅਤੇ ਕਾਕੇ ਦੇ ਕਿਸੇ ਹਿੰਦੂ ਦੋਸਤ ਦੇ ਪਰਿਵਾਰ ਦੀਆਂ ਕੀਤੀਆਂ ਹੱਤਿਆਵਾਂ ਨੇ ਉਸਦਾ ਮਨ ਲਹਿਰ ਤੋਂ ਖੱਟਾ ਕਰ ਦਿੱਤਾ ਸੀ। ਫਿਰ ਉਸਨੇ ਪੁਲਿਸ ਨਾਲ਼ ਰਲ਼ ਕੇ ਖਾੜਕੂਆਂ ਦੇ ਖਾਤਮੇ ਲਈ ਹੀ ਹਥਿਆਰ ਚੁੱਕ ਲਏ। ਜਿਸ ਕਿਸਮ ਦੀਆਂ ਗਵਾਹੀਆਂ ਸਾਬਕਾ ਖਾੜਕੂ ਸੁਖਵਿੰਦਰ ਸਿੰਘ ਕਾਕਾ ਤੇ ਕੁਲਜਿੰਦਰ ਸਿੰਘ ਢਿੱਲੋਂ ਕੰਪਲੈਕਸ ਅੰਦਰਲੇ ਹਾਲਾਤਾਂ ਬਾਰੇ ਦੇ ਰਹੇ ਹਨ, ਉਹ ਸਾਰੇ ਹਾਲਾਤ ਉਥੇ ਬੈਠੇ ਦਲਬੀਰ ਸਿੰਘ, ਜਗਤਾਰ ਸਿੰਘ, ਜਸਪਾਲ ਸਿੰਘ ਸਿੱਧੂ ਜਾਂ ਮਹਿੰਦਰ ਸਿੰਘ ਹੋਰਾਂ ਵਰਗੇ ਸੁਘੜ ਪੱਤਰਕਾਰਾਂ ਨੂੰ ਨਜ਼ਰ ਕਿਉਂ ਨਾ ਆਏ? ਇਹ ਸਵਾਲ ਤਾਂ ਇਨ੍ਹਾਂ ਨੂੰ ਪੁੱਛਿਆ ਹੀ ਜਾ ਸਕਦਾ ਹੈ ਕਿ ਉਨ੍ਹਾਂ ਨੇ ਅਜਿਹੀਆਂ ਘਟਨਾਵਾਂ ਤੇ ਕੰਪਲੈਕਸ ਅੰਦਰਲੇ ਹਾਲਾਤਾਂ ਬਾਰੇ ਸੱਚ ਦੁਨੀਆ ਸਾਹਮਣੇ ਕਿਉਂ ਨਾ ਲਿਆਂਦਾ? (ਪਾਠਕਾਂ ਦੀ ਵਧੇਰੇ ਜਾਣਕਾਰੀ ਲਈ ਕੁਲਜਿੰਦਰ ਸਿੰਘ ਢਿੱਲੋਂ ਤੇ ਸੁੱਖਵਿੰਦਰ ਸਿੰਘ ਕਾਕਾ ਦੀਆਂ ਇੰਟਰਵਿਊ ਦੇ ਵੀਡੀਓ ਲਿੰਕ ਸ਼ੇਅਰ ਕਰ ਰਹੇ ਹਾਂ: **(https://www.youtube.com/watch?v=Y9z8P3Dj0UQ and https://www.youtube.com/watch?v=_BvRyMwPGOQ)**

ਇੱਥੇ ਇੱਕ ਵਾਰ ਫਿਰ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪੰਨਾ 384-385 ਦਾ ਹਵਾਲਾ ਸਥਿਤੀ ਨੂੰ ਸਪੱਸ਼ਟ ਕਰਨ ਲਈ ਸਾਰਥਕ ਹੋਵੇਗਾ: 'ਅਕਾਲੀਆਂ ਨੇ ਕੇਂਦਰ ਸਰਕਾਰ ਨਾਲ਼ ਸਮਝੌਤਾ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਇਸ ਲਈ ਉਨ੍ਹਾਂ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਪਰ ਇੰਦਰਾ ਗਾਂਧੀ ਬੜੇ ਬੇਹੂਦਾ ਢੰਗ ਨਾਲ਼ ਆਖਰੀ ਮੌਕੇ ਮੁੱਕਰ ਜਾਂਦੀ ਸੀ। ਉਹ ਆਪਣੀ ਸੋਚੀ-ਸਮਝੀ ਰਣਨੀਤੀ ਤਹਿਤ ਫਿਰਕੂ ਖੇਡ, ਖੇਡ ਰਹੀ ਸੀ। ਉਹ ਅੱਤਵਾਦ ਤੇ ਹਿੰਸਾ (ਸਿੱਖ ਖਾੜਕੂਆਂ ਦੀ) ਨੂੰ ਸ਼ਹਿ ਦੇ ਕੇ ਦੇਸ਼ ਭਰ ਵਿਚ ਬਹੁ-ਗਿਣਤੀ ਦੀ ਵਾਹ-ਵਾਹ ਖੱਟ ਕੇ 1972 ਦੀ ਚੋਣ ਵਾਂਗ 1985 ਵਿਚ ਨਵਾਂ ਇਤਿਹਾਸ ਸਿਰਜਣਾ ਚਾਹੁੰਦੀ ਸੀ। ਉਹ ਗਿਣ-ਮਿਥ ਕੇ ਆਪਣੇ ਨਿਸ਼ਾਨੇ ਵੱਲ ਵਧ ਰਹੀ ਸੀ...। ਸਿੱਖ ਸੰਘਰਸ਼ ਅੰਦਰਲੀ ਗਰਮ ਖਿਆਲੀ ਧਿਰ ਨੂੰ ਇੱਕ ਖਾਸ ਹੱਦ ਤੱਕ ਤਕੜਾਈ ਹਾਸਿਲ ਕਰ ਲੈਣ ਦੀ ਸੰਕੋਚਵੀਂ ਛੋਟ ਦੇਈ ਰੱਖਣੀ ਇੰਦਰਾ ਦੇ ਫਿਰਕੂ ਮਨੋਰਥਾਂ ਦੇ ਪੂਰੀ ਤਰ੍ਹਾਂ ਸੂਤ ਬੈਠਦਾ ਸੀ। ਸਿੱਖ ਨੌਜਵਾਨਾਂ ਦੀਆਂ ਖਾੜਕੂ ਕਾਰਵਾਈਆਂ ਨਾਲ਼ੋਂ ਵੀ ਵਧ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੇ ਗਰਮਾਇਸ਼ ਉਪਜਾਉਂਦੇ ਬਿਆਨ ਤੇ ਭਾਸ਼ਣ ਹਿੰਦੂ ਜਨਤਾ ਦੇ ਮਨਾਂ 'ਤੇ ਠੀਕ ਉਹੀ ਅਸਰ ਛੱਡ ਰਹੇ ਸਨ, ਜਿਸਦੀ ਇੰਦਰਾ ਗਾਂਧੀ ਨੂੰ ਲੋੜ ਸੀ।' ਇਸੇ ਕਿਤਾਬ ਦੇ ਪੰਨਾ 389 ਅਨੁਸਾਰ ਸੰਤ ਭਿੰਡਰਾਂਵਾਲ਼ਿਆਂ ਦੇ ਬਿਆਨ: 'ਇੱਕ-ਇੱਕ ਸਿੱਖ ਨੂੰ ਸਿਰਫ 35-35 ਹਿੰਦੂ ਆਉਂਦੇ ਹਨ', ਇਸ ਤੋਂ ਇੱਕ ਵੀ ਵੱਧ ਨਹੀਂ' ਨਾਲ਼ ਦੇਸ਼ ਭਰ ਵਿਚ ਹਿੰਦੂਵਾਦੀ ਤਾਕਤਾਂ ਅੱਗ ਬਬੂਲਾ ਹੋ ਗਈਆਂ ਸਨ। ਦੇਸ਼-ਵਿਦੇਸ਼ ਦੀ ਹਿੰਦੂ ਪ੍ਰੈਸ ਨੇ ਸੰਤ ਦੇ ਇਸ ਬਿਆਨ ਨੂੰ ਉਸਦੀ ਹਿੰਦੂ ਭਾਈਚਾਰੇ ਪ੍ਰਤੀ 'ਅੰਨ੍ਹੀ ਫਿਰਕੂ ਨਫਰਤ' ਪਾਲਣ ਦਾ ਦੋਸ਼ੀ ਗਰਦਾਨਿਆ। ਦੇਸ਼ ਭਰ ਵਿਚ ਹਿੰਦੂ ਭਾਈਚਾਰੇ ਅੰਦਰ ਸੰਤ ਭਿੰਡਰਾਂਵਾਲ਼ੇ ਖ਼ਿਲਾਫ ਅਤੇ ਉਸਦੇ ਬਹਾਨੇ ਸਮੁੱਚੇ ਸਿੱਖ ਭਾਈਚਾਰੇ ਖ਼ਿਲਾਫ ਫਿਰਕੂ ਨਫਰਤ ਭਰਨ ਦੇ ਯਤਨ ਹੋਰ ਤੇਜ਼ ਹੋ ਗਏ।' ਜਦੋਂ ਅਸੀਂ ਕਹਿੰਦੇ ਹਾਂ ਕਿ ਜੂਨ ਚੁਰਾਸੀ ਦੇ ਹਮਲੇ ਵੇਲੇ ਹਿੰਦੂਆਂ ਨੇ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਨਹੀਂ ਮਾਰਿਆ ਜਾਂ ਨਵੰਬਰ ਚੁਰਾਸੀ ਦਾ ਸਿੱਖ ਕਤਲੇਆਮ ਕਿਉਂ ਹੋਇਆ ਤਾਂ ਅਜਮੇਰ ਸਿੰਘ ਹੋਰਾਂ ਦਾ ਵਿਸ਼ਲੇਸ਼ਣ ਬਿਲਕੁਲ ਦਰੁਸਤ ਜਾਪਦਾ ਹੈ ਕਿ ਪੰਜਾਬ ਵਿਚ 1982-84 ਤੱਕ ਫੈਲਾਈ ਗਈ ਹਿੰਸਾ ਨਾਲ਼ ਬਹੁ-ਗਿਣਤੀ ਹਿੰਦੂ ਭਾਈਚਾਰੇ ਵਿਚ ਸਿੱਖਾਂ ਪ੍ਰਤੀ ਫਿਰਕੂ ਨਫਰਤ ਭਰੀ ਜਾ ਚੁੱਕੀ ਸੀ। ਸ਼ਾਇਦ ਅਜਿਹੀ ਫਿਰਕੂ ਨਫਰਤ ਵੀ ਨਵੰਬਰ, 1984 ਦੇ ਸਿੱਖ ਕਤਲੇਆਮ ਦਾ ਇੱਕ ਕਾਰਨ ਬਣੀ? ਸਵਾਲ ਤਾਂ ਇਹ ਹੈ ਕਿ ਅਜਿਹਾ ਸਭ ਕੁਝ ਸਭ ਦੇ ਸਾਹਮਣੇ ਵਾਪਰ ਰਿਹਾ ਸੀ ਤਾਂ ਸਿੱਖ ਲੀਡਰਸ਼ਿਪ, ਸਿੱਖ ਵਿਦਵਾਨ, ਪੱਤਰਕਾਰ ਵਕਤ ਸਿਰ ਫੈਸਲੇ ਕਿਉਂ ਨਾ ਲੈ ਸਕੇ?

ਜਿਸ ਤਰ੍ਹਾਂ ਉਪਰ ਗੁਰਬਚਨ ਸਿੰਘ ਜੀ ਦੀ ਫੇਸਬੁੱਕ ਪੋਸਟ 'ਕਾਮਰੇਡਾਂ ਵਲੋਂ ਸਰਕਾਰੀ ਹਥਿਆਰਾਂ ਦੀ ਮੰਗ' ਸਾਂਝੀ ਕੀਤੀ ਸੀ, ਜਿਸ ਵਿਚ ਉਹ ਕਹਿੰਦੇ ਹਨ ਕਿ ਉਗਰਾਹਾਂ ਗਰੁੱਪ ਦੇ ਜੋਗਿੰਦਰ ਸਿੰਘ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਆਲੋਚਨਾ ਕਰਨ ਕਰਕੇ, ਹੁਣ ਉਨ੍ਹਾਂ ਨੂੰ ਡਰਦਿਆਂ ਸਰਕਾਰ ਤੋਂ ਹਥਿਆਰਾਂ ਦੀ ਮੰਗ ਕਰਨੀ ਪਈ।

(ਬਾਕੀ ਅਗਲੇ ਸਫੇ 'ਤੇ)

***ਸਮਝ ਨਹੀਂ ਆਉਂਦੀ ਕਿ ਸ. ਗੁਰਬਚਨ ਸਿੰਘ ਤੇ ਉਨ੍ਹਾਂ ਦਾ ਪੁਰਾਣਾ ਸਾਥੀ ਸ. ਅਜਮੇਰ ਸਿੰਘ, ਕਾਮਰੇਡ ਉਗਰਾਹਾਂ ਤੇ ਉਸਦੀ ਜਥੇਬੰਦੀ ਤੋਂ ਇਤਨੇ ਤਪੇ ਹੋਏ ਕਿਉਂ ਹਨ? ਦਿੱਲੀ ਦੀਆਂ ਬਰੂਹਾਂ 'ਤੇ ਚੱਲਿਆ ਕਿਸਾਨ ਮੋਰਚਾ ਆਪਣੇ ਜ਼ਾਬਤੇ ਤੇ ਸਫਲਤਾ ਲਈ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਬਣਿਆ ਰਿਹਾ। ਨੋਇਮ ਚੋਮੈਸਕੀ ਵਰਗੇ ਵਿਸ਼ਵ ਪ੍ਰਸਿੱਧ ਸਥਾਪਤੀ ਵਿਰੋਧੀ ਅਤੇ ਲੋਕ-ਪੱਖੀ ਅਨੇਕਾਂ ਚਿੰਤਕਾਂ ਨੇ ਉਸਨੂੰ ਸਲਾਹਿਆ, ਕਿਸਾਨ ਨੇਤਾਵਾਂ ਦੀ ਹਮਾਇਤ ਕੀਤੀ ਅਤੇ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ ਨੂੰ ਇਸ ਤੋਂ ਸਬਕ ਸਿੱਖਣ ਦੀਆਂ ਸਲਾਹਾਂ ਦਿੱਤੀਆਂ। ਉਸ ਮੋਰਚੇ ਦੇ ਇੱਕ ਮੁਹਾਜ 'ਤੇ 32 ਕਿਸਾਨ ਜਥੇਬੰਦੀਆਂ ਅਤੇ ਦੂਜੇ ਪਾਸੇ ਉਗਰਾਹਾਂ ਜਥੇਬੰਦੀ ਨੇ ਕੱਲਿਆਂ ਹੀ ਮੈਦਾਨ ਮੱਲੀ ਰੱਖਿਆ। ਉਗਰਾਹਾਂ ਮੁਹਾਜ 'ਤੇ ਅੰਦੋਲਨਕਾਰੀਆਂ ਦਾ ਜ਼ਾਬਤਾ ਤੇ ਸ਼ਾਂਤਮਈ ਸੰਘਰਸ਼ ਅਜਿਹਾ ਕਮਾਲ ਦਾ ਸੀ ਕਿ ਮਹਾਤਮਾ ਗਾਂਧੀ ਵੀ ਦੇਖ ਕੇ ਧੰਨ ਹੋ ਜਾਂਦਾ?***

*(ਪਿਛਲੇ ਸਫੇ ਦਾ ਬਾਕੀ)*

ਸਮਝ ਨਹੀਂ ਆਈ ਕਿ ਉਹ ਅਜਿਹੀ ਪੋਸਟ ਰਾਹੀਂ ਕਹਿਣਾ ਕੀ ਚਾਹੁੰਦੇ ਹਨ? ਕੀ ਉਹ ਇਹ ਕਹਿਣਾ ਚਾਹੁੰਦੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਆਲੋਚਨਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ? ਕੀ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਹੁਣ ਪੰਜਾਬ ਵਿਚ ਧਮਕੀਆਂ ਦਾ ਦੌਰ ਦੁਬਾਰਾ ਸ਼ੁਰੂ ਹੋਣ ਜਾ ਰਿਹਾ ਹੈ ਤੇ ਲੋਕਾਂ ਦੇ ਬੋਲਣ 'ਤੇ ਪਾਬੰਧੀ ਲਗਾਈ ਜਾ ਰਹੀ ਹੈ? ਨਹੀਂ ਤਾਂ ਸਰਦਾਰ ਸਾਹਿਬ ਦਾ ਇਹ ਕਹਿਣਾ ਕਿ 'ਇਹ ਖਤਰਾ ਉਨ੍ਹਾਂ ਦਾ ਆਪ ਸਹੇੜਿਆ ਹੈ', ਤੋਂ ਕੀ ਭਾਵ ਹੈ? ਗੁਰਬਚਨ ਸਿੰਘ ਆਪਣੀਆਂ ਪੁਸਤਕਾਂ ਤੇ ਪ੍ਰਵਚਨਾਂ ਵਿਚ ਗੁਰਬਾਣੀ ਦੀ ਪ੍ਰਭਾਵਸ਼ਾਲੀ ਵਿਆਖਿਆ ਕਰਦਿਆਂ, ਅਕਸਰ ਸਿੱਖਾਂ ਲਈ 'ਹਲੇਮੀ ਰਾਜ', 'ਬੇਗਮਪੁਰਾ' ਆਦਿ ਦੇ ਸੁਪਨੇ ਸਿਰਜਦੇ ਹਨ। ਉਨ੍ਹਾਂ ਅਨੁਸਾਰ 'ਖਾਲਸਾ ਰਾਜ' ਦੁਨੀਆ ਦਾ ਅਨੋਖਾ ਰਾਜ ਹੋਵੇਗਾ? ਕੀ ਇਸ ਅਨੋਖੇ ਰਾਜ ਵਿਚ ਹਰ ਵਿਰੋਧੀ ਅਵਾਜ਼ ਨੂੰ ਇਸੇ ਤਰ੍ਹਾਂ ਧਮਕੀਆਂ ਨਾਲ ਦਬਾਇਆ ਜਾਇਆ ਕਰੇਗਾ? ਇਸੇ ਤਰ੍ਹਾਂ ਗੁਰਬਚਨ ਸਿੰਘ ਦੇ ਪੁਰਾਣੇ ਸਾਥੀ ਅਜਮੇਰ ਸਿੰਘ ਵਲੋਂ ਵੀ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ 84 ਦੇ ਦੌਰ ਵਿਚ ਖਾੜਕੂ ਰਹੇ ਭਾਈ ਰਣਜੀਤ ਸਿੰਘ ਕੁੱਕੀ ਬਾਰੇ ਕਿਹਾ ਗਿਆ ਸੀ: 'ਦੇਖਿਓ ਹੁਣ ਏਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵੀ ਆਲੋਚਨਾ ਕਰੇਗਾ?' ਰਣਜੀਤ ਸਿੰਘ ਕੁੱਕੀ ਨੇ ਜੂਨ, 84 ਦੇ ਹਮਲੇ ਤੋਂ ਬਾਅਦ ਖਾੜਕੂ ਮੂਵਮੈਂਟ ਵਿਚ ਹਿੱਸਾ ਲੈਂਦਿਆਂ 17 ਵਰ੍ਹੇ ਦੇਸ਼-ਵਿਦੇਸ਼ ਦੀਆਂ ਜੇਲ੍ਹਾਂ ਵਿਚ ਬਿਤਾਏ ਸਨ। ਉਨ੍ਹਾਂ ਸੰਘਰਸ਼ ਦੇ ਆਪਣੇ ਲੰਮੇ ਤਜਰਬੇ ਦੇ ਆਧਾਰ 'ਤੇ ਇੰਨਾ ਹੀ ਕਿਹਾ ਸੀ ਕਿ ਭਾਈ ਅੰਮ੍ਰਿਤਪਾਲ ਸਿੰਘ ਜ਼ਰਾ ਠਰੰਮੇ ਨਾਲ ਚੱਲੇ। ਸਿੱਖ ਭਾਈਚਾਰੇ ਨੂੰ ਕਿਸੇ ਨਵੀਂ ਸਾੜ੍ਹਸਤੀ ਵੱਲ ਨਾ ਧੱਕ ਦੇਵੇ। ਕੀ ਸਿੱਖ ਕੌਮ ਲਈ ਕੁਰਬਾਨੀ ਕਰਨ ਵਾਲੇ ਅਜਿਹੇ ਵਿਅਕਤੀ ਨੂੰ ਵੀ ਆਪਣੀ ਸਮਝ ਅਨੁਸਾਰ ਆਲੋਚਨਾ ਕਰਨ ਦਾ ਹੱਕ ਨਹੀਂ? ਕੀ ਬੀਤੇ ਦੀਆਂ ਗਲਤੀਆਂ ਤੋਂ ਸਬਕ ਲੈਣਾ, ਕੌਮ ਨਾਲ ਗਦਾਰੀ ਹੁੰਦੀ ਹੈ? ਕੀ ਸ. ਅਜਮੇਰ ਸਿੰਘ ਸ. ਕੁੱਕੀ ਰਾਹੀਂ ਸਿੱਖਾਂ ਨੂੰ ਸੁਨੇਹਾ ਦੇਣਾ ਚਾਹੁੰਦੇ ਹਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਆਲੋਚਨਾ ਤੋਂ ਉਪਰ ਹਨ? ਕੀ ਉਨ੍ਹਾਂ ਦੀ ਮੂਵਮੈਂਟ ਦਾ ਵਿਸ਼ਲੇਸ਼ਣ ਨਹੀਂ ਹੋ ਸਕਦਾ?

ਗੁਰਬਚਨ ਸਿੰਘ ਨੂੰ ਇਤਰਾਜ਼ ਹੈ ਕਿ ਕਾਮਰੇਡਾਂ ਨੇ ਸੰਤ ਜੀ ਨਾਲ ਸੰਵਾਦ ਨਹੀਂ ਰਚਾਇਆ, ਸਗੋਂ ਸਰਕਾਰੀ ਪੈਂਤੜੇ ਤੋਂ ਉਨ੍ਹਾਂ ਦਾ ਵਿਰੋਧ ਕੀਤਾ? 'ਧਰਮ ਯੁੱਧ ਮੋਰਚੇ' ਵਿਚ ਵਾਪਰੀਆਂ ਕੁਝ ਅਹਿਮ ਘਟਨਾਵਾਂ ਦਾ ਜ਼ਿਕਰ ਕਰਨਾ ਇਸੇ ਲਈ ਜ਼ਰੂਰੀ ਸੀ ਕਿ ਇਸ ਪੱਖ ਨੂੰ ਪਾਠਕ ਸਮਝ ਸਕਣ ਕਿ ਉਹ ਅਕਾਲੀ ਲੀਡਰਸ਼ਿਪ, ਜਿਹੜੀ ਪੰਜਾਬ ਦੀਆਂ ਹੱਕੀ ਮੰਗਾਂ ਦੇ ਸਾਂਝੇ ਮੋਰਚੇ ਨੂੰ ਛੱਡ ਦਰਬਾਰ ਸਾਹਿਬ ਸੰਤ ਭਿੰਡਰਾਂਵਾਲਿਆਂ ਨਾਲ ਸਾਂਝਾ ਧਰਮ ਮੋਰਚਾ ਲਾ ਬੈਠੀ ਸੀ, ਉਨ੍ਹਾਂ ਦਾ ਹਸ਼ਰ ਕੀ ਹੋਇਆ ਸੀ? ਉਨ੍ਹਾਂ ਦੇ ਸਾਹਮਣੇ ਸ਼ਰੇਆਮ ਕਤਲ ਹੋ ਰਹੇ ਸਨ, ਉਹ ਖੁਦ ਮੌਤ ਦੇ ਸਾਏ ਹੇਠ ਜੀਅ ਰਹੇ ਸਨ ਤਾਂ ਕਾਮਰੇਡ ਕਿਸ ਦੇ ਪਾਣੀ ਹਾਰ ਸਨ? ਉਹ ਆਪਣੀ ਬੇਵਸੀ ਵਿਚ, ਦਰਬਾਰ ਸਾਹਿਬ ਦੇ ਅੰਦਰ ਤੇ ਬਾਹਰ ਹੋ ਰਹੇ ਕਤਲਾਂ ਦਾ ਭਾਂਡਾ ਏਜੰਸੀਆਂ ਸਿਰ ਭੰਨ ਕੇ ਜਾਨ ਬਚਾ ਰਹੇ ਸਨ? ਗੁਰਬਚਨ ਸਿੰਘ ਜੀ ਆਪ ਹੀ ਸੋਚ ਸਕਦੇ ਹਨ ਕਿ ਅਜਿਹੇ ਮਾਹੌਲ ਵਿਚ ਕਾਮਰੇਡ ਕਿਸ ਆਧਾਰ 'ਤੇ ਸੰਵਾਦ ਰਚਾਉਂਦੇ? ਕੀ ਉਥੇ ਸੰਵਾਦ ਦਾ ਕੋਈ ਮਾਹੌਲ ਸੀ? ਇੱਥੇ ਸ. ਅਜਮੇਰ ਸਿੰਘ ਹੋਰਾਂ ਦੀ ਕਿਤਾਬ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੇ ਪੰਨਾ 357 ਦਾ ਹਵਾਲਾ ਸਾਰਥਕ ਰਹੇਗਾ, ਜਿੱਥੇ ਉਹ ਲਿਖਦੇ ਹਨ ਕਿ ਮਾਰਕਸੀ ਲੀਡਰ ਹਰਕ੍ਰਿਸ਼ਨ ਸੁਰਜੀਤ ਵਲੋਂ ਅਕਾਲੀਆਂ ਨੂੰ ਫਿਰਕੂ ਧਾਰਮਿਕ ਰਾਜਨੀਤੀ ਛੱਡ ਕੇ ਲੋਕ ਹਿੱਤਾਂ ਵਾਸਤੇ ਲੜਨ ਲਈ ਪ੍ਰੇਰਨ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ, ਪਰ ਅਕਾਲੀ ਸੌੜੇ ਹਿੱਤਾਂ ਲਈ ਅਜਿਹਾ ਨਾ ਕਰ ਸਕੇ। ਉਹ ਲਿਖਦੇ ਹਨ: 'ਜਦੋਂ ਦਰਿਆਈ ਪਾਣੀਆਂ ਲਈ ਕਪੂਰੀ ਮੋਰਚਾ ਲੱਗਾ ਤਾਂ ਲੋਕਾਂ ਨੇ ਬਹੁਤਾ ਉਤਸ਼ਾਹ ਨਾ ਦਿਖਾਇਆ। ਬੇਸ਼ਕ ਇਸ ਮੱਠੇ ਹੁੰਗਾਰੇ ਲਈ ਹਾੜ੍ਹੀ ਦੀ ਫਸਲ ਦੇ ਰੁਝੇਵੇਂ ਕਿਹਾ ਗਿਆ, ਪਰ ਅਸਲ ਵਿਚ ਉਸ ਵਕਤ ਤੱਕ ਹਿੰਦੂਆਂ-ਸਿੱਖਾਂ ਵਿਚ ਫਿਰਕੂ ਰੰਗਤ ਪੂਰੀ ਤਰ੍ਹਾਂ ਚੜ੍ਹ ਚੁੱਕੀ ਸੀ। ਲੋਕ ਮੁੱਦੇ, ਉਨ੍ਹਾਂ ਲਈ ਕੋਈ ਦਿਲ-ਖਿੱਚਵੇਂ ਨਹੀਂ ਰਹੇ ਸਨ। ਅਜਿਹੀ ਸਥਿਤੀ ਜਿਤਨੀ ਗਰਮ ਖਿਆਲੀਆਂ ਨੂੰ ਮਜ਼ਬੂਤੀ ਦੇ ਰਹੀ ਸੀ, ਉਤਨੀ ਨਰਮ ਖਿਆਲੀਆਂ ਲਈ ਬਖੇੜੇ ਖੜੇ ਕਰ ਰਹੀ ਸੀ। ਇਸ ਨਾਲ ਪੰਜਾਬ ਅੰਦਰ ਕਾਮਰੇਡ ਸੁਰਜੀਤ ਦੀ ਸਾਰੀ ਲੋਕ ਪੱਖੀ ਖੇਡ ਖਰਾਬ ਹੋ ਰਹੀ ਸੀ। ਉਹ ਦਹਾਕਿਆਂ ਤੋਂ ਪੰਜਾਬ ਵਿਚ ਸਿੱਖ ਫਿਰਕਾਪ੍ਰਸਤੀ ਨੂੰ ਭਾਂਜ ਦੇਣ ਦੀਆਂ ਮਸ਼ਕਾਂ ਕਰਦਾ ਆ ਰਿਹਾ ਸੀ। ਉਸਦਾ ਸਾਰਾ ਜ਼ੋਰ ਅਕਾਲੀਆਂ ਨੂੰ ਧਾਰਮਿਕ ਮੁੱਦਿਆਂ ਤੋਂ ਹਟਾ ਕੇ 'ਲੋਕ-ਪੱਖੀ ਅਫਿਰਕੂ ਮੁੱਦਿਆਂ' 'ਤੇ ਲਾਉਣ ਲਈ ਲੱਗਾ ਹੋਇਆ ਸੀ। ਕਮਿਊਨਿਸਟ ਪਾਰਟੀਆਂ ਵਲੋਂ 'ਨਹਿਰ ਰੋਕੂ' ਮੋਰਚੇ ਵਿਚ ਸ਼ਾਮਲ ਹੋਣਾ ਵੀ ਇਸੇ ਰਣਨੀਤੀ ਦਾ ਹਿੱਸਾ ਸੀ। ਬੇਸ਼ੱਕ ਅਕਾਲੀ ਵੀ ਸੰਤ ਜਰਨੈਲ ਸਿੰਘ ਦੀ ਵਧਦੀ ਤਾਕਤ ਰੋਕਣ ਲਈ ਅਜਿਹੇ ਯਤਨ ਕਰ ਰਹੇ ਸਨ। ਪਰ ਉਨ੍ਹਾਂ ਦੇ ਸਾਰੇ ਯਤਨ ਨਾਕਾਮ ਹੋ ਰਹੇ ਸਨ। ਉਨ੍ਹਾਂ ਦਿਨਾਂ ਵਿਚ ਹੀ 'ਦਲ ਖਾਲਸਾ' ਵਲੋਂ 25-26 ਅਪਰੈਲ, 1982 (ਮੋਰਚਾ ਸ਼ੁਰੂ ਹੋਣ ਤੋਂ 2-3 ਦਿਨ ਬਾਅਦ) ਦੋ ਮੰਦਰਾਂ ਵਿਚ ਗਊਆਂ ਦੇ ਸਿਰ 'ਤੇ ਪੂਛਾਂ ਵੱਢ ਕੇ ਸੁੱਟਣ ਨਾਲ ਪੰਜਾਬ ਵਿਚ ਹਿੰਦੂ-ਸਿੱਖ ਫਿਰਕੂ ਤਣਾਅ ਵਧ ਗਿਆ ਸੀ ਜਿਸ ਤੋਂ ਬਾਅਦ ਹਿੰਦੂਆਂ ਨੇ ਸਿੱਖਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਸੇ ਦੌਰਾਨ ਸਿੱਖ ਜੁਝਾਰੂਆਂ ਨੇ ਪੰਜਾਬ ਵਿਚ ਚੁਣ-ਚੁਣ ਕੇ ਨਿਰੰਕਾਰੀ ਮਾਰਨੇ ਸ਼ੁਰੂ ਕਰ ਦਿੱਤੇ। ਅਜਿਹੀ ਸਥਿਤੀ ਪੰਜਾਬ ਤੇ ਸੈਂਟਰ ਦੀਆਂ ਕਾਂਗਰਸੀ ਸਰਕਾਰਾਂ ਦੇ ਫਿਰਕੂ ਏਜੰਡੇ ਦੇ ਰਾਸ ਆ ਰਹੀ ਸੀ।'

ਹੁਣ ਸਰਦਾਰ ਸਾਹਿਬ ਦੇ ਕਾਮਰੇਡਾਂ ਪ੍ਰਤੀ ਉਠਾਏ ਇਤਰਾਜ਼ ਵੱਲ ਆਉਂਦੇ ਹਾਂ ਕਿ ਉਨ੍ਹਾਂ ਨੂੰ ਖਾੜਕੂ ਧਿਰਾਂ ਨਾਲ ਸੰਵਾਦ ਰਚਾਉਣਾ ਚਾਹੀਦਾ ਸੀ। ਉਸ ਵਕਤ ਵੱਡੀ ਧਿਰ ਅਕਾਲੀ ਦਲ ਆਪਣੇ ਸ਼ਾਂਤਮਈ ਮੋਰਚੇ ਵਿਚ ਹਿੰਸਾ ਵਾੜਨ ਵਾਲੇ ਧੜਿਆਂ ਨੂੰ ਨਾ ਨਿਖੇੜ ਸਕੇ ਤੇ ਨਾ ਹੀ ਰੋਜ਼ਾਨਾ ਹੋ ਰਹੇ ਸਿਆਸੀ ਤੇ ਬੇਗੁਨਾਹਾਂ ਦੇ ਕਤਲਾਂ 'ਤੇ ਕੋਈ ਸਪੱਸ਼ਟ ਸਟੈਂਡ ਲੈ ਸਕੇ। ਜਦੋਂ ਉਹ ਫਸ ਜਾਂਦੇ ਤਾਂ ਭਾਂਡਾ ਏਜੰਸੀਆਂ ਸਿਰ ਭੰਨ ਦਿੰਦੇ ਸਨ। ਕੀ ਉਸ ਵਕਤ ਸਿੱਖ ਵਿਦਵਾਨਾਂ ਨੂੰ ਇਹ ਨਹੀਂ ਚਾਹੀਦਾ ਸੀ ਕਿ ਉਹ ਸਿੱਖੀ ਸਿਧਾਂਤਾਂ ਦੇ ਉਲਟ ਬੇਗੁਨਾਹਾਂ ਦੇ ਹੋ ਰਹੇ ਕਤਲਾਂ ਖਿਲਾਫ ਸਟੈਂਡ ਲੈਂਦੇ? ਜੇ ਕਾਮਰੇਡਾਂ ਨੇ ਅਜਿਹੀ ਬੇਮੁਹਾਰੀ ਹਿੰਸਾ ਦੀ ਵਿਰੋਧਤਾ ਕੀਤੀ ਤਾਂ ਉਨ੍ਹਾਂ ਦੇ ਲੀਡਰਾਂ ਦੇ ਕਤਲ ਸ਼ੁਰੂ ਕਰ ਦਿੱਤੇ ਗਏ। ਸਿੱਖ ਵਿਦਵਾਨਾਂ ਨੂੰ ਸਵਾਲ ਹੈ ਕਿ ਕੀ ਬੇਗੁਨਾਹਾਂ ਦੇ ਕਤਲਾਂ ਖਿਲਾਫ ਆਵਾਜ਼ ਉਠਾਉਣਾ ਸਟੇਟ ਨਾਲ ਖੜਨਾ ਸੀ? 1982-1994 ਤੱਕ ਦੇ ਖਾੜਕੂਵਾਦ ਦੇ ਦੌਰ ਵਿਚ ਵਿਚਾਰਧਾਰਕ ਤੇ ਸਿਆਸੀ ਵਿਰੋਧ ਵਿਚ ਸੈਂਕੜੇ ਕਾਮਰੇਡ, ਪੱਤਰਕਾਰ, ਲੇਖਕ, ਸਿਆਸੀ ਲੀਡਰ, ਨਿਰੰਕਾਰੀ, ਹਿੰਦੂ ਆਦਿ ਖਾੜਕੂਆਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣੇ ਸਨ? ਜਿਨ੍ਹਾਂ ਦੇ ਕਤਲਾਂ 'ਤੇ ਵਿਚਾਰ ਕਰਨ ਦੀ ਥਾਂ ਸਾਡੇ ਅਜਿਹੇ ਵਿਦਵਾਨ ਇਹ ਕਹਿ ਕਿ ਪੱਲਾ ਝਾੜ ਲੈਂਦੇ ਹਨ ਕਿ ਉਹ ਲੋਕ ਸਟੇਟ ਨਾਲ ਖੜੇ ਸਨ ਜਾਂ ਉਨ੍ਹਾਂ ਮੁਖਬਰੀਆਂ ਕੀਤੀਆਂ ਸਨ? ਅਰਜਨ ਸਿੰਘ ਮਸਤਾਨਾ, ਦਰਸ਼ਨ ਸਿੰਘ ਕਨੇਡੀਅਨ, ਦੀਪਕ ਧਵਨ, ਬਲਦੇਵ ਮਾਨ, ਜੰਗੀਰ ਸਿੰਘ ਕੌਲ ਸਹੋਤੀ, ਜੈਮਲ ਪੱਡਾ, ਅਮਰ ਸਿੰਘ ਅੱਛਰਵਾਲ ਆਦਿ ਵਰਗੇ ਸੈਂਕੜੇ ਕਾਮਰੇਡ ਕਿਸ ਕਿਸਮ ਦੀ ਮੁਖਬਰੀ ਕਰ ਰਹੇ ਸਨ ਜਾਂ ਕਿਹੜੀ ਸਟੇਟ ਨਾਲ ਖੜੇ ਸਨ? ਕੀ ਉਨ੍ਹਾਂ ਤੇ ਉਨ੍ਹਾਂ ਵਰਗੇ ਹੋਰ ਸੈਂਕੜੇ ਮਰਨ ਵਾਲਿਆਂ ਦਾ ਦੋਸ਼ ਸਿਰਫ ਇੰਨਾ ਹੀ ਨਹੀਂ ਸੀ ਕਿ ਉਹ ਖਾੜਕੂਆਂ ਵਲੋਂ ਬੇਦੋਸ਼ੇ ਕਤਲਾਂ ਦਾ ਵਿਰੋਧ ਕਰਨ ਦੀ ਗੁਸਤਾਖੀ ਕਰ ਰਹੇ ਸਨ?

ਕੀ ਫਿਰ ਸਾਡਾ ਅਜਿਹਾ ਧਰਮ ਆਧਾਰਤ 'ਖਾਲਸਾ ਰਾਜ' ਵੀ ਇਰਾਨ ਵਿਚ ਕੁਰਾਨ ਦੀ ਸ਼ਰ੍ਹਾ ਆਧਾਰਿਤ ਮੌਜੂਦਾ ਖੁਮੈਨੀ ਦੇ ਇਸਲਾਮਿਕ ਰਾਜ ਵਰਗਾ ਹੋਵੇਗਾ? ਜਾਂ ਇਹ ਰਾਜ ਅਫਗਾਨਿਸਤਾਨ ਦੇ ਤਾਲਿਬਾਨਾਂ ਦੇ ਇਸਲਾਮਿਕ ਰਾਜ ਵਰਗਾ ਹੋਵੇਗਾ? ਕੀ ਸਿੱਖ ਵਿਦਵਾਨਾਂ ਦਾ 'ਹਲੇਮੀ ਰਾਜ' ਇਹੋ-ਜਿਹਾ ਤੇ ਨਹੀਂ ਹੋਵੇਗਾ, ਜਿਸਦੀ ਝਲਕ 'ਖਾਲਸਾ ਰਾਜ' ਦੇ ਨਵੇਂ ਝੰਡਾ ਬਰਦਾਰ ਭਾਈ ਅੰਮ੍ਰਿਤਪਾਲ ਸਿੰਘ ਦੀ 'ਖਾਲਸਾ ਵਹੀਰ' ਵਲੋਂ ਪਹਿਲਾਂ ਕਪੂਰਥਲੇ ਅਤੇ ਫਿਰ ਗੁਰਬਚਨ ਸਿੰਘ ਜੀ ਦੇ ਆਪਣੇ ਸ਼ਹਿਰ ਜਲੰਧਰ ਦੇ ਮਾਡਲ ਟਾਊਨ ਗੁਰਦੁਆਰੇ ਦੇ ਫਰਨੀਚਰ ਦੀ ਭੰਨ-ਤੋੜ ਅਤੇ ਸਾੜ-ਫੂਕ ਕਰ ਕੇ ਦਿਖਾਈ ਹੈ? ਇਸ ਘਟਨਾ ਬਾਰੇ ਭਾਈ ਅੰਮ੍ਰਿਤਪਾਲ ਸਿੰਘ ਨੇ ਪੱਤਰਕਾਰਾਂ ਸਾਹਮਣੇ ਆਪਣਾ ਪੱਖ ਇਵੇਂ ਪੇਸ਼ ਕੀਤਾ: 'ਸੰਘਰਸ਼ ਵਿਚ ਤੁਹਾਡੇ ਕਈ ਐਕਸ਼ਨ 'ਸਿੰਬੋਲਿਕ' ਹੁੰਦੇ ਹਨ ਤਾਂ ਕਿ ਵੱਡੀ ਲੁਕਾਈ ਨੂੰ ਮੈਸੇਜ ਦਿੱਤਾ ਜਾਵੇ ਕਿ ਜੇ ਤੁਸੀਂ ਅਜਿਹੇ ਕੰਮ (ਭਾਵ ਗੁਰਦਵਾਰਿਆਂ ਵਿਚ ਕੁਰਸੀਆਂ-ਟੇਬਲ ਰੱਖਣੇ) ਬੰਦ ਨਾ ਕੀਤੇ ਤਾਂ ਤੁਹਾਡੀ ਵਾਰੀ ਵੀ ਜਲਦੀ ਆ ਸਕਦੀ ਹੈ।' ਇਸ ਸਬੰਧੀ ਅੱਗੇ ਉਦਾਹਰਣ ਦਿੰਦੇ ਹੋਏ ਭਾਈ ਸਾਹਿਬ ਕਹਿੰਦੇ ਹਨ: 'ਜਿਸ ਤਰ੍ਹਾਂ ਇਰਾਨ, ਅਫਗਾਨਿਸਤਾਨ, ਸਾਊਦੀ ਅਰਬ ਦੇਸ਼ਾਂ ਵਿਚ ਜੁਰਮ ਕਰਨ 'ਤੇ ਹੱਥ-ਪੈਰ ਕੱਟ ਦਿੱਤੇ ਜਾਂਦੇ ਹਨ ਜਾਂ ਮੁਜਰਿਮ ਫਾਹੇ ਲਾ ਕੇ ਚੁਰਾਹਿਆਂ ਵਿਚ ਟੰਗ ਦਿੱਤੇ ਜਾਂਦੇ ਹਨ, ਇਹ ਸਭ ਲੋਕਾਂ ਨੂੰ ਮੈਸੇਜ ਦੇਣ ਲਈ ਹੁੰਦਾ ਹੈ, ਸਾਡਾ ਐਕਸ਼ਨ ਵੀ ਲੋਕਾਂ ਨੂੰ ਅਜਿਹਾ ਸੁਨੇਹਾ ਦੇਣ ਵਾਲਾ ਹੀ ਹੈ।' ਹੁਣ ਇਸ ਬਿਆਨ ਤੋਂ ਕੀ ਸਮਝਿਆ ਜਾਵੇ? ਸਾਡਾ 'ਹਲੇਮੀ ਖਾਲਸਾ ਰਾਜ' ਮੁੱਲਿਆਂ ਦੇ ਇਰਾਨ, ਤਾਲਿਬਾਨਾਂ ਦੇ ਅਫਗਾਨਿਸਤਾਨ ਜਾਂ ਸ਼ੇਖਾਂ ਦੇ ਸਾਊਦੀ ਅਰਬ ਤੋਂ ਕਿਵੇਂ ਵੱਖਰਾ ਧਾਰਮਿਕ ਦੇਸ਼ ਹੋਵੇਗਾ?

ਇਰਾਨ ਵਿਚ ਅਮਰੀਕਾ ਪੱਖੀ ਸ਼ਾਹ ਸਰਕਾਰ ਵਿਰੁੱਧ ਖੁਮੈਨੀ ਦੇ ਧਰਮ ਆਧਾਰਿਤ ਰਾਜਤੰਤਰ 'ਇਸਲਾਮਿਕ ਇਨਕਲਾਬ' ਦੀ ਲਹਿਰ ਵਿਚ ਸਭ ਤੋਂ ਮੂਹਰੇ ਹੋ ਕੇ ਲੜਨ ਤੇ ਜਾਨਾਂ ਵਾਰਨ ਵਾਲੇ 'ਮੁਜਾਹੀਦੀਨ-ਏ-ਖਲਕ' ਦੇ ਮਾਰਕਸਵਾਦੀ ਯੋਧੇ ਸਨ, ਜੋ ਅਖੀਰ ਤੱਕ ਇਸ ਆਸ ਵਿਚ ਲੜੇ ਸਨ ਕਿ ਸ਼ਾਇਦ ਖੁਮੈਨੀ ਵਰਗੀਆਂ ਕੱਟੜ ਮੁੱਲਾਂ ਬਰੈਂਡ ਇਸਲਾਮਿਕ ਤਾਕਤਾਂ ਦੇ ਸਹਿਯੋਗ ਨਾਲ ਇੱਕ ਅਜਿਹਾ ਇਸਲਾਮਿਕ ਰਾਜ ਲੈ ਆਉਣਗੇ, ਜੋ ਮਾਰਕਸਵਾਦੀ ਨਜ਼ਰੀਏ ਤੋਂ ਲੋਕਾਂ ਦਾ ਰਾਜ ਹੋਵੇਗਾ? ਪਰ ਹੋਇਆ ਇਸਦੇ ਐਨ ਉਲਟ ਸੀ। 'ਇਨਕਲਾਬ' ਆਉਣ 'ਤੇ ਖੁਮੈਨੀ ਦੀ ਇਸਲਾਮਿਕ ਸਰਕਾਰ ਨੇ ਸਭ ਤੋਂ ਪਹਿਲਾਂ ਨਾ ਸਿਰਫ 'ਮੁਜਾਹੀਦੀਨ-ਏ-ਖਲਕ' (MEK) 'ਤੇ ਪਾਬੰਦੀ ਲਗਾਈ, ਸਗੋਂ ਇਸਦੇ ਹਜ਼ਾਰਾਂ ਲੀਡਰਾਂ ਤੇ ਕਾਰਕੁਨਾਂ ਨੂੰ ਫਾਹੇ ਲਾ ਕੇ ਮਾਰ ਮੁਕਾਇਆ ਸੀ ਅਤੇ ਬਹੁਤੇ ਅੱਜ ਵੀ ਜਲਾਵਤਨੀ ਕੱਟ ਰਹੇ ਹਨ। ਮਾਕਰਸਵਾਦੀਆਂ ਦੀ ਮਦਦ ਨਾਲ ਬਣੀ ਨਵੀਂ 'ਇਸਲਾਮਿਕ ਰਿਪਬਲਿਕ ਆਫ ਇਰਾਨ' ਵਿਚ ਅੱਜ ਲੋਕਾਂ ਦਾ ਜੋ ਹਾਲ ਹੈ, ਸਭ ਦੇ ਸਾਹਮਣੇ ਹੈ? ਪਿਛਲੇ 43 ਸਾਲਾਂ ਵਿਚ ਹਰ ਮਹੀਨੇ ਸੈਂਕੜੇ ਵਿਰੋਧੀਆਂ ਨੂੰ ਸ਼ਰੇਆਮ ਫਾਹੇ ਟੰਗਿਆ ਜਾਂਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਖੁਮੈਨੀ ਦੇ ਇਸਲਾਮਿਕ ਰਾਜ ਦੇ 43 ਸਾਲ ਦੇ ਤਜਰਬਿਆਂ ਬਾਅਦ ਹੁਣ ਔਰਤਾਂ ਦੀ ਤਹਿਰੀਕ ਸਪੱਸ਼ਟ ਦੱਸ ਰਹੀ ਹੈ ਕਿ ਉਥੇ ਕੀ ਕੁਝ ਹੋ ਰਿਹਾ ਹੈ? 13 ਸਤੰਬਰ, 2022 ਨੂੰ ਆਪਣੇ ਪਰਿਵਾਰ ਨਾਲ ਤਹਿਰਿਨ ਘੁੰਮਣ ਆਈ 23 ਸਾਲਾ ਕੁਰਦਿਸ਼ ਲੜਕੀ ਮਾਹਸਾ ਅਮੀਨੀ ਨੂੰ ਗਲਤ ਢੰਗ ਨਾਲ ਹਿਜਾਬ ਪਹਿਨਣ ਕਾਰਨ ਗ੍ਰਿਫਤਾਰ ਕੀਤਾ ਗਿਆ ਅਤੇ 3 ਦਿਨ ਦੇ ਤਸ਼ੱਦਦ ਤੋਂ ਬਾਅਦ ਪੁਲਿਸ ਹਿਰਾਸਤ ਵਿਚ ਉਸਦੀ ਮੌਤ ਨੂੰ ਹਰਟ ਅਟੈਕ ਕਹਿ ਦਿੱਤਾ ਗਿਆ। ਜਿਸ ਤੋਂ ਬਾਅਦ ਔਰਤਾਂ ਵਿਚ ਕਈ ਦਹਾਕਿਆਂ ਤੋਂ ਦਬਿਆ ਪਿਆ ਗੁੱਸਾ ਲਾਵੇ ਵਾਂਗ ਫਟ ਪਿਆ ਅਤੇ ਇਵੇਂ ਲਗਦਾ ਸੀ। ਇਨ੍ਹਾਂ ਪ੍ਰਦਰਸ਼ਨਾਂ ਦੌਰਾਨ ਹੁਣ ਤੱਕ 500 ਤੋਂ ਵੱਧ ਮਰਦ-ਔਰਤਾਂ ਪੁਲਿਸ ਗੋਲੀ ਨਾਲ ਮਾਰੇ ਜਾ ਚੁੱਕੇ ਹਨ, ਹਜ਼ਾਰਾਂ ਜੇਲ੍ਹਾਂ ਵਿਚ ਸੜ ਰਹੇ ਹਨ। ਸੈਂਕੜੇ ਲੋਕ ਫਾਹੇ ਲਗਾਏ ਜਾ ਚੁੱਕੇ ਹਨ। ਗੱਲ ਸਿਰਫ ਇਰਾਨ ਦੀ ਹੀ ਨਹੀਂ ਹੈ, ਦੁਨੀਆ ਭਰ ਦੇ ਧਰਮ ਆਧਾਰਿਤ ਇਸਲਾਮਿਕ ਦੇਸ਼ਾਂ ਵਿਚ ਇਹੀ ਹਾਲ ਹੈ। ਤਾਲਿਬਾਨਾਂ ਦੇ ਅਫਗਾਨਿਸਤਾਨੀ ਰਾਜ ਬਾਰੇ ਤਾਂ ਚੁੱਪ ਹੀ ਭਲੀ ਹੈ। ਆਪਣੇ ਪਿਛਲੇ ਸ਼ਾਸਨ ਵਿਚ ਤਾਲਿਬਾਨਾਂ ਨੇ ਜੋ ਕੁਝ ਕੀਤਾ, ਉਸਦਾ ਕਹਿਣਾ ਹੀ ਕੀ ਹੈ? ਅਜੇ ਕੁਝ ਹਫਤੇ ਪਹਿਲਾਂ ਨਵੇਂ ਸੁਧਾਰਵਾਦੀ ਤਾਲਿਬਾਨਾਂ ਨੇ ਇੱਕ ਵਾਰ ਫਿਰ ਅਫਗਾਨਿਸਤਾਨ ਵਿਚ ਲੜਕੀਆਂ ਦੀ ਸਿੱਖਿਆ 'ਤੇ ਪਾਬੰਦੀ ਲਗਾ ਦਿੱਤੀ ਹੈ।

ਵੈਸੇ ਮੈਂ ਸ. ਗੁਰਬਚਨ ਸਿੰਘ ਵਾਂਗ ਨਾ ਕਦੇ ਮਾਰਕਸਵਾਦ ਨੂੰ ਡੂੰਘਾਈ ਵਿਚ ਪੜ੍ਹਿਆ ਹੈ ਤੇ ਨਾ ਕਦੇ ਕਿਸੇ ਕਾਮਰੇਡ ਜਥੇਬੰਦੀ ਨਾਲ ਸਬੰਧਤ ਰਿਹਾ ਹਾਂ। ਪਰ ਸਰਦਾਰ ਸਾਹਿਬ ਨੂੰ ਤਾਂ ਗੁਰਬਾਣੀ ਦੇ ਵਿਸ਼ਵ ਵਿਆਪੀ ਫਲਸਫੇ ਦੇ ਨਾਲ-ਨਾਲ ਮਾਰਕਸਵਾਦ ਦੀ ਵੀ ਗਹਿਰੀ ਸਮਝ ਹੈ ਤੇ ਉਨ੍ਹਾਂ ਨੇ ਪਹਿਲਾਂ ਆਪਣੇ ਸੀਨੀਅਰ ਸਾਥੀ ਅਜਮੇਰ ਨਾਲ ਨਾਗੀਰੈਡੀ ਨਕਸਲੀ ਸੰਗਠਨ ਵਿਚ ਵੀ ਲੰਬਾ ਸਮਾਂ ਕੰਮ ਕੀਤਾ, ਫਿਰ ਨਾਗੀਰੈਡੀ ਤੋਂ ਅਲੱਗ ਹੋ ਕੇ ਅਜਮੇਰ ਸਿੰਘ ਦੀ ਅਗਵਾਈ ਹੇਠ 'ਦੇਸ ਪੰਜਾਬ' ਦੀ ਮੁਕਤੀ ਲਈ ਹਥਿਆਰਬੰਦ ਸੰਘਰਸ਼ ਵਿਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ। ਉਨ੍ਹਾਂ ਨੇ ਇਸ ਦੌਰ ਵਿਚ ਕੇਸਰ ਸਿੰਘ ਛਾਜਲੀ ਦੀ ਅਗਵਾਈ ਹੇਠ ਸਿੱਖ ਖਾੜਕੂਆਂ ਦੀ ਜਥੇਬੰਦੀ 'ਖਾਲਿਸਤਾਨ ਲਿਬਰੇਸ਼ਨ ਫੋਰਸ' ਦੀ ਤਰਜ਼ 'ਤੇ 'ਪੰਜਾਬ ਲਿਬਰੇਸ਼ਨ ਫੋਰਸ' ਨਾਮ ਦੀ ਹਥਿਆਰਬੰਦ ਜਥੇਬੰਦੀ ਵੀ ਬਣਾਈ ਸੀ, ਜਿਸਦੇ ਕਾਰਨਾਮਿਆਂ ਬਾਰੇ ਉਨ੍ਹਾਂ ਦੇ ਆਪਣੇ ਪੁਰਾਣੇ ਸਾਥੀ ਸ. ਮਲਵਿੰਦਰ ਸਿੰਘ ਮਾਲੀ ਨੇ ਪਿਛਲੇ ਸਮੇਂ ਵਿਚ ਆਪਣੀਆਂ ਅਨੇਕਾਂ ਵੀਡੀਓਜ਼ ਰਾਹੀਂ ਸਪੱਸ਼ਟ ਕਰ ਦਿੱਤਾ ਹੋਇਆ ਹੈ। ਸ. ਅਜਮੇਰ ਸਿੰਘ ਨੇ ਕੇਸਰ ਸਿੰਘ ਛਾਜਲੀ ਵਰਗੇ ਆਪਣੇ ਮਾਰੇ ਗਏ ਸਾਥੀਆਂ ਦੇ ਘਰੀਂ ਜਾ ਕੇ ਉਨ੍ਹਾਂ ਦੇ ਪਰਿਵਾਰਾਂ ਦੀ ਮਦਦ ਤਾਂ ਕੀ ਕਰਨੀ ਸੀ, ਸੁੱਖ-ਸਾਂਦ ਪੁੱਛਣ ਦੀ ਵੀ ਲੋੜ ਨਹੀਂ ਸਮਝੀ, ਤੇ ਹੁਣ ਨਵੀਂ ਪੀੜ੍ਹੀ ਨੂੰ ਸ਼ਹਾਦਤਾਂ ਦੇ ਉਸੇ ਰਸਤੇ ਪੈਣ ਲਈ ਉਕਸਾਈ ਜਾ ਰਿਹਾ ਹੈ। ਕੀ ਇਹੋ ਕੰਮ ਜਲੰਧਰ ਵਿਚ ਬੈਠ ਕੇ ਸ. ਗੁਰਬਚਨ ਸਿੰਘ ਜੀ ਵੀ ਪੂਰੀ ਦ੍ਰਿੜਤਾ ਨਾਲ ਕਰਦੇ ਨਜ਼ਰ ਨਹੀਂ ਆ ਰਹੇ?

ਆਪਣੀ ਕਿਤਾਬ 'ਸੰਤ ਭਿੰਡਰਾਂਵਾਲੇ ਤੇ ਖਾਲਿਸਤਾਨੀ ਲਹਿਰ' ਦੇ ਅੰਤਿਕਾ ਵਿਚ 'ਮਸਲਾ ਨਵੇਂ ਮਨੁੱਖੀ ਸਮਾਜ ਦੇ ਸੰਕਲਪ ਨੂੰ ਸਪੱਸ਼ਟ ਕਰਨ ਦਾ ਹੈ (ਪ੍ਰੋ. ਪੰਨੂੰ ਦੀ 'ਇੱਕ ਟਿੱਪਣੀ' ਦੇ ਜੁਆਬ ਵਿਚ) ਆਪਣੇ ਆਪ ਨੂੰ ਇੱਕ ਗਰੀਬ ਅਕਾਲੀ ਪਰਿਵਾਰ ਨਾਲ ਸਬੰਧਤ ਦੱਸਦਿਆਂ ਸ. ਗੁਰਬਚਨ ਸਿੰਘ ਜੀ ਨੇ, ਇੱਕ ਪਾਸੇ ਅੰਤਾਂ ਦੀ ਗਰੀਬੀ ਤੇ ਦੂਜੇ ਪਾਸੇ ਅੰਤਾਂ ਦੀ ਅਮੀਰੀ ਵਾਲੇ ਗਲੇ ਸੜੇ, ਮਨੁੱਖੀ ਰਿਸ਼ਤਿਆਂ ਪੱਖੋਂ ਅਸਲੋਂ ਕੰਗਾਲ ਸਮਾਜ ਨੂੰ ਬਦਲਣ ਦੀ ਇੱਛਾ ਨਾਲ ਇਨਕਲਾਬੀ ਕਮਿਊਨਿਸਟ ਲਹਿਰ ਵਿਚ ਸ਼ਾਮਿਲ ਹੋਣ ਦੀ ਗੱਲ ਕੀਤੀ ਹੈ, ਉਥੇ ਨਾਲ ਹੀ 21 ਸਾਲ 'ਜਨਤਕ ਪੈਗਾਮ' ਅਤੇ 'ਦੇਸ ਪੰਜਾਬ' ਰਸਾਲੇ ਦਾ ਆਪਣੇ-ਆਪ ਨੂੰ ਸੂਤਰਧਾਰ ਵੀ ਦੱਸਿਆ ਹੋਇਆ ਹੈ। ਗੁਰਬਚਨ ਸਿੰਘ 'ਜਨਤਕ ਪੈਗਾਮ' ਦਾ ਸੰਪਾਦਕ ਬਣਨ ਤੋਂ ਪਹਿਲਾਂ ਜਿਸ ਨਾਗੀਰੈਡੀ ਧਿਰ ਨੂੰ ਛੱਡ ਕੇ ਦੇਸ ਪੰਜਾਬ ਦੀ ਮੁਕਤੀ ਦੇ ਹਥਿਆਰਬੰਦ ਸੰਘਰਸ਼ ਵਿਚ ਆਏ ਸਨ, ਉਸੇ ਧਿਰ ਦੇ ਇਸਦੇ 'ਉਗਰਾਹਾਂ ਵਰਗੇ' ਪੁਰਾਣੇ ਸਾਥੀਆਂ ਵਲੋਂ ਵਰ੍ਹਿਆਂਬੱਧੀ ਮਾਲਵੇ ਦੀ ਗਰੀਬ ਕਿਸਾਨੀ ਨੂੰ ਲਾਮਬੰਦ ਕੀਤਾ, ਸਾਲ ਭਰ ਚੱਲੇ ਕਿਸਾਨ ਅੰਦੋਲਨ ਵਿਚ ਲੱਖਾਂ ਲੋਕਾਂ ਦੀ ਅਗਵਾਈ ਵਿਚ ਮੂਹਰੀ ਰੋਲ ਨਿਭਾਇਆ, ਤੇ ਆਖਿਰ ਜਿੱਤ ਹਾਸਿਲ ਕੀਤੀ। ਸ. ਅਜਮੇਰ ਸਿੰਘ ਤੇ ਸ. ਗੁਰਬਚਨ ਸਿੰਘ ਹੋਰਾਂ ਨੇ ਪਹਿਲੇ ਦਿਨੋਂ ਹੀ ਇਸ ਸੰਘਰਸ਼ ਵਿਚ ਇਨ੍ਹਾਂ ਧਿਰਾਂ (ਉਗਰਾਹਾਂ ਜਥੇਬੰਦੀ) ਦੇ ਰੋਲ ਨੂੰ ਛੁਟਿਆਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਬਾਰੇ ਤਨਜ਼ ਕੱਸਦੇ ਰਹੇ ਕਿ ਇਹ ਛੋਟੇ-ਮੋਟੇ ਧਰਨੇ ਮੁਜ਼ਾਹਰੇ ਕਰਨ ਜੋਗੇ ਹਨ, ਇਤਨੇ ਵਿਸ਼ਾਲ ਸੰਘਰਸ਼ ਦੀ ਅਗਵਾਈ ਕਰਨ ਦੇ ਸਮਰੱਥ ਨਹੀਂ? ਸਵਾਲ ਹੈ ਕਿ ਇਸਦੇ ਉਲਟ ਤੁਹਾਡੇ 'ਜਨਤਕ ਪੈਗਾਮ ਗਰੁੱਪ' ਨੇ ਕੀ ਕੀਤਾ? ਫਰਵਰੀ 1992 ਦੀਆਂ ਚੋਣਾਂ ਵਿਚ ਤੁਸੀਂ ਬਾਈਕਾਟ ਦਾ ਸੱਦਾ ਦਿੱਤਾ। ਲੋਕਾਂ ਤੁਹਾਡੀ ਸਲਾਹ ਮੰਨਦਿਆਂ ਜਾਂ ਖਾੜਕੂਆਂ ਦੇ ਡਰ ਅਧੀਨ ਵੋਟ ਸੰਦੂਕੜੀਆਂ ਤਾਂ ਖਾਲੀ ਵਾਪਸ ਭੇਜ ਦਿੱਤੀਆਂ? ਪਰ ਉਸ ਤੋਂ ਬਾਅਦ ਪੰਜਾਬ ਦੇ ਲੋਕਾਂ 'ਤੇ ਜੋ ਕਹਿਰ ਝੁੱਲਿਆ, ਕੀ ਉਸਦੀ ਤੁਸੀਂ ਕਦੇ ਜ਼ਿੰਮੇਵਾਰੀ ਲਈ ਹੈ? ਕੀ ਉਸਦਾ ਕਦੇ ਕੋਈ ਵਿਸ਼ਲੇਸ਼ਣ ਕੀਤਾ ਹੈ? ਤੁਸੀਂ ਆਪਣੀ ਮਾਂ ਪਾਰਟੀ ਨਾਗੀਰੈਡੀ ਗਰੁੱਪ ਤੋਂ ਵੱਖ ਹੋ ਕੇ 'ਜਨਤਕ ਪੈਗਾਮ' ਨਾਮ ਦੇ ਮੈਗਜ਼ੀਨ ਰਾਹੀਂ 84 ਤੋਂ ਬਾਅਦ ਦੇ ਖਾੜਕੂਵਾਦ ਦੇ ਦੌਰ ਦੌਰਾਨ 'ਸਿੱਖਸਤਾਨ' ਦੀ ਥਾਂ 'ਪੰਜਾਬੀ ਕੌਮ' ਦਾ ਪੈਂਤੜਾ ਲਿਆ ਸੀ। ਚਲੋ, ਵੱਖ-ਵੱਖ ਰੰਗਾਂ ਦੇ ਕਾਮਰੇਡਾਂ ਨੂੰ ਛੱਡੋ ਕਿ ਉਨ੍ਹਾਂ ਸੰਵਾਦ ਕਿਉਂ ਨਹੀਂ ਰਚਾਇਆ ਸੀ? ਕੀ ਤੁਸੀਂ ਆਪਣੇ 'ਜਨਤਕ ਪੈਗਾਮ' ਦੇ 'ਪੰਜਾਬੀ ਕੌਮ' ਦੇ ਪੈਂਤੜੇ ਵਾਲੇ ਕਈ ਸਾਲਾਂ ਦੇ ਆਪਣੇ ਯਤਨਾਂ ਤੋਂ ਬਾਅਦ ਦੱਸ ਸਕਦੇ ਹੋ ਕਿ ਖਾੜਕੂ ਧਿਰਾਂ ਵਿਚੋਂ ਕਿਸੇ ਇੱਕ ਨਾਲ ਵੀ ਸੰਵਾਦ ਰਚਾਉਣ ਵਿਚ ਕਾਮਯਾਬ ਹੋਏ ਸੀ?

ਦੂਸਰਾ ਸਵਾਲ ਹੈ ਕਿ ਤੁਹਾਡੇ ਗਰੁੱਪ ਵਲੋਂ ਕਾਮਰੇਡ ਧਿਰਾਂ ਤੋਂ ਬਾਗੀ ਹੋ ਕੇ ਪੰਜਾਬੀ ਕੌਮ ਵਾਲੇ ਪੈਂਤੜੇ ਦਾ ਹੁਣ ਕੀ ਬਣਿਆ? ਕੀ ਸ. ਗੁਰਬਚਨ ਸਿੰਘ ਤੇ ਸ. ਅਜਮੇਰ ਸਿੰਘ ਆਪਣੀ ਪੰਜਾਬੀ ਕੌਮ ਵਾਲੀ ਲਹਿਰ ਦਾ ਵਿਸ਼ਲੇਸ਼ਣ ਕਰ ਕੇ ਦੱਸਣਗੇ ਕਿ ਉਹ ਕਿਉਂ ਫੇਲ੍ਹ ਹੋਇਆ ਤੇ ਉਨ੍ਹਾਂ ਨੇ, ਉਨ੍ਹਾਂ ਦੀ ਲੋਕਾਂ ਨਾਲ ਸਾਂਝ ਕਿਵੇਂ ਪਾ ਲਈ ਜਾਂ ਬਾਕੀਆਂ ਨੂੰ ਪਾਉਣ ਲਈ ਕਹਿ ਰਹੇ ਹਨ, ਜਿਨ੍ਹਾਂ ਨੂੰ ਉਹ 'ਖਾਲਿਸਤਾਨ ਦੇ ਖਾੜਕੂ' ਸੰਘਰਸ਼ ਦੌਰਾਨ ਗਲਤ ਮੰਨਦੇ ਸਨ? ਕੀ ਉਨ੍ਹਾਂ ਚੁਰਾਸੀ ਦੇ ਦੌਰ ਦੀ ਲਹਿਰ ਵਿਚ ਹੋਏ ਬੇਤਹਾਸ਼ਾ ਨੁਕਸਾਨ ਦਾ ਰਿਵਿਊ ਕਰਕੇ ਕੋਈ ਨਵਾਂ ਪ੍ਰੋਗਰਾਮ ਪੇਸ਼ ਕੀਤਾ ਹੈ? ਜਿਸ ਆਧਾਰ 'ਤੇ ਸ. ਗੁਰਬਚਨ ਸਿੰਘ ਜੀ ਕਾਮਰੇਡ ਧਿਰਾਂ ਨੂੰ ਅੰਮ੍ਰਿਤਪਾਲ ਸਿੰਘ ਹੋਰਾਂ ਨਾਲ ਸੰਵਾਦ ਰਚਾਉਣ ਦੀ ਸਲਾਹ ਦੇ ਰਹੇ ਹਨ? ਕੀ ਅਜੋਕੇ ਸਮੇਂ ਵਿਚ ਲੋਕਾਂ ਨੂੰ ਆਪਣੀ ਗੱਲ ਆਪਣੇ ਢੰਗ ਨਾਲ ਕਰਨ ਤੇ ਲੋਕਤੰਤਰੀ ਢੰਗ ਨਾਲ ਸੰਘਰਸ਼ ਕਰਨ ਦਾ ਹੱਕ ਨਹੀਂ ਹੈ? ਗੁਰਬਚਨ ਸਿੰਘ ਜੀ ਆਪਣੀਆਂ ਫੇਸਬੁੱਕ ਪੋਸਟਾਂ ਅਤੇ ਅਜਮੇਰ ਸਿੰਘ ਆਪਣੀਆਂ ਕਿਤਾਬਾਂ ਤੇ ਯੂ ਟਿਊਬ ਪ੍ਰਵਚਨਾਂ ਰਾਹੀਂ ਇਹ ਜ਼ੋਰ ਕਿਉਂ ਲਗਾ ਰਹੇ ਹਨ ਕਿ ਹਰੇਕ ਵਿਅਕਤੀ ਪੰਜਾਬ ਵਿਚ ਸੰਤ ਭਿੰਡਰਾਂਵਾਲੇ ਜਾਂ ਹੁਣ ਅੰਮ੍ਰਿਤਪਾਲ ਸਿੰਘ ਦੇ ਪੈਂਤੜੇ ਤੋਂ ਹੀ ਗੱਲ ਕਰਨ ਜਾਂ ਉਨ੍ਹਾਂ ਦੀ ਹਾਂ ਵਿਚ ਹਾਂ ਮਿਲਾਉਣ? ਕੀ ਗੁਰਬਚਨ ਸਿੰਘ ਜੀ ਦੱਸ ਸਕਦੇ ਹਨ ਕਿ ਅਕਾਲੀ ਦਲ ਵਲੋਂ 'ਅਨੰਦਪੁਰ ਦੇ ਮਤੇ' ਦੀਆਂ ਮੰਗਾਂ ਦੀ ਪ੍ਰਾਪਤੀ ਲਈ ਲਗਾਏ 'ਪੂਰਨ ਸ਼ਾਂਤਮਈ ਧਰਮ ਯੁੱਧ ਮੋਰਚੇ' ਵਿਚ ਸੰਤ ਭਿੰਡਰਾਂਵਾਲਿਆਂ ਨੂੰ ਹਥਿਆਰਬੰਦ ਸੰਘਰਸ਼ ਸ਼ੁਰੂ ਕਰਨ ਦੀ ਕਿਉਂ ਲੋੜ ਪਈ ਜਾਂ ਉਨ੍ਹਾਂ ਨੂੰ ਕਿਸ ਨੇ ਅਜਿਹਾ ਕਰਨ ਲਈ ਕਿਹਾ ਸੀ? ਜੇ ਮੋਰਚਾ ਸ਼ਾਂਤਮਈ ਸੀ ਤਾਂ ਉਪਰਲੀਆਂ ਘਟਨਾਵਾਂ ਦਾ ਕੀ ਮਕਸਦ ਸੀ? ਕੀ ਅਕਾਲੀ ਦਲ ਜਾਂ ਅਕਾਲ ਤਖਤ ਤੋਂ ਕੋਈ ਹੁਕਮਨਾਮਾ ਜਾਰੀ ਹੋ ਗਿਆ ਸੀ ਕਿ ਹੁਣ ਸ਼ਾਂਤਮਈ ਸੰਘਰਸ਼ ਨਾਲ ਕੁਝ ਪ੍ਰਾਪਤ ਨਹੀਂ ਹੋਣਾ ਤੇ ਤੁਸੀਂ ਹਥਿਆਰ ਚੁੱਕ ਲਓ? ਸਗੋਂ ਅਕਾਲ ਤਖਤ ਤੋਂ ਇਹ ਹੁਕਮਨਾਮਾ ਜਾਰੀ ਹੋਇਆ ਸੀ ਕਿ ਦਰਬਾਰ ਸਾਹਿਬ ਵਿਚ ਹਥਿਆਰਾਂ ਦੀ ਪ੍ਰਦਰਸ਼ਨੀ ਨਾ ਕੀਤੀ ਜਾਵੇ, ਜਿਸ ਕਾਰਨ ਸੰਗਤ ਵਿਚ ਭੈਅ ਦਾ ਮਾਹੌਲ ਬਣਦਾ ਹੈ। ਸੰਤ ਭਿੰਡਰਾਂਵਾਲਿਆਂ ਨੇ ਇਹ ਹੁਕਮ ਇੱਕ ਹਫਤੇ ਤੋਂ ਵੱਧ ਨਹੀਂ ਮੰਨਿਆ ਸੀ? ਸਗੋਂ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਵਲੋਂ ਦਰਬਾਰ ਸਾਹਿਬ ਅੰਦਰ ਹਥਿਆਰਾਂ ਦੀ ਪ੍ਰਦਰਸ਼ਨੀ ਤੇ ਹੋ ਰਹੇ ਕਤਲਾਂ ਬਾਰੇ ਦਿੱਤੇ ਬਿਆਨ ਤੋਂ ਅਗਲੇ ਦਿਨ ਹੀ ਉਸਦੇ ਘਰ ਜਾ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਕੀ ਅਕਾਲੀ ਦਲ ਆਪਣਾ ਸ਼ਾਂਤਮਈ ਮੋਰਚਾ ਵਾਪਸ ਲੈ ਕੇ ਮੈਦਾਨੋਂ ਭੱਜ ਗਿਆ ਸੀ ਤੇ ਸੰਤ ਜੀ ਕੋਲ ਸਿੱਖ ਹੱਕਾਂ ਲਈ ਲੜਨ ਵਾਸਤੇ ਹਥਿਆਰਬੰਦ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ ਸੀ? ਜੇ ਸੰਤ ਜੀ ਨੇ ਸਿੱਖਾਂ ਗਲੋਂ ਗੁਲਾਮੀ ਲਾਹੁਣ ਲਈ ਹਥਿਆਰਬੰਦ ਸੰਘਰਸ਼ ਕਰਨਾ ਹੀ ਸੀ ਤਾਂ ਕੀ ਉਨ੍ਹਾਂ ਨੂੰ ਆਪਣੇ ਵੱਖਰੇ ਪਲੇਟਫਾਰਮ ਜਾਂ ਚੌਕ ਮਹਿਤਾ ਤੋਂ ਨਹੀਂ ਲੜਨਾ ਚਾਹੀਦਾ ਸੀ? ਕੀ ਤੁਸੀਂ ਦੱਸ ਸਕਦੇ ਹੋ ਕਿ ਜੂਨ 1984 ਤੋਂ ਪਹਿਲਾਂ ਕਿਤਨੇ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਹੋਏ ਸਨ? ਉਸਦੇ ਮੁਕਾਬਲੇ 1981-84 ਤੱਕ ਖਾੜਕੂਆਂ ਨੇ ਕਿਤਨੇ ਕਤਲ ਕੀਤੇ ਸਨ ਤੇ ਬੈਂਕ ਡਾਕੇ ਮਾਰੇ ਸਨ? ਇਸ ਸਬੰਧੀ ਖਾੜਕੂ ਕੁਲਜਿੰਦਰ ਸਿੰਘ ਢਿੱਲੋਂ ਦੀ ਇੰਟਰਵਿਊ ਵਿਸ਼ੇਸ਼ ਮਹੱਤਤਾ ਰੱਖਦੀ ਹੈ (ਜਿਸਦਾ ਲਿੰਕ ਉਪਰ ਦਿਤਾ ਗਿਆ ਹੈ), ਕਿਉਂਕਿ ਉਹ ਖੁਦ 1983-84 ਵਿਚ ਦਰਬਾਰ ਸਾਹਿਬ ਅੰਦਰ ਬਾਕੀ ਖਾੜਕੂਆਂ ਨਾਲ ਰਹਿ ਰਿਹਾ ਸੀ। ਉਸਦੇ ਦੱਸਣ ਮੁਤਾਬਿਕ ਅੰਦਰ ਬੈਠੇ ਖਾੜਕੂਆਂ ਵਲੋਂ ਬੈਂਕ ਲੁੱਟਣੀ ਤਾਂ 'ਛਿੱਤਰ ਨਾਲ ਸੈਹਾ' ਮਾਰਨ ਸਮਾਨ ਹੋ ਗਈ ਸੀ, ਇਸ ਸਾਰੇ ਵਰਤਾਰੇ ਬਾਰੇ ਅਜਮੇਰ ਸਿੰਘ ਜਾਂ ਗੁਰਬਚਨ ਸਿੰਘ ਹੋਰਾਂ ਵਰਗੇ ਸਿੱਖ ਵਿਦਵਾਨਾਂ ਦੀ ਕੀ ਰਾਏ ਹੈ?

ਸ. ਗੁਰਬਚਨ ਸਿੰਘ ਨੇ 'ਗੁਰੂ ਨਾਨਕ ਦਾ ਧਰਮ' ਸਿਰਲੇਖ ਹੇਠਲੀ ਪੁਸਤਕ ਵਿਚ ਸਿੱਖ ਧਰਮ ਨੂੰ 21ਵੀਂ ਸਦੀ ਦਾ ਸੰਸਾਰ ਧਰਮ ਦੱਸਿਆ ਹੋਇਆ ਹੈ। 'ਜਗਤੁ ਜਲੰਦਾ ਰੱਖ ਲੈ' ਨਾਂ ਦੇ ਸ਼ੁਰੂਆਤੀ ਲੇਖ ਅਨੁਸਾਰ ਯਕੀਨਨ

***(ਬਾਕੀ ਅਗਲੇ ਸਫੇ 'ਤੇ)***

***ਇਰਾਨ ਵਿਚ ਅਮਰੀਕਾ ਪੱਖੀ ਸ਼ਾਹ ਸਰਕਾਰ ਵਿਰੁੱਧ ਖੁਮੈਨੀ ਦੇ ਧਰਮ ਆਧਾਰਿਤ ਰਾਜਤੰਤਰ 'ਇਸਲਾਮਿਕ ਇਨਕਲਾਬ' ਦੀ ਲਹਿਰ ਵਿਚ ਸਭ ਤੋਂ ਮੂਹਰੇ ਹੋ ਕੇ ਲੜਨ ਤੇ ਜਾਨਾਂ ਵਾਰਨ ਵਾਲੇ 'ਮੁਜਾਹੀਦੀਨ-ਏ-ਖਲਕ' ਦੇ ਮਾਰਕਸਵਾਦੀ ਯੋਧੇ ਸਨ, ਜੋ ਅਖੀਰ ਤੱਕ ਇਸ ਆਸ ਵਿਚ ਲੜੇ ਸਨ ਕਿ ਸ਼ਾਇਦ ਖੁਮੈਨੀ ਵਰਗੀਆਂ ਕੱਟੜ ਮੁੱਲਾਂ ਬਰੈਂਡ ਇਸਲਾਮਿਕ ਤਾਕਤਾਂ ਦੇ ਸਹਿਯੋਗ ਨਾਲ ਇੱਕ ਅਜਿਹਾ ਇਸਲਾਮਿਕ ਰਾਜ ਲੈ ਆਉਣਗੇ, ਜੋ ਮਾਰਕਸਵਾਦੀ ਨਜ਼ਰੀਏ ਤੋਂ ਲੋਕਾਂ ਦਾ ਰਾਜ ਹੋਵੇਗਾ? ਪਰ ਹੋਇਆ ਇਸਦੇ ਐਨ ਉਲਟ ਸੀ। 'ਇਨਕਲਾਬ' ਆਉਣ 'ਤੇ ਖੁਮੈਨੀ ਦੀ ਇਸਲਾਮਿਕ ਸਰਕਾਰ ਨੇ ਸਭ ਤੋਂ ਪਹਿਲਾਂ ਨਾ ਸਿਰਫ 'ਮੁਜਾਹੀਦੀਨ-ਏ-ਖਲਕ' ਉਤੇ ਪਾਬੰਦੀ ਲਗਾਈ, ਸਗੋਂ ਇਸਦੇ ਹਜ਼ਾਰਾਂ ਲੀਡਰਾਂ ਤੇ ਕਾਰਕੁਨਾਂ ਨੂੰ ਫਾਹੇ ਲਾ ਕੇ ਮਾਰ ਮੁਕਾਇਆ ਸੀ ਅਤੇ ਬਹੁਤੇ ਅੱਜ ਵੀ ਜਲਾਵਤਨੀ ਕੱਟ ਰਹੇ ਹਨ। ਮਾਕਰਸਵਾਦੀਆਂ ਦੀ ਮਦਦ ਨਾਲ ਬਣੀ ਨਵੀਂ 'ਇਸਲਾਮਿਕ ਰਿਪਬਲਿਕ ਆਫ ਇਰਾਨ' ਵਿਚ ਅੱਜ ਲੋਕਾਂ ਦਾ ਜੋ ਹਾਲ ਹੈ, ਸਭ ਦੇ ਸਾਹਮਣੇ ਹੈ?***

ਕਹਾਣੀ

# ਸੰਧੂਰੀ ਅੰਬ

***ਅਮਨਪ੍ਰੀਤ 'ਬੱਲੀ' ਦੀ ਕਹਾਣੀ ਸੰਧੂਰੀ ਅੰਬ ਮਜ਼ਦੂਰ ਪਰਿਵਾਰ ਦੀ ਲੜਕੀ ਪਾਲੋ ਦੁਆਲੇ ਘੁੰਦੀ ਹੈ, ਜੋ ਸਰਦਾਰਾਂ ਦੇ ਮੁੰਡੇ ਨਾਲ ਪਿਆਰ ਕਰ ਬੈਠਦੀ ਹੈ, ਜੋ ਉਸ ਨੂੰ ਵਿਆਹ ਦਾ ਲਾਰਾ ਲਾ ਕੇ ਪੰਜ ਸਾਲ ਉਸ ਨੂੰ ਵਰਤਦਾ ਹੈ ਤੇ ਅਖੀਰ ਕਿਸੇ ਹੋਰ ਨਾਲ ਵਿਆਹ ਕਰ ਲੈਂਦਾ ਹੈ, ਜਿਸ ਨਾਲ ਪਾਲੋ ਅੰਦਰੋਂ ਟੁੱਟ ਜਾਂਦੀ ਹੈ।***



**ਅਮਨਪ੍ਰੀਤ 'ਬੱਲੀ' ਤਖਤੂਪੁਰਾ**

ਪਾਲੋ ਨੂੰ ਹਸਪਤਾਲ 'ਚ ਮੰਜੇ 'ਤੇ ਪਿਆਂ ਤੇਰ੍ਹਵਾਂ ਦਿਨ ਸੀ। ਉਸ ਦੀ ਬਿਮਾਰੀ ਦਾ ਕਿਸੇ ਵੀ ਡਾਕਟਰ ਨੂੰ ਹਾਲੇ ਤੀਕ ਪਤਾ ਨਹੀਂ ਸੀ ਲੱਗ ਸਕਿਆ। ਭਾਵੇਂ ਉਹਨੂੰ ਪਿਛਲੇ ਡੇਢ ਕੁ ਮਹੀਨੇ ਤੋਂ ਹੀ ਕਦੀ-ਕਦਾਈਂ ਬੁਖ਼ਾਰ ਦੀ ਸ਼ਿਕਾਇਤ ਰਹਿਣ ਲੱਗੀ ਸੀ। ਕੋਈ ਸਿਆਣਾ ਵੈਦ ਉਹਨੂੰ ਵੱਡੀ ਮਾਤਾ ਦੀ ਕਰੋਪੀ ਦੱਸਦਾ ਤੇ ਕੋਈ ਟੀ.ਬੀ. ਦੱਸਦਾ ਪਰ ਕਿਸੇ ਵੀ ਪੂਰਾ ਭੇਤ ਨਾ ਪਾਇਆ।

ਪਹਿਲਾਂ-ਪਹਿਲ ਤਾਂ ਪੰਜੀਂ-ਸੱਤੀਂ ਦਿਨੀਂ ਪੇਟ ਦਰਦ ਹੁੰਦਾ ਪਰ ਹੁਣ ਤਾਂ ਲਗਾਤਾਰ ਪਿਛਲੇ ਕਈ ਦਿਨਾਂ ਤੋਂ ਉਹਨੂੰ ਪੇਟ ਦਰਦ ਤੇ ਨਾਲ-ਨਾਲ ਤੇਜ਼ ਬੁਖ਼ਾਰ ਵੀ ਹੋ ਰਿਹਾ ਸੀ। ਬੁਖ਼ਾਰ ਸੀ ਜਾਂ ਕੋਈ ਦੈਂਤ। ਉਤਰਨ ਦਾ ਨਾਂ ਹੀ ਨਹੀਂ ਸੀ ਲੈਂਦਾ। ਪਿੰਡ ਦੇ ਵੈਦਾਂ ਬਥੇਰੀਆਂ ਦਵਾਈਆਂ-ਬੂਟੀਆਂ ਬਦਲ-ਬਦਲ ਦਿੱਤੀਆਂ ਪਰ ਉਹਨੂੰ ਕੋਈ ਫ਼ਰਕ ਨਾ ਪਿਆ ਤੇ ਆਖ਼ਰ ਉਹਨੂੰ ਨੇੜੇ ਦੇ ਸਰਕਾਰੀ ਹਸਪਤਾਲ 'ਚ ਦਾਖ਼ਲ ਹੀ ਕਰਾ ਦਿੱਤਾ।

ਜਨਾਨਾ ਵਾਰਡ ਦੇ ਬੈੱਡ ਨੰਬਰ ਦੋ 'ਤੇ ਪਈ ਪਾਲੋ ਸੋਚ ਰਹੀ ਸੀ, ਪੰਜ ਵਰ੍ਹੇ ਪਹਿਲਾਂ ਉਹਦਾ ਬਾਪੂ ਦਿਆਲਾ ਸਰਦਾਰਾਂ ਨਾਲ ਸੀਰੀ ਸੀ। ਕਈ ਵਰ੍ਹਿਆਂ ਤੋਂ ਉਹ ਸਰਦਾਰਾਂ ਦੇ ਹੀ ਕੰਮ ਕਰਦਾ ਆ ਰਿਹਾ ਸੀ। ਸਰਦਾਰ ਅਰਗਾ ਨੇਕ ਬੰਦਾ ਪਿੰਡ 'ਚ ਕੋਈ ਨਹੀਂ ਸੀ। ਦਿਆਲੇ ਦਾ ਵੀ ਸਰਦਾਰ ਨਾਲ ਮਨ ਮਿਲ ਗਿਆ ਸੀ। ਏਸੇ ਕਰਕੇ ਹੀ ਨਾ ਸਰਦਾਰ ਦਿਆਲੇ ਨੂੰ ਛੱਡਦਾ ਤੇ ਨਾ ਦਿਆਲਾ ਸਰਦਾਰ ਨੂੰ।

ਸਰਦਾਰ ਦਾ ਵੱਡਾ ਮੁੰਡਾ ਰਵੀ ਇੰਦਰ ਸਿੰਘ ਕਈ ਵਾਰ ਕਾਲਜੋਂ ਫੇਲ੍ਹ ਹੋ ਕੇ ਹਟ ਗਿਆ ਸੀ ਤੇ ਹੁਣ ਉਹ ਪਿੰਡ ਹੀ ਕਦੀ-ਕਦਾਈਂ ਟਰੈਕਟਰ ਨਾਲ ਹ਼ਲ ਵਾਹ ਜੱਕੜ ਮਾਰ ਛੱਡਦਾ। ਸਰਦਾਰ ਨੂੰ ਉਹਦੀਆਂ ਆਦਤਾਂ ਨਾ ਭਾਉਂਦੀਆਂ ਪਰ ਉਹ ਕੀ ਕਰਦਾ? ਉਹਦਾ ਇਕੋ-ਇਕ ਮੁੰਡਾ ਸੀ ਤੇ ਬਾਕੀ ਚਾਰ ਕੁੜੀਆਂ। ਉਹਨੇ ਰਵੀ 'ਤੇ ਪੰਜਾਹ-ਸੱਠ ਹਜ਼ਾਰ ਰੁਪਈਆ ਵੀ ਕਾਲਜ 'ਚ ਪੱਟਿਆ ਪਈ ਸ਼ਾਇਦ ਇਹ ਬੰਦਾ ਬਣਜੇ ਪਰ ਉਹ ਤਾਂ ਛੇਆਂ ਸਾਲਾਂ 'ਚ ਪਹਿਲਾ ਸਾਲ ਵੀ ਨਾ ਕਰ ਸਕਿਆ ਤੇ ਆਖ਼ਰ ਉਹਨੂੰ ਘਰ ਹੀ ਮੰਗਾ ਲਿਆ। ਸਰਦਾਰ ਦੇ ਫਾਰਮਾਂ 'ਚ ਇਕ ਛੋਟਾ ਜਿਹਾ ਅੰਬਾਂ ਦਾ ਬਾਗ ਸੀ।

''ਚੱਲ ਹੋਰ ਨੀਂ ਤੂੰ ਰਵੀ ਬਾਗ ਦੀ ਹੀ ਬਿੜਕ-ਛਿੜਕ ਲੈ ਆਇਆ ਕਰ। ਪੜ੍ਹਨਾ ਤਾਂ ਜਿਹੜਾ ਤੂੰ ਸੀਗਾ ਪੜ੍ਹ ਲਿਆ।'' ਭਾਵੇਂ ਸਰਦਾਰ ਨੇ ਮਾਲੀ ਰੱਖਿਆ ਹੋਇਆ ਸੀ ਪਰ ਉਹਨੇ ਰਵੀ ਦੀ ਸੰਗਤ ਬਦਲਣ ਲਈ ਥੋੜ੍ਹੀ-ਬਹੁਤੀ ਜ਼ਿੰਮੇਵਾਰੀ ਉਹਦੀ ਲਾ ਦਿੱਤੀ।

ਰਵੀ ਕਦੇ-ਕਦੇ ਖੇਤਾਂ ਵੱਲ ਗੇੜਾ ਮਾਰਨ ਜਾਂਦਾ ਤਾਂ ਮਾਲੀ ਕੋਲ ਕੁਝ ਚਿਰ ਜਾ ਬਹਿੰਦਾ ਪਰ ਬੁੱਝਾ-ਰੁੱਧਾ। ਅੰਬ ਪੱਕ ਚੁੱਕੇ ਸਨ ਤੇ ਹੁਣ ਉਹਨੂੰ ਨਿੱਤ ਹੀ ਗੇੜਾ ਮਾਰਨਾ ਪੈਂਦਾ। ਗੇੜਾ ਮਾਰਦੇ ਰਵੀ ਦੇ ਇਕ ਦਿਨ ਪਾਲੋ ਨਜ਼ਰੀਂ ਪਈ। ਉਹ ਹ਼ਲ ਵਾਹੁਣ ਆਏ ਦਿਆਲੇ ਕੋਲ ਸ਼ਾਇਦ ਕਿਸੇ ਕੰਮ ਆਈ ਸੀ। ਰਵੀ ਦੀ ਨਿਗ੍ਹਾ ਅੱਜ ਪਹਿਲੀ ਵਾਰ ਪਾਲੋ ਵੱਲ ਗਈ ਤੇ ਫਿਰ ਬਾਗ ਦੇ ਪੱਕ ਚੁੱਕੇ ਅੰਬਾਂ ਵੱਲ। ਉਹਨੂੰ ਨਸ਼ਾ ਜਿਹਾ ਹੋ ਗਿਆ। ਉਸ ਪਹਿਲਾਂ ਵੀ ਪਾਲੋ ਨੂੰ ਕਈ ਵਾਰ ਤੱਕਿਆ ਸੀ ਪਰ ਅੱਜ ਦੀ ਤੱਕਣੀ 'ਚ ਉਹਨੂੰ ਫ਼ਰਕ ਜਿਹਾ ਜਾਪਿਆ। ਉਸ ਪਾਲੋ ਨੂੰ ਭੱਜ ਜੱਫੀ 'ਚ ਲੈਣਾ ਚਾਹਿਆ ਪਰ ਫਿਰ ਅੰਬਾਂ ਦੀ ਰਾਖੀ ਫਿਰਦੇ ਮਾਲੀ ਦਾ ਖ਼ਿਆਲ ਆਇਆ।

ਰਵੀ ਦੀਆਂ ਲਾਲ਼ਾਂ ਵਹਿ ਤੁਰੀਆਂ। ਉਹਤੋਂ ਰਹਿ ਨਾ ਹੋਇਆ ਤੇ ਪਾਲੋ ਨੂੰ ਕਹਿਣ ਲੱਗਾ, ''ਪਾਲੋ ਅੰਬ ਨੀਂ ਚੂਪਣੇ?'' ਪਾਲੋ ਨੀਵੀਂ ਜਿਹੀ ਪਾ ਕੋਲ ਦੀ ਲੰਘ ਗਈ ਤੇ ਬੋਲੀ ਕੁਝ ਨਾ।

ਉਹਨੂੰ ਆਪਣੇ ਆਪ 'ਤੇ ਗੁੱਸਾ ਜਿਹਾ ਆਇਆ ਤੇ ਭਰਿਆ-ਪੀਤਾ ਮਾਲੀ 'ਤੇ ਜਾ ਵਰ੍ਹਿਆ, 'ਤੈਨੂੰ ਕਿੰਨੀ ਵਾਰ ਕਿਹਾ ਪਈ ਅੰਬ ਤੁੜਵਾ ਕੇ ਮੰਡੀ ਭਿਜਵਾ ਦੇ ਪਰ ਤੇਰੇ 'ਤੇ ਅਸਰ ਈ ਨੀਂ ਹੁੰਦਾ ਕੋਈ। ਕਿੰਨਾ ਕੁ ਚਿਰ ਰਾਖੀ ਰੱਖਾਂਗੇ ਇਨ੍ਹਾਂ ਦੀ? ਆਖ਼ਰ ਇਕ ਦਿਨ ਤਾਂ ਮੰਡੀ ਜਾਣੇ ਹੀ ਨੇ ਤੇ ਨਾਲੇ ਹੁਣ ਤਾਂ ਜਮਾਂ ਈ ਪੱਕਗੇ ਨੇ।''

ਮਾਲੀ ਕੁਝ ਨਾ ਬੋਲਿਆ ਤੇ ਤੁਰਦਾ-ਤੁਰਦਾ ਬਾਗ ਦੀ ਦੂਜੀ ਨੁੱਕਰੇ ਬਣੀ ਝੁੱਗੀ ਵੱਲ ਨੂੰ ਹੋ ਤੁਰਿਆ। ਰਵੀ ਬੁੜ-ਬੁੜਾਉਂਦਾ ਰਿਹਾ, ''ਏਹਨੂੰ ਬੁੱਢੜੇ ਨੂੰ ਟੇਕ ਨੀ ਆਉਂਦੀ। ਭਲਾ ਏਹਦਾ ਕੀ ਕੰਮ ਸੀ ਏਧਰ ਆਉਣ ਦਾ।'

ਰਵੀ ਨੂੰ ਦੂਰੋਂ ਤੁਰੀ ਆਉਂਦੀ ਪਾਲੋ ਦਿਸੀ। ਜਾਣੋ ਰਵੀ ਦਾ ਅੰਦਰ ਫਿਰ ਖਿੜ ਗਿਆ। ਉਹ ਪਹਿਲਾ ਗੁੱਸਾ ਭੁੱਲ ਗਿਆ, ''ਮਖੈ ਅੰਬ 'ਨੀਂ ਚੂਪਣੇ, ਹੁਣ ਤਾਂ ਰਸਣ ਲੱਗ ਗਏ ਨੇ, ਫੇਰ 'ਨੀ ਵੇ਼ਲਾ ਆਉਣਾ।'' ਨੇੜੇ ਆਈ ਪਾਲੋ ਨੂੰ ਦੇਖ ਰਵੀ ਨੇ ਲਲਚਾਈਆਂ ਅੱਖਾਂ ਨਾਲ ਦੇਖਦਿਆਂ ਕਿਹਾ।

ਪਾਲੋ ਤਾਂ ਪਹਿਲਾਂ ਹੀ ਅੰਦਰੇ-ਅੰਦਰ ਰਵੀ ਨੂੰ ਚਾਹੁੰਦੀ ਸੀ ਪਰ ਰਵੀ ਨੇ ਤਾਂ ਅੱਜ ਤੱਕ ਪਾਲੋ ਵੱਲ ਦੇਖਿਆ ਤੱਕ ਨਹੀਂ ਸੀ ਤੇ ਅੱਜ ਅਚਾਨਕ ਰਵੀ ਦੇ ਬੁਲਾਉਣ 'ਤੇ ਉਹਤੋਂ ਵੀ ਰਿਹਾ ਨਾ ਗਿਆ। ਮਸੀਂ ਮੌਕਾ ਮਿਲਿਆ ਸੀ ਰਵੀ ਨਾਲ ਗੱਲ ਕਰਨ ਦਾ। ਪਾਲੋ ਤਾਂ ਉਹਨੂੰ ਦਿਲੋਂ ਚਾਹੁੰਦੀ ਸੀ ਪਰ ਉਹਦੇ 'ਚ ਹੀਆ 'ਨੀ ਪੈਂਦਾ ਸੀ ਕਿ ਉਹ ਸਰਦਾਰਾਂ ਦੇ ਮੁੰਡੇ ਨਾਲ ਗੱਲ ਵੀ ਕਰੇ ਤੇ ਅੱਜ ਮੌਕਾ ਪਾ ਕੇ ਉਹਨੇ ਪੈਂਤਰਾ ਵਾਹ ਦਿੱਤਾ, 'ਸਰਦਾਰਾ, ਤੂੰ ਕਾਹਨੂੰ ਸਾਨੂੰ ਗਰੀਬਾਂ ਨੂੰ ਅੰਬ ਚੁਪਾਉਣੇ ਨੇ। ਐਵੇਂ ਈ ਉਤੋਂ ਉਤੋਂ ਕਹਿੰਦਾਂ।' ਪਾਲੋ ਨੇ ਝੁੱਗੀ ਅੰਦਰ ਵੜ ਰਹੇ ਮਾਲੀ ਤੋਂ ਅੱਖ ਬਚਾਉਂਦੀ ਨੇ ਕਿਹਾ।



''ਤੂੰ ਇਕ ਵਾਰ ਆ ਕੇ ਤੇ ਦੇਖ, ਅੰਬ ਕੀ ਜੋ ਆਖੇਂ।''

''ਬੱਸ, ਬੱਸ ਸਰਦਾਰਾ, ਐਮੇਂ ਨਾ ਫੜ੍ਹਾਂ ਮਾਰ।''

''ਫੜ੍ਹਾਂ ਕੀ, ਤੂੰ ਅਜ਼ਮਾ ਕੇ ਦੇਖ ਲੈ।'' ਰਵੀ ਨੇ ਬੁੱਲ੍ਹਾਂ 'ਤੇ ਜੀਭ ਫੇਰਦੇ ਨੇ ਪਾਲੋ ਦੀ ਬਾਂਹ ਫੜ ਲਈ।

''ਨਾ, ਨਾ, ਰਵੀ ਕੋਈ ਦੇਖਲੂਗਾ।'' ਪਾਲੋ ਨੇ ਬਾਂਹ ਛੁਡਾਉਣੀ ਚਾਹੀ।

''ਹੁਣ ਕਿੱਥੇ।'' ਕਹਿੰਦਾ ਰਵੀ ਜੱਟ-ਜੱਫਾ ਭਰ ਪਾਲੋ ਨੂੰ ਅੰਬਾਂ ਦੇ ਸੰਘਣੇ ਝੁੰਡ 'ਚ ਲੈ ਗਿਆ। ਹਵਾ ਦਾ ਬੁੱਲ੍ਹਾ ਆਇਆ ਤੇ ਫੇਰ ਹਨ੍ਹੇਰੀ। ਮੁੜ੍ਹਕੇ ਨਾਲ ਭਿੱਜੀ ਸਾਹੋ-ਸਾਹ ਹੋਈ ਪਾਲੋ ਕੁਝ ਕੁ ਮਿੰਟਾਂ ਬਾਅਦ ਬਾਹਰ ਨਿਕਲੀ ਤੇ ਏਧਰ-ਉਧਰ ਦੇਖਦੀ ਪਿੰਡ ਵੱਲ ਨੂੰ ਤੁਰ ਗਈ।

ਦੂਰ ਪਰ੍ਹੇ ਮਾਲੀ ਹਨ੍ਹੇਰੀ ਨਾਲ ਡਿੱਗੇ ਅੰਬਾਂ ਨੂੰ 'ਕੱਠੇ ਕਰ ਟੋਕਰੀ 'ਚ ਪਾ ਰਿਹਾ ਸੀ। ਅੰਬਾਂ ਦਾ ਰਸ ਨਿਕਲ-ਨਿਕਲ ਟੋਕਰੀ ਨਾਲ ਲੱਗ ਚੁੱਕਾ ਸੀ। ਰਵੀ ਖੰਘੂਰਾ ਜਿਹਾ ਮਾਰ ਸਰਦਾਰੀ ਰੋਅਬ ਨਾਲ ਕੋਲ ਦੀ ਲੰਘ ਕੇ ਰਾਹ ਵੱਲ ਜਾਂਦੀ ਪਹੀ ਪੈ ਗਿਆ। ਮਾਲੀ ਚੁੱਪ-ਚਾਪ ਅੰਬ 'ਕੱਠੇ ਕਰਦਾ ਰਿਹਾ।

ਹੁਣ ਜਦ ਕਦੇ ਪਾਲੋ ਖੇਤਾਂ ਵੱਲ ਬਾਪੂ ਕੋਲ ਆਉਂਦੀ ਤਾਂ ਉਹਦੀ ਨਿਗ੍ਹਾ ਹਮੇਸ਼ਾ ਬਾਗ ਵੱਲ ਜਾਂਦੀ ਤੇ ਉਦੋਂ ਤੋਂ ਰਵੀ ਵੀ ਲਗਾਤਾਰ ਖੇਤਾਂ ਦਾ ਗੇੜਾ ਮਾਰਨ ਲੱਗ ਪਿਆ। ਪਾਲੋ ਤੇ ਰਵੀ ਅਕਸਰ 'ਕੱਠੇ ਹੋਣ ਲੱਗ ਪਏ।

ਗੱਲਾਂ-ਗੱਲਾਂ 'ਚ ਰਵੀ ਪਾਲੋ ਨਾਲ ਵਿਆਹ ਦੇ ਹਵਾਈ ਕਿਲੇ ਬਣਾਉਂਦਾ ਰਿਹਾ ਪਰ ਇਹ ਕਿਵੇਂ ਹੋ ਸਕਦਾ ਏ? ਪਾਲੋ ਦਾ ਦਿਲ ਨਾ ਮੰਨਦਾ। ਉਹ ਕੰਮੀਆਂ ਦੀ ਕੁੜੀ ਸੀ ਤੇ ਉਹ ਸਰਦਾਰਾਂ ਦਾ ਮੁੰਡਾ। ਸੱਚੇ-ਝੂਠੇ ਲਾਰਿਆਂ ਨਾਲ ਪੰਜ ਵਰ੍ਹੇ ਲੰਘ ਗਏ। ਪਾਲੋ ਦਾ ਦਿਲ ਨਾ ਮੰਨਦਾ ਪਰ ਰਵੀ ਉਹਨੂੰ ਏਧਰ ਉਧਰ ਦੀਆਂ ਮਾਰ ਛੱਡਦਾ। ਪਾਲੋ ਨੂੰ ਯਕੀਨ ਨਾ ਆਇਆ, ਜਦ ਉਹਨੇ ਆਪਣੀ ਸਹੇਲੀ ਤੋਂ ਰਵੀ ਦੇ ਹੋ ਰਹੇ ਮੰਗਣੇ ਅਤੇ ਚੜ੍ਹਦੇ ਅੱਸੂ ਦੇ ਵਿਆਹ ਦੀ ਖ਼ਬਰ ਸੁਣੀ। ਉਹ ਥਾਈਂ ਨਿੱਘਰ ਗਈ। ਧਾਹੀਂ ਰੋਈ ਪਰ ਕਿਸੇ ਨੂੰ ਕੀ ਪਤਾ ਸੀ ਉਹਦੇ ਰੋਗ ਦਾ ਤੇ ਉਦੋਂ ਤੋਂ ਉਹ ਢਿੱਡ ਦੁਖਣ ਦੇ ਬਹਾਨੇ ਨਾਲ ਮੰਜੇ 'ਤੇ ਪਈ ਰਹਿਣ ਲੱਗੀ। ਰਵੀ ਦਾ ਵਿਆਹ ਹੋ ਗਿਆ। ਉਹ ਹਾਲੀਂ ਵੀ ਨਾ ਮੰਨਦੀ। ਉਹਦਾ ਦਿਲ ਨਾ ਮੰਨਦਾ ਪਰ ਹੋ ਚੁੱਕੇ ਨੂੰ ਮੇਟਿਆ ਥੋੜ੍ਹੀ ਜਾ ਸਕਦਾ ਸੀ।

ਰਵੀ ਦੇ ਵਿਆਹ ਮਗਰੋਂ ਹੀ ਉਹਨੂੰ ਪੇਟ ਦਰਦ ਤੇ ਬੁਖ਼ਾਰ ਰਹਿਣ ਲੱਗਾ ਸੀ। ਉਹ ਦਿਨੋਂ-ਦਿਨ ਘਟਦੀ ਗਈ ਤੇ ਹੁਣ ਤਾਂ ਤੇਰਾਂ ਦਿਨਾਂ ਤੋਂ ਉਹਨੂੰ ਪੇਟ ਦਰਦ ਦੇ ਨਾਲ-ਨਾਲ ਲੱਕ ਤੋੜਵਾਂ ਬੁਖ਼ਾਰ ਵੀ ਹੋ ਗਿਆ ਸੀ। ਕੋਈ ਵੀ ਦਵਾਈ ਕਾਟ ਨਾ ਕਰਦੀ।

ਪਾਲੋ ਨਾ ਕੁਝ ਖਾਂਦੀ, ਨਾ ਪੀਂਦੀ ਤੇ ਨਾ ਹੀ ਮੂੰਹੋਂ ਕੁਝ ਬੋਲਦੀ। ਰਾਊਂਡ 'ਤੇ ਆਇਆ ਡਾਕਟਰ ਉਹਨੂੰ ਨਿੱਤ ਖਾਣ-ਪੀਣ ਬਾਰੇ ਪੁੱਛਦਾ ਪਰ ਉਹ ਚੁੱਪ ਸੀ। ਕਿਸੇ ਚੀਜ਼ ਨੂੰ ਦਿਲ ਮੰਨੇ ਤਾਂ ਉਹ ਆਖੇ। ਚਾਹ ਦੀਆਂ ਦੋ-ਚਾਰ ਘੁੱਟਾਂ ਜਾਂ ਭੋਰਾ ਦੁੱਧ ਤੋਂ ਬਿਨਾਂ ਪਾਲੋ ਦੇ ਕੁਝ ਨਾ ਲੰਘਦਾ। ਉਹਦੇ ਖਾਣ-ਪੀਣ 'ਤੇ ਡਾਕਟਰ ਵੱਲੋਂ ਪ੍ਰਹੇਜ਼ ਲਾਇਆ ਹੋਇਆ ਸੀ।

ਅਗਲੇ ਦਿਨ ਜਦੋਂ ਰਾਊਂਡ ਕਰਦਾ ਡਾਕਟਰ ਪਾਲੋ ਦੇ ਮੰਜੇ ਕੋਲ ਆਇਆ ਤਾਂ ਉਹਨੇ ਦਿਆਲੇ ਕੋਲ ਇਕ ਓਪਰੇ ਆਦਮੀ ਨੂੰ ਦੇਖਦਿਆਂ ਕਿਹਾ, ''ਦਿਆਲ ਸਿਆਂ, ਅਸੀਂ ਕੁੜੀ ਦੇ ਖਾਣ-ਪੀਣ 'ਤੇ ਬਥੇਰਾ ਪ੍ਰਹੇਜ਼ ਲਾਇਆ ਪਰ ਫੇਰ ਵੀ ਮੋੜ ਨਾ ਪਿਆ। ਅੱਜ ਅਸੀਂ ਨਵੀਂ ਅਜ਼ਮਾਇਸ਼ ਕਰਨ ਲੱਗੇ ਆਂ। ਏਹਨੂੰ ਕੋਈ ਪ੍ਰਹੇਜ਼ ਨਹੀਂ, ਜੋ ਜੀਅ ਆਵੇ, ਖਾ ਸਕਦੀ ਏ। ਹੋ ਸਕੇ ਤਾਂ ਜ਼ਿਆਦਾ ਸੰਤਰਾ, ਮਾਲਟਾ ਜਾਂ ਕੋਈ ਫਲ-ਫਰੂਟ ਈ ਦਿਓ।''

''ਹੱਛਾ ਡਾਕਟਰ ਸਾਬ੍ਹ, ਮੈਂ ਪੁੱਛਦਾ ਵਾਂ ਕੁੜੀ ਤੋਂ।''

ਕਹਿੰਦੇ ਦਿਆਲੇ ਨੇ ਪਾਲੋ ਦੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ, ''ਪੁੱਤ ਤੂੰ ਕੀ ਖਾਣਾ, ਜੋ ਜੀਅ ਕਰਦੈ ਦੱਸ, ਮੈਂ ਉਹੀ ਤੈਨੂੰ ਲਿਆ ਕੇ ਦੇਊਂ।''

ਪਾਲੋ ਨੇ ਮੋਹ ਭਿੱਜੀਆਂ ਅੱਖਾਂ ਨਾਲ ਬੁੱਢੇ ਦਿਆਲੇ ਵੱਲ ਤੇ ਫੇਰ ਕੋਲ ਖੜ੍ਹੇ ਮਾਲੀ ਵੱਲ ਦੇਖਦਿਆਂ ਸਿਰਫ਼ ਏਨਾ ਕਿਹਾ, ''ਸੰਧੂਰੀ ਅੰਬ।'' ਤੇ ਫੇਰ ਪਾਲੋ ਨੂੰ ਦੌਰਾ ਪੈ ਚੁੱਕਾ ਸੀ। ਉਹਦੀਆਂ ਅੱਖਾਂ ਬੰਦ ਤੇ ਬੁੱਲ੍ਹ ਖ਼ਾਮੋਸ਼ ਸਨ। ਕੋਲ ਖੜ੍ਹਾ ਮਾਲੀ ਵੀ ਚੁੱਪ ਸੀ।

---

## ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਦੇ ਮਸਲੇ

***(ਪਿਛਲੇ ਸਫੇ ਦਾ ਬਾਕੀ)***

'ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ, ਸਮੁੱਚੀ ਮਨੁੱਖ ਜਾਤੀ ਦੇ ਅਨੁਭਵੀ (ਆਤਮਿਕ) ਗਿਆਨ ਦਾ ਖਜ਼ਾਨਾ ਸਿੱਖ ਪੰਥ ਅਤੇ ਪੰਜਾਬ ਦੇ ਲੋਕਾਂ ਕੋ਼ਲ ਮੌਜੂਦ ਹੈ। ਪਰ ਅਜੋਕੇ ਪ੍ਰਸੰਗ ਵਿਚ ਇਸਦਾ ਲਾਹਾ ਲੈਣ ਲਈ ਇਸਨੂੰ ਦੁਨੀਆ ਭਰ ਦੇ ਸਾਰੇ ਧਰਮਾਂ ਦੇ ਲੋਕਾਂ ਨਾ਼ਲ ਸਾਂਝਾ ਕਰਨ ਦੀ ਲੋੜ ਹੈ।' ਇਸੇ ਤਰ੍ਹਾਂ ਉਹ ਆਪਣੇ 'ਨੇਸ਼ਨ ਸਟੇਟ ਬਨਾਮ ਖਾਲਿਸਤਾਨ' ਲੇਖ ਵਿਚ ਲਿਖਦੇ ਹਨ: 'ਗੁਰਮਤਿ ਅਨੁਸਾਰ 'ਖਾਲਿਸਤਾਨ' ਦੀ ਰਾਜਨੀਤੀ ਦਾ ਤੱਤ ਅਜਿਹੇ ਰਾਜ ਦੀ ਸਥਾਪਨਾ ਕਰਨੀ ਹੈ, ਜਿੱਥੇ ਹਰ ਮਾਈ-ਭਾਈ ਇਸ ਅਸੀਮ ਕੁਦਰਤ ਨਾਲ ਇਕਸੁਰਤਾ ਤੇ ਇਸਦੇ ਜਾਣੇ ਹੋਏ ਨੇਮਾਂ ਵਿਚ ਰਹਿਣ ਦੇ ਯਤਨ ਕਰਦਿਆਂ ਅਤੇ ਇਸਦੇ ਗੁਣ ਗਾਉਂਦਿਆਂ, ਆਤਮ-ਸੰਜਮੀ (ਸਦਾਚਾਰੀ) ਜ਼ਿੰਦਗੀ ਜੀਵੇ ਅਤੇ ਹੱਥੀਂ ਕਿਰਤ ਕਰਦਿਆਂ ਹੋਇਆਂ ਸਮੂਹ ਭਾਈਚਾਰੇ ਨਾਲ ਰਲ-ਮਿਲ ਕੇ ਵੰਡ ਛਕਣ ਦੇ ਅਸੂਲ ਤਹਿਤ ਆਪਣੀਆਂ ਤਰਕ-ਸੰਗਤ ਲੋੜਾਂ ਦੀ ਪੂਰਤੀ ਕਰੇ।' ਇਹ ਸਭ ਇਨਸਾਨੀਅਤ ਦੇ ਭਲੇ ਲਈ ਬਹੁਤ ਵਧੀਆ ਆਦਰਸ਼ ਹਨ। ਸਾਰੇ ਧਰਮਾਂ ਦੇ ਰਹਿਬਰ ਅਜਿਹੇ ਆਦਰਸ਼ਾਂ 'ਤੇ ਚੱਲਣ ਲਈ ਜ਼ੋਰ ਦਿੰਦੇ ਆਏ ਹਨ। ਸਵਾਲ ਤਾਂ ਇਹ ਹੈ ਕਿ ਇਨ੍ਹਾਂ ਆਦਰਸ਼ਾਂ ਨੂੰ ਅਮਲੀ ਰਾਜਨੀਤੀ ਵਿਚ ਕਿਵੇਂ ਰੂਪਮਾਨ ਕੀਤਾ ਜਾਵੇ? ਕੀ ਗੁਰਬਚਨ ਸਿੰਘ ਜਾਂ ਅਜਮੇਰ ਸਿੰਘ ਨੇ ਪਿਛਲੇ 30-40 ਸਾਲਾਂ ਵਿਚ ਇਸ ਪਾਸੇ ਕੋਈ ਕੋਸ਼ਿਸ਼ ਕੀਤੀ ਹੈ ਤੇ ਜੇ ਕੀਤੀ ਹੈ ਤਾਂ ਉਨ੍ਹਾਂ ਨੂੰ ਕਿੰਨੀ ਕੁ ਕਾਮਯਾਬੀ ਮਿਲੀ ਹੈ? ਜਿਸ ਤਰ੍ਹਾਂ ਆਪਣੀਆਂ ਪੁਸਤਕਾਂ ਤੇ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਸ. ਗੁਰਬਚਨ ਸਿੰਘ ਹੋਰੀਂ ਧਾਰਮਿਕ/ਰੂਹਾਨੀ ਮੁਹਾਵਰੇ ਵਿਚ, ਆਧੁਨਿਕ ਯੁੱਗ ਦੀਆਂ ਵਿਗਿਆਨਕ ਪ੍ਰਾਪਤੀਆਂ ਨੂੰ ਕਟਹਿਰੇ ਵਿਚ ਖੜਾ ਕਰਦੇ ਹਨ? ਕੀ ਆਧੁਨਿਕ ਵਿਗਿਆਨ ਅਤੇ ਪੱਛਮ ਸਭਿਅਤਾ ਨੂੰ ਮੁੱਢੋਂ ਛੁਟਿਆਉਣ ਲਈ ਅਜਿਹੇ ਦਾਅਵੇ ਸਯਦ ਕੁਤਬ ਜਾਂ ਮੌਲਾਨਾ ਮੌਦੂਦੀ ਆਦਿ ਵਰਗੇ ਆਪਣੀਆਂ ਕਿਤਾਬਾਂ ਰਾਹੀਂ ਨਹੀਂ ਕਰਦੇ ਆ ਰਹੇ? ਕੀ ਉਨ੍ਹਾਂ ਦੇ ਅਜਿਹੇ ਪ੍ਰਵਚਨਾਂ ਨਾ਼ਲ ਮੁਹੰਮਦ ਸਾਹਿਬ ਦੇ 'ਇਲਾਹੀ ਵਚਨਾਂ' ਦੀ ਸੋਚ ਦਾ ਕੋਈ ਰੂਹਾਨੀਅਤ ਵਾ਼ਲਾ ਇਸਲਾਮਿਕ ਦੇਸ਼ ਉਸਰ ਸਕਿਆ?

***ਅੰਤਿਕਾ 1***

### *ਓੜਕ ਸਚ ਰਹੀ!*

ਰਾਹੁਲ ਗਾਂਧੀ ਦੇ ਕੇਸਰੀ ਪੱਗ ਬੰਨ੍ਹ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਦੀਆਂ ਅਨੇਕ ਇਤਿਹਾਸਕ ਪਰਤਾਂ ਹਨ। ਜੇ ਇਕ ਪਲ ਲਈ ਕੁਝ ਲੋਕਾਂ ਦੀ ਇਹ ਆਮ ਧਾਰਨਾ ਮੰਨ ਵੀ ਲਈ ਜਾਵੇ ਕਿ ਸਿੱਖਾਂ ਦੀਆਂ ਵੋਟਾਂ ਲੈਣ ਵਾਸਤੇ ਰਾਹੁਲ ਗਾਂਧੀ ਨੇ ਇਹ ਸਾਰਾ ਕੁਝ ਕੀਤਾ ਹੈ, ਤਾਂ ਵੀ ਇਸ ਇਕ ਕਾਰਵਾਈ ਨੇ ਉਸ ਸਾਰੇ ਬਿਰਤਾਂਤ ਨੂੰ ਨਕਾਰ ਦਿੱਤਾ ਹੈ, ਜਿਹੜਾ 1984 ਵਿਚ ਸ੍ਰੀ ਅਕਾਲ ਤਖਤ ਸਾਹਿਬ ਉਤੇ ਹਮਲਾ ਕਰਨ ਲਈ ਘੜਿਆ ਗਿਆ ਸੀ। ਇਸ ਕਾਰਵਾਈ ਨੇ ਅਰੁਣ ਪੁਰੀ, ਸ਼ੇਖਰ ਗੁਪਤਾ, ਗਿਰੀ ਲਾਲ ਜੈਨ, ਪ੍ਰੇਮ ਭਾਟੀਆ, ਜਗਜੀਤ ਸਿੰਘ ਅਨੰਦ, ਜਤਿੰਦਰ ਪੰਨੂ ਸਮੇਤ ਸਾਰੇ ਉਨ੍ਹਾਂ ਪੱਤਰਕਾਰਾਂ ਦੇ ਮੂੰਹ ਉਤੇ ਕਾ਼ਲਖ ਪੋਤ ਦਿੱਤੀ ਹੈ, ਜਿਨ੍ਹਾਂ ਨੇ ਇਹ ਬਿਰਤਾਂਤ ਘੜਨ ਵਿਚ ਸਹਾਇਤਾ ਕੀਤੀ ਸੀ। ਰਾਹੁਲ ਗਾਂਧੀ ਦੀ ਇਸ ਕਾਰਵਾਈ ਨੇ ਉਨ੍ਹਾਂ ਸਾਰੇ ਫੌਜੀ ਅਫਸਰਾਂ ਦੇ ਚਿਹਰੇ ਕਲੰਕਿਤ ਕਰ ਦਿੱਤੇ ਹਨ, ਜਿਨ੍ਹਾਂ ਨੇ ਸ੍ਰੀ ਅਕਾਲ ਤਖਤ ਉਤੇ ਕੀਤੇ ਗਏ ਫੌਜੀ ਹਮਲੇ ਵਿਚ ਹਿੱਸਾ ਲਿਆ ਸੀ ਤੇ ਉਨ੍ਹਾਂ ਸਾਰੇ ਕਮਿਊਨਿਸਟ ਆਗੂਆਂ ਦਾ ਨਾਂ ਪੰਜਾਬ ਦੇ ਇਤਿਹਾਸ ਵਿਚ ਕਾਲੇ ਅੱਖਰਾਂ ਨਾਲ ਲਿਖ ਦਿੱਤਾ ਹੈ, ਜਿਨ੍ਹਾਂ ਨੇ ਇਸ ਕਾਰਵਾਈ ਦੀ ਹਮਾਇਤ ਕੀਤੀ ਸੀ। ਹੁਣ ਉਹ ਸਾਰੇ ਪੁਲਿਸ ਅਫਸਰ ਇਨਸਾਫ ਦੇ ਕਟਹਿਰੇ ਵਿਚ ਖੜੇ ਹਨ, ਜਿਨ੍ਹਾਂ ਨੇ ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖ ਜਵਾਨੀ ਦਾ ਘਾਣ ਕੀਤਾ। ਬਹੁ-ਗਿਣਤੀ ਸਿੱਖ ਭਾਈਚਾਰੇ ਦੇ ਪੰਥਕ ਜਜ਼ਬੇ ਨੂੰ ਸੰਤੁਸ਼ਟ ਕਰਨ ਲਈ ਜੇ ਰਾਹੁਲ ਗਾਂਧੀ ਨੂੰ ਇਹ ਕਾਰਵਾਈ ਜ਼ਰੂਰੀ ਜਾਪੀ ਹੈ, ਤਾਂ ਇਸ ਕਾਰਵਾਈ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਲੜੇ ਗਏ ਸਿੱਖ ਸੰਘਰਸ਼ ਉਤੇ ਹੱਕ-ਸੱਚ ਦੀ ਮੋਹਰ ਲਾ ਦਿੱਤੀ ਹੈ।

(ਸ. ਗੁਰਬਚਨ ਸਿੰਘ ਨੇ ਪਿਛਲੇ ਦਿਨੀਂ ਉਪਰਲੀ ਫੇਸਬੁੱਕ ਪੋਸਟ ਸ਼ੇਅਰ ਕੀਤੀ ਹੈ, ਇਸਦਾ ਕੀ ਮਤਲਬ ਸਮਝਿਆ ਜਾਵੇ, ਸਾਡੀ ਤਾਂ ਸਮਝ ਨਹੀਂ ਆਇਆ, ਸ਼ਾਇਦ ਪਾਠਕ ਸਮਝ ਸਕਣ...?

***ਅੰਤਿਕਾ-2***

ਪਿਛਲੇ ਸਮੇਂ ਵਿਚ ਸਿੱਖ ਨੌਜਵਾਨਾਂ ਵਲੋਂ ਕੀਤੀ ਜਾਂਬਾਜ਼ੀ ਤੇ ਕੁਰਬਾਨੀਆਂ ਤੋਂ ਤਾਂ ਕਿਸੇ ਨੂੰ ਕੋਈ ਇਨਕਾਰ ਨਹੀਂ ਹੈ, ਪਰ ਕੀ ਵਕਤ ਦੀ ਨਜ਼ਾਕਤ, ਮਸਲੇ ਦੀ ਸਮਝ, ਤੇ ਸਹੀ ਸੇਧ ਤੋਂ ਬਿਨਾਂ ਕੇਵਲ ਸ਼ਹਾਦਤਾਂ ਨਾ਼ਲ ਸਿੱਖਾਂ ਦੇ ਗੁੰਝਲਦਾਰ ਮਸਲਿਆਂ ਨੂੰ ਕਿਸੇ ਕਿਨਾਰੇ ਲਗਾਇਆ ਜਾ ਸਕਦਾ ਹੈ? 84 ਦੇ ਦੌਰ ਬਾਰੇ ਪ੍ਰਾਪਤ ਸਰਕਾਰੀ ਜਾਂ ਗੈਰ-ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿਚ ਉਸ ਵਕਤ 30-40 ਹਜ਼ਾਰ ਲੋਕ ਮਾਰੇ ਗਏ ਸਨ। ਜਦੋਂ ਅਸੀਂ ਸ੍ਰੀ ਲੰਕਾ ਵਿਚ ਤਾਮਿਲ ਖਾੜਕੂ ਲਿੱਟਿਆਂ ਵਲੋਂ 3 ਦਹਾਕਿਆਂ ਤੱਕ ਲੜੀ ਲਹੂ ਵੀਟਵੀਂ ਲੜਾਈ ਬਾਰੇ ਪੜ੍ਹਦੇ ਹਾਂ ਤਾਂ ਉਨ੍ਹਾਂ ਨੇ 11 ਜੂਨ, 1990 ਨੂੰ ਇੱਕੋ ਦਿਨ 700 ਤੋਂ ਵੱਧ ਪੁਲਿਸ ਵਾ਼ਲੇ ਅਗਵਾ ਕਰ ਕੇ ਕਤਲ ਕਰ ਦਿੱਤੇ ਸਨ, ਉਨ੍ਹਾਂ ਇਸ ਤਰ੍ਹਾਂ ਦੇ ਵੱਡੇ-ਵੱਡੇ ਸੈਂਕੜੇ ਖੂਨੀ ਕਾਂਡ ਕੀਤੇ ਸਨ, ਇਸ ਤੋਂ ਇਲਾਵਾ ਲਿੱਟੇ ਗੁਰੀਲਿਆਂ ਵਲੋਂ ਕੀਤੇ ਆਤਮਘਾਤੀ ਹਮਲਿਆਂ ਵਿਚ ਸ੍ਰੀ ਲੰਕਾ ਦੇ ਦੋ ਰਾਸ਼ਟਰਪਤੀਆਂ, ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਛੇ ਮਨਿਸਟਰਾਂ, ਰਾਜਨੀਤਕ ਲੀਡਰਾਂ ਤੋਂ ਇਲਾਵਾ ਵੱਡੇ-ਵੱਡੇ ਪੁਲਿਸ ਅਫਸਰ, ਨੇਵੀ ਚੀਫ ਅਤੇ ਅੱਧੀ ਦਰਜਨ ਮੇਜਰ ਜਨਰਲ ਆਦਿ ਮਾਰਨ ਦੇ ਸੂਰਮਗਤੀ ਵਾ਼ਲੇ ਕਾਰਨਾਮੇ ਕਰ ਕੇ ਸ਼ਹਾਦਤਾਂ ਦਿੱਤੀਆਂ ਸਨ। ਇਸ ਸਬੰਧੀ ਸੀਨੀਅਰ ਪੱਤਰਕਾਰ ਤੇ ਸ੍ਰੀ ਲੰਕਾ ਵਿਚ ਪੰਜ ਸਾਲ ਯੂਨਾਈਟਡ ਨੇਸ਼ਨ ਦੇ ਸਪੋਕਸਮੈਨ ਰਹੇ ਗੌਰਡਨ ਵੀਸ ਦੀ ਕਿਤਾਬ **'The Cage: The Fight for Sri Lanka and the Last Days of the Tamil Tigers'** ਅਨੁਸਾਰ ਸ੍ਰੀ ਲੰਕਨ ਆਰਮੀ ਨੇ 2009 ਵਿਚ ਲਿੱਟੇ 'ਤੇ ਕੀਤੇ ਵੱਡੇ ਹਮਲੇ ਦੇ ਆਖਰੀ ਹਫਤੇ ਵਿਚ ਹੀ 40 ਹਜ਼ਾਰ ਬੰਦਾ ਮਾਰ ਦਿੱਤਾ ਸੀ। ਯੂਨਾਈਟਡ ਨੇਸ਼ਨ ਦੀ ਰਿਪੋਰਟ ਅਨੁਸਾਰ 80-90 ਹਜ਼ਾਰ ਲੋਕ ਇਸ ਲੜਾਈ ਵਿਚ ਮਰੇ ਸਨ। ਕੀ ਸਿਰਫ ਲੜਨ-ਮਰਨ ਨਾ਼ਲ ਹੀ ਮਸਲੇ ਹੱਲ ਹੋ ਸਕਦੇ ਹਨ? ਨਿਮਰਤਾ ਸਹਿਤ ਸਾਡਾ ਸਵਾਲ ਸਿੱਖ ਵਿਦਵਾਨਾਂ ਨੂੰ ਸਿਰਫ ਇੰਨਾ ਕੁ ਹੀ ਹੈ ਕਿ ਲੋਕਾਂ ਦੇ ਸਹਿਯੋਗ ਤੇ ਬਿਨਾਂ ਕਿਸੇ ਪਲੈਨ ਦੇ ਨੌਜਵਾਨਾਂ ਨੂੰ ਸ਼ਹਾਦਤਾਂ ਦਾ ਸਬਕ ਪੜ੍ਹਾਈ ਜਾਣਾ ਕਿੰਨਾ ਕੁ ਜਾਇਜ਼ ਹੈ?

——————

ਅੰਤ ਵਿਚ ਪਾਠਕਾਂ ਨੂੰ ਇਹ ਗੱਲ ਜ਼ਰੂਰ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਹ ਸਭ ਕੁਝ ਲਿਖਣ ਵਿਚ ਮੇਰਾ ਮਕਸਦ, ਉਸ ਸਮੇਂ ਦੀ ਕਾਂਗਰਸ ਸਰਕਾਰ ਜਾਂ ਮੈਡਮ ਇੰਦਰਾ ਗਾਂਧੀ ਦੀ ਕਰਤੂਤ ਨੂੰ ਕਿਸੇ ਤਰ੍ਹਾਂ ਵੀ ਜਾਇਜ਼ ਠਹਿਰਾਉਣ ਦਾ ਨਹੀਂ ਹੈ, ਸਗੋਂ ਉਸ ਸਾਰੇ ਦੁਖਾਂਤ ਬਾਰੇ ਮੇਰਾ ਪ੍ਰਤੀਕਰਮ ਵੀ ਸ. ਖੁਸ਼ਵੰਤ ਸਿੰਘ ਵਰਗੇ ਵਿਦਵਾਨਾਂ, ਆਮ ਬਹੁ-ਗਿਣਤੀ ਸਿੱਖਾਂ ਜਾਂ ਕਿਸੇ ਵੀ ਸੁਹਿਰਦ ਪੰਜਾਬੀ ਵਾਂਗ ਇਹੀ ਹੈ ਕਿ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨਹੀਂ ਵਾਪਰਨੀਆਂ ਚਾਹੀਦੀਆਂ ਸਨ, ਮੇਰੀ ਕੋਸ਼ਿਸ਼ ਤਾਂ ਸਿਰਫ ਇਸ ਸਵਾਲ ਨੂੰ ਸਿੱਖ ਭਾਈਚਾਰੇ ਅੱਗੇ ਖੋਲਣ ਦੀ ਹੈ ਕਿ ਕੀ ਉਦੋਂ ਧਰਮ ਯੁੱਧ ਮੋਰਚੇ ਦੇ ਨਰਮ-ਖਿਆਲੀ ਜਾਂ ਗਰਮ-ਖਿਆਲੀ ਨੇਤਾਵਾਂ ਤੋਂ ਵੀ ਕੋਈ ਗਲਤੀਆਂ ਹੋਈਆਂ ਸਨ ਜਾਂ ਨਹੀਂ; ਕੀ ਧਰਮ ਯੁੱਧ ਮੋਰਚਾ ਜੇ ਸ਼ਾਂਤਮਈ ਸੀ ਤਾਂ ਉਸ ਨੂੰ ਸ਼ਾਂਤਮਈ ਲੀਹਾਂ 'ਤੇ ਰੱਖਣ ਦੀ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ ਸੀ?

# ਨਿਓਟਿਆਂ-ਨਿਆਸਰਿਆਂ ਦੀ ਆਵਾਜ਼ ਤੇ ਮਾਂ: ਮਹਾਂਸਵੇਤਾ ਦੇਵੀ

*ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਗਿਆਰਵੇਂ ਪੂਰ ਵਿਚ ਉੱਘੀ ਲੇਖਿਕਾ ਮਹਾਂਸਵੇਤਾ ਦੇਵੀ ਬਾਰੇ ਗੱਲਾਂ ਹਨ।*

## ਕਲਮਾਂ ਵਾਲੀਆਂ

ਸਾਹਿਤ ਮੁੱਖ ਰੂਪ ਵਿਚ ਕਲਪਨਾ ਦਾ, ਸਮਾਜਕ ਯਥਾਰਥ ਨੂੰ ਦੇਖ ਕੇ, ਉਹਦੀਆਂ ਕਰੂਪਤਾਵਾਂ ਨੂੰ ਪਛਾਣ ਕੇ, ਉਨ੍ਹਾਂ ਦੇ ਖ਼ਾਤਮੇ ਦੀ ਚਾਹਨਾ ਨਾਲ ਪਾਠਕ ਸਾਹਮਣੇ ਇੱਛਤ ਯਥਾਰਥ ਅਨੁਸਾਰ ਜੀਵਨ ਨੂੰ ਚਿਤਰਨ ਦਾ ਖੇਤਰ ਹੈ। ਇਹ ਲੇਖਕ ਦੇ ਮਨ ਦੇ ਅੰਦਰ ਦਾ ਸੰਸਾਰ ਹੁੰਦਾ ਹੈ ਜੋ ਰਚਨਾ-ਕਾਰਜ ਵਾਸਤੇ ਮੁਕੰਮਲ ਸ਼ਾਂਤ ਇਕਾਂਤ ਲੋੜਦਾ ਹੈ। ਇਸ ਖੇਤਰ ਵਿਚ ਕਲਮ ਲੇਖਕ ਦਾ ਹਥਿਆਰ ਹੁੰਦੀ ਹੈ। ਸਮਾਜਕ ਯਥਾਰਥ ਨੂੰ ਲੇਖਕ ਦੇ ਪੇਸ਼ ਕੀਤੇ ਇੱਛਤ ਯਥਾਰਥ ਦਾ ਰੂਪ ਦੇਣ ਲਈ ਉਹਦੀਆਂ ਕਰੂਪਤਾਵਾਂ ਨੂੰ ਖ਼ਤਮ ਕਰਨਾ ਜ਼ਰੂਰੀ ਹੁੰਦਾ ਹੈ ਅਤੇ ਇਹ ਉਦੇਸ਼ ਸਮਾਜਕ ਰਣ-ਖੇਤਰ ਵਿਚ ਗਹਿ-ਗੱਚ ਸੰਗਰਾਮ ਲੋੜਦਾ ਹੈ। ਇਹ ਮਨ ਦਾ ਨਹੀਂ, ਬਾਹਰਲਾ ਸੰਸਾਰ ਹੈ ਜੋ ਇਕਾਂਤ ਦੀ ਥਾਂ ਸਮੂਹਿਕ ਸਰਗਰਮੀ ਦਾ ਪਿੜ ਹੈ।

### *ਮਹਾਂਸਵੇਤਾ ਦੇਵੀ ਤਾਂ ਉਹਨੇ ਹੋਣਾ ਹੀ ਸੀ!*

ਬਹੁਤੇ ਲੇਖਕ ਲੋਕ-ਹਿਤੈਸ਼ੀ ਹੋਣ ਦੇ ਬਾਵਜੂਦ ਸਮਾਜਕ ਤਬਦੀਲੀ ਦੇ ਅਮਲ ਵਿਚ ਪਾਏ ਆਪਣੇ ਕਲਮੀ ਹਿੱਸੇ ਨੂੰ ਆਪਣਾ ਲੇਖਕੀ ਫ਼ਰਜ਼ ਸਮਝਦਿਆਂ ਉਸੇ ਨਾਲ ਸੰਤੁਸ਼ਟ ਰਹਿੰਦੇ ਹਨ। ਉਨ੍ਹਾਂ ਦੇ ਇਸ ਯੋਗਦਾਨ ਦਾ ਆਪਣਾ ਮਹੱਤਵ



ਗੁਰਬਚਨ ਸਿੰਘ ਭੁੱਲਰ
ਫੋਨ: +9180763-63058

ਹੈ ਜਿਸ ਨੂੰ, ਨਿਸਚੇ ਹੀ, ਘਟਾ ਕੇ ਨਹੀਂ ਅੰਗਿਆ ਜਾ ਸਕਦਾ। ਪਰ ਕੁਝ ਲੇਖਕ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਲੋਕ-ਹਿਤੈਸ਼ੀ ਕਲਮੀ ਦੇਣ ਦੇ ਨਾਲ-ਨਾਲ ਸਮਾਜਕ ਸੰਗਰਾਮ ਦੇ ਵੀ ਸਰਗਰਮ ਭਾਈਵਾਲ ਬਣਦੇ ਹਨ। ਮਹਾਂਸਵੇਤਾ ਦੇਵੀ ਇਕ ਅਜਿਹੀ ਹੀ ਲੇਖਿਕਾ ਸੀ ਜੋ ਲੋਕ-ਹਿਤੈਸ਼ੀ ਸਾਹਿਤ ਤੇ ਲੋਕ-ਹਿਤੈਸ਼ੀ ਸੰਗਰਾਮ ਨੂੰ ਬਰਾਬਰ ਸਮਰਪਿਤ ਰਹੀ।

ਇਹੋ ਕਾਰਨ ਹੈ ਕਿ ਮੂਲ ਰੂਪ ਵਿਚ ਭਾਰਤ ਦੀ ਇਕ ਸੂਬਾਈ ਭਾਸ਼ਾ, ਬੰਗਾਲੀ ਵਿਚ ਲਿਖਦੀ ਹੋਣ ਦੇ ਬਾਵਜੂਦ ਉਹਦਾ ਸਾਹਿਤ ਹੱਦਾਂ-ਸਰਹੱਦਾਂ ਪਾਰ ਕਰ ਕੇ ਅਨੁਵਾਦ ਦਾ ਜਾਮਾ ਪਹਿਣ ਪਾਠਕਾਂ ਦੇ ਬਹੁ-ਇਲਾਕਾਈ ਤੇ ਬਹੁ-ਭਾਸ਼ਾਈ ਸਮੂਹ ਤੱਕ ਪੁਜਦਾ ਰਿਹਾ। ਸਾਹਿਤ-ਸਭਿਆਚਾਰ ਅਤੇ ਸਮਾਜਕ ਸੰਗਰਾਮ, ਦੋਵਾਂ ਖੇਤਰਾਂ ਵਿਚ ਉਹਦੇ ਉੱਚੇ ਕੱਦ ਵਿਚ ਨਰੋਈ ਬੁਨਿਆਦ ਵਾਲ਼ੀ ਭੂਮਿਕਾ ਉਹਦੇ ਪਰਿਵਾਰਕ-ਸਮਾਜਕ ਪਿਛੋਕੜ ਅਤੇ ਸਮਕਾਲ ਦੀ ਰਹੀ। ਇਹਨੂੰ ਇਕ ਦਿਲਚਸਪ ਤੱਥ ਕਹੀਏ ਜਾਂ ਸੁਹਾਣਾ ਸਬੱਬ ਤੇ ਜਾਂ ਫੇਰ ਮਹਾਂਸਵੇਤਾ ਦੇਵੀ ਦਾ ਸੁਭਾਗ ਕਿ ਉਹਦੇ ਸਕੇ ਵੀ ਤੇ ਸੰਬੰਧੀ ਵੀ ਸਭ ਸਾਹਿਤ, ਸਭਿਆਚਾਰ ਤੇ ਸਮਾਜਕ ਸੰਗਰਾਮ ਨੂੰ ਸਮਰਪਿਤ ਵੱਡੀਆਂ ਸ਼ਖ਼ਸੀਅਤਾਂ ਸਨ।

ਉਹਦਾ ਜਨਮ 14 ਜਨਵਰੀ 1926 ਨੂੰ ਅਜੋਕੇ ਬੰਗਲਾਦੇਸ਼ ਦੀ ਰਾਜਧਾਨੀ, ਢਾਕਾ ਵਿਚ ਹੋਇਆ ਜੋ ਉਸ ਸਮੇਂ ਵੀ ਬੰਗਾਲੀ ਸਾਹਿਤ-ਸਭਿਆਚਾਰ ਦਾ ਇਕ ਅਹਿਮ ਕੇਂਦਰ ਸੀ। ਉਹਦਾ ਪਿਤਾ, ਮਨੀਸ਼ ਘਟਕ ਇਕ ਪ੍ਰਸਿੱਧ ਕਵੀ ਤੇ ਗਲਪਕਾਰ ਸੀ ਜੋ ਜੁਬਨੱਸ਼ਵ ਦੇ ਸਾਹਿਤਕ ਨਾਂ ਨਾਲ ਲਿਖਦਾ ਸੀ। ਉਹ 20ਵੀਂ ਸਦੀ ਦੇ ਤੀਜੇ ਤੇ ਚੌਥੇ ਦਹਾਕੇ ਵਿਚ ਬੰਗਾਲੀ ਸਾਹਿਤ ਵਿਚ ਚੱਲੀ ਅੱਗੇਵਧੂ ਲਹਿਰ, ਕੱਲੌਲ ਲਹਿਰ ਦੇ ਮੋਹਰੀਆਂ ਵਿਚੋਂ ਸੀ ਜਿਸ ਨੇ ਨੌਜਵਾਨ ਸਾਹਿਤਕਾਰਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ। ਉਹਦੀ ਮਾਂ ਧਰਿਤ੍ਰੀ ਦੇਵੀ ਵੀ ਜਾਣੀ-ਪਛਾਣੀ ਲੇਖਕ ਹੋਣ ਦੇ ਨਾਲ-ਨਾਲ ਇਕ ਸਰਗਰਮ ਸਮਾਜਕ ਕਾਰਜਕਰਤਾ ਵੀ ਸੀ।

ਮਨੀਸ਼ ਘਟਕ ਦਾ ਛੋਟਾ ਭਰਾ, ਭਾਵ ਮਹਾਂਸਵੇਤਾ ਦੇਵੀ ਦਾ ਚਾਚਾ ਕੌਮਾਂਤਰੀ ਪ੍ਰਸਿੱਧੀ ਵਾਲ਼ਾ ਫ਼ਿਲਮਸਾਜ਼ ਰਿਤਵਿਕ ਘਟਕ ਸੀ। ਸਤਿਅਜੀਤ ਰੇਅ, ਮ੍ਰਿਨਾਲ ਸੇਨ ਤੇ ਰਿਤਵਿਕ ਘਟਕ ਤਿੰਨ ਅਜਿਹੇ ਬੰਗਾਲੀ ਫ਼ਿਲਮਸਾਜ਼ ਸਨ ਜਿਨ੍ਹਾਂ ਨੇ ਫ਼ਿਲਮਾਂ ਤਾਂ ਮੁੱਖ ਤੌਰ ਉੱਤੇ ਆਪਣੀ ਜ਼ਬਾਨ, ਬੰਗਲਾ, ਵਿਚ ਹੀ ਬਣਾਈਆਂ ਪਰ ਆਪਣੀ ਆਪਣੀ ਕਲਾ ਦੇ ਬਲ ਨਾਲ ਨਾਂ ਕੌਮਾਂਤਰੀ ਪੱਧਰ ਉੱਤੇ ਕਮਾਇਆ। ਸਮਾਜਕ ਯਥਾਰਥ ਤਿੰਨਾਂ ਦੀ ਕਲਾ ਦਾ ਪ੍ਰੇਰਕ ਰਿਹਾ। ਰਿਤਵਿਕ ਦੂਜੇ ਦੋਵਾਂ ਵਾਂਗ ਹੀ ਬਹੁਸਨਮਾਨਿਆ ਫ਼ਿਲਮਸਾਜ਼ ਸੀ।

ਧਰਿਤ੍ਰੀ ਦੇਵੀ ਦੇ ਭਰਾ, ਭਾਵ ਮਹਾਂਸਵੇਤਾ ਦੇਵੀ ਦੇ ਮਾਮੇ ਵੀ ਪ੍ਰਤਿਭਾਸ਼ਾਲੀ ਵਿਅਕਤੀ ਸਨ। ਸ਼ੰਖ ਚੌਧਰੀ ਮੰਨਿਆ ਹੋਇਆ ਸਨਮਾਨਿਤ ਬੁੱਤਕਾਰ ਸੀ। ਸਚਿਨ ਚੌਧਰੀ ਅਗਸਤ 1966 ਵਿਚ ਸ਼ੁਰੂ ਹੋਏ ਪ੍ਰਸਿੱਧ ਅਖ਼ਬਾਰ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ ਆਫ਼ ਇੰਡੀਆ', ਜਿਸ ਨੂੰ ਆਪਣੀ ਵਿਧਾ ਦਾ, ਭਾਵ ਖੇਤੀ, ਵਪਾਰ, ਸਨਅਤ ਤੇ ਵਿੱਤ ਦਾ ਇਕ ਸਭ ਤੋਂ ਨਿਪੁੰਨ ਪੱਤਰ ਮੰਨਿਆ ਜਾਂਦਾ ਹੈ, ਦਾ ਬਾਨੀ ਸੰਪਾਦਕ ਸੀ। ਪੱਤਰ ਦਾ ਇਹ ਸਥਾਨ ਬਣਨ ਵਿਚ ਵੱਡੀ ਭੂਮਿਕਾ ਸਚਿਨ ਦੀ ਸਮਝ ਤੇ ਵਿਦਵਤਾ ਦੀ ਦੱਸੀ ਜਾਂਦੀ ਹੈ।

ਜਿਸ ਬਾਲੜੀ ਦੇ ਦਾਦਕਿਆਂ-ਨਾਨਕਿਆਂ ਵਿਚ ਅਨੇਕ ਖੇਤਰਾਂ ਦੀ ਪ੍ਰਤਿਭਾ ਦੇ ਦਰਿਆ ਵਗਦੇ ਹੋਣ, ਉਹਦੇ ਮਨ ਉੱਤੇ ਉਨ੍ਹਾਂ ਦੇ ਡੂੰਘੇ ਪ੍ਰਭਾਵ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਅਜਿਹਾ ਕੁਝ ਹੀ ਉਹਦੇ ਵਿਦਿਅਕ ਮਾਹੌਲ ਬਾਰੇ ਕਿਹਾ ਜਾ ਸਕਦਾ ਹੈ। ਢਾਕਾ ਵਿਚ ਸਕੂਲੀ ਪੜ੍ਹਾਈ ਖ਼ਤਮ ਕਰਨ ਮਗਰੋਂ ਉਹਨੇ ਸ਼ਾਂਤੀਨਿਕੇਤਨ ਆ ਕੇ ਗੁਰੂਦੇਵ ਰਾਬਿੰਦਰਨਾਥ ਟੈਗੋਰ ਦੇ ਵਿਸ਼ਵਭਾਰਤੀ ਵਿਸ਼ਵਵਿਦਿਆਲੇ ਵਿਚ ਦਾਖ਼ਲਾ ਲੈ ਲਿਆ। ਇਹ, ਖਾਸ ਕਰਕੇ ਉਸ ਸਮੇਂ, ਅਜਿਹੀ ਸੰਸਥਾ ਸੀ ਜਿਸ ਦੇ ਪੌਣ-ਪਾਣੀ ਵਿਚ ਸਾਹਿਤ ਤੇ ਸਭਿਆਚਾਰ ਘੁਲ਼ੇ ਹੋਏ ਸਨ। ਭਾਵੇਂ ਉਥੋਂ ਉਹਨੇ ਪੜ੍ਹਾਈ ਤਾਂ ਅੰਗਰੇਜ਼ੀ ਦੀ ਬੀ.ਏ. (ਆਨਰਜ਼) ਦੀ ਕੀਤੀ ਪਰ ਉਥੋਂ ਦੇ ਮੂਲ ਰੂਪ ਵਿਚ ਸਾਹਿਤਕ-ਸਭਿਆਚਾਰਕ ਮਾਹੌਲ ਨੇ ਉਹਦੀ ਸੋਚ ਦੇ ਉਨ੍ਹਾਂ ਰੰਗਾਂ ਨੂੰ ਯਕੀਨਨ ਹੋਰ ਗੂੜ੍ਹਾ ਕੀਤਾ ਜਿਹੜੇ ਛੋਟੀ ਉਮਰੇ ਦਾਦਕੇ-ਨਾਨਕੇ ਮਾਹੌਲ ਨੇ ਚੜ੍ਹਾਏ ਸਨ। ਅੰਗਰੇਜ਼ੀ ਦੀ ਹੀ ਐਮ.ਏ. ਉਹਨੇ ਕਲਕੱਤਾ ਯੂਨੀਵਰਸਿਟੀ ਤੋਂ ਪਾਸ ਕੀਤੀ।

1947 ਵਿਚ ਉਹਦਾ ਵਿਆਹ ਹੋਇਆ ਤਾਂ ਉਹ ਵੀ ਬਿਜਨ ਭੱਟਾਚਾਰੀਆ ਨਾਲ ਜੋ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਦੇ ਮੋਢੀਆਂ ਵਿਚੋਂ ਇਕ ਸੀ। ਉਹ ਥੀਏਟਰ ਦਾ ਅਤੇ ਫ਼ਿਲਮਾਂ ਦਾ ਇਕ ਪ੍ਰਮੁੱਖ ਲੇਖਕ ਸੀ। ਬੰਗਾਲ ਦੇ 1943 ਦੇ ਕਾਲ ਬਾਰੇ ਉਹਦਾ ਨਾਟਕ 'ਨਬੰਨ' ਬਹੁਤ ਮਸ਼ਹੂਰ ਹੋਇਆ। ਮਗਰੋਂ ਉਹਨੇ ਇਪਟਾ ਦੇ ਹੀ ਇਕ ਹੋਰ ਮੋਹਰੀ ਅਤੇ ਪ੍ਰਸਿੱਧ ਫ਼ਿਲਮੀ ਹਸਤੀ ਖਵਾਜਾ ਅਹਿਮਦ ਅੱਬਾਸ ਨਾਲ ਮਿਲ ਕੇ ਇਸ ਨਾਟਕ ਉੱਤੇ ਆਧਾਰਿਤ ਚਰਚਿਤ ਫ਼ਿਲਮ 'ਧਰਤੀ ਕੇ ਲਾਲ' ਲਿਖੀ।

1948 ਵਿਚ ਉਨ੍ਹਾਂ ਦੇ ਘਰ ਇਕੋ-ਇਕ ਬਾਲ ਨਾਬਾਰੁਨ ਭੱਟਾਚਾਰੀਆ ਨੇ ਜਨਮ ਲਿਆ। ਉਹਨੇ ਪ੍ਰਸਿੱਧ ਨਾਵਲਕਾਰ ਹੋਣ ਦੇ ਨਾਲ-ਨਾਲ ਇਕ ਗੰਭੀਰ ਰਾਜਨੀਤਕ ਟਿਪਣੀਕਾਰ ਵਜੋਂ ਵੀ ਨਾਂ ਕਮਾਇਆ। ਉਹਦੇ ਨਾਵਲ 'ਹਰਬਰਤ' ਲਈ ਉਹਨੂੰ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਆ ਗਿਆ। ਮਗਰੋਂ ਇਸ ਨਾਵਲ ਨੂੰ ਫ਼ਿਲਮੀ ਰੂਪ ਵੀ ਦਿੱਤਾ ਗਿਆ।

ਇਨ੍ਹਾਂ ਸਾਰੇ ਨਾਂਵਾਂ ਨੂੰ ਜੇ ਇਕ ਤਾਰਾ-ਮੰਡਲ ਆਖ ਲਈਏ, ਮਹਾਂਸਵੇਤਾ ਦੇਵੀ ਯਕੀਨਨ ਉਸ ਵਿਚਕਾਰ ਚੰਦਰਮਾ ਵਾਂਗ ਲਿਸ਼ਕ ਰਹੀ ਹੈ।

### *ਕਾਫ਼ੀ ਨਹੀਂ ਕੇਵਲ ਕਲਪਨਾ!*

ਨਾਵਲ, ਕਹਾਣੀ, ਨਾਟਕ ਤੇ ਲੇਖ ਜਿਹੀਆਂ ਕਈ ਵਿਧਾਵਾਂ ਵਿਚ ਸਾਹਿਤ-ਰਚਨਾ ਨੂੰ ਅਤੇ ਮਜ਼ਲੂਮ ਸਮਾਜਕ ਤਬਕਿਆਂ ਦੀ ਜਾਗ੍ਰਤੀ ਲਈ ਅਣਥੱਕ ਜੱਦੋਜਹਿਦ ਨੂੰ ਲੈ ਕੇ ਉਹਦੀ ਦੂਹਰੀ ਸਰਗਰਮੀ ਪਹਿਲੀ ਰਚਨਾ ਸਮੇਂ ਹੀ ਤੈਅ ਹੋ ਗਈ ਸੀ। ਇਹ 1956 ਵਿਚ ਛਪਿਆ ਉਹਦਾ ਨਾਵਲ 'ਝਾਂਸੀਰ ਰਾਨੀ' ਸੀ ਜੋ ਉਸੇ ਸਾਲ ਛਪੀ ਰਾਣੀ ਦੀ ਜੀਵਨੀ ਉੱਤੇ ਆਧਾਰਿਤ ਸੀ। ਉਹਨੇ ਜੀਵਨੀ ਪੜ੍ਹ ਕੇ ਘਰ ਬੈਠਿਆਂ ਕਲਪਨਾ ਦੇ ਸਹਾਰੇ ਕਥਾ ਦੀਆਂ ਵਿਰਲਾਂ ਭਰਦਿਆਂ ਅਤੇ ਬੇਲੋੜੇ ਵਾਧੇ ਛਾਂਗਦਿਆਂ ਨਾਵਲ ਲਿਖ ਦੇਣ ਦਾ ਬਹੁਤੇ ਲੇਖਕਾਂ ਵਾਲ਼ਾ ਸੌਖਾ ਰਾਹ ਨਹੀਂ ਅਪਣਾਇਆ।

ਨਾਵਲ ਨੂੰ ਇਤਿਹਾਸ ਦੀ ਪੁਸਤਕ ਜਿਹਾ ਰੂਪ ਦੇਣ ਨਾਲ ਸੰਤੁਸ਼ਟ ਹੋਣ ਦੀ ਥਾਂ ਉਸ ਨੂੰ ਜੀਵਨ-ਧੜਕਦਾ ਬਣਾਉਣ ਵਾਸਤੇ ਉਹ ਝਾਂਸੀ ਦੇ ਇਲਾਕੇ ਵਿਚ ਘੁੰਮਦੀ ਰਹੀ। ਉਥੋਂ ਉਹ ਆਪਣੀ ਰਚਨਾ ਵਾਸਤੇ ਰਾਣੀ ਬਾਰੇ ਆਮ ਲੋਕਾਂ ਦੇ ਚੇਤਿਆਂ ਵਿਚ ਵਸੇ ਹੋਏ ਵੇਰਵੇ ਅਤੇ ਲੋਕਗੀਤ ਇਕੱਠੇ ਕਰ ਕੇ ਲਿਆਈ। ਇਉਂ ਰਚਨਾ ਤੋਂ ਪਹਿਲਾਂ ਪਾਤਰਾਂ ਦਾ ਯਥਾਰਥਕ ਜੀਵਨ ਵਾਚਣਾ-ਘੋਖਣਾ ਉਹਦੇ ਲਈ ਰਚਨਾ-ਕਾਰਜ ਜਿੰਨਾ ਹੀ ਜ਼ਰੂਰੀ ਹੋ ਗਿਆ ਅਤੇ ਉਹਦਾ ਪੂਰਾ ਭਵਿੱਖੀ ਜੀਵਨ ਇਸੇ ਅਨੁਸਾਰ ਢਲ ਗਿਆ।

ਇਹੋ ਜੀਵਨ-ਮਾਰਗ ਸੀ ਜੋ ਪਹਿਲਾਂ ਉਹਨੂੰ ਆਪਣੇ ਆਲ਼ੇ-ਦੁਆਲ਼ੇ ਬੰਨ੍ਹਣਾਂ-ਭਰਿਆ ਜੀਵਨ ਭੋਗਦੀਆਂ ਔਰਤਾਂ ਤੇ ਨਰਕੀ ਜੀਵਨ ਭੁਗਤਦੇ ਦਲਿਤਾਂ ਨਾਲ ਸਿੱਧੇ ਵਾਹ ਵੱਲ ਲੈ ਕੇ ਗਿਆ ਅਤੇ ਬੰਗਾਲ ਦੇ ਲੋਧ ਤੇ ਸ਼ਾਬਰ ਕਬੀਲਿਆਂ, ਫੇਰ ਉਸ ਤੋਂ ਵੀ ਅੱਗੇ ਬਿਹਾਰ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੇ ਆਦਿਵਾਸੀ ਕਬੀਲਿਆਂ ਦੀਆਂ ਝੁੱਗੀਆਂ ਵਿਚ ਲੈ ਪਹੁੰਚਿਆ। ਇਹੋ ਲੋਕ ਸਨ ਜੋ ਉਹਦੇ ਸਾਹਿਤ ਦਾ ਆਧਾਰ ਬਣੇ ਅਤੇ ਜਿਨ੍ਹਾਂ ਦੇ ਅਧਿਕਾਰਾਂ ਤੇ ਵਿਕਾਸ ਵਾਸਤੇ ਲੜਨਾ ਉਹਦਾ ਇਕੋ-ਇਕ ਉਦੇਸ਼ ਬਣ ਗਿਆ।

ਆਦਿਵਾਸੀਆਂ ਦੀ ਮੁਕਤੀ ਦਾ ਵਿਚਾਰ ਉਹਦੀ ਸੋਚ ਵਿਚ ਕਿੰਨੀ ਬਰੀਕੀ ਨਾਲ ਰਮਿਆ ਹੋਇਆ ਸੀ, ਇਹਦਾ ਅੰਦਾਜ਼ਾ ਪ੍ਰਸਿੱਧ ਆਦਿਵਾਸੀ ਸੁਤੰਤਰਤਾ-ਸੰਗਰਾਮੀਏ ਬਿਰਸਾ ਮੁੰਡਾ ਦੇ ਬੁੱਤ ਨਾਲ ਸੰਬੰਧਿਤ ਘਟਨਾ ਤੋਂ ਲਾਇਆ ਜਾ ਸਕਦਾ ਹੈ। ਅੰਗਰੇਜ਼ ਸਰਕਾਰ ਦੀ ਲਾਹੀ ਇਕ ਤਸਵੀਰ ਦੇ ਆਧਾਰ ਉੱਤੇ, ਕਿਸੇ ਸੋਚ-ਸਮਝ ਤੋਂ ਬਿਨਾਂ, ਇਸ ਬੁੱਤ ਵਿਚ ਬਿਰਸਾ ਨੂੰ ਸੰਗਲਾਂ ਨਾਲ ਜਕੜਿਆ ਹੋਇਆ ਦਿਖਾਇਆ ਗਿਆ ਸੀ।



ਮਹਾਂਸਵੇਤਾ ਦੇਵੀ ਦਾ ਕਹਿਣਾ ਸੀ ਕਿ ਜਿਸ ਯੋਧੇ ਨੇ ਦੇਸ ਦੇ ਸੰਗਲ ਤੋੜ ਕੇ ਉਹਨੂੰ ਆਜ਼ਾਦ ਕਰਵਾਇਆ, ਆਜ਼ਾਦ ਦੇਸ ਵਿਚ ਉਹ ਆਪ ਸੰਗਲਾਂ ਵਿਚ ਕਿਉਂ ਹੈ?

ਇਹ ਉਹਦੀ ਲੰਮੀ ਲੜਾਈ ਦਾ ਨਤੀਜਾ ਹੀ ਸੀ ਕਿ ਆਖ਼ਰ ਜੂਨ 2016 ਵਿਚ ਝਾਰਖੰਡ ਸਰਕਾਰ ਨੂੰ ਬੁੱਤ ਦੇ ਸੰਗਲ ਲਾਹੁਣੇ ਪਏ। 1977 ਵਿਚ ਲਿਖਿਆ ਉਹਦਾ ਪ੍ਰਸਿੱਧ ਨਾਵਲ 'ਅਰਨਿਯੇਰ ਅਧੀਕਾਰ' ਬਿਰਸਾ ਮੁੰਡਾ ਦੇ ਜੀਵਨ ਨੂੰ ਹੀ ਚਿਤਰਦਾ ਹੈ। ਆਦਿਵਾਸੀਆਂ, ਦਲਿਤਾਂ ਤੇ ਔਰਤਾਂ ਦੇ ਜੀਵਨ ਬਾਰੇ ਇਹੋ ਬਰੀਕ ਨਜ਼ਰ ਸੀ ਜਿਸ ਦੇ ਨਤੀਜੇ ਵਜੋਂ ਉਹ ਸੌ ਤੋਂ ਵੱਧ ਨਾਵਲ ਅਤੇ ਵੀਹ ਤੋਂ ਵੱਧ ਕਹਾਣੀ-ਸੰਗ੍ਰਹਿ ਸਿਰਜ ਸਕੀ ਜਿਨ੍ਹਾਂ ਦਾ ਮੁੱਖ ਵਿਸ਼ਾ ਤਾਕਤਵਰ ਤੇ ਮੂੰਹਜ਼ੋਰ ਉੱਚ-ਜਾਤੀਆਂ, ਜਗੀਰਦਾਰਾਂ, ਸੂਦਖੋਰਾਂ ਤੇ ਜ਼ਾਲਮ ਸਰਕਾਰੀ ਕਰਮਚਾਰੀਆਂ ਹੱਥੋਂ ਉਨ੍ਹਾਂ ਉੱਤੇ ਹੁੰਦਾ ਵਹਿਸ਼ੀ ਜਬਰ ਹੈ। ਉਹਦੀ ਰਚਨਾ ਦੇ ਇਸੇ ਯਥਾਰਥ ਨੇ ਉਹਨੂੰ ਬੰਗਾਲੀ ਭਾਸ਼ਾ ਦੀਆਂ ਹੱਦਾਂ ਦੇ ਪਾਰ ਦੇਸੀ ਭਾਸ਼ਾਵਾਂ ਦੇ ਹੀ ਨਹੀਂ ਸਗੋਂ ਕਈ ਬਦੇਸੀ ਭਾਸ਼ਾਵਾਂ ਦੇ ਪਾਠਕਾਂ ਦੀ ਵੀ ਮਨਚਾਹੀ ਤੇ ਸਤਿਕਾਰਜੋਗ ਲੇਖਕ ਬਣਾ ਦਿੱਤਾ।

ਰਚਨਾ ਦੀ ਇਸ ਪ੍ਰੇਰਨਾ ਬਾਰੇ ਉਹ ਆਪ ਆਖਦੀ ਹੈ, "ਮੈਨੂੰ ਹਮੇਸ਼ਾ ਹੀ ਇਹ ਭਰੋਸਾ ਰਿਹਾ ਹੈ ਕਿ ਅਸਲ ਇਤਿਹਾਸ ਸਾਧਾਰਨ ਲੋਕਾਂ ਦਾ ਸਿਰਜਿਆ ਹੋਇਆ ਹੁੰਦਾ ਹੈ।...ਮੇਰੀ ਰਚਨਾ ਦਾ ਕਾਰਨ ਤੇ ਪ੍ਰੇਰਨਾ ਉਹ ਲੋਕ ਹਨ ਜੋ ਲੁੱਟੇ ਤੇ ਵਰਤੇ ਜਾਂਦੇ ਹਨ ਪਰ ਤਾਂ ਵੀ ਹਾਰ ਨਹੀਂ ਮੰਨਦੇ। ਮੇਰੇ ਲਈ ਰਚਨਾ ਵਾਸਤੇ ਕੱਚੀ ਸਮਗਰੀ ਦਾ ਅਖੁੱਟ ਸੋਮਾ ਇਹੋ ਦੰਗ ਕਰ ਦੇਣ ਦੀ ਹੱਦ ਤੱਕ ਨੇਕ-ਪਾਕ ਮਜ਼ਲੂਮ ਮਨੁੱਖ ਹਨ। ਜਦੋਂ ਇਕ ਵਾਰ ਮੈਂ ਇਨ੍ਹਾਂ ਨੂੰ ਜਾਣਨ ਲੱਗੀ ਹਾਂ, ਆਪਣੀ ਕੱਚੀ ਸਮਗਰੀ ਹੋਰ ਕਿਤੋਂ ਕਿਉਂ ਭਾਲਦੀ ਫਿਰਾਂ? ਕਈ ਵਾਰ ਤਾਂ ਮੈਨੂੰ ਇਉਂ ਲਗਦਾ ਹੈ, ਮੇਰੀਆਂ ਰਚਨਾਵਾਂ ਅਸਲ ਵਿਚ ਇਨ੍ਹਾਂ ਦੀ ਕਿਰਤ ਹਨ।"

ਦੇਸ ਵਾਸਤੇ ਪਿਆਰ ਨੂੰ ਵੀ ਉਹ ਆਦਿਵਾਸੀਆਂ, ਦਲਿਤਾਂ, ਮਜ਼ਦੂਰਾਂ, ਕਿਸਾਨਾਂ, ਆਦਿ ਵਾਸਤੇ ਪਿਆਰ ਵਿਚੋਂ ਹੀ ਦੇਖਦੀ ਸੀ। ਉਹਦਾ ਮੰਨਣਾ ਸੀ ਕਿ ਇਨ੍ਹਾਂ ਸਭਨਾਂ ਤੋਂ ਬਿਨਾਂ ਦੇਸ ਦਾ ਕੀ ਵਜੂਦ ਹੋਣਾ ਸੀ! ਉਹਦਾ ਦੇਸ ਇਨ੍ਹਾਂ ਸਭਨਾਂ ਦੀ ਮਿਹਨਤ ਦੇ ਫਲ ਲੁੱਟ ਕੇ ਬਣਿਆ ਧਨਵਾਨਾਂ ਦਾ ਸੋਨੇ-ਚਾਂਦੀ ਨਾਲ ਚਮਕਦਾ-ਦਮਕਦਾ ਹਿੰਦੋਸਤਾਨ ਨਹੀਂ ਸੀ, ਸਗੋਂ ਇਨ੍ਹਾਂ ਲੋਕਾਂ ਦੇ ਹਿੱਸੇ ਦਾ ਥੁੜਿਆ-ਟੁੱਟਿਆ ਹਿੰਦੋਸਤਾਨ ਸੀ, ਜਿਸ ਵਿਚ ਕਿਰਤ ਦੇ ਮੁੜ੍ਹਕੇ ਦੇ ਮੋਤੀ ਜਗਦੇ-ਲਿਸ਼ਕਦੇ ਸਨ।

2006 ਵਿਚ ਜਰਮਨੀ ਦੇ ਸ਼ਹਿਰ ਫ਼ਰੈਂਕਫ਼ਰਟ ਵਿਚ ਲੱਗੇ ਪੁਸਤਕ-ਮੇਲੇ ਸਮੇਂ ਉਦਘਾਟਨੀ ਭਾਸ਼ਨ ਦਿੰਦਿਆਂ ਉਹਨੇ ਵਿਸ਼ਵੀਕਰਨ ਦੇ ਬੋਲਬਾਲੇ ਦੇ ਵਿਚਕਾਰ ਆਪਣੇ ਇਸੇ ਹਿੰਦੋਸਤਾਨ ਦੀ ਗੱਲ ਕਰ ਕੇ ਸਰੋਤਿਆਂ ਨੂੰ ਜਜ਼ਬਾਤੀ ਕਰ ਦਿੱਤਾ ਸੀ। ਰਾਜ ਕਪੂਰ ਦੀ ਫ਼ਿਲਮ 'ਸ਼੍ਰੀ 420' ਵਿਚ ਉਹਦੇ ਬੁੱਲ੍ਹਾਂ ਲਈ ਸ਼ੈਲੇਂਦਰ ਦੇ ਲਿਖੇ ਤੇ ਮੁਕੇਸ਼ ਦੇ ਗਾਏ ਗੀਤ ਦੇ ਹਵਾਲੇ ਨਾਲ ਉਹਨੇ ਕਿਹਾ, "ਇਹ ਠੀਕ ਹੀ ਉਹ ਦੌਰ ਹੈ ਜਦੋਂ ਜੁੱਤਾ ਜਾਪਾਨੀ ਹੈ, ਪਤਲੂਨ ਇੰਗਲਿਸਤਾਨੀ ਹੈ, ਟੋਪੀ ਰੂਸੀ ਹੈ, ਪਰ ਦਿਲ...ਦਿਲ ਹਮੇਸ਼ਾ ਹਿੰਦੋਸਤਾਨੀ ਹੈ!...ਮੇਰਾ ਦੇਸ, ਪਾੜਿਆ-ਪਾਟਿਆ, ਛਿੱਜਿਆ ਹੋਇਆ, ਤਾਂ ਵੀ ਮਾਣਾਂ-ਮੱਤਾ, ਖ਼ੂਬਸੂਰਤ, ਗਰਮ, ਸਿੱਲ੍ਹਾ, ਠੰਢਾ, ਰੇਤਲਾ, ਜਗਦਾ-ਲਿਸ਼ਕਦਾ ਹਿੰਦੋਸਤਾਨ, ਮੇਰਾ ਦੇਸ!"

### *ਕਿੱਸਾ ਮਨੋਰੰਜਨ ਬਿਆਪਾਰੀ ਦਾ!*

ਮਹਾਂਸਵੇਤਾ ਦੇਵੀ ਪਾਰਸ-ਛੋਹ ਵਾਲ਼ੀ ਸ਼ਖ਼ਸੀਅਤ ਸੀ। ਉਹ ਦੱਬੇ-ਕੁਚਲੇ ਲੋਕਾਂ ਬਾਰੇ ਹੀ ਨਹੀਂ ਸੀ ਲਿਖਦੀ, ਉਨ੍ਹਾਂ ਵਾਸਤੇ ਵੀ ਲਿਖਦੀ ਸੀ। ਉਹਨੇ ਸ਼ੈਲੀ ਦੀ ਸਹਿਜਤਾ, ਬੋਲੀ ਦੀ ਸੁਖੈਨਤਾ ਤੇ ਕਥਾਈ ਬੁਣਤੀ ਦੀ ਸਰਲਤਾ ਦੀ ਅਜਿਹੀ ਕਲਾ ਤੇ ਨਿਪੁੰਨਤਾ ਨੂੰ ਪਰਾਪਤ ਕਰ ਲਿਆ ਸੀ ਕਿ ਮੁਸ਼ਕਿਲ ਨਾਲ ਅੱਖਰ ਉਠਾਲ ਸਕਣ ਦੇ ਜੋਗ ਵਿਅਕਤੀ ਵੀ ਉਹਦੀ ਰਚਨਾ ਸਿਰਫ਼ ਪੜ੍ਹ ਹੀ ਨਹੀਂ ਸੀ ਸਕਦਾ ਸਗੋਂ ਸਮਝ ਤੇ ਮਾਣ ਵੀ ਸਕਦਾ ਸੀ। ਇਸ ਵਰਤਾਰੇ ਦੀ ਇਕ ਬੜੀ ਦਿਲਚਸਪ ਮਿਸਾਲ ਮਸ਼ਹੂਰ ਹੈ।

ਇਕ ਦਿਨ ਬਾਜ਼ਾਰ ਵਿਚ ਉਹਨੇ ਕੁਝ ਪੜ੍ਹ ਰਹੇ ਇਕ ਰਿਕਸ਼ਾ ਵਾਲੇ ਨੂੰ ਚੱਲਣ ਵਾਸਤੇ ਕਿਹਾ ਤਾਂ ਉਹ ਕੋਈ ਹੋਰ ਰਿਕਸ਼ਾ ਦੇਖ ਲੈਣ ਲਈ ਆਖ ਕੇ ਮੈ਼ਲੀ ਹੋਣ ਤੋਂ ਬਚਾਉਣ ਵਾਸਤੇ ਕਾਗ਼ਜ਼ ਵਿਚ ਲਪੇਟੀ ਹੋਈ ਪੁਸਤਕ ਵਿਚ ਫੇਰ ਖੁੱਭ ਗਿਆ। ਹੋਰ ਕੋਈ ਰਿਕਸ਼ਾ ਨਾ ਮਿਲਣ ਕਰਕੇ ਉਹ ਫੇਰ ਉਸੇ ਕੋਲ ਆ ਗਈ। ਉਹਨੇ ਪੁਸਤਕ ਅਦਬ ਨਾਲ ਸੰਭਾ਼ਲੀ ਤੇ ਤੁਰ ਪਿਆ। ਸਵਾਰੀ ਨੂੰ ਪੜ੍ਹੀ-ਲਿਖੀ ਦੇਖ ਕੇ ਰਾਹ ਵਿਚ ਉਹਨੇ ਇਕ ਸ਼ਬਦ, ਜੀਜੀਬਿੱਸ਼ਾ (ਜੀਵਨ ਦੀ ਇੱਛਾ) ਦੇ ਅਰਥ ਪੁੱਛੇ। ਇਥੋਂ ਤੁਰੀਆਂ ਗੱਲਾਂ ਵਿਚੋਂ ਮਹਾਂਸਵੇਤਾ ਦੇਵੀ ਨੂੰ ਪਤਾ ਲਗਿਆ, ਉਹ ਉਹਦੀ ਹੀ ਰਚਨਾ ਪੜ੍ਹ ਰਿਹਾ ਸੀ।

ਮੰਜ਼ਿਲ ਉੱਤੇ ਪਹੁੰਚ ਕੇ ਉਹਨੇ ਰਿਕਸ਼ਾ ਵਾਲੇ ਨੂੰ ਇਕ ਪਰਚੀ ਉੱਤੇ ਆਪਣਾ ਨਾਂ ਤੇ ਫੋਨ ਲਿਖ ਕੇ ਫੜਾਉਂਦਿਆਂ ਕਿਹਾ, "ਕਦੀ ਕੁਝ ਪੁੱਛਣਾ ਹੋਵੇ, ਬੇਝਿਜਕ ਫੋਨ ਕਰ ਲਿਆ ਕਰ।" ਉਹਨੇ ਪਰਚੀ ਪੜ੍ਹੀ ਤਾਂ ਉਹਦਾ ਖ਼ੁਸ਼ ਤੇ ਹੈਰਾਨ ਹੋਣਾ ਕੁਦਰਤੀ ਸੀ। ਆਪਣੀ ਸਤਿਕਾਰੀ ਲੇਖਿਕਾ ਨੂੰ ਸਾਹਮਣੇ ਦੇਖ ਕੇ ਉਹ ਧੰਨ ਹੋ ਗਿਆ। ਇਥੋਂ ਬਣੀ ਸਾਂਝ ਅੱਗੇ ਵਧੀ ਤਾਂ ਮਹਾਂਸਵੇਤਾ ਦੇਵੀ ਨੇ

(ਬਾਕੀ ਅਗਲੇ ਸਫੇ 'ਤੇ)

ਉਹਨੂੰ ਆਪਣੇ ਰਸਾਲੇ 'ਬਾਰਤਿਕ' ਵਾਸਤੇ ਲੇਖ ਲਿਖਣ ਲਈ ਕਿਹਾ। ਉਹਦੇ ਕਹਿਣ ਸਦਕਾ ਲਿਖਿਆ ਲੇਖ 'ਰਿਕਸ਼ਾ ਚਲਾਈ' (ਮੈਂ ਰਿਕਸ਼ਾ ਚਲਾਉਂਦਾ ਹਾਂ) ਬਿਆਪਾਰੀ ਦੀ ਪਹਿਲੀ ਪ੍ਰਕਾਸ਼ਿਤ ਰਚਨਾ ਬਣਿਆ। ਅੱਗੇ ਚੱਲ ਕੇ ਬੰਗਾਲੀ ਸਾਹਿਤ ਵਿਚ ਪਹਿਲਾ ਸਵੈਜੀਵਨੀ-ਆਧਾਰਿਤ ਦਲਿਤ ਨਾਵਲ 'ਇਤੀਬਰਿਤੇ ਚਾਂਡਾਲ ਜੀਬਨ' ਲਿਖ ਕੇ ਪ੍ਰਸਿੱਧ ਹੋਣ ਵਾਲੇ ਲੇਖਕ ਮਨੋਰੰਜਨ ਬਿਆਪਾਰੀ ਦਾ ਸਾਹਿਤ-ਰਚਨਾ ਦੀ ਡਗਰ ਉਤੇ ਇਹ ਪਹਿਲਾ ਕਦਮ ਸੀ।

ਇਹ ਪਹਿਲਾ ਕਦਮ ਤਾਂ ਜ਼ਰੂਰ ਸੀ ਪਰ ਬਹੁਤ ਮਜ਼ਬੂਤ ਕਦਮ ਸੀ। ਸਾਹਿਤ-ਰਚਨਾ ਦੀ ਡਗਰ ਉਤੇ ਅੱਗੇ ਵਧਦਿਆਂ ਦਰਜਨ ਤੋਂ ਵੱਧ ਨਾਵਲ, ਸੌ ਤੋਂ ਵੱਧ ਕਹਾਣੀਆਂ, ਬਹੁਤ ਸਾਰੇ ਲੇਖ ਤੇ ਸਵੈਜੀਵਨੀ ਉਹਦੀ ਪ੍ਰਾਪਤੀ ਬਣ ਚੁੱਕੇ ਹਨ।

ਉਹ ਮਹਾਂਸ਼ਵੇਤਾ ਦੇਵੀ ਨਾਲ ਇਸ ਸਬੱਬੀ ਮੁਲਾਕਾਤ ਨੂੰ ਆਪਣੇ ਜੀਵਨ ਦਾ ਦੂਜਾ ਵੱਡਾ ਮੋੜ ਆਖਦਾ ਹੈ। ਪਹਿਲਾ ਮੋੜ ਉਹ ਸੀ ਜਦੋਂ 22 ਕੁ ਸਾਲਾਂ ਦਾ ਅਨਪੜ੍ਹ ਰਿਕਸ਼ਾਚਾਲਕ ਮਨੋਰੰਜਨ ਬਿਆਪਾਰੀ ਕਿਸੇ ਆਮ ਜਿਹੇ ਲੜਾਈ-ਝਗੜੇ ਕਾਰਨ ਜਿਹਲ ਪਹੁੰਚ ਗਿਆ ਸੀ ਤੇ ਉਥੇ ਇਕ ਬਜ਼ੁਰਗ ਕੈਦੀ ਨੇ ਉਹਨੂੰ ਪੜ੍ਹਨ ਵਾਸਤੇ ਪ੍ਰੇਰਦਿਆਂ ਪੈਂਤੀ ਸਿਖਾਈ ਸੀ। ਉਹ ਆਖਦਾ ਹੈ, "ਮੈਂ ਅਨਪੜ੍ਹ ਤਾਂ ਜ਼ਰੂਰ ਸੀ ਪਰ ਮੈਨੂੰ ਇਹ ਪਤਾ ਸੀ ਕਿ ਰਾਜਨੀਤੀ ਵਿਚ ਤੇ ਦੁਨੀਆ ਵਿਚ ਕੀ ਹੋ ਰਿਹਾ ਹੈ।...ਪੈਂਤੀ ਕੀ ਸਿੱਖੀ, ਮੈਨੂੰ ਤਾਂ ਪੜ੍ਹਨ ਦੀ ਲਤ ਲੱਗ ਗਈ!"

ਗਰੀਬੀ ਦਾ ਮਾਰਿਆ ਉਹ ਚੌਦਾਂ ਸਾਲ ਦੀ ਉਮਰ ਵਿਚ ਘਰੋਂ ਕੰਮ ਦੀ ਤਲਾਸ਼ ਵਿਚ ਨਿੱਕਲ ਪਿਆ ਸੀ। ਇਹ ਤਲਾਸ਼ ਉਹਨੂੰ ਆਸਾਮ, ਲਖਨਊ, ਦਿੱਲੀ ਤੇ ਅਲਾਹਾਬਾਦ ਲੈ ਗਈ ਪਰ ਭਾਂਤ-ਭਾਂਤ ਦੀਆਂ ਮਜ਼ਦੂਰੀਆਂ ਕਰ ਕੇ ਵੀ ਪੈਰ-ਧਰਾਵਾ ਕਿਤੇ ਨਾ ਹੋ ਸਕਿਆ। ਆਖਰ 1973 ਵਿਚ ਉਹ ਕਲਕੱਤੇ ਪਹੁੰਚ ਗਿਆ ਤੇ ਰਿਕਸ਼ਾ ਚਲਾਉਣ ਲੱਗਿਆ।

ਬੰਗਲਾ ਸਾਹਿਤ ਵਿਚ ਦਲਿਤ ਕਾਰਕੁਨ-ਲੇਖਕ ਵਜੋਂ ਉਹਦੀ ਪਛਾਣ ਸ਼ੁਰੂ ਦੇ 1980ਵਿਆਂ ਵਿਚ ਬਣਨ ਲੱਗੀ। ਬੰਗਲਾ ਭਾਸ਼ਾ ਤੋਂ ਬਾਹਰ ਉਹਦੀ ਪਛਾਣ ਓਦੋਂ ਬਣੀ ਜਦੋਂ ਮੀਨਾਕਸ਼ੀ ਮੁਕਰਜੀ ਨੇ ਉਹਦਾ ਚਰਚਿਤ ਲੇਖ 'ਕੀ ਬੰਗਲਾ ਵਿਚ ਕੋਈ ਦਲਿਤ ਸਾਹਿਤ ਹੈ?' ਅੰਗਰੇਜ਼ੀ ਵਿਚ ਅਨੁਵਾਦ ਕਰ ਕੇ 'ਇਕਨਾਮਿਕ ਐਂਡ ਪੁਲਿਟੀਕਲ ਵੀਕਲੀ' ਵਿਚ ਛਪਵਾਇਆ। ਉਹਦਾ ਕਹਿਣਾ ਹੈ, "ਮੇਰਾ ਦਲਿਤ ਹੋਣਾ ਮੇਰੀ ਰਚਨਾ ਦਾ ਕੇਂਦਰ-ਬਿੰਦੂ ਹੈ। ਮੈਂ ਜਨਮ ਕਾਰਨ ਦਲਿਤ ਹਾਂ। ਸਮਾਜਕ ਸ਼ਕਤੀਆਂ ਦਾ ਦਲਿਆ ਹੋਇਆ ਦਲਿਤ ਹੀ ਇਸ ਦਲਣ ਨੂੰ ਜੀਵਨ ਵਿਚ ਸਹੀ ਅਰਥਾਂ ਵਿਚ ਮਹਿਸੂਸ ਕਰ ਸਕਦਾ ਹੈ। ਦਲਿਤ ਲੇਖਣੀ ਵਿਚ ਦਲਿਤ ਵਜੋਂ ਇਹ ਦਲਣ ਉਜਾਗਰ ਹੋਣੀ ਚਾਹੀਦੀ ਹੈ। ਦਲਿਤ ਸਾਹਿਤ ਦਲਿਤ ਜੀਵਨ ਉਤੇ ਆਧਾਰਿਤ ਹੋਣਾ ਚਾਹੀਦਾ ਹੈ।"

ਉਹਦਾ ਜਨਮ ਸ਼ੂਦਰ ਕਹੇ ਜਾਂਦੇ ਲੋਕਾਂ ਦੀ ਵੀ ਇਕ ਹੇਠਲੀ ਪਰਤ ਨਮੋਸ਼ੂਦਰ ਵਿਚ ਹੋਇਆ ਸੀ ਜਿਨ੍ਹਾਂ ਨੂੰ ਭੱਦਰਲੋਕ 'ਚੰਡਾਲ' ਆਖਦੇ ਸਨ। ਉਹ ਮਾਣ ਨਾਲ ਆਖਦਾ ਹੈ, "ਮੈਂ ਇਕਹਿਰਾ ਨਹੀਂ, ਦੂਹਰਾ ਚੰਡਾਲ ਹਾਂ—ਇਕ ਜਨਮ ਕਰਕੇ ਤੇ ਦੂਜਾ ਨਾਇਨਸਾਫ ਸਿਸਟਮ ਵਿਰੁੱਧ ਕਰੋਧ, ਚੰਡਾਲਾਂ ਵਾਲੇ ਕਰੋਧ ਕਰਕੇ!" ਲਿਖਣ ਦਾ ਕਾਰਨ ਪੁੱਛੇ ਜਾਣ ਉਤੇ ਉਹ ਦਸਦਾ ਹੈ, "ਮੈਂ ਇਸ ਲਈ ਲਿਖਦਾ ਹਾਂ ਕਿਉਂਕਿ ਮੈਂ ਬੰਦੇ ਮਾਰ ਨਹੀਂ ਸਕਦਾ। ਜਦੋਂ ਕਥੂਆ ਵਿਚ ਇਕ ਬਾਲੜੀ ਨਾਲ ਬਲਾਤਕਾਰ ਹੁੰਦਾ ਹੈ ਜਾਂ ਕਿਸੇ ਨੂੰ ਪਿੰਡ ਦੇ ਖੂਹ ਤੋਂ ਪਾਣੀ ਭਰਨ ਕਰਕੇ ਅੱਤਿਆਚਾਰ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ, ਮੇਰਾ ਜੀਅ ਕਰਦਾ ਹੈ, ਅੱਤਿਆਚਾਰੀਆਂ ਦੀ ਧੌਣ ਲਾਹ ਦਿਆਂ। ਮੈਂ ਧੌਣ ਲਾਹ ਨਹੀਂ ਸਕਦਾ, ਇਸ ਲਈ ਲਿਖਦਾ ਹਾਂ ਤੇ ਖਲਨਾਇਕ ਨੂੰ ਮਾਰਦਾ ਹਾਂ!"

ਮੈਨੂੰ ਇਹ ਕਰੋਧ ਵਾਲੀ ਗੱਲ ਪੜ੍ਹ ਕੇ ਹੈਰਾਨੀ ਹੋਈ ਕਿਉਂਕਿ ਸਾਡੇ ਇਲਾਕੇ, ਪੰਜਾਬ ਦੇ ਮਾਲਵੇ ਦੇ ਦਲਿਤਾਂ ਵਿਚ ਚੰਡਾਲ ਨਾਂ ਦੀ ਉਪਜਾਤੀ ਕੋਈ ਨਹੀਂ ਸੀ ਪਰ ਬੰਦੇ ਬਾਰੇ ਇਹ ਕਹਿਣਾ ਆਮ ਗੱਲ ਸੀ ਕਿ ਇਹਨੂੰ ਤਾਂ ਜਦੋਂ ਕਰੋਧ ਚੜ੍ਹੇ, ਚੰਡਾਲਾਂ ਵਾਲਾ ਕਰੋਧ ਚੜ੍ਹਦਾ ਹੈ! ਪਤਾ ਨਹੀਂ, ਇਹ ਕਹਾਵਤ ਕਿਹੜੇ ਰਾਹ ਤੋਂ ਯਾਤਰਾ ਕਰ ਕੇ ਸਾਡੇ ਇਲਾਕੇ ਵਿਚ ਪਹੁੰਚ ਗਈ ਸੀ।

ਬੰਗਾਲ ਵਿਚ ਲੇਖਕ ਵਜੋਂ ਉਹ ਪ੍ਰਸਿੱਧ ਤਾਂ ਹੋਣ ਲੱਗਿਆ ਪਰ ਜਾਣਦਾ ਸੀ ਕਿ ਸਾਹਿਤ ਰੋਟੀ ਨਹੀਂ ਦਿੰਦਾ। ਚੰਗੇ ਪ੍ਰਕਾਸ਼ਕ ਉਹਨੂੰ ਛਾਪਣ ਲਈ ਤਿਆਰ ਨਹੀਂ ਸਨ ਜਿਸ ਕਰਕੇ ਉਹਨੂੰ ਕੰਮ-ਚਲਾਊ ਜਿਹੇ ਪ੍ਰਕਾਸ਼ਕਾਂ ਨਾਲ ਜੁੜਨਾ ਪਿਆ। ਇਹ ਉਹਦੀ ਰਚਨਾ ਦਾ ਦਮ ਸੀ ਕਿ ਸਾਰੇ ਵਿਤਕਰੇ ਦੇ ਬਾਵਜੂਦ ਉਹ 'ਪੱਛਮੀ ਬੰਗਾਲ ਸਾਹਿਤ ਅਕਾਦਮੀ ਪੁਰਸਕਾਰ' ਸਮੇਤ ਕੁਝ ਸਨਮਾਨਾਂ ਦਾ ਹੱਕਦਾਰ ਬਣ ਸਕਿਆ। ਵਧਦੀ ਉਮਰ ਨਾਲ ਉਹ ਰਿਕਸ਼ਾ ਚਲਾਉਣਾ ਛੱਡ ਕੇ ਬੋਲੇ ਬੱਚਿਆਂ ਦੇ ਇਕ ਸਕੂਲ ਵਿਚ ਲਾਂਗਰੀ ਦਾ ਕੰਮ ਕਰਨ ਲੱਗਿਆ।


ਮਹਾਂਸ਼ਵੇਤਾ ਦੇਵੀ ਨੂੰ ਉਹ ਆਪਣੀ ਗੁਰੂ ਅਤੇ ਰਾਹਨੁਮਾ ਦਸਦਿਆਂ ਆਖਦਾ ਹੈ, "ਜਦੋਂ ਭੱਦਰਲੋਕਾਂ ਦਾ ਬੰਗਾਲੀ ਸਾਹਿਤ ਦਲਿਤਾਂ ਦੀਆਂ ਸਮੱਸਿਆਵਾਂ ਉਤੇ ਪੋਚਾ ਫੇਰਦਾ ਸੀ, ਮਹਾਂਸ਼ਵੇਤਾ ਦੇਵੀ ਨੇ ਆਪਣੀ ਕਲਮ ਉਨ੍ਹਾਂ ਉਤੇ ਇਕਾਗਰ ਕੀਤੀ।"

ਆਖਰ 2018 ਵਿਚ ਮਨੋਰੰਜਨ ਬਿਆਪਾਰੀ ਦੇ ਸਾਹਿਤਕ ਜੀਵਨ ਵਿਚ ਵੱਡਾ ਮੋੜ ਆਇਆ। ਪਹਿਲਾਂ ਉਹਨੂੰ ਨਵੀਂ ਦਿੱਲੀ ਦੇ ਸੰਸਾਰ ਪੁਸਤਕ ਮੇਲੇ ਵਿਚ ਤੇ ਫੇਰ ਜੈਪੁਰ ਲਿਟਰੇਰੀ ਫ਼ੈਸਟੀਬਲ ਵਿਚ ਲੇਖਕ ਵਜੋਂ ਬੋਲਣ ਲਈ ਬੁਲਾਇਆ ਗਿਆ। ਜੈਪੁਰ ਦੇ ਸਾਹਿਤਕ ਮੇਲੇ ਵਿਚ ਉਹਦਾ ਆਪਣੇ ਵਿਚਾਰ ਪ੍ਰਗਟ ਕਰਨਾ ਸੀ ਕਿ ਉਹ ਸਰੋਤਿਆਂ-ਪਾਠਕਾਂ ਵਿਚ ਤਾਂ ਚਰਚਾ ਦਾ ਵਿਸ਼ਾ ਬਣ ਹੀ ਗਿਆ, ਵੱਡੇ ਅੰਗਰੇਜ਼ੀ ਪ੍ਰਕਾਸ਼ਕ ਵੀ ਉਹਨੂੰ 'ਵੱਡੀ ਸਾਹਿਤਕ ਲੱਭਤ' ਆਖ ਕੇ ਉਹਦੇ ਅੱਗੇ-ਪਿੱਛੇ ਘੁੰਮਣ ਲੱਗੇ। ਆਖਰ ਵੈਸਟਲੈਂਡ ਪਬਲੀਕੇਸ਼ਨਜ਼ ਵਾਲੇ ਉਸ ਨਾਲ ਗੱਲ ਮੁਕਾਉਣ ਵਿਚ ਸਫਲ ਹੋ ਗਏ। ਉਹ ਉਹਦੀਆਂ ਚੌਦਾਂ ਪੁਸਤਕਾਂ ਅੰਗਰੇਜ਼ੀ ਵਿਚ ਛਾਪਣਗੇ। ਜੋ ਰਕਮ ਉਹਨੂੰ ਦੇਣੀ ਤੈਅ ਹੋਈ ਹੈ, ਉਹ ਦੋਵਾਂ ਧਿਰਾਂ ਦੇ ਸਮਝੌਤੇ ਅਨੁਸਾਰ ਗੁਪਤ ਹੈ। ਇਕ ਮੁੰਬਈਆ ਫ਼ਿਲਮ ਨਿਰਦੇਸ਼ਕ ਨੇ ਵੀ ਉਹਦੀ ਕਿਸੇ ਰਚਨਾ ਨੂੰ ਲੈ ਕੇ ਫ਼ਿਲਮ ਬਣਾਉਣ ਦੀ ਗੱਲ ਚਲਾਈ।

ਇਸ ਸੰਬੰਧ ਵਿਚ ਬਿਆਪਾਰੀ ਦਾ ਕਹਿਣਾ ਸੀ, "ਮੇਰੀਆਂ ਚੌਦਾਂ ਪੁਸਤਕਾਂ ਅੰਗਰੇਜ਼ੀ ਅਨੁਵਾਦ ਕਰ ਕੇ ਛਾਪਣ ਬਾਰੇ ਵੈਸਟਲੈਂਡ ਨਾਲ ਸਮਝੌਤਾ ਮੇਰੇ ਸਾਹਿਤਕ ਜੀਵਨ ਵਿਚ ਯਕੀਨਨ ਇਕ ਮੀਲ-ਪੱਥਰ ਹੈ। ਪਰ ਮੈਨੂੰ ਕੋਈ ਅਥਾਹ ਖ਼ੁਸ਼ੀ ਨਹੀਂ ਹੋ ਰਹੀ ਕਿਉਂਕਿ ਮੈਂ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਨੂੰ ਬਦਲਣ ਵਿਚ, ਜੋ ਮੇਰਾ ਮੁੱਖ ਉਦੇਸ਼ ਹੈ, ਸਫਲ ਨਹੀਂ ਹੋ ਸਕਿਆ। ਮੈਨੂੰ ਪ੍ਰਸਿੱਧੀ ਮਿਲੀ ਹੈ ਤੇ ਕੁਝ ਮਾਇਆ ਮਿਲੀ ਹੈ ਪਰ ਸ਼ੋਸ਼ਣ ਤੋਂ ਮੁਕਤ, ਸਮਾਜਵਾਦੀ ਸਮਾਜ ਸਿਰਜਣ ਦੇ ਮੇਰੇ ਯਤਨ ਉੱਕਾ ਹੀ ਸਫਲ ਨਹੀਂ ਹੋਏ। ਇਸੇ ਕਰ ਕੇ ਮੇਰੀ ਖ਼ੁਸ਼ੀ ਵਿਚ ਉਦਾਸੀ ਰਲੀ ਹੋਈ ਹੈ।"

ਜਨਵਰੀ 2018 ਦੇ ਜੈਪੁਰ ਪੁਸਤਕ ਮੇਲੇ ਨੂੰ ਪੌਣੇ ਤਿੰਨ ਸਾਲ ਹੋ ਗਏ ਹਨ। ਉਹਦੀਆਂ 14 ਪੁਸਤਕਾਂ ਅੰਗਰੇਜ਼ੀ ਵਿਚ ਛਾਪਣ ਦਾ ਇਕਰਾਰ ਸਹੀਬੰਦ ਕਰਨ ਵਾਲੇ ਵੈਸਟਲੈਂਡ ਪਬਲੀਕੇਸ਼ਨਜ਼ ਨੇ ਪਤਾ ਨਹੀਂ ਉਹਨੂੰ ਕਿੰਨੀ-ਕਿੰਨੀ ਰਕਮ ਕਦੋਂ-ਕਦੋਂ ਦੇਣੀ ਹੈ, ਪਰ ਅੱਜ ਦਾ ਸੱਚ ਇਹ ਹੈ ਕਿ ਇਸ ਇਕਰਾਰ ਨੇ ਅਜੇ ਤੱਕ ਤਾਂ ਉਹਦੀ ਜੇਬ ਤੇ ਕਿਸਮਤ ਨੂੰ ਕੋਈ ਫ਼ਰਕ ਪਾਇਆ ਨਹੀਂ। ਉਹ ਇਕ ਸਰਕਾਰੀ ਸਕੂਲ ਵਿਚ ਲਾਂਗਰੀ ਦਾ ਲਾਂਗਰੀ ਹੀ ਰਿਹਾ। ਉਹਨੇ ਉਮਰ ਤੇ ਸਿਹਤ ਦਾ ਵਾਸਤਾ ਪਾ ਕੇ ਹਰ ਸਰਕਾਰ ਨੂੰ ਅਨੇਕ ਅਰਜ਼ੀਆਂ ਭੇਜੀਆਂ ਕਿ ਉਹਨੂੰ ਕਿਸੇ ਨਰਮ ਕੰਮ ਵੱਲ ਬਦਲ ਦਿੱਤਾ ਜਾਵੇ। ਰਾਜ ਸਰਕਾਰ ਦੇ ਸਕੱਤਰੇਤ ਦੇ ਚੱਕਰ ਵੀ ਬਥੇਰੇ ਕੱਟੇ। 2014 ਵਿਚ ਦੋਵੇਂ ਗੋਡੇ ਬਦਲਵਾਉਣ ਪਿੱਛੋਂ ਉਹਨੂੰ ਦਿਨ ਵਿਚ ਦੋ ਵਾਰ 150 ਬੱਚਿਆਂ ਲਈ ਖਾਣਾ ਬਣਾਉਣ ਵਾਸਤੇ ਖੜ੍ਹੇ ਰਹਿਣਾ ਬਹੁਤ ਭਾਰੀ ਹੋ ਗਿਆ ਸੀ।

ਆਖਰ ਹੁਣ ਕਿਸੇ ਨੇ ਮਮਤਾ ਬੈਨਰਜੀ ਨੂੰ ਉਸ ਬਾਰੇ ਦੱਸ ਦਿੱਤਾ। ਉਹ ਕਹਿੰਦਾ ਹੈ, "ਮੈਨੂੰ ਮਮਤਾ ਦੀ ਨਰਮ-ਦਿਲੀ ਵਿਚ ਸਦਾ ਹੀ ਭਰੋਸਾ ਸੀ। ਬੱਸ ਇਕ ਵਾਰ ਕੋਈ ਉਹਨੂੰ ਦੱਸ ਦੇਵੇ ਸਹੀ, ਮੇਰੀ ਸਮੱਸਿਆ ਤੁਰਤ ਹੱਲ ਹੋ ਜਾਵੇਗੀ! ਜੇ ਉਹਨੂੰ ਮੇਰੇ ਸੰਘਰਸ਼ ਦਾ ਪਤਾ ਲੱਗ ਜਾਵੇ ਕਿ ਮੈਂ ਉਸ ਥਾਂ ਪਹੁੰਚਣ ਲਈ ਕਿੰਨੀ ਜਾਨ ਲੜਾਈ ਹੈ ਜਿਥੇ ਹੁਣ ਮੈਨੂੰ ਸਾਰਾ ਦੇਸ ਜਾਣਦਾ ਹੈ, ਉਹ ਜ਼ਰੂਰ ਮੇਰੀ ਮਦਦ ਕਰੇਗੀ।" 26 ਅਗਸਤ 2020 ਨੂੰ ਪੱਛਮੀ ਬੰਗਾਲ ਦੇ ਗ੍ਰਿਹ ਸਕੱਤਰ ਅਲਪਨ ਬੰਦੋਪਾਧਿਆਇ ਨੇ ਫੋਨ ਕਰ ਕੇ ਜਾਣਕਾਰੀ ਦਿੱਤੀ ਕਿ ਉਹਨੂੰ ਜ਼ਿਲਾ ਲਾਇਬਰੇਰੀ ਵਿਚ ਬਦਲਿਆ ਜਾ ਰਿਹਾ ਹੈ। ਉਹ ਖ਼ੁਸ਼ ਹੈ, ਆਖਰ ਉਹਨੂੰ ਪੁਸਤਕਾਂ ਨਾਲ ਸੰਬੰਧਿਤ ਕੰਮ ਮਿਲੇਗਾ, "ਉਮਰ ਭਰ ਦੀ ਜੱਦੋਜਹਿਦ ਮਗਰੋਂ ਸ਼ਾਇਦ ਚੰਗੇ ਦਿਨ ਆ ਹੀ ਜਾਣ!" ਉਹਨੇ ਸਵੈਜੀਵਨੀ 'ਅੰਧਕਾਰ ਅਤੀਤ, ਅਜਾਨਾ ਭਵਿੱਸ਼ਿਅਤ' ਸੰਪੂਰਨ ਕਰ ਲਈ ਹੈ।




ਮਹਾਂਸ਼ਵੇਤਾ ਦੇਵੀ ਦੀਆਂ ਕਿਤਾਬਾਂ ਦੇ ਮੁਖੜੇ

### ਮਹਾਂਸ਼ਵੇਤਾ ਦੇਵੀ ਦਾ ਨਾਰੀਵਾਦ

ਸਾਹਿਤਕਾਰਾਂ ਵਾਂਗ ਸਮਾਜਕ ਸੰਗਰਾਮੀਆਂ ਲਈ ਵੀ ਉਹ ਵੱਡੀ ਪ੍ਰੇਰਕ ਸ਼ਕਤੀ ਰਹੀ। 1960ਵਿਆਂ ਦੀ ਨਕਸਲਬਾੜੀ ਲਹਿਰ ਦੀ ਇਕ ਵੱਡੀ ਆਗੂ ਸ਼ਾਂਤੀ ਮੁੰਡਾ, ਜੋ ਹੁਣ 75 ਸਾਲ ਦੀ ਹੈ, ਕਹਿੰਦੀ ਹੈ, "ਜਦੋਂ ਮੈਂ ਨਕਸਲਬਾੜੀ ਲਹਿਰ ਵਿਚ ਕੁੱਦਣ ਦਾ ਫ਼ੈਸਲਾ ਕੀਤਾ, ਮੈਂ ਤਾਂ ਅਨਪੜ੍ਹ ਔਰਤ ਸੀ। ਤਾਂ ਵੀ ਮੈਂ ਜਾਣਦੀ ਸੀ ਕਿ ਮਹਾਂਸ਼ਵੇਤਾ ਦੇਵੀ ਨੇ ਅਨੇਕ ਲੋਕਾਂ ਨੂੰ ਸਾਡੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਲਈ ਪ੍ਰੇਰਿਆ।"

ਮਹਾਂਸ਼ਵੇਤਾ ਦੇਵੀ ਦਾ ਇਹੋ ਪ੍ਰੇਰਕ ਰੂਪ ਸੀ ਜਿਸ ਸਦਕਾ ਸੈਂਕੜੇ ਕੋਹ ਦੂਰ ਰਹਿੰਦੇ ਆਦਿਵਾਸੀਆਂ ਵਾਸਤੇ ਉਹ ਸਤਿਕਾਰ ਦੀ ਪਾਤਰ ਹੀ ਨਾ ਬਣੀ ਸਗੋਂ ਮਾਂ ਬਣ ਗਈ। ਆਪਣੀ ਰਖਵਾਲੀ ਦੇ ਰੂਪ ਵਿਚ ਉਹ ਉਹਦੀ ਪੂਜਾ ਕਰਨ ਲੱਗੇ।

ਕਿਸੇ ਸਰਕਾਰੀ ਕਦਮ ਦੇ ਗੁਣ-ਔਗੁਣ ਨੂੰ ਪਰਖਣ ਦੀ ਮਹਾਂਸ਼ਵੇਤਾ ਦੇਵੀ ਦੀ ਇਕੋ-ਇਕ ਕਸਵੱਟੀ ਉਸ ਦਾ ਦੱਬੇ-ਕੁਚਲਿਆਂ ਦੇ ਜੀਵਨ ਉੱਤੇ ਪੈਣ ਵਾਲਾ ਪ੍ਰਭਾਵ ਸੀ। ਇਸ ਕਸਵੱਟੀ ਅਨੁਸਾਰ ਉਹ 'ਆਪਣਿਆਂ' ਨਾਲ ਟਕਰਾਉਣੋਂ ਵੀ ਝਿਜਕਦੀ ਨਹੀਂ ਸੀ। ਜਦੋਂ ਸੀ. ਪੀ. ਐਮ. ਦੀ ਸਰਕਾਰ ਨੇ ਸਨਅਤ ਲਾਉਣ ਲਈ ਕਿਸਾਨਾਂ ਦੀ ਉਪਜਾਊ ਜ਼ਮੀਨ ਲੈਣੀ ਸ਼ੁਰੂ ਕੀਤੀ, ਉਹਨੇ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ।

2011 ਦੀਆਂ ਅਸੈਂਬਲੀ ਚੋਣਾਂ ਵਿਚ ਉਹਨੇ ਮਮਤਾ ਬੈਨਰਜੀ ਦੇ 'ਪੋਰੀਬਰਤਨ' ਦੇ ਨਾਅਰੇ ਅਤੇ ਇਕਰਾਰ ਉੱਤੇ ਭਰੋਸਾ ਕਰਦਿਆਂ ਉਹਦੀ ਹਮਾਇਤ ਕੀਤੀ ਜਿਸ ਦੇ ਨਤੀਜੇ ਵਜੋਂ ਵੱਡੀ ਗਿਣਤੀ ਵਿਚ ਬੁੱਧੀਮਾਨ, ਕਲਾਕਾਰ, ਲੇਖਕ, ਥੀਏਟਰ-ਕਾਮੇ, ਆਦਿ ਉਸ ਪਿੱਛੇ ਲਾਮਬੰਦ ਹੋ ਗਏ। ਮੁੱਖ ਮੰਤਰੀ ਬਣ ਕੇ ਜਦੋਂ ਮਮਤਾ ਬੈਨਰਜੀ ਨੇ "ਸਿਵਲ ਸੁਸਾਇਟੀ ਵਲੋਂ ਕੀਤੀ ਜਾਂਦੀ ਆਲੋਚਨਾ ਪ੍ਰਤੀ ਅਸਹਿਣਸ਼ੀਲਤਾ" ਦਿਖਾਈ, ਉਹ ਉਹਦੀ ਆਲੋਚਨਾ ਕਰਨ ਤੋਂ ਵੀ ਨਾ ਝਿਜਕੀ।

ਮਹਾਂਸ਼ਵੇਤਾ ਦੇਵੀ ਨੂੰ ਵਾਧੂ ਜਾਂ ਮੂਰਖਾਨਾ ਗੱਲਾਂ ਬਿਲਕੁਲ ਪਸੰਦ ਨਹੀਂ ਸਨ। 2010 ਵਿਚ ਜਦੋਂ ਇਕ ਪ੍ਰਸਿੱਧ ਅੰਗਰੇਜ਼ੀ ਅਖ਼ਬਾਰ ਦੇ ਪੱਤਰਕਾਰ ਨੇ ਉਸ ਨਾਲ ਇੰਟਰਵਿਊ ਕੀਤੀ, ਉਹਨੇ ਸ਼ੁਰੂ ਵਿਚ ਹੀ ਤਾੜਨਾ ਕਰ ਦੇਣੀ ਠੀਕ ਸਮਝੀ, "ਬੋਕਾ ਪ੍ਰਸ਼ਨੋ ਕੋਰਬੇ ਨਾ", ਭਾਵ ਕੋਈ ਮੂਰਖਾਨਾ ਸਵਾਲ ਨਾ ਕਰੀਂ। ਇੰਟਰਵਿਊ ਵਿਚ ਪੱਤਰਕਾਰ ਪੁੱਛ ਬੈਠਾ, "ਤੁਸੀਂ ਸਮਾਜਕ ਜੱਦੋਜਹਿਦ ਨੂੰ ਆਪਣੀ ਰਚਨਾ ਤੋਂ ਦੂਰ ਕਿਵੇਂ ਰੱਖ ਲੈਂਦੇ ਹੋ?" ਉਹਦੇ ਲਈ ਤਾਂ ਰਚਨਾ-ਕਾਰਜ ਤੇ ਸਮਾਜਕ ਜੱਦੋਜਹਿਦ ਇਕੋ ਉਦੇਸ਼ ਦੇ ਦੋ ਨਾਂ ਸਨ। ਉਹ ਝੱਟ ਗੁੱਸੇ ਹੋ ਕੇ ਬੋਲੀ, "ਬੋਕਾ ਪ੍ਰਸ਼ਨੋ ਕੋਰਬੇ ਨਾ!"

ਉਹ ਸਾਰੀ ਉਮਰ ਔਰਤਾਂ ਦੇ ਅਧਿਕਾਰਾਂ ਲਈ ਲੜਦੀ ਰਹੀ ਪਰ ਇਹ ਤੱਥ ਦਿਲਚਸਪ ਵੀ ਹੈ ਤੇ ਅਹਿਮ ਵੀ ਕਿ ਬਹੁਤ ਸਾਰੀਆਂ ਔਰਤਾਂ ਵਾਂਗ ਉਹਦਾ ਨਾਰੀਵਾਦ ਅੰਨ੍ਹੇ ਪੁਰਸ਼-ਵਿਰੋਧ ਉੱਤੇ ਟਿਕਿਆ ਹੋਇਆ ਨਹੀਂ ਸੀ। ਉਹਨੂੰ ਆਪਣੇ ਪੁਰਸ਼ ਰਿਸ਼ਤਿਆਂ ਉੱਤੇ ਮਾਣ ਸੀ ਅਤੇ ਉਹ ਉਨ੍ਹਾਂ ਨੂੰ ਆਪਣੀ ਵੱਡੀ ਟੇਕ ਮੰਨਣ ਤੋਂ ਸੰਕੋਚ ਨਹੀਂ ਸੀ ਕਰਦੀ। ਉਸੇ ਇੰਟਰਵਿਊ ਸਮੇਂ ਪੱਤਰਕਾਰ ਪੁੱਛ ਬੈਠਾ, "ਮਨ ਆਈ ਗੱਲ ਕਹਿੰਦਿਆਂ ਤੁਹਾਨੂੰ ਕਿਸੇ ਜਵਾਬੀ ਕਾਰਵਾਈ ਤੋਂ ਡਰ ਨਹੀਂ ਲਗਦਾ?"

ਉਹ ਬੇਝਿਜਕ ਬੋਲੀ, "ਅਮੀ ਰਿਤਵਿਕ ਘੋਟੋਕੇਰ ਭਗਨੀ, ਬਿਜਨ ਭੱਟਾਚਾਰੀਆਰ ਓਰਧਾਂਗਿਨੀ, ਅਮਾਰ ਕਿਸੇਰ ਭੋਇ? ਅਮਰਾ ਭੋਇ ਬੋਲੇ ਕਿਛੁ ਜਾਨੀ ਨਾ।" (ਮੈਂ ਰਿਤਵਿਕ ਘਟਕ ਦੀ ਭਤੀਜੀ, ਮੈਂ ਬਿਜਨ ਭੱਟਾਚਾਰੀਆ ਦੀ ਅਰਧਾਂਗਨੀ, ਮੈਨੂੰ ਕੀਹਦਾ ਭੈ? ਭੈ ਕਿਸ ਨੂੰ ਆਖਦੇ ਨੇ, ਮੈਂ ਕੁਝ ਨਹੀਂ ਜਾਣਦੀ।)

ਉਹਦੀਆਂ ਰਚਨਾਵਾਂ ਵਿਚੋਂ ਸਭ ਤੋਂ ਬਹੁਤੀ ਪ੍ਰਸਿੱਧੀ 1974 ਵਿਚ ਛਪੇ ਨਾਵਲ 'ਹਜਾਰ ਚੌਰਾਸ਼ੀਰ ਮਾਂ' ਨੂੰ ਮਿਲੀ। 1998 ਵਿਚ ਇਹਨੂੰ ਫ਼ਿਲਮ ਦਾ ਰੂਪ ਵੀ ਦਿੱਤਾ ਗਿਆ। ਏਨਾ ਹੀ ਪ੍ਰਸਿੱਧ ਉਹਦਾ ਬਿਰਸਾ ਮੁੰਡਾ ਬਾਰੇ ਨਾਵਲ 'ਅਰਨਿਯੇਰ ਅਧੀਕਾਰ' ਹੋਇਆ। 'ਸੰਘਰਸ਼' (1968) ਤੇ 'ਰੁਦਾਲੀ' (1993) ਉਹਦੀਆਂ ਰਚਨਾਵਾਂ ਉੱਤੇ ਆਧਾਰਿਤ ਹੋਰ ਹਿੰਦੀ ਫ਼ਿਲਮਾਂ ਹਨ। ਮਰਾਠੀ ਫ਼ਿਲਮ 'ਮਾਟੀ ਮਾਈ' (2006) ਅਤੇ ਬੰਗਾਲੀ ਫ਼ਿਲਮ 'ਉਲਾਸ' (2012) ਦਾ ਆਧਾਰ ਵੀ ਉਹਦੀਆਂ ਕਥਾਵਾਂ ਹੀ ਹਨ। ਉਹਦੀ ਇਕ ਕਹਾਣੀ ਨੂੰ ਲੈ ਕੇ ਇਟਲੀ ਦੀ ਫ਼ਿਲਮ 'ਗਨਗੋਰ' ਬਣੀ।

ਅਨੇਕ ਸੰਸਥਾਵਾਂ ਨੇ ਉਹਨੂੰ ਸਨਮਾਨਿਤ ਕਰ ਕੇ ਆਪਣੇ ਆਪ ਨੂੰ ਸਨਮਾਨਿਆ। ਪੱਛਮੀ ਬੰਗਾਲ ਦੀ ਸਰਕਾਰ ਨੇ 2011 ਵਿਚ ਉਹਨੂੰ ਪ੍ਰਮੁੱਖ ਸਨਮਾਨ 'ਬੰਗ ਬਿਭੂਸ਼ਣ' ਭੇਟ ਕੀਤਾ। ਭਾਰਤ ਸਰਕਾਰ ਨੇ 1986 ਵਿਚ 'ਪਦਮ ਸ਼੍ਰੀ' ਤੇ 2006 ਵਿਚ 'ਪਦਮ ਵਿਭੂਸ਼ਣ' ਭੇਟ ਕੀਤੇ। 1979 ਵਿਚ ਉਹਨੂੰ ਸਾਹਿਤ ਅਕਾਦਮੀ ਪੁਸਕਾਰ, 1996 ਵਿਚ ਗਿਆਨਪੀਠ ਪੁਰਸਕਾਰ, 1997 ਵਿਚ 'ਰੈਮਨ ਮੈਗਸੇਸੇ ਸਨਮਾਨ' ਅਤੇ 2007 ਵਿਚ 'ਸਾਰਕ ਸਾਹਿਤ ਸਨਮਾਨ' ਪਰਾਪਤ ਹੋਏ। 2009 ਵਿਚ ਉਹਨੂੰ 'ਮੈਨ ਬੁੱਕਰ ਇੰਟਰਨੈਸ਼ਨਲ ਪ੍ਰਾਈਜ਼' ਲਈ ਵੀ ਨਾਮਜ਼ਦ ਕੀਤਾ ਗਿਆ। ਪਰ ਉਹਦੇ ਸਾਹਿਤਕ ਅਤੇ ਸਮਾਜਕ ਕਾਰਜ ਦਾ ਸਭ ਤੋਂ ਵੱਡਾ ਸਨਮਾਨ ਪਾਠਕਾਂ ਅਤੇ ਸਾਧਾਰਨ ਲੋਕਾਂ ਦਾ ਉਹਨੂੰ ਮਿਲਿਆ ਬੇਹੱਦ ਪਿਆਰ-ਸਤਿਕਾਰ ਸੀ ਜਿਸ ਨੂੰ ਉਹਦੇ ਦਿਹਾਂਤ ਮਗਰੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ, ਮਮਤਾ ਬੈਨਰਜੀ ਨੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਬੜੀ ਖ਼ੂਬਸੂਰਤੀ ਨਾਲ ਪ੍ਰਗਟਾਇਆ। ਮਹਾਂਸ਼ਵੇਤਾ ਦੇਵੀ ਦਾ ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦਾ ਆਸਰਾ ਬਣ ਕੇ ਧੜਕਦਾ ਰਿਹਾ ਦਿਲ ਜਦੋਂ 90 ਸਾਲ ਦੀ ਉਮਰ ਵਿਚ 28 ਜੁਲਾਈ 2016 ਨੂੰ ਸ਼ਾਂਤ ਹੋਇਆ, ਮਮਤਾ ਨੇ ਕਿਹਾ, "ਭਾਰਤ ਇਕ ਮਹਾਨ ਲੇਖਿਕਾ ਤੋਂ ਵਿਰਵਾ ਹੋ ਗਿਆ ਹੈ, ਬੰਗਾਲ ਇਕ ਸ਼ਾਨਾਂ-ਮੱਤੀ ਮਾਂ ਤੋਂ ਵਿਰਵਾ ਹੋ ਗਿਆ ਹੈ, ਮੈਂ ਨਿੱਜੀ ਰਾਹਨੁਮਾ ਤੋਂ ਵਿਰਵੀ ਹੋ ਗਈ ਹਾਂ!"

## ਡਾ. ਸੁਖਪਾਲ ਸੰਘੇੜਾ ਦੀਆਂ ਨਿੱਕੀਆਂ ਕਵਿਤਾਵਾਂ

### ਪੁੱਠੇ ਕੌਮਿਆਂ 'ਚ ਫਸੀ ਅਕਲ

ਅਸੀਂ ਰੱਟਾ ਲਾਇਆ
ਜੋ ਰਸੂਲ ਹਮਜ਼ਾਤੋਵ ਨੇ ਫ਼ੁਰਮਾਇਆ:
"ਜੇ ਤੁਸੀਂ ਬੀਤੇ 'ਤੇ ਗੋਲੀ ਚਲਾਉਗੇ
ਤਾਂ ਭਵਿੱਖ ਵਲੋਂ ਤੋਪ ਨਾਲ ਫੁੰਡੇ ਜਾਉਗੇ।"

ਅਸੀਂ ਭੂਤ ਨਾਲ ਆਪਣੇ ਹੇਜ ਨੂੰ
ਇਸ ਫ਼ੁਰਮਾਣ ਪੱਠੇ ਪਾਉਂਦੇ ਹਾਂ
ਮੂੰਹ ਵਿਰਸੇ ਦੀ ਖੁਰਲੀ ਵਿਚ ਪਾ ਕੇ
ਭਵਿੱਖ ਵੱਲ ਪਿੱਠ ਭਵਾਉਂਦੇ ਹਾਂ।

ਸ਼ਾਇਦ ਰਸੂਲ ਹਮਜ਼ਾਤੋਵ ਅੰਕਲ ਸਾਡੀ
ਅਕਲ ਵਿਚ ਰੁਲ ਗਿਆ ਹੋਵੇ
ਤੇ ਸਾਨੂੰ ਇਹ ਫ਼ੁਰਮਾਉਣਾ
ਭੁੱਲ ਗਿਆ ਹੋਵੇ:

ਜੇ ਕੱਲ੍ਹ ਨੂੰ ਭਲਕ ਬਣਾਉਗੇ
ਤਾਂ ਸਮੇਂ ਵਲੋਂ ਬਿਨਾਂ ਖ਼ੂਨ ਖ਼ਰਾਬੇ
ਹੌਲੀ ਹੌਲੀ ਸਾਬਤੇ ਨਿਗਲੇ ਜਾਉਗੇ।

ਜਦ ਖ਼ਾਨਦਾਨੀ ਇੱਜ਼ਤਾਂ ਦੇ ਤੁਰਲ੍ਹਿਆਂ ਵਾਲੇ
ਆਪਣੇ ਖ਼ਾਨਦਾਨਾਂ ਦੇ ਭਵਿੱਖ ਨੂੰ
'ਵਿਦੇਸ਼ੀ' ਕੌਮਾਂ ਦੇ ਢਿੱਡਾਂ ਵਿਚ ਪਾਉਣ ਲਈ
ਆਪਣੇ ਹੱਥੀਂ ਚਾਈਂ ਚਾਈਂ ਜਹਾਜ਼ੇ ਚੜ੍ਹਾਉਣਗੇ,
ਚੜ੍ਹਾਉਣ ਬਾਅਦ ਤਿੰਨ ਪੈਗ ਲਾ
ਵਾਹਿਗੁਰੂ ਦਾ ਲੱਖ ਲੱਖ ਸ਼ੁਕਰ ਮਨਾਉਣਗੇ।

### ਕੱਲ੍ਹ ਤੋਂ ਕੱਲ੍ਹ ਦਾ ਗਧੀ-ਗੇੜ

ਗੁਜ਼ਰੇ 'ਕੱਲ੍ਹ' ਦੇ ਸੰਗ ਸੰਗ ਆਓਣੇ
ਵਾਲਾ 'ਕੱਲ੍ਹ' ਵਸੇਂਦਾ ਹੈ।
ਦੋਹਾਂ ਕੱਲ੍ਹਾਂ ਦੇ ਵਿਚ ਵਿਚਾਲੇ
ਕੌਮ ਦਾ 'ਅੱਜ' ਨਚੇਂਦਾ ਹੈ।

ਜ਼ਿਹਨੇ-ਕੌਮ 'ਚ 'ਭਲਕ' ਨਿੱਤ ਨੇਮੇ
ਫ਼ਾਸੀਂ ਉੱਤੇ ਚੜ੍ਹਦਾ ਹੈ,
ਕੱਲ੍ਹ ਤੋਂ ਕੱਲ੍ਹ ਦਾ ਨਾਚ ਸਫ਼ਰ ਨਹੀਂ
ਗਧੀ-ਗੇੜ ਕਹੇਂਦਾ ਹੈ।

ਐਸੀ ਕੌਮ ਦੀ 'ਅਕਲ' 'ਸਿਆਣਪ'
ਤਾਈਂ ਉਲੰਘ ਨਾ ਪਾਂਦੀ ਹੈ,
ਤਰਕ ਕੌਮ ਦਾ ਵਿਚ ਚਲਾਕੀ
ਜਾਂ ਤੁੱਕਾਂ ਵਿਚ ਰਹਿੰਦਾ ਹੈ।

ਤਾਹੀਓਂ ਮਾਰਕਸ ਦੇ ਸਿਰ ਵਿਚੋਂ
ਨਿਕਲ ਲੈਨਿਨ ਮਾਓ ਚੀਂ ਹੁੰਦਾ
ਸਿਧਾਂਤੋਂ ਇੰਨਕਲਾਬ ਧਰਮ ਦੇ
ਖੂਹੇ ਵਿਚ ਡਿੰਗ ਪੈਂਦਾ ਹੈ।

# ਪੰਜਾਬ ਵਿਚ ਨਸ਼ਿਆਂ ਦੀ ਮਾਰ ਅਤੇ ਵਪਾਰ



**ਰਾਜੇਸ਼ ਰਾਮਚੰਦਰਨ**

ਬਲਵਿੰਦਰ ਸਿੰਘ ਜੰਜੂਆ ਨੇ ਵੈੱਬ ਸੀਰੀਜ਼ 'ਕੈਟ' ਬਣਾ ਕੇ ਠੀਕ ਹੀ ਕੀਤਾ। ਇਹ ਵੈੱਬ ਸੀਰੀਜ਼ ਪੰਜਾਬ ਵਿਚ ਨਸ਼ਿਆਂ ਦੇ ਵਪਾਰੀਆਂ ਦੇ ਨੈੱਟਵਰਕ ਬਾਰੇ ਹੈ ਤੇ ਉਸ ਤੋਂ ਵੀ ਮੁੱਖ ਤੌਰ 'ਤੇ ਪੰਜਾਬ ਦੀ ਪੁਲਿਸ ਅਤੇ ਸਿਆਸਤ ਬਾਰੇ ਹੈ। ਇਸ ਵੈੱਬ ਲੜੀ ਦਾ ਨਾਇਕ ਇਕ ਮੁਖ਼ਬਰ ਹੈ ਅਤੇ ਨੈੱਟਫਲਿਕਸ ਲਈ ਇਸ ਵਧੀਆ ਢੰਗ ਨਾਲ ਬਣਾਈ ਗਈ ਲੜੀ ਦੇ ਹੋਰ ਸਾਰੇ ਅਹਿਮ ਕਿਰਦਾਰ ਪੁਲਿਸ ਵਾਲੇ ਅਤੇ ਸਿਆਸਤਦਾਨ ਹੀ ਹਨ। ਝੁਕੇ ਹੋਏ ਪੁਲਿਸ ਅਫਸਰ ਅਤੇ ਉਨ੍ਹਾਂ ਦੇ ਕੁਟਿਲ ਮਾਲਕ ਸਿਆਸਤਦਾਨ ਮਿਲ ਕੇ ਅਜਿਹਾ ਮਜ਼ਬੂਤ ਗੱਠਜੋੜ ਬਣਾਉਂਦੇ ਹਨ ਜਿਹੜਾ ਕਦੇ ਵੀ ਸਮਾਜ ਨੂੰ ਉਪਰ ਨਹੀਂ ਉੱਠਣ ਦੇ ਸਕਦਾ, ਕਿਉਂਕਿ ਇਨ੍ਹਾਂ ਨੂੰ ਨਸ਼ਿਆਂ ਦੇ ਕਾਰੋਬਾਰ ਤੋਂ ਬੇਹਿਸਾਬ ਪੈਸੇ ਰਾਹੀਂ ਅਜਿਹੀ ਅਣਕਿਆਸੀ ਦੌਲਤ ਮਿਲਦੀ ਹੈ ਜਿਸ ਨਾਲ ਉਹ ਸੱਤਾ ਵਿਚ ਅਹਿਮ ਅਹੁਦਿਆਂ ਉਤੇ ਬਣੇ ਰਹਿਣ ਲਈ ਖ਼ਰੀਦਦਾਰੀ ਕਰ ਸਕਦੇ ਹਨ। ਇਹ ਸਿੱਧਾ ਜਿਹਾ ਪੁਲਿਸ-ਸਿਆਸਤਦਾਨ-ਨਸ਼ੇ ਦੇ ਪੈਸੇ ਦਾ ਗੱਠਜੋੜ ਇਹ ਯਕੀਨੀ ਬਣਾਉਂਦਾ ਹੈ ਕਿ ਹਮੇਸ਼ਾ ਹੀ ਕੋਈ 'ਹੀਰਾ' ਹੈਰੋਇਨ ਦੀ ਸਮਗਲਿੰਗ ਕਰੇ ਅਤੇ ਕੋਈ 'ਅਨਮੋਲ' ਇਸ ਹੈਰੋਇਨ ਨੂੰ ਕਿਸੇ ਅਗਲੇ ਸ਼ਹਿਰ ਲੈ ਜਾਵੇ। ਫਿਰ ਜਿਥੇ ਕਿਤੇ ਵੀ ਉਹ ਫੜੇ ਜਾਣ, ਉਨ੍ਹਾਂ ਨੂੰ ਮੂੰਹ ਢਕ ਕੇ ਪੇਸ਼ ਕਰਦਿਆਂ ਨਸ਼ਿਆਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਲਈ ਵਾਹ-ਵਾਹੀ ਖੱਟੀ ਜਾਵੇ ਪਰ ਇਨ੍ਹਾਂ ਬਾਰੇ ਮੁੜ ਕੁਝ ਵੀ ਪਤਾ ਨਹੀਂ ਲੱਗਦਾ।

ਪਿਛਲੇ ਦਿਨੀਂ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਨੇ ਲੁਧਿਆਣਾ ਵਿਚ ਨਸ਼ਿਆਂ ਦੇ ਕੌਮਾਂਤਰੀ ਸਿੰਡੀਕੇਟ ਦਾ ਕੀਤਾ ਪਰਦਾਫ਼ਾਸ਼ ਇਸ ਦਾ ਅਪਵਾਦ ਸੀ ਕਿਉਂਕਿ ਇਸ ਵਿਚ ਹੀਰਿਆਂ ਅਤੇ ਸ਼ੇਰਿਆਂ ਦੇ ਉਲਟ ਅਜਿਹੇ ਲੋਕ ਫੜੇ ਗਏ ਜਿਨ੍ਹਾਂ ਦੇ ਬਾਕਾਇਦਾ ਨਾਂ ਪਤੇ ਸਨ, ਦਫ਼ਤਰ ਤੇ ਗੁਦਾਮ ਸਨ, ਵਾਹਨ, ਬੈਂਕ ਖ਼ਾਤੇ ਸਨ ਅਤੇ ਉਨ੍ਹਾਂ ਦਾ ਅਫ਼ੀਮ ਨੂੰ ਦੇਸ਼ ਵਿਚ ਸਮਗਲ ਕਰਨ ਤੇ ਐਸਿਟਿਕ ਐੱਨਹਾਈਡਰਾਈ ਖ਼ਰੀਦਣ ਅਤੇ ਹੈਰੋਇਨ ਬਣਾਉਣ ਤੇ ਵੇਚਣ ਦਾ ਪੂਰਾ ਨੈੱਟਵਰਕ ਸੀ। ਇਹ ਪੰਜਾਬ ਲਈ ਇਕ ਤਰ੍ਹਾਂ ਨਵੀਂ ਗੱਲ ਸੀ। ਐੱਨ.ਸੀ.ਬੀ. ਮੁਤਾਬਕ ਇਸ ਗਰੋਹ ਦਾ ਸਰਗਨਾ ਇਕ ਚਾਹ ਵਾਲੇ ਦਾ ਪੁੱਤਰ ਅਕਸ਼ੈ ਛਾਬੜਾ ਸੀ ਜਿਹੜਾ ਰਾਤੋ-ਰਾਤ ਅਮੀਰ ਬਣਨ ਲਈ ਦੋ ਅਫ਼ਗ਼ਾਨ ਨਾਗਰਿਕਾਂ ਦੀ ਮਦਦ ਨਾਲ ਨਸ਼ਿਆਂ ਦਾ ਕਾਰੋਬਾਰ ਕਰ ਰਿਹਾ ਸੀ। ਇਹ ਚਾਹ ਵਿਕਰੇਤਾ ਪਿਤਾ ਅਤੇ ਸ਼ਹਿਰ ਦੇ ਬਹੁਤ ਗ਼ਰੀਬ ਇਲਾਕੇ ਵਿਚ ਰਹਿਣ ਵਾਲੇ ਮਜ਼ਦੂਰ ਜਮਾਤ ਦੇ ਪਰਿਵਾਰ ਲਈ ਤਬਦੀਲੀ ਦਾ ਅਸਲ ਜ਼ਿੰਦਗੀ ਵਾਲਾ ਕਿਰਦਾਰ ਸੀ। ਉਨ੍ਹਾਂ ਮਹਿਜ਼ ਦੋ ਕੁ ਸਾਲਾਂ ਵਿਚ ਹੀ ਕਰੋੜਾਂ ਰੁਪਏ ਕੀਮਤ ਵਾਲੀਆਂ ਜਾਇਦਾਦਾਂ ਤੇ ਵਾਹਨ ਖ਼ਰੀਦ ਲਏ ਸਨ ਅਤੇ ਨਾਲ ਹੀ ਘੀ, ਖ਼ੁਰਾਕੀ ਤੇਲਾਂ ਤੇ ਚੌਲਾਂ ਦੇ ਸਫਲ ਥੋਕ ਕਾਰੋਬਾਰ ਵਿਚ ਝੰਡੇ ਗੱਡ ਦਿੱਤੇ ਸਨ।

ਐੱਨ.ਸੀ.ਬੀ. ਦੇ ਖੇਤਰੀ ਮੁਖੀ ਗਿਆਨੇਸ਼ਵਰ ਸਿੰਘ ਨੇ 60 ਬੈਂਕ ਖ਼ਾਤੇ ਜਾਮ ਕਰਵਾ ਲਏ ਹਨ ਤੇ ਹੁਣ ਉਹ ਨਾਈਟ ਕਲੱਬ ਚਲਾਉਣ ਲਈ ਵਰਤੇ ਜਾ ਰਹੇ ਨਸ਼ਿਆਂ ਦੇ ਪੈਸੇ ਦੀ ਤਲਾਸ਼ ਵਿਚ ਹਨ ਜੋ ਇਸ ਦੀਆਂ ਸੰਭਾਵੀ ਪਰਚੂਨ ਦੁਕਾਨਾਂ ਹਨ। ਜ਼ਾਹਰਾ ਤੌਰ 'ਤੇ ਨਸ਼ਿਆਂ ਦੇ ਵਪਾਰੀ ਚੰਡੀਗੜ੍ਹ-ਮੁਹਾਲੀ-ਪੰਚਕੂਲਾ ਵਿਚ ਵੀ ਅਜਿਹੇ ਉੱਦਮਾਂ ਨੂੰ ਰਕਮਾਂ ਮੁਹੱਈਆ ਕਰਵਾ ਰਹੇ ਹਨ। ਇਹ ਖ਼ੁਲਾਸੇ ਹੈਰਾਨ ਕਰਨ ਵਾਲੇ ਹਨ ਕਿਉਂਕਿ ਫੜੇ ਗਏ 16 ਮੁਲਜ਼ਮਾਂ ਵਿਚੋਂ ਬਹੁਤਿਆਂ ਦਾ ਰਿਕਾਰਡ ਬੜਾ ਸਾਫ਼ ਹੈ ਤੇ ਉਹ ਆਮ ਕਾਰੋਬਾਰ ਕਰ ਰਹੇ ਸਨ। ਇਨ੍ਹਾਂ ਦੇ ਕਾਰੋਬਾਰ ਬਾਰੇ ਇੱਕੋ ਗੱਲ ਬਹੁਤ ਜ਼ਿਆਦਾ ਬੇਕਾਇਦਗੀ ਵਾਲੀ ਸੀ, ਭਾਵ ਇਨ੍ਹਾਂ ਦੀ ਕਮਾਈ; ਮਸਲਨ, ਜਸਪਾਲ ਸਿੰਘ ਗੋਲਡੀ ਲੱਕੜੀ ਦਾ ਮਿਸਤਰੀ ਸੀ ਜੋ ਵਾਹਨਾਂ ਵਿਚ ਨਸ਼ੀਲੀਆਂ ਵਸਤਾਂ ਲੁਕਾਉਣ ਲਈ ਲੁਕਵੇਂ ਸੁਰਾਖ਼ ਬਣਾਉਂਦਾ ਹੁੰਦਾ ਸੀ ਅਤੇ ਉਹ ਮਹਿਲ ਵਰਗੇ ਘਰ ਵਿਚ ਰਹਿੰਦਾ ਸੀ। ਇਹ ਆਮ ਕਾਰੋਬਾਰੀ ਦਿਖਾਈ ਦੇਣ ਵਾਲਿਆਂ ਦੀ ਦੋਹਰੀ ਜ਼ਿੰਦਗੀ ਦੀ ਮਿਸਾਲ ਸੀ, ਇਸ ਗੁਸਤਾਖ਼ੀ ਤੋਂ ਇਲਾਵਾ ਕਿ ਉਹ ਲੁਧਿਆਣਾ ਸ਼ਹਿਰ ਦੇ ਵਿਚਕਾਰ ਇਸ ਦੇ ਰੌਣਕ ਭਰੇ ਬਾਜ਼ਾਰਾਂ ਵਿਚ ਹੈਰੋਇਨ ਦੀਆਂ ਦੋ ਫੈਕਟਰੀਆਂ ਚਲਾ ਰਿਹਾ ਸੀ।

ਉਂਝ, ਇਨ੍ਹਾਂ ਖ਼ੁਲਾਸਿਆਂ ਦੀ ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਉਥੇ ਜੋ ਕੁਝ ਵਾਪਰ ਰਿਹਾ ਸੀ, ਉਸ ਤੋਂ ਮੁਕਾਮੀ ਪੁਲਿਸ ਬਿਲਕੁਲ ਅਣਜਾਣ ਸੀ ਕਿ ਕਿਵੇਂ ਬਰਾਸਤਾ ਪਾਕਿਸਤਾਨ ਅਫ਼ਗ਼ਾਨਿਸਤਾਨ ਤੋਂ ਅਫ਼ੀਮ ਆ ਰਹੀ ਸੀ, ਦੇਸ਼ ਦੇ ਅੰਦਰੋਂ ਹੀ ਐਸਿਟਿਕ ਐੱਨਹਾਈਡਰਾਈ ਅਤੇ ਹੋਰ ਰਸਾਇਣ ਗ਼ੈਰ-ਕਾਨੂੰਨੀ ਢੰਗ ਨਾਲ ਖ਼ਰੀਦੇ ਜਾ ਰਹੇ ਸਨ ਅਤੇ ਅਫ਼ਗ਼ਾਨ ਨਾਗਰਿਕ ਇਸ ਸਭ ਕਾਸੇ ਨੂੰ ਮਿਲਾ ਕੇ ਹੈਰੋਇਨ ਬਣਾ ਰਹੇ ਸਨ। ਇਥੋਂ ਹੀ ਅਸਲ ਕਹਾਣੀ ਸ਼ੁਰੂ ਹੁੰਦੀ ਹੈ। ਕਿਵੇਂ ਸਮਗਲਰਾਂ, ਨਸ਼ਿਆਂ ਦੇ ਉਤਪਾਦਕਾਂ, ਥੋਕ ਵਿਕਰੇਤਾਵਾਂ ਅਤੇ ਸਥਾਨਕ ਧੰਦੇਬਾਜ਼ਾਂ ਦਾ ਇਕ ਕੌਮਾਂਤਰੀ ਸਿੰਡੀਕੇਟ ਪੰਜਾਬ ਦੀ ਵਿੱਤੀ ਰਾਜਧਾਨੀ ਦੀ ਸ਼ਹਿਰੀ ਹਦੂਦ ਦੇ ਅੰਦਰੋਂ ਕੰਮ ਕਰ ਰਿਹਾ ਸੀ ਅਤੇ ਸਥਾਨਕ ਪੁਲਿਸ ਨੂੰ ਇਸ ਪੂਰੇ ਅਪਰੇਸ਼ਨ ਦੀ ਭਿਣਕ ਤੱਕ ਨਹੀਂ ਪੈਂਦੀ? ਜਦੋਂ ਤੱਕ ਐਨ.ਸੀ.ਬੀ. ਸਿੰਡੀਕੇਟ ਨੂੰ ਮਿਲਣ ਵਾਲੀ ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਮਿਲੀਭੁਗਤ ਬਾਰੇ ਵੇਰਵੇ ਜ਼ਾਹਰ ਨਹੀਂ ਕਰਦੀ, ਇਹ ਕੇਸ ਇਹ ਮਿਸਾਲ ਬਣਿਆ ਰਹੇਗਾ ਕਿ ਨਸ਼ਿਆਂ ਦਾ ਗੁਪਤ ਕਾਰੋਬਾਰ ਕਿਵੇਂ ਕੰਮ ਕਰਦਾ ਹੈ?

ਜਿਸ ਕਿਸੇ ਨੇ ਭਾਰਤ ਭਰ ਵਿਚੋਂ ਕਿਤੇ ਵੀ ਪੁਲਿਸ ਨਾਲ ਗੱਲਬਾਤ ਕੀਤੀ ਹੋਵੇ, ਉਹ ਜਾਣਦਾ ਹੋਵੇਗਾ ਕਿ ਮੁਕਾਮੀ ਥਾਣੇਦਾਰ (ਐਸ.ਐਚ.ਓ.) ਦੀ ਜਾਣਕਾਰੀ ਤੋਂ ਬਿਨਾ ਕਿਸੇ ਵੀ ਇਲਾਕੇ ਵਿਚ ਬਹੁਤਾ ਕੁਝ ਨਹੀਂ ਹੋ ਸਕਦਾ, ਖ਼ਾਸਕਰ ਦੌਲਤ ਦੀ ਕਮਾਈ। ਫਿਰ ਅਗਾਂਹ ਉਸ ਇਲਾਕੇ ਦਾ ਕੋਈ ਸਥਾਨਕ ਸਿਆਸਤਦਾਨ, ਵਿਧਾਇਕ ਜਾਂ ਮੰਤਰੀ ਹੁੰਦਾ ਹੈ ਜਿਹੜਾ ਆਪਣੇ ਕਿਸੇ ਚਹੇਤੇ ਨੂੰ ਉਥੇ ਐਸ.ਐਚ.ਓ. ਜਾਂ ਡੀ.ਐਸ.ਪੀ. ਵਜੋਂ ਤਾਇਨਾਤ ਕਰਾਉਂਦਾ ਹੈ। ਇਸ ਦੇ ਬਾਵਜੂਦ ਸਿਰਫ਼ ਇਕ ਸਿਖਰਲਾ ਸਿਆਸਤਦਾਨ ਬਿਕਰਮ ਸਿੰਘ ਮਜੀਠੀਆ ਹੀ ਹੈ ਜਿਸ ਨੇ ਨਸ਼ੇ ਦੇ ਸੌਦਾਗਰਾਂ ਨੂੰ ਸਰਪ੍ਰਸਤੀ ਦੇਣ ਦੇ ਦੋਸ਼ਾਂ ਦਾ ਸਾਹਮਣਾ ਕੀਤਾ ਹੈ ਤੇ ਬੀਤੇ ਸਾਲ ਕਰੀਬ ਛੇ ਮਹੀਨੇ ਜੇਲ੍ਹ ਵਿਚ ਗੁਜ਼ਾਰੇ ਹਨ; ਤਾਂ ਵੀ ਇਹ ਕੇਸ ਆਪਣੇ ਵਾਜਬ ਸਿੱਟੇ ਤੱਕ ਪੁੱਜਦਾ ਦਿਖਾਈ ਨਹੀਂ ਦਿੰਦਾ ਤੇ ਨਾ ਹੀ ਸਾਬਕਾ ਡੀ.ਜੀ.ਪੀ. ਸਿਧਾਰਥ ਚੱਟੋਪਾਧਿਆਏ ਵੱਲੋਂ ਹਾਈ ਕੋਰਟ ਵਿਚ ਦਾਖ਼ਲ ਸੀਲਬੰਦ ਰਿਪੋਰਟਾਂ ਹੀ ਜਨਤਕ ਤੌਰ 'ਤੇ ਸਾਹਮਣੇ ਆਈਆਂ ਹਨ। ਚੱਟੋਪਾਧਿਆਏ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਰਿਪੋਰਟ ਅਤੇ ਉਨ੍ਹਾਂ ਦੀਆਂ ਆਪਣੀਆਂ ਲੱਭਤਾਂ ਜਿਹੜੀਆਂ ਅਦਾਲਤ ਵਿਚ 2018 ਵਿਚ ਦਾਖ਼ਲ ਕੀਤੀਆਂ ਗਈਆਂ ਸਨ, ਨਾਲ 'ਸਿਸਟਮ' ਦੀ ਸਫ਼ਾਈ ਦੀ ਸ਼ੁਰੂਆਤ ਹੋ ਸਕਦੀ ਸੀ। ਦੁੱਖ ਦੀ ਗੱਲ ਹੈ ਕਿ ਜਿਹੜੇ ਲੋਕ ਭ੍ਰਿਸ਼ਟਾਚਾਰ ਦੀ ਗੰਦਗੀ ਨੂੰ ਸਾਫ਼ ਕਰਨ ਦੇ ਵਾਅਦਿਆਂ ਨਾਲ ਸੱਤਾ ਵਿਚ ਆਏ ਸਨ, ਉਹ ਵੀ ਹੁਣ ਖ਼ੁਸ਼ੀ ਖ਼ੁਸ਼ੀ ਉਸੇ ਲੀਹ ਉਤੇ ਚੱਲਦੇ ਜਾਪ ਰਹੇ ਹਨ।

ਅਖ਼ਬਾਰਾਂ ਵਿਚ ਅਜਿਹੀਆਂ ਰਿਪੋਰਟਾਂ ਨਸ਼ਰ ਹੋਈਆਂ ਹਨ ਜਿਨ੍ਹਾਂ ਰਾਹੀਂ ਪੰਜਾਬ ਦੇ ਸ਼ਹਿਰਾਂ ਵਿਚ ਅਪਰਾਧ ਜਗਤ ਦੀਆਂ ਉਨ੍ਹਾਂ ਹਨੇਰੀਆਂ ਸੁਰੰਗਾਂ 'ਤੇ ਰੌਸ਼ਨੀ ਪੈਂਦੀ ਸੀ ਜਿਥੇ ਨਸ਼ੇ ਖੁੱਲ੍ਹੇਆਮ ਵੇਚੇ ਤੇ ਵਰਤੇ ਜਾਂਦੇ ਹਨ। ਇਸ ਕਾਰੋਬਾਰ ਦਾ ਗ਼ੱਦਾਰੀ ਭਰਿਆ ਪੱਖ ਇਸ ਰਾਹੀਂ ਪਾਕਿਸਤਾਨ ਦੀਆਂ ਨਸ਼ਿਆਂ ਦੇ ਨੈੱਟਵਰਕ ਦਾ ਇਸਤੇਮਾਲ ਕਰ ਕੇ ਜਾਸੂਸੀ ਦੀਆਂ ਕੋਸ਼ਿਸ਼ਾਂ ਲਈ ਰਾਹ ਪੱਧਰਾ ਕਰਨਾ ਹੈ। ਇਸ ਵਿਚ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਨੂੰ ਮਹਿਜ਼ ਅਫ਼ਗਾਨਿਸਤਾਨ ਵਿਚ ਤਿਆਰ ਅਫ਼ੀਮ (ਜਾਂ ਪ੍ਰੋਸੈੱਸ ਕੀਤੀ ਹੈਰੋਇਨ) ਨੂੰ ਕੌਮਾਂਤਰੀ ਸਰਹੱਦ ਰਾਹੀਂ ਭਾਰਤ ਵਿਚ ਧੱਕਣਾ ਹੀ ਹੁੰਦਾ ਹੈ ਤੇ ਨਾਲ ਹੀ ਉਹ ਆਪਣੇ ਏਜੰਟਾਂ ਨੂੰ ਤਾਇਨਾਤ ਕਰ ਦਿੰਦੀ ਹੈ ਤਾਂ ਕਿ ਇਸ ਦਾ ਨੈੱਟਵਰਕ ਚੱਲਦਾ ਰਹੇ। ਇਸ ਦੌਰਾਨ ਸਰਹੱਦ ਪਾਰੋਂ ਡਰੋਨਾਂ ਦੀ ਵਰਤੋਂ ਰਾਹੀਂ ਨਸ਼ਿਆਂ ਦੀ ਖੇਪ ਭਾਰਤ ਵਿਚ ਸੁੱਟੇ ਜਾਣ ਦੀ ਕਾਰਵਾਈ ਬੀ.ਐਸ.ਐਫ. ਦੀ ਚੌਕਸੀ ਸਦਕਾ ਕਾਫ਼ੀ ਹੱਦ ਤੱਕ ਰੁਕ ਗਈ ਹੈ। ਸਰਹੱਦ ਪਾਰੋਂ ਡਰੋਨ ਸਰਗਰਮੀਆਂ ਵਿਚ 250 ਤੋਂ ਵੱਧ ਘਟਨਾਵਾਂ ਰਾਹੀਂ ਹੋਏ ਚਾਰ ਗੁਣਾ ਵਾਧੇ ਦਾ ਪਤਾ ਲਾਉਣ ਦਾ ਸਿਹਰਾ ਬੀ.ਐਸ.ਐਫ. ਦੀ ਸਥਾਨਕ ਨਵ-ਉਤਸ਼ਾਹੀ ਲੀਡਰਸ਼ਿਪ ਨੂੰ ਜਾਂਦਾ ਹੈ।

ਇਹ ਮਹਿਜ਼ ਪੰਜਾਬ ਦਾ ਮਸਲਾ ਨਹੀਂ। ਅਫ਼ਸੋਸ ਕਿ ਪੰਜਾਬ 'ਤੇ ਅਤਿਵਾਦ ਦੇ ਸਮਿਆਂ ਦਾ ਵਾਧੂ ਬੋਝ ਵੀ ਹੈ ਜਿਸ ਨੇ ਹੋਰ ਹਰ ਤਰ੍ਹਾਂ ਦੇ ਅਪਰਾਧੀਆਂ ਨੂੰ ਖੁੱਲ੍ਹ ਦਿੱਤੀ ਹੈ ਜਿਨ੍ਹਾਂ ਵਿਚ ਕੁਝ ਵਰਦੀਧਾਰੀ ਵੀ ਹਨ; ਤੇ ਯਕੀਨੀ ਤੌਰ 'ਤੇ ਨਾਲ ਹੀ ਭਾਰਤ ਵਿਚ ਨਸ਼ਿਆਂ ਨੂੰ ਧੱਕਣ ਵਾਲੇ ਗੁਆਂਢੀ ਮੁਲਕ ਦੇ ਖ਼ਿਲਾਫ਼ ਜਾ ਕੇ 425 ਕਿਲੋਮੀਟਰ ਲੰਮੀ ਕੌਮਾਂਤਰੀ ਸਰਹੱਦ ਦੀ ਰਾਖੀ ਕਰਨੀ ਵੀ ਵੱਡੀ ਜ਼ਿੰਮੇਵਾਰੀ ਹੈ। ਡਰੋਨ ਰਾਹੀਂ ਸੁੱਟਿਆ ਬਹੁਤਾ ਸਾਮਾਨ ਦਿੱਲੀ ਅਤੇ ਹੋਰਨਾਂ ਥਾਵਾਂ ਲਈ ਸੀ।

ਫਿਲਮ ਅਦਾਕਾਰ ਸ਼ਾਹਰੁਖ਼ ਖ਼ਾਨ ਦੇ ਪੁੱਤਰ ਪਿੱਛੇ ਪੈਣ ਕਾਰਨ ਆਪਣੀ ਭਰੋਸੇਯੋਗਤਾ ਗੁਆਉਣ ਵਾਲੀ ਐਨ.ਸੀ.ਬੀ. ਨੂੰ ਹੁਣ ਪੰਜਾਬ ਵਿਚਲੇ ਨਸ਼ਿਆਂ ਦੇ ਵਪਾਰ ਦੇ ਸਰਪ੍ਰਸਤਾਂ ਅਤੇ ਭਾਗੀਦਾਰਾਂ ਦਾ ਪਰਦਾਫ਼ਾਸ਼ ਕਰਨ ਵਾਸਤੇ ਤਾਲਮੇਲ ਆਧਾਰਿਤ ਕੋਸ਼ਿਸ਼ਾਂ ਲਈ ਹੋਰਨਾਂ ਏਜੰਸੀਆਂ ਨੂੰ ਨਾਲ ਲੈਣਾ ਚਾਹੀਦਾ ਹੈ ਜਿਨ੍ਹਾਂ ਵਿਚ ਸਾਬਤ ਹੋ ਚੁੱਕੇ ਪੰਜਾਬ ਪੁਲਿਸ ਦੇ ਅਫਸਰ ਵੀ ਸ਼ਾਮਲ ਹਨ (ਜਿਨ੍ਹਾਂ ਵਿਚੋਂ ਕੁਝ ਨੇ ਸਿੰਡੀਕੇਟ ਦਾ ਪਰਦਾਫ਼ਾਸ਼ ਕਰਨ ਵਿਚ ਮਦਦ ਕੀਤੀ ਹੈ) ਅਤੇ ਇਸ ਤਰ੍ਹਾਂ ਐਨ.ਸੀ.ਬੀ. ਆਪਣੀ ਸਾਖ਼ ਵੀ ਬਾਹਲ ਕਰ ਸਕਦੀ ਹੈ। ਇਹ ਸਾਡੇ ਭਵਿੱਖ ਦੀ ਲੜਾਈ ਹੈ।

# ਜਾਤ ਆਧਾਰਿਤ ਮਰਦਮਸ਼ੁਮਾਰੀ ਦੀ ਸਿਆਸਤ

**ਅਭੈ ਕੁਮਾਰ ਦੂਬੇ**

ਭਾਰਤ ਦੀ ਮੋਦੀ ਸਰਕਾਰ ਭਾਵੇਂ ਹੀ ਦਸ ਸਾਲਾ ਮਰਦਮਸ਼ੁਮਾਰੀ ਨਾ ਕਰਵਾ ਰਹੀ ਹੋਵੇ ਪਰ ਨਿਤੀਸ਼ ਕੁਮਾਰ ਦੀ ਸਰਕਾਰ ਨੇ ਲੋਕਾਂ ਦੀ ਜਾਤੀਵਾਰ ਗਿਣਤੀ ਸ਼ੁਰੂ ਕਰਵਾ ਦਿੱਤੀ ਹੈ। ਕੌਮੀ ਪੱਧਰ 'ਤੇ 2021 'ਚ ਮਰਦਮਸ਼ੁਮਾਰੀ ਹੋਣੀ ਸੀ। ਇਸ ਨੂੰ ਨਾ ਕਰਵਾਉਣ ਦੀ ਸਫ਼ਾਈ ਦਿੰਦਿਆਂ ਸਰਕਾਰ ਸੰਸਦ 'ਚ ਦੱਸ ਚੁੱਕੀ ਹੈ ਕਿ ਕੋਵਿਡ ਕਾਰਨ ਉਸ ਨੇ ਇਹ ਕਵਾਇਦ ਅਗਲੇ ਫ਼ੈਸਲੇ ਤੱਕ ਮੁਲਤਵੀ ਕੀਤੀ ਹੋਈ ਹੈ। ਅਗਲਾ ਫ਼ੈਸਲਾ ਕਦੋਂ ਹੋਵੇਗਾ, ਪਤਾ ਨਹੀਂ। ਮਰਦਮਸ਼ੁਮਾਰੀ ਨਾ ਕਰਵਾਉਣ ਦੇ ਨੁਕਸਾਨ ਸਪਸ਼ਟ ਹਨ। 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਿਕ ਇਸ ਸਮੇਂ ਦੇਸ਼ 'ਚ 81.5 ਕਰੋੜ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਕੌਮੀ ਖਾਧ ਸੁਰੱਖਿਆ ਕਾਨੂੰਨ ਤਹਿਤ ਰਿਆਇਤੀ ਜਾਂ ਮੁਫ਼ਤ ਅਨਾਜ ਪ੍ਰਾਪਤ ਕਰਨ ਦਾ ਹੱਕਦਾਰ ਮੰਨਿਆ ਜਾਂਦਾ ਹੈ। ਇਸ ਕਾਨੂੰਨ ਮੁਤਾਬਕ ਦਿਹਾਤੀ ਆਬਾਦੀ ਦੇ 75 ਫ਼ੀਸਦੀ ਅਤੇ ਸ਼ਹਿਰੀ ਅਬਾਦੀ ਦੇ ਪੰਜਾਹ ਫ਼ੀਸਦੀ ਲੋਕਾਂ ਨੂੰ ਇਹ ਲਾਭ ਮਿਲਣਾ ਚਾਹੀਦਾ। ਜੇ ਇਨ੍ਹਾਂ ਅੰਕੜਿਆਂ ਨੂੰ 2021'ਤੇ ਕੇਂਦਰਿਤ ਕਰ ਕੇ ਦੇਖਿਆ ਜਾਵੇ ਤਾਂ ਅਜਿਹੀ ਆਬਾਦੀ 92 ਕਰੋੜ ਤੱਕ ਪਹੁੰਚ ਜਾਂਦੀ ਹੈ; ਭਾਵ, ਮਰਦਮਸ਼ੁਮਾਰੀ ਨਾ ਕਰਵਾਉਣ ਕਾਰਨ ਦੇਸ਼ ਦੇ ਤਕਰੀਬਨ ਦਸ ਕਰੋੜ ਗ਼ਰੀਬ ਲੋਕ ਰਿਆਇਤੀ ਅਨਾਜ ਹਾਸਲ ਕਰਨ ਤੋਂ ਵਾਂਝੇ ਹਨ।

ਮਰਦਮਸ਼ੁਮਾਰੀ ਦੀ ਕਵਾਇਦ ਸ਼ੁਰੂ ਕਰਨ 'ਚ ਸਰਕਾਰ ਦੀ ਹਿਚਕਿਚਾਹਟ ਨੂੰ ਸਮਝਣਾ ਮੁਸ਼ਕਿਲ ਹੈ। ਇਸ ਤੋਂ ਤਾਂ ਸਰਕਾਰ ਅਤੇ ਸੱਤਾਧਾਰੀ ਦਲ ਨੂੰ ਫਾਇਦਾ ਹੀ ਹੋਣ ਵਾਲਾ ਹੈ। ਜੇ ਇਹ ਸਰਕਾਰੀ ਦਾਅਵਾ ਹੈ ਕਿ ਪਹਿਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਪਰਿਵਾਰਾਂ ਨੂੰ ਬਿਜਲੀ, ਸਿਹਤ, ਮਕਾਨ ਅਤੇ ਖਾਣਾ ਪਕਾਉਣ ਦੀ ਗੈਸ ਜਿਹੀਆਂ ਸਹੂਲਤਾਂ ਮਿਲ ਰਹੀਆਂ ਹਨ ਤਾਂ ਇਹ ਅੰਕੜਿਆਂ 'ਚ ਨਿਕਲ ਕੇ ਆ ਜਾਵੇਗਾ। ਇਸ ਜ਼ਰੀਏ ਅਗਲੀਆਂ ਚੋਣਾਂ 'ਚ ਸਰਕਾਰ ਨੂੰ ਸਰਕਾਰ ਵਿਰੋਧੀ ਭਾਵਨਾ ਦਾ ਮੁਕਾਬਲਾ ਕਰਨ 'ਚ ਮਦਦ ਮਿਲੇਗੀ।

ਜਿੱਥੋਂ ਤੱਕ ਜਾਤੀ ਆਧਾਰਿਤ ਮਰਦਮਸ਼ੁਮਾਰੀ ਦਾ ਸਵਾਲ ਹੈ, ਕੁਝ ਦੂਜੇ ਸੂਬਿਆਂ ਅਤੇ ਕੁਝ ਦੂਜੀਆਂ ਸੱਤਾਧਾਰੀ ਰਾਜਨੀਤਕ ਪਾਰਟੀਆਂ ਵਲੋਂ ਵੀ ਅਜਿਹਾ ਕਰਨ ਦੇ ਇਰਾਦੇ ਦਾ ਐਲਾਨ ਕੀਤਾ ਜਾ ਚੁੱਕਿਆ ਹੈ। ਹੋ ਸਕਦਾ ਹੈ ਕਿ ਉੱਥੋਂ ਵੀ ਜਲਦੀ ਹੀ ਜਾਤੀਆਂ ਦੀ ਗਿਣਤੀ ਸ਼ੁਰੂ ਹੋ ਜਾਵੇ। ਇਸ ਕਵਾਇਦ ਦਾ ਇਹ ਸਿਰਫ਼ ਇਕ ਤਕਨੀਕੀ ਪਹਿਲੂ ਹੈ ਕਿ ਬਿਹਾਰ ਵਲੋਂ ਸ਼ੁਰੂ ਕੀਤੀ ਇਸ ਪ੍ਰਕਿਰਿਆ ਨੂੰ ਮਰਦਮਸ਼ੁਮਾਰੀ ਕਿਹਾ ਜਾਵੇ ਜਾਂ ਜਾਤੀਆਂ ਦਾ ਸਰਵੇਖਣ? ਕਾਨੂੰਨਨ ਮਰਦਮਸ਼ੁਮਾਰੀ ਕਰਨ ਦਾ ਅਧਿਕਾਰ ਸਿਰਫ਼ ਕੇਂਦਰ ਸਰਕਾਰ ਦੇ ਕੋਲ ਹੈ। ਇਸ ਲਈ ਜੇ ਕੋਈ ਸੂਬਾ ਇਸ ਤਰ੍ਹਾਂ ਦੀ ਕੋਈ ਗਿਣਤੀ ਕਰਵਾਉਂਦਾ ਹੈ ਤਾਂ ਉਸ ਨੂੰ ਰਸਮੀ ਤੌਰ 'ਤੇ ਸਰਵੇਖਣ ਹੀ ਕਹਿਣਾ ਹੋਵੇਗਾ ਪਰ ਵਿਹਾਰਕ ਨਜ਼ਰੀਏ ਨਾਲ ਦੇਖਿਆ ਜਾਵੇ ਤਾਂ ਇਸ ਵਿਚ ਅਤੇ ਕੇਂਦਰ ਵਲੋਂ ਕਰਵਾਈ ਜਾਣ ਵਾਲੀ ਮਰਦਮਸ਼ੁਮਾਰੀ 'ਚ ਕੋਈ ਖ਼ਾਸ ਫ਼ਰਕ ਨਹੀਂ ਹੈ। ਇਸ 'ਚ ਵੀ ਤਕਰੀਬਨ ਉਹ ਸਾਰੇ ਸਵਾਲ ਪੁੱਛੇ ਜਾਣੇ ਹਨ ਜੋ ਕੌਮੀ ਮਰਦਮਸ਼ੁਮਾਰੀ ਦੌਰਾਨ ਪੁੱਛੇ ਜਾਂਦੇ ਹਨ। ਫ਼ਰਕ ਸਿਰਫ਼ ਐਨਾ ਹੋਵੇਗਾ ਕਿ ਗਿਣਤੀ ਕਰਨ ਤੋਂ ਬਾਅਦ ਇਹ ਪ੍ਰਕਿਰਿਆ ਦੱਸ ਦੇਵੇਗੀ ਕਿ ਕਿਸ ਜਾਤੀ ਦੇ ਕੋਲ ਕਿੰਨੀ ਸਿੱਖਿਆ ਹੈ, ਕਿੰਨੀਆਂ ਨੌਕਰੀਆਂ ਹਨ, ਕਿਸ ਦੀ ਆਮਦਨੀ ਕਿੰਨੀ ਹੈ, ਕਿੰਨੇ ਪਰਿਵਾਰਾਂ ਦੇ ਕੋਲ ਆਪਣੇ ਘਰ ਹਨ, ਬਿਜਲੀ ਹੈ, ਖਾਣਾ ਪਕਾਉਣ ਦੀ ਗੈਸ ਹੈ ਆਦਿ। ਕੌਮੀ ਮਰਦਮਸ਼ੁਮਾਰੀ ਸਿਰਫ਼ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਬਾਰੇ ਅਜਿਹੇ ਅੰਕੜੇ ਦੱਸਦੀ ਹੈ। ਬਿਹਾਰ ਦੀ ਗਣਨਾ ਸਾਰੀਆਂ ਜਾਤੀਆਂ ਬਾਰੇ ਤਸਵੀਰ ਸਾਫ਼ ਕਰ ਦੇਵੇਗੀ। ਇਸ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਇਹ ਕਵਾਇਦ ਕੁਲ ਮਿਲਾ ਕੇ ਅਬਾਦੀ ਦੇ ਆਰਥਿਕ-ਸਮਾਜਿਕ ਹਾਲਾਤ ਦੀ ਜਾਤੀਵਾਰ ਤਸਵੀਰ ਪੇਸ਼ ਕਰ ਦੇਵੇਗੀ। ਸੰਵਿਧਾਨ ਕਿਉਂਕਿ ਜਾਤੀ ਨੂੰ ਸਮਾਜਿਕ ਅਤੇ ਸਿੱਖਿਅਕ ਤੌਰ 'ਤੇ ਪੱਛੜੇਪਨ ਦੇ ਆਧਾਰ ਵਜੋਂ ਮਾਨਤਾ ਦਿੰਦਾ ਹੈ, ਇਸ ਲਈ ਵੀ ਅਜਿਹੀ ਜਾਤੀ ਆਧਾਰਿਤ ਗਿਣਤੀ ਭਰੋਸੇਯੋਗ ਕਹੀ ਜਾ ਸਕਦੀ ਹੈ ਪਰ ਕੀ ਜਾਤੀ ਆਧਾਰਿਤ ਗਿਣਤੀ ਦੇ ਪਿੱਛੇ ਦਾ ਮਕਸਦ ਸਿਰਫ਼ ਇਹੀ ਹੈ? ਹੋਰ ਪਛੜੇ ਵਰਗ ਦੇ ਨੇਤਾਵਾਂ, ਪਾਰਟੀਆਂ ਅਤੇ ਬੁੱਧੀਜੀਵੀਆਂ ਦਾ ਐਲਾਨਿਆ-ਅਣਐਲਾਨਿਆ ਵਿਚਾਰ ਹੈ ਕਿ ਜਿਵੇਂ ਹੀ ਜਾਤੀਆਂ ਦੀ ਗਿਣਤੀ ਦੀ ਪੁਖ਼ਤਾ ਜਾਣਕਾਰੀ ਮਿਲੇਗੀ, ਉਵੇਂ ਹੀ ਰਾਜਨੀਤੀ ਦੀ ਖੇਡ ਬਦਲ ਜਾਵੇਗੀ। ਉਨ੍ਹਾਂ ਨੂੰ ਪਛੜੀਆਂ ਜਾਤੀਆਂ ਦੀ ਏਕਤਾ ਅਤੇ ਗੋਲਬੰਦੀ ਦਾ ਅਜਿਹਾ ਮਜ਼ਬੂਤ ਤਰਕ ਮਿਲ ਜਾਵੇਗਾ ਜਿਸ ਨਾਲ ਉਹ ਸੱਤਾ ਲਈ ਲਾਈ ਜਾਣ ਵਾਲੀ ਦੌੜ ਨੂੰ ਡੂੰਘਾਈ ਨਾਲ ਪ੍ਰਭਾਵਿਤ ਕਰ ਸਕਣਗੇ।

ਦਰਅਸਲ, ਜਾਤੀਆਂ ਦੀ ਗਿਣਤੀ ਕਰਵਾਉਣ ਦੇ ਮਾਧਿਅਮ ਨਾਲ ਪੈਦਾ ਹੋਣ ਵਾਲੇ ਬਹੁਗਿਣਤੀ ਦੇ ਅਹਿਸਾਸ ਦੀ ਵਰਤੋਂ ਕਰ ਕੇ ਰਾਜਨੀਤੀ ਨੂੰ ਹਮੇਸ਼ਾ ਲਈ ਆਪਣੇ ਪੱਖ 'ਚ ਝੁਕਾ ਲੈਣ ਦਾ ਇਹ ਬਹੁਗਿਣਤੀਵਾਦੀ ਸੁਪਨਾ ਕੋਈ ਪਹਿਲੀ ਵਾਰ ਨਹੀਂ ਦੇਖਿਆ ਜਾ ਰਿਹਾ। ਉੱਤਰ ਪ੍ਰਦੇਸ਼ 'ਚ ਭਾਜਪਾ ਰਾਜਨਾਥ ਸਿੰਘ ਦੀ ਅਗਵਾਈ 'ਚ ਹੁਕਮ ਸਿੰਘ ਕਮੇਟੀ ਰਾਹੀਂ ਇਕ ਵਾਰ ਇਸ ਤਰ੍ਹਾਂ ਦੀ ਅੱਧੀ-ਅਧੂਰੀ ਕੋਸ਼ਿਸ਼ ਕਰ ਚੁੱਕੀ ਹੈ। ਕਰਨਾਟਕ 'ਚ ਕਾਂਗਰਸ ਸਿਧਾਰਮੱਈਆ ਦੀ ਅਗਵਾਈ 'ਚ ਇਹ ਕੋਸ਼ਿਸ਼ ਕਰ ਚੁੱਕੀ ਹੈ। ਵੱਖ-ਵੱਖ ਕਾਰਨਾਂ ਨਾਲ ਦੋਵੇਂ ਹੀ ਕੋਸ਼ਿਸ਼ਾਂ ਦੇ ਨਤੀਜੇ ਇੱਛਾ ਅਨੁਸਾਰ ਨਹੀਂ ਨਿਕਲੇ।

ਮੌਜੂਦਾ ਰਾਜਨੀਤਕ ਦ੍ਰਿਸ਼ 'ਚ ਇਸ ਕੋਸ਼ਿਸ਼ ਦੇ ਵੀ ਇੱਛਾ ਅਨੁਸਾਰ ਰਾਜਨੀਤਕ ਨਤੀਜੇ ਨਹੀਂ ਨਿਕਲਣਗੇ। ਹਾਂ, ਜੇਕਰ ਇਹੀ ਕੋਸ਼ਿਸ਼ ਨੱਬੇ ਦੇ ਦਹਾਕੇ 'ਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਤੁਰੰਤ ਲਾਗੂ ਹੋਣ ਤੋਂ ਬਾਅਦ ਕੀਤੀ ਜਾਂਦੀ ਤਾਂ ਸ਼ਾਇਦ ਅਜਿਹਾ ਹੋ ਸਕਦਾ ਸੀ। ਅੱਜ ਦੇ ਹਾਲਾਤ ਤਾਂ ਇਹ ਹਨ ਕਿ ਪਛੜੀਆਂ ਜਾਤੀਆਂ ਦੀ ਵੱਖਰੇ ਤੌਰ 'ਤੇ ਗੋਲਬੰਦੀ ਕਰ ਕੇ ਸਥਾਈ ਜਾਤੀਗਤ ਬਹੁਮਤ ਬਣਾਉਣ ਦੀ ਰਣਨੀਤਕ ਯੋਜਨਾ 'ਚ ਹਿੰਦੂਤਵਵਾਦੀ ਰਾਜਨੀਤੀ ਦੀ ਸਫ਼ਲਤਾ ਨੇ ਪਲੀਤਾ ਲਗਾ ਦਿੱਤਾ ਹੈ। ਹਿੰਦੂਤਵਵਾਦੀ ਸ਼ਕਤੀਆਂ ਸ਼ੁਰੂ ਤੋਂ ਹੀ ਹਿੰਦੂ ਸਮਾਜ 'ਚ ਕਰਮਕਾਂਡੀ ਰੂਪ ਨਾਲ ਸ਼ੂਦਰ ਕਹੀਆਂ ਜਾਣ ਵਾਲੀਆਂ ਜਾਤੀਆਂ ਨੂੰ ਦੋਇਮ ਦਰਜੇ ਦੀਆਂ ਸਮਝੀਆਂ ਜਾਣ ਵਾਲੀਆਂ ਜਾਤੀਆਂ ਦੇ ਨਾਲ ਜੋੜਨ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਕੰਮ ਕਰਦੀ ਰਹੀ ਹੈ। ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਦੂਜੇ ਮੁਖੀ ਗੁਰੂ ਗੋਲਵਲਕਰ ਦੀਆਂ ਗੱਲਾਂ 'ਤੇ ਜੇ ਗੌਰ ਕੀਤਾ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਉਹ ਵਾਰ-ਵਾਰ ਕਿਉਂ ਸ਼ੂਦਰਾਂ ਨੂੰ ਦੱਬੇ ਹੋਏ, ਸ਼ੋਸ਼ਤ ਅਤੇ ਘੱਟ ਹੈਸੀਅਤ ਵਾਲੇ ਸਮਾਜ ਦੇ ਰੂਪ 'ਚ ਦੇਖਣ ਦਾ ਵਿਰੋਧ ਕਰਦੇ ਦਿਖਾਈ ਦਿੰਦੇ ਸਨ। ਸ਼ਾਬਦਿਕ ਤੌਰ 'ਤੇ ਤੁਹਾਡੀ ਇੱਛਾ ਨੂੰ ਜ਼ਮੀਨ 'ਤੇ ਉਤਾਰਨ ਲਈ ਸੱਠ ਅਤੇ ਸੱਤਰ ਦੇ ਦਹਾਕਿਆਂ 'ਚ ਦੀਨਦਿਆਲ ਉਪਧਿਆਏ ਨੇ ਭਾਜਪਾ ਦੇ ਪਹਿਲੇ ਸੰਸਕਰਨ ਜਨਸੰਘ 'ਚ ਉੱਚ ਜਾਤੀਆਂ ਦੇ ਨੇਤਾਵਾਂ ਨੂੰ ਉੱਚ ਅਹੁਦਿਆਂ ਤੋਂ ਹਟਾ ਕੇ ਪੱਛੜੇ ਨੇਤਾਵਾਂ ਨੂੰ ਬਿਠਾਉਣ ਦੀ ਨੀਤੀ ਅਪਣਾਈ ਸੀ। ਉਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਹਿੰਦੂਤਵਵਾਦੀ ਰਾਜਨੀਤੀ 'ਚ ਪਛੜੀਆਂ ਜਾਤੀਆਂ ਨੂੰ ਸਮਾਨ ਪੱਧਰ ਪ੍ਰਾਪਤ ਹੋਵੇਗਾ। ਇਹ ਸੰਦੇਸ਼ ਬਹੁਤ ਹੌਲੀ-ਹੌਲੀ ਹੇਠਾਂ ਤੱਕ ਪਹੁੰਚਿਆ। ਇਸ ਨੂੰ ਕਰੀਬ ਸੱਠ ਸਾਲ ਲੱਗ ਗਏ।

ਹੁਣ ਜੇ ਪਛੜਿਆਂ ਦੀ ਅਸਲੀ ਗਿਣਤੀ ਦਾ ਪੁਖ਼ਤਾ ਅੰਕੜਾ ਆ ਵੀ ਜਾਵੇ, ਤਾਂ ਵੀ ਬ੍ਰਾਹਮਣਵਾਦ ਖ਼ਿਲਾਫ਼ ਕੀਤੀ ਜਾਣ ਵਾਲੀ ਫ਼ਿਕਰੇਬਾਜ਼ੀ ਦੇ ਪਹਿਲਾਂ ਵਾਂਗ ਅਸਰਦਾਰ ਹੋਣ ਦੀਆਂ ਸੰਭਾਵਨਾਵਾਂ ਨਹੀਂ। ਪੱਛੜੇ ਭਾਈਚਾਰਿਆਂ ਨੂੰ ਬ੍ਰਾਹਮਣ-ਬਾਣੀਆਂ ਦੀ ਪਾਰਟੀ ਕਹੀ ਜਾਣ ਵਾਲੀ ਭਾਰਤੀ ਜਨਤਾ ਪਾਰਟੀ 'ਚ ਸੱਤਾ ਦਾ ਸੁੱਖ ਪ੍ਰਾਪਤ ਹੋ ਰਿਹਾ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਬਿਹਾਰ ਦੀ ਜਾਤੀ ਆਧਾਰਿਤ ਮਰਦਮਸ਼ੁਮਾਰੀ ਨਾਲ ਸਮਾਨਤਾਵਾਦੀ ਨੀਤੀ ਬਣਾਉਣ ਦੀ ਦਿਸ਼ਾ 'ਚ ਕੋਈ ਤਰੱਕੀ ਨਹੀਂ ਹੋਵੇਗੀ ਪਰ ਇਸ ਨਾਲ ਰਾਜਨੀਤੀ ਦੀ ਚਲਦੀ ਹੋਈ ਧਾਰਾ 'ਚ ਕੋਈ ਵੱਡੀ ਪਰਿਵਰਤਨਕਾਰੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾ ਸਕੇਗੀ।

# ਖ਼ਤਰੇ 'ਚ ਹੈ ਭਾਰਤੀ ਲੋਕਤੰਤਰ !

**ਗਣਤੰਤਰ ਦਿਹਾੜੇ 'ਤੇ ਵਿਸ਼ੇਸ਼**

ਭਾਰਤ ਦੇਸ਼ ਚ ਕੌਮੀ ਪੱਧਰ 'ਤੇ ਹੋਣ ਵਾਲੀ, ਸਾਲ 2021 ਦੀ ਮਰਦਮਸ਼ੁਮਾਰੀ ਕੋਵਿਡ ਕਾਰਨ ਕੇਂਦਰ ਸਰਕਾਰ ਵਲੋਂ ਅੱਗੇ ਪਾ ਦਿੱਤੀ ਗਈ ਹੈ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਇਸ ਸਮੇਂ ਦੇਸ਼ ਵਿਚ 81.5 ਕਰੋੜ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਭਾਰਤ ਸਰਕਾਰ ਦੇ ਕੌਮੀ ਖਾਧ ਸੁਰੱਖਿਆ ਕਾਨੂੰਨ ਤਹਿਤ ਰਿਆਇਤ ਜਾਂ ਮੁਫਤ ਅਨਾਜ ਪ੍ਰਾਪਤ ਕਰਨ ਦਾ ਹੱਕਦਾਰ ਮੰਨਿਆ ਜਾਂਦਾ ਹੈ। ਜੇ ਸਾਲ 2021 ਦੇ ਮਰਦਮਸ਼ੁਮਾਰੀ



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਅੰਕੜੇ ਸਾਹਮਣੇ ਆਉਂਦੇ ਤਾਂ ਸ਼ਾਇਦ 10 ਕਰੋੜ ਲੋਕ ਇਸ ਗਿਣਤੀ ਵਿਚ ਹੋਰ ਸ਼ਾਮਲ ਹੋ ਜਾਂਦੇ।

2023 ਦੇ ਇਸ ਗਣਤੰਤਰ ਦਿਵਸ ਸਮੇਂ ਤਕ ਜਦੋਂ ਭਾਰਤੀ ਗਣਤੰਤਰ ਦੇ 73 ਵਰ੍ਹੇ ਪੂਰੇ ਹੋ ਚੁੱਕੇ ਹਨ ਅਤੇ ਦੇਸ਼ ਆਜ਼ਾਦੀ ਦੇ 75 ਵਰ੍ਹੇ ਪੂਰੇ ਹੋਣ ਉਪਰੰਤ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਮਨਾ ਰਿਹਾ ਹੈ ਤਾਂ ਆਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ ਦੇਸ਼, ਆਰਥਿਕ, ਸਮਾਜਿਕ ਤਰੱਕੀ ਅਤੇ ਦੇਸ਼ ਵਾਸੀਆਂ ਨੂੰ ਪਾਣੀ, ਬਿਜਲੀ, ਸਿਹਤ, ਸਿੱਖਿਆ, ਮਕਾਨ, ਉਪਲੱਬਧ ਕਰਾਉਣ ਦੇ ਚੱਕਰਾਂ ਵਿਚ ਹੀ ਪਿਆ ਦਿਸਦਾ ਹੈ। ਦੇਸ਼ ਨੂੰ ਵੱਡੀ ਸਮੱਸਿਆ ਇਹ ਵੀ ਹੈ ਕਿ ਦੇਸ਼ ਦੀ ਹਾਕਮ ਧਿਰ ਭਾਰਤੀ ਸੰਵਿਧਾਨ ਨੂੰ ਖੋਰਾ ਲਾਉਣ ਅਤੇ ਦੇਸ਼ ਦਾ ਫੈਡਰਲ ਢਾਂਚਾ ਹੋਣ ਦੇ ਬਾਵਜੂਦ ਸਾਰੀਆਂ ਸ਼ਕਤੀਆਂ ਦਾ ਕੇਂਦਰੀਕਰਨ ਕਰਨ ਦੇ ਚੱਕਰ 'ਚ ਦੇਸ਼ ਦੀ ਨਿਆਂਪਾਲਿਕਾ ਨਾਲ ਵੀ ਮੱਥਾ ਲਾਈ ਬੈਠੀ ਹੈ। ਕੀ ਇਹ ਦੇਸ਼ ਲਈ ਸ਼ੁੱਭ ਸ਼ਗਨ ਹੈ?

ਦੇਸ਼ ਦੀ ਵਿਧਾਨਪਾਲਿਕਾ ਦੇ ਹਾਲਾਤ ਵੇਖਣਯੋਗ ਹਨ। ਸੰਸਦ ਹੋਵੇ ਜਾਂ ਵਿਧਾਨ ਸਭਾ, ਦਾਗੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਲਿਸਟ ਹੁਣ ਲੰਬੀ ਹੁੰਦੀ ਜਾ ਰਹੀ ਹੈ। ਦੇਸ਼ ਵਿਚ ਲੋਕ ਸੇਵਾ ਦਾ ਸੰਕਲਪ ਤਾਰ-ਤਾਰ ਹੋ ਰਿਹਾ ਹੈ। ਹਾਕਮਾਂ 'ਚ ਜ਼ਿੰਮੇਵਾਰੀ ਅਤੇ ਜਵਾਬਦੇਹੀ ਲਗਾਤਾਰ ਘਟ ਰਹੀ ਹੈ। ਰਾਜਨੀਤਕ ਪ੍ਰਕਿਰਿਆ 'ਚ ਅਪਰਾਧੀਕਰਨ, ਰਾਜਨੇਤਾਵਾਂ, ਲੋਕ ਸੇਵਕਾਂ ਅਤੇ ਧੰਨ ਕੁਬੇਰ ਘਰਾਣਿਆਂ 'ਚ ਅਪਵਿੱਤਰ ਗੱਠਜੋੜ ਨੇ ਦੇਸ਼ 'ਚ ਅਰਾਜਕਤਾ ਦਾ ਮਾਹੌਲ ਪੈਦਾ ਕਰਨ ਵਾਲੇ ਹਾਲਾਤ ਵਧਾ ਦਿੱਤੇ ਹਨ।

ਅਸਲ ਵਿਚ ਭਾਰਤੀ ਲੋਕਤੰਤਰਿਕ ਸਾਸ਼ਨ ਨੂੰ ਜ਼ਿਆਦਾ ਗੰਭੀਰ ਖ਼ਤਰਾ ਅਪਰਾਧੀਆਂ ਅਤੇ ਬਾਹੂਬਲੀਆਂ ਤੋਂ ਹੈ ਜੋ ਵੱਡੀ ਗਿਣਤੀ 'ਚ ਸਿਆਸਤ ਵਿਚ ਘੁਸਪੈਠ ਕਰ ਚੁਕੇ ਹਨ। ਇਹੋ ਜਿਹੀਆਂ ਸਥਿਤੀਆਂ 'ਚ ਦੇਸ਼ 'ਚ ਸ਼ਾਂਤੀ ਕਿਵੇਂ ਹੋਵੇ, ਧਾਰਮਿਕ ਸਾਵਾਂਪਨ ਕਿਵੇਂ ਪੁੰਗਰੇ, ਆਪਸੀ ਸਦਭਾਵ ਕਿਵੇਂ ਪੈਦਾ ਹੋਵੇ?

ਇਹ ਗੱਲ ਸਮਝਣ ਵਾਲੀ ਹੈ ਕਿ ਚੰਗਾ ਪ੍ਰਬੰਧ, ਇਮਾਨਦਾਰੀ, ਸਰਵਜਨਕ ਜੀਵਨ ਜਵਾਬਦੇਹੀ ਪਾਰਦਰਸ਼ਤਾ ਤੋਂ ਛੁਪਿਆ ਹੋਇਆ ਹੈ। ਜਿਸ ਦੀ ਪਿਛਲੇ 73 ਸਾਲ ਲਗਾਤਾਰ ਦੇਸ਼ 'ਚ ਕਮੀ ਦੇਖਣ ਨੂੰ ਮਿਲੀ ਹੈ। ਇਹੋ ਕਾਰਨ ਹੈ ਕਿ ਦੇਸ਼ ਦੇ ਲੋਕਾਂ ਪ੍ਰਤੀ ਦੇਸ਼ ਸੇਵਕਾਂ, ਨੌਕਰਸ਼ਾਹਾਂ 'ਚ ਬੇਗਾਨਗੀ ਦੇਖਣ ਨੂੰ ਮਿਲਦੀ ਹੈ। ਭ੍ਰਿਸ਼ਟਾਚਾਰੀ ਨੌਕਰਸ਼ਾਹਾਂ ਅਤੇ ਤਾਕਤ ਦੇ ਭੁੱਖੇ ਸਿਆਸਤਦਾਨਾਂ ਦਾ ਗੱਠਜੋੜ ਆਮ ਲੋਕਾਂ ਦੀਆਂ ਸਮੱਸਿਆਵਾਂ ਤੋਂ ਪਾਸਾ ਵੱਟ ਰਿਹਾ ਹੈ। ਇਹੋ ਕਾਰਨ ਹੈ ਕਿ ਪੌਣੀ ਸਦੀ ਬੀਤਣ ਬਾਅਦ ਵੀ ਦੇਸ਼ ਦੇ ਲੋਕ ਮਾੜੇ ਹਾਲਾਤ 'ਚੋਂ ਗੁਜ਼ਰ ਰਹੇ ਹਨ।

ਲੋਕਾਂ ਨੂੰ ਬੋਲਣ, ਚੱਲਣ ਦੀ ਆਜ਼ਾਦੀ, ਜੋ ਸੰਵਿਧਾਨ ਦਿੰਦਾ ਹੈ, 'ਚ ਰੁਕਾਵਟਾਂ ਪਾਈਆਂ ਜਾ ਰਹੀਆਂ ਹਨ। ਉਨ੍ਹਾਂ ਦੇ ਸੰਵਿਧਾਨਕ ਹੱਕਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਜਨਤਾ ਅਤੇ ਸੁਚੇਤ ਮੀਡੀਆ ਨੂੰ ਨੁਕਰੇ ਲਾਉਣ ਲਈ ਪਿਛਲੇ ਦਰਵਾਜ਼ਿਓਂ ਸੈਂਸਰਸ਼ਿਪ ਲਗਾਉਣ ਦੇ ਯਤਨ ਹਾਕਮਾਂ ਵਲੋਂ ਹੋ ਰਹੇ ਹਨ।

ਇਨ੍ਹਾਂ ਦਿਨਾਂ 'ਚ ਖ਼ਾਸ ਤੌਰ 'ਤੇ ਸੋਸ਼ਲ ਮੀਡੀਆ ਉਤੇ ਸ਼ਿਕੰਜਾ ਕੱਸਣ ਲਈ ਆਈ.ਟੀ. ਕਾਨੂੰਨ ਵਿਚ ਤਬਦੀਲੀ ਕਰਨ ਦਾ ਖਰੜਾ ਤਿਆਰ ਕੀਤਾ ਗਿਆ ਹੈ ਜਿਸ 'ਚ ਸਰਕਾਰੀ ਏਜੰਸੀ ਨੂੰ ਆਨ ਲਾਈਨ ਪਲੇਟਫਾਰਮ ਤੋਂ ਖ਼ਬਰਾਂ ਹਟਾਉਣ ਦਾ ਅਧਿਕਾਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਬਿਨਾਂ ਸ਼ੱਕ ਸੋਸ਼ਲ ਮੀਡੀਆ ਉਤੇ ਗੈਰ ਵਾਜਬ ਪੋਸਟਾਂ ਵੀ ਚਲਦੀਆਂ ਹਨ ਪਰ ਸੋਸ਼ਲ ਮੀਡੀਆ ਵੱਡੇ ਪੰਧਰ 'ਤੇ ਸੂਚਨਾਵਾਂ ਅਤੇ ਜਾਣਕਾਰੀਆਂ ਦੇਣ ਦਾ ਸਾਧਨ ਵੀ ਹੈ। ਅਜਿਹੇ ਹਾਲਾਤ ਦੇਸ਼ 'ਚ ਸਾਲ 1975 'ਚ ਲਗਾਈ ਐਮਰਜੈਂਸੀ ਦੌਰਾਨ



ਦੇਖਣ ਨੂੰ ਮਿਲੇ ਸਨ।

ਦੇਸ਼ ਦੇ ਹਾਕਮਾਂ ਵਲੋਂ ਸਮੇਂ-ਸਮੇਂ ਲੋਕਾਂ ਦੇ ਮੁਢਲੇ ਅਧਿਕਾਰਾਂ ਉਤੇ ਸ਼ਿਕੰਜਾ ਕੱਸੇ ਜਾਣ ਕਾਰਨ ਵਿਸ਼ਵ ਪੱਧਰ ਉੱਤੇ ਭਾਰਤ ਦੀ ਲੋਕਤੰਤਰਿਕ ਪ੍ਰਣਾਲੀ ਉਤੇ ਵੱਡੇ ਸਵਾਲ ਖੜੇ ਹੋਏ ਹਨ। ਦੇਸ਼ 'ਚ ਭੜਕਿਆ ਕਿਸਾਨ ਅੰਦੋਲਨ, ਸੀ.ਏ.ਏ. ਐਕਟ ਲਾਗੂ ਹੋਣ 'ਤੇ ਅੰਦੋਲਨ, ਬੁਲਡੋਜ਼ਰ ਰਾਜਨੀਤੀ ਨੇ ਦੇਸ਼ ਦੀ ਸਾਖ ਨੂੰ ਅੰਤਰਰਾਸ਼ਟਰੀ ਖੋਰਾ ਲਾਇਆ ਹੈ। ਉਹ ਦੇਸ਼ ਜਿਹੜਾ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਦਾਅਵਾ ਕਰਦਾ ਹੈ, ਉਤੇ ਭਾਰਤ ਦਾ ਰੂਲ ਆਫ ਲਾਅ (ਕਾਨੂੰਨ ਦਾ ਰਾਜ) 'ਚ 140 ਦੇਸ਼ਾਂ ਵਿਚੋਂ 77ਵਾਂ ਸਥਾਨ ਹੈ। ਵਰਲਡ ਜਸਟਿਸ ਪ੍ਰਾਜੈਕਟ-2022, ਵਲੋਂ ਦੁਨੀਆ ਭਰ ਦੇ ਰੂਲ ਆਫ ਲਾਅ ਸਬੰਧੀ 26 ਅਕਤੂਬਰ ਨੂੰ ਜਾਰੀ ਹੋਈ ਰਿਪੋਰਟ ਅਨੁਸਾਰ ਭਾਰਤ ਦਾ ਥਾਂ 140 ਦੇਸ਼ਾਂ ਵਿਚ ਮਨੁੱਖੀ ਅਧਿਕਾਰਾਂ ਮਾਮਲੇ 'ਚ 94 ਵਾਂ, ਸਿਵਲ ਜਸਟਿਸ (ਨਾਗਰਿਕ ਨਿਆਂ) 'ਚ 111, ਕ੍ਰਿਮੀਨਲ ਜਸਟਿਸ (ਅਪਰਾਧਕ ਨਿਆਂ) 'ਚ 89 ਅਤੇ ਭ੍ਰਿਸ਼ਟਾਚਾਰ ਮੁਕਤੀ 'ਚ 93ਵਾਂ ਹੈ।

ਇਥੇ ਹੀ ਬਸ ਨਹੀਂ ਇਨ੍ਹਾਂ ਸਾਲਾਂ 'ਚ ਧਰਮ ਅਤੇ ਜਾਤ ਅਧਾਰਤ ਰਾਜਨੀਤੀ ਨੇ ਦੇਸ਼ ਨੂੰ ਬੁਰੀ ਤਰ੍ਹਾਂ ਝੰਬਿਆ ਹੈ। ਹਿੰਦੂਤਵੀ ਏਜੰਡੇ ਨੂੰ ਦੇਸ਼ 'ਤੇ ਲਾਗੂ ਕਰਨਾ ਅਤੇ ਰਾਜਨੀਤਕ ਸਮੀਕਰਨ ਦੇ ਤੌਰ 'ਤੇ ਰਾਸ਼ਟਰਵਾਦ, ਹਿੰਦੂ ਗੌਰਵ ਅਤੇ ਰਾਸ਼ਟਰੀ ਜਜ਼ਬਾਤੀ ਵਿਚਾਰਾਂ ਨੂੰ ਵਰਤਣਾ ਘੱਟ ਗਿਣਤੀਆਂ, ਪੱਛੜੀਆਂ ਸ਼੍ਰੇਣੀਆਂ ਲਈ ਖਤਰੇ ਦੀ ਘੰਟੀ ਬਣਦਾ ਜਾ ਰਿਹਾ ਹੈ। ਕੀ ਭਾਰਤੀ ਸੰਵਿਧਾਨ ਦੇ ਨਿਰਮਾਤਾਵਾਂ ਤੇ ਆਜ਼ਾਦੀ ਘੁਲਾਟੀਆਂ ਨੇ ਇਹ ਚਿਤਵਿਆ ਸੀ?

ਦੇਸ਼ 'ਚ ਕਈ ਅਜਿਹੇ ਕਾਨੂੰਨ ਪਾਸ ਕੀਤੇ ਗਏ ਹਨ, ਜਿਨ੍ਹਾਂ ਨੇ ਘੱਟ ਗਿਣਤੀਆਂ ਲਈ ਖਤਰੇ ਸਹੇੜੇ ਹਨ। ਇਹ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿਤ ਵਿਚ ਨਹੀਂ ਹਨ, ਖ਼ਾਸ ਤੌਰ 'ਤੇ ਆਮ ਲੋਕਾਂ ਦੇ ਹਿੱਤ ਵਿਚ ਜੋ ਅੱਜ ਵੀ ਭੁੱਖਮਰੀ, ਬੇਰੁਜ਼ਗਾਰੀ ਨਾਲ ਨਪੀੜੇ ਜਾ ਰਹੇ ਹਨ।

ਕੀ ਦੇਸ਼ ਦੇ ਹਾਕਮ ਇਹ ਨਹੀਂ ਜਾਣਦੇ ਕਿ ਦੇਸ਼ ਭਾਰਤ ਭੁੱਖਮਰੀ ਦੇ ਮਾਮਲੇ 'ਚ ਦੁਨੀਆ ਭਰ ਦੇ 121 ਦੇਸ਼ਾਂ ਵਿਚੋਂ 107ਵੇਂ ਸਥਾਨ 'ਤੇ ਹੈ। ਯੂ.ਐਨ.ਓ. ਅਨੁਸਾਰ ਮਾਨਵ ਵਿਕਾਸ ਦੇ ਮਾਮਲੇ 'ਚ ਭਾਰਤ ਦਾ ਸਥਾਨ 189 ਦੇਸ਼ਾਂ ਵਿਚੋਂ 131ਵਾਂ ਹੈ। ਭਾਰਤ ਪ੍ਰੈਸ ਆਜ਼ਾਦੀ 'ਚ ਪਿਛਲੇ ਸਾਲ 142 ਰੈਂਕ 'ਤੇ ਸੀ ਇਸ ਵਰ੍ਹੇ 150ਵੇਂ ਰੈਂਕ 'ਤੇ ਆ ਗਿਆ ਹੈ। ਸਿਹਤ ਸਹੂਲਤਾਂ ਦੇ ਮਾਮਲੇ 'ਚ 121 ਦੇਸ਼ਾਂ 'ਚ ਇਸਦਾ ਸਥਾਨ 107ਵਾਂ ਹੈ। ਇਸੇ ਤਰ੍ਹਾਂ ਸਿੱਖਿਆ ਸਹੂਲਤਾਂ 'ਚ ਇਕ ਸਰਵੇ ਅਨੁਸਾਰ 64 ਦੇਸ਼ਾਂ ਵਿਚੋਂ ਇਹ 59ਵੇਂ ਥਾਂ 'ਤੇ ਹੈ।

ਮੋਦੀ ਦੌਰ 'ਚ ਜਿੱਥੇ ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਹੋਇਆ ਹੈ, ਉਤੇ ਦੇਸ਼ ਦੇ ਅਰਥਚਾਰੇ ਨੂੰ ਵੱਡੀ ਸੱਟ ਵੱਜੀ ਹੈ ਅਤੇ ਦੇਸ਼ ਅਮੀਰਾਂ ਦੇ ਗਲਬੇ 'ਚ ਗਿਆ ਹੈ ਭਾਵ ਉਨ੍ਹਾਂ ਦੀ ਪਕੜ ਦੇਸ਼ 'ਤੇ ਮਜ਼ਬੂਤ ਹੋਈ ਹੈ। ਅਰਬਪਤੀਆਂ, ਖਰਬਪਤੀਆਂ ਦੀ ਗਿਣਤੀ 'ਚ ਕੋਵਿਡ ਤੋਂ ਬਾਅਦ ਵੱਡਾ ਵਾਧਾ ਹੋਇਆ ਹੈ, ਜਦਕਿ ਆਮ ਲੋਕ ਹੋਰ ਗਰੀਬ ਅਤੇ ਸਾਧਨ ਹੀਣ ਹੋਏ ਹਨ।

1947 ਤੋਂ ਹੁਣ ਤਕ ਦੇਸ਼ 17 ਰਾਸ਼ਟਰੀ ਪੱਧਰ ਦੀਆਂ ਅਤੇ 389 ਸੂਬਿਆਂ 'ਚ ਚੋਣਾਂ ਹੰਢਾਅ ਚੁੱਕਾ ਹੈ। ਕਿਹਾ ਜਾਂਦਾ ਹੈ ਕਿ ਚੋਣਾਂ ਹਨ ਤਾਂ ਲੋਕਤੰਤਰ ਹੈ ਪਰ ਜਿਸ ਢੰਗ ਨਾਲ ਚੋਣਾਂ ਜਿੱਤਣ ਲਈ ਹਰਬੇ ਵਰਤੇ ਜਾ ਰਹੇ ਹਨ, ਉਹ ਲੋਕਤੰਤਰੀ ਕਦਰਾਂ-ਕੀਮਤਾਂ ਉਤੇ ਵੱਡੇ ਪ੍ਰਸ਼ਨ ਚਿੰਨ੍ਹ ਹਨ।

ਦੇਸ਼ 'ਚ ਸੂਬਿਆਂ ਦੇ ਅਧਿਕਾਰ ਸੀਮਤ ਕਰਨਾ ਜਾਂ ਖੋਹੇ ਜਾਣਾ ਕਿਧਰ ਦਾ ਲੋਕਤੰਤਰ ਹੈ? ਦੇਸ਼ ਦੀਆਂ ਸਥਾਨਕ ਸਰਕਾਰਾਂ, ਪੰਚਾਇਤਾਂ ਆਦਿ ਨੂੰ ਸਿਰਫ਼ ਸਰਕਾਰੀ ਮਹਿਕਮੇ ਬਣਾ ਦੇਣਾ ਕਿਧਰ ਦਾ ਲੋਕਤੰਤਰ ਹੈ? ਦੇਸ਼ 'ਚ ਲੋਕਾਂ ਦੀ ਆਮਦਨ ਦਾ ਘਟਣਾ, ਗਰੀਬ-ਅਮੀਰ ਦਾ ਪਾੜਾ ਹੋਰ ਤਿੱਖਾ ਹੋਣਾ, ਜਮਾਤੀ ਧਾਰਮਿਕ ਲੜਾਈਆਂ ਦਾ ਵਧਣਾ ਅਤੇ ਇਸ ਤੋਂ ਵੀ ਵੱਧ ਸਿਆਸੀ ਵਿਰੋਧੀਆਂ ਅਤੇ ਸਮਾਜਿਕ ਕਾਰਕੁਨਾਂ ਨੂੰ ਪੀੜਤ ਕਰਨਾ ਕਿਸ ਕਿਸਮ ਦਾ ਲੋਕਤੰਤਰ ਹੈ?

## ਛੱਬੀ ਜਨਵਰੀ

***********

ਰਿਸ਼ਤੇ ਟੁੱਟੇ ਨਬਜ਼ਾਂ ਟੁੱਟੀਆਂ,
ਕਰੇ ਕਤਲ-ਏ-ਆਮ ਗਏ,
ਰੋਂਦੀ ਰਹੀ ਮਨੁੱਖਤਾ ਖੜ੍ਹ ਕੇ,
ਬੜੇ ਲਾਚਾਰ ਬੇਨਾਮ ਗਏ।
ਬੱਚਿਆਂ ਕੋਲ਼ੋਂ ਬਚਪਨ ਖੁੱਸੇ,
ਮਾਵਾਂ, ਭੈਣਾਂ ਖੁੱਸ ਵੀਰ ਗਏ,
ਆਜ਼ਾਦੀ ਦੇ ਕਾਲ਼ੇ ਦਿਨ ਜੋ,
ਪੰਜਾਬ ਦਾ ਸੀਨਾ ਚੀਰ ਗਏ।

ਕਿੰਝ ਮਨਾਈਏ ਖੁਸ਼ੀ ਯਾਰੋ,
ਲੋਥਾਂ ਦੇ ਸੀ ਲੱਗ ਢੇਰ ਗਏ,
ਵੰਗਾਂ ਟੁੱਟੀਆਂ ਸਾਂਝਾਂ ਟੁੱਟ ਕੇ,
ਪੋਟੇ ਸੀ ਖਿਲਰ ਚੁਫ਼ੇਰ ਗਏ।
ਵਿਚ ਰਾਹਾਂ ਦੇ ਖੱਜਲ ਹੋ ਕੇ,
ਸਹਿਮੇ ਸਹਿਮੇ ਝੱਟ ਗੁਜ਼ਾਰ ਗਏ,
ਰਾਜਿਉਂ ਰੰਕ ਬਣਾਏ ਭਾਗਾਂ,
ਕੈਂਪੀਂ ਰੁਲ਼ ਵਕਤੋਂ ਪਾਰ ਗਏ।

ਖੱਟਣ ਵਾਲ਼ੇ ਨੇਤਾ ਖੱਟ ਗਏ,
ਸਿਆਸਤ ਕਰ ਕਮਾਲ ਗਏ,
ਚਿੱਟੇ ਦਿਨ ਖ਼ੁਆਬ ਦਿਖਾਏ,
ਤੇ ਚੰਗੇ ਦਿਨ ਵਿਖਾਲ਼ ਗਏ।
ਗਰੀਬ ਦੱਬੇ ਨੇ ਡੂੰਘੀ ਖਾਈ,
ਅਮੀਰਾਂ ਸੰਗ ਖ਼ਿਆਲ ਗਏ,
ਦਿਖਾ ਵਿਕਾਸ ਦੇ ਫੋਕੇ ਸੁਫ਼ਨੇ,
ਅਸਲੀਅਤੋਂ ਮੁੱਖ ਟਾਲ਼ ਗਏ।

ਰੱਖਿਐ ਦੇਸ਼ ਬਿਦੇਸ਼ੀਂ ਗਹਿਣੇ,
ਚੁੱਕ ਕਰਜ਼ੇ ਉਸ ਪਾਰ ਗਏ,
ਮਾਲ ਚੋਰੀ ਦੇ ਲਾਠੀ ਦੇ ਗਜ਼,
ਖ਼ੁਦ ਹਿੱਸੇ ਪਾ ਪਾ ਸਾਰ ਗਏ।
ਜਾਤ-ਪਾਤ, ਊਚ-ਨੀਚ, ਮਜ਼੍ਹਬ,
ਪਾ ਲੋਕਾਂ ਦੇ ਗਲ਼ ਹਾਰ ਗਏ,

ਅਨਪੜ੍ਹਤਾ, ਜ਼ਹਾਲਤ, ਨ ਸੋਝੀ,
ਕਮੀਆਂ ਦਿਲੋਂ ਵਿਸਾਰ ਗਏ।
ਫਿਰ ਵੀ :
ਵਤਨ ਮੇਰੀ ਦੀ ਪਾਕ ਹੈ ਮਿੱਟੀ,
ਲੱਗਿਆ ਇੱਥੋਂ ਮੈਨੂੰ ਖ਼ਮੀਰ,
ਧੁਰ ਤਾਈਂ ਸਾਹਾਂ ਵਿਚ ਵਸਿਆ,
ਚੁੱਪ ਕਰ ਜਾ ਆਖੇ ਜ਼ਮੀਰ।



ਸਾਦ ਮੁਰਾਦੇ ਲੋਕੀਂ ਨੇ ਇੱਥੋਂ ਦੇ,
ਦੇਸ਼ ਭਗਤ ਦਲੇਰ ਸੂਰਬੀਰ,
ਛੱਬੀ ਜਨਵਰੀ ਸੰਵਿਧਾਨ ਦੀ,
ਕਰੀਏ ਰਾਖੀ ਫਰਜ਼ ਅਖੀਰ।

*-ਸੇਵਾ ਸਿੰਘ ਨੂਰਪੁਰੀ*

---

## ਸੋਨੇ ਦੀ ਚਿੜੀ

ਭਾਰਤ ਦੇਸ਼ ਨੂੰ ਫਿਰ ਆਪਾਂ,
ਸੋਨੇ ਦੀ ਚਿੜੀ ਬਣਾਉਣਾ ਹੈ।
ਤਿੰਨ-ਰੰਗੇ ਪਰਚਮ ਨੂੰ ਰਲ ਕੇ,
ਦੁਨੀਆ ਵਿਚ ਲਹਿਰਾਉਣਾ ਹੈ।

ਗੁਰੂਆਂ, ਪੀਰਾਂ ਇਸ ਧਰਤੀ ਨੂੰ,
ਅਧਿਆਤਮ ਦਾ ਰੰਗ ਦਿੱਤਾ।
ਸੂਰਬੀਰਾਂ, ਬਲੀਦਾਨੀਆਂ ਸਾਨੂੰ,
ਦੇਸ਼-ਸੇਵਾ ਦਾ ਢੰਗ ਦਿੱਤਾ।
ਇੱਕ-ਇੱਕ ਬੱਚੇ ਵਿਚ ਆਪਾਂ ਨੇ,
ਅਣਖ ਦਾ ਬੀਜ ਉਗਾਉਣਾ ਹੈ।
ਭਾਰਤ ਦੇਸ਼ ਨੂੰ ਫਿਰ ਆਪਾਂ...।

ਸਾਰੇ ਧਰਮ ਹੀ ਉੱਚੇ-ਸੁੱਚੇ,
ਸਾਰੇ ਰੰਗ ਹੀ ਚੰਗੇ ਨੇ।
ਇੱਕੋ ਜੋਤ ਤੋਂ ਪੈਦਾ ਹੋਏ,
ਭਾਵੇਂ ਰੰਗ-ਬਿਰੰਗੇ ਨੇ।
ਗਲੀ-ਗਲੀ ਵਿਚ ਜਾ ਕੇ ਸਭ ਨੂੰ,
'ਨਵ-ਸੰਗੀਤ' ਸੁਣਾਉਣਾ ਹੈ।
ਭਾਰਤ ਦੇਸ਼ ਨੂੰ ਫਿਰ ਆਪਾਂ...।

ਕਵੀ-ਕਵੀਸ਼ਰਾਂ, ਸਾਹਿਤਕਾਰਾਂ ਨੇ,
ਐਸੀ ਕਲਮ ਚਲਾਈ ਹੈ।
ਆਪੋ-ਆਪਣੀ ਭਾਸ਼ਾ ਵਿਚ,
ਏਕੇ ਦੀ ਜਾਚ ਸਿਖਾਈ ਹੈ।
ਭੁੱਲਿਆਂ ਤੇ ਰੁੱਸਿਆਂ ਹੋਇਆਂ ਨੂੰ,
ਮਾਨਵ-ਪਾਠ ਪੜ੍ਹਾਉਣਾ ਹੈ।
ਭਾਰਤ ਦੇਸ਼ ਨੂੰ ਫਿਰ ਆਪਾਂ...।

ਇਸ ਧਰਤੀ 'ਤੇ ਰਲ ਕੇ ਰਹਿੰਦੇ,
ਮੁਸਲਿਮ, ਸਿੱਖ ਜਾਂ ਹਿੰਦੂ ਨੇ।
ਸਾਂਝ ਇਨ੍ਹਾਂ ਵਿਚ ਪੱਕੀ-ਪੀਡੀ,
ਹਿੰਦ-ਗਗਨ ਦੇ ਇੰਦੂ ਨੇ।
ਏਕੇ ਵਿਚ ਏਦਾਂ ਹੀ ਹਰਦਮ,
ਸੁਰ ਤੇ ਤਾਲ ਮਿਲਾਉਣਾ ਹੈ।
ਭਾਰਤ ਦੇਸ਼ ਨੂੰ ਫਿਰ ਆਪਾਂ...।

ਧਰਤ ਨੂੰ ਰੱਖੀਏ ਹਰੀ-ਭਰੀ,
ਤੇ ਨਸ਼ਿਆਂ ਤੋਂ ਬਸ ਦੂਰ ਰਹੀਏ।
ਮੰਦਾ ਬੋਲ ਨਾ ਮੂੰਹੋਂ ਕੱਢੀਏ,
ਨਾਲ ਮੁਹੱਬਤ ਮਿਲ ਬਹੀਏ।
ਨਾਲ 'ਰੂਹੀ' ਦੇ 'ਕੱਠੇ ਹੋ ਕੇ,
ਗੀਤ ਆਜ਼ਾਦੀ ਗਾਉਣਾ ਹੈ।

ਭਾਰਤ ਦੇਸ਼ ਨੂੰ ਫਿਰ ਆਪਾਂ,
ਸੋਨੇ ਦੀ ਚਿੜੀ ਬਣਾਉਣਾ ਹੈ।
ਤਿੰਨ-ਰੰਗੇ ਪਰਚਮ ਨੂੰ ਰਲ ਕੇ,
ਦੁਨੀਆ ਵਿਚ ਲਹਿਰਾਉਣਾ ਹੈ।

**-ਪ੍ਰੋ. ਨਵ ਸੰਗੀਤ ਸਿੰਘ**

# ਕਾਵਿ ਕਿਆਰੀ

## ਚੀਨੀ ਡੋਰ

ਚੀਨੀ ਡੋਰ ਨਾਲ ਜੋ ਪਤੰਗ ਉਡਾਊਗਾ,
ਸਭ ਦੀ ਜਾਨ ਨੂੰ ਜ਼ੋਖਮ 'ਚ ਪਾਊਗਾ।
ਇਸ ਨਾਲ ਮਾਰੇ ਜਾਂਦੇ ਪੰਛੀ ਵਿਚਾਰੇ,
ਸੋਭਦੇ ਨਹੀਂ ਸਾਨੂੰ ਇਹੋ ਜਿਹੇ ਨਜ਼ਾਰੇ।
ਵਪਾਰੀ ਜਿਹੜੇ ਟਿੱਚ ਸਮਝਣ ਪਾਬੰਦੀ,
ਥਾਣੇ 'ਚ ਉਨ੍ਹਾਂ ਦੀ ਸੇਵਾ ਕਰਾਓ ਚੰਗੀ।
ਦਰਜ ਕਰਾਓ ਕੁਝ 'ਤੇ ਐਫ ਆਈ ਆਰ,
ਇਨ੍ਹਾਂ ਵਿਚ ਫੇਰ ਹੀ ਹੋਵੇਗਾ ਸੁਧਾਰ।
ਮੋਹੀ ਦੇ ਹੱਥਾਂ 'ਤੇ ਪਾ ਦਿੱਤੇ ਕਿੰਨੇ ਚੀਰੇ,
ਦਿਕਸ਼ੂ ਆਖਦੀ, ਛੱਡਦੇ ਇਹਨੂੰ ਵੀਰੇ।
ਦੁਕਾਨਾਂ ਵਾਲੇ ਵੇਖਦੇ ਨੇ ਆਪਣਾ ਨਫਾ,
ਆਓ ਇਸ ਬਿਮਾਰੀ ਨੂੰ ਕਰੀਏ ਦਫਾ।
ਸੜਕਾਂ 'ਤੇ ਡਿੱਗ ਪੈਣ, ਜਾਂਦੇ ਹੋਏ ਲੋਕ,
ਰਲ-ਮਿਲ ਹਾਦਸਿਆਂ 'ਤੇ ਲਾਈਏ ਰੋਕ।
ਰੌਣਕ, ਈਸਟਾ ਨੇ ਡੋਰ ਸੂਤੀ ਹੈ ਕੱਲ੍ਹ,
ਭੋਰਾ ਨੀ ਤੱਕਦੇ ਓਹ ਚੀਨੀ ਡੋਰ ਵੱਲ।

**-ਚਮਨਦੀਪ ਸ਼ਰਮਾ**
**95010-33005**

---

## ਡਰ ਨਹੀਂ ਲੱਗਦਾ

ਬੇਮੌਸਮੇ ਤੂਫ਼ਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ
ਬੇਗੈਰਤ ਇਨਸਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਨਜ਼ਰ ਮਾਰੀਏ ਦੁਨੀਆਂ 'ਤੇ,
ਮਚੀ ਹਫੜਾ ਦਫੜੀ
ਉਲਝੇ ਇਨ੍ਹਾਂ ਜਹਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਸੰਨ ਸੰਤਾਲੀ ਤੋਂ ਹੁਣ ਤਾਈਂ,
ਅਸੀਂ ਜਾਣ ਗਏ ਹਾਂ
ਰਾਜਨੀਤਕ ਬਈਮਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਝੂਠ ਨੂੰ ਸੱਚ ਦਾ ਭੈਅ ਸੀ,
ਹੁਣ ਤੇ ਰਲ਼ ਬੈਠੇ ਨੇ
ਇਨ੍ਹਾਂ ਦੇ ਤੀਰ ਕਮਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਮੌਤ ਦਾ ਭੈ ਹੁਣ ਕਾਹਦਾ,
ਬਾਗ਼ੀ ਹੋ ਗਏ ਜਦ ਦੇ
ਮੌਤ ਦੇ ਇਮਤਿਹਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਚਿਹਰੇ ਲਿਸ਼ਕੇ ਪੁਸ਼ਕੇ,
ਅੰਦਰੋਂ ਖੋਖਲੀਆਂ ਨੇ
ਵਿਗੜੀਆਂ ਯਾਰੋ ਰੁਕਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਨਸ਼ਿਆਂ ਪੱਟੀ ਜਵਾਨੀ,
ਬਾਕੀ ਦੀ ਸੋਸ਼ਲ ਮੀਡੀਆ
ਕਾਗਜ਼ੀ ਇਨ੍ਹਾਂ ਭਲਵਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਪਹਿਲਾਂ ਸਨ ਜੋ ਯੋਧੇ,
ਦੀਨ ਇਮਾਨ ਦੇ ਪੱਕੇ
ਖੋਖਲੇ ਹੋਏ ਬਲਵਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਧਰਮ ਦੇ ਨਾਂ 'ਤੇ ਖੋਲ੍ਹੀਆਂ ਨੇ,
ਪਏ ਸੌਦਾ ਵੇਚਣ
ਡੇਰਿਆਂ ਦੀਆਂ ਦੁਕਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

ਬੋਦਲਾਂ ਦੇ ਸੁੱਖਵਿੰਦਰਾ,
ਜ਼ਿੰਦਗੀ ਜ਼ਿੰਦਾਬਾਦ ਹੈ
ਘਰ 'ਚ ਵਸੇ ਸ਼ੈਤਾਨਾਂ ਤੋਂ,
ਹੁਣ ਡਰ ਨਹੀਂ ਲੱਗਦਾ।

***-ਸੁੱਖਵਿੰਦਰ ਸਿੰਘ ਬੋਦਲਾਂਵਾਲਾ***
***ਫੋਨ: 360-281-2624***

# ਜੀਨ-ਯੁਕਤ ਫਸਲਾਂ ਬਾਰੇ ਖ਼ਦਸ਼ੇ ਅਤੇ ਹਕੀਕਤਾਂ

ਖੇਤੀ ਜਿਣਸਾਂ ਅਤੇ ਇਸ ਨਾਲ ਜੁੜੀ ਖੁਰਾਕ ਸਨਅਤ ਵਿਚ ਸਮੇਂ ਸਮੇਂ 'ਤੇ ਸੁਧਾਰ ਕਰ ਕੇ ਵਿਕਾਸ ਹੁੰਦਾ ਆਇਆ ਹੈ। ਹਰੇ ਇਨਕਲਾਬ ਦੀ ਤਕਨੀਕ ਤੋਂ ਪਹਿਲਾਂ ਦੀ ਖੇਤੀ ਵੱਲ ਨਜ਼ਰ ਮਾਰੀ ਜਾਵੇ ਤਾਂ ਮੰਡੀ ਲਈ ਵੇਚਣ ਲਈ ਤਾਂ ਕੀ ਬਚਣਾ ਸੀ, ਪਰਿਵਾਰ ਦਾ ਪੇਟ ਭਰਨਾ ਵੀ ਮੁਸ਼ਕਲ ਹੁੰਦਾ ਸੀ। ਸਰਦੇ ਪੁੱਜਦੇ ਘਰਾਂ ਵਿਚ ਕਣਕ ਦਾ ਆਟਾ ਮਹਿਮਾਨਾਂ ਲਈ ਹੀ ਵਰਤਿਆ ਜਾਂਦਾ ਸੀ ਨਹੀਂ ਤਾਂ ਟੱਬਰ ਦੇ ਜੀਆਂ ਲਈ ਬਾਜਰਾ, ਜੌਂਅ ਅਤੇ ਜਵਾਰ ਹੀ ਵਰਤੀ ਜਾਂਦੀ ਸੀ। ਹਰੇ ਇਨਕਲਾਬ ਤੋਂ ਬਾਅਦ ਕਣਕ ਤੇ ਝੋਨੇ ਦੀਆਂ ਵੱਧ ਝਾੜ ਦੇਣ

ਕਰਮ ਬਰਸਟ

ਵਾਲੀਆਂ ਕਿਸਮਾਂ ਆਈਆਂ। ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਅਤੇ ਦੱਖਣੀ ਰਾਜਾਂ ਦੇ ਉਪਜਾਊ ਅਤੇ ਮਿੱਠੇ ਪਾਣੀ ਵਾਲੇ ਚੋਣਵੇਂ ਖਿੱਤਿਆਂ ਨੂੰ ਚੁਣ ਕੇ ਜਿਹੜੀ ਤਕਨੀਕ ਵਰਤੀ ਗਈ, ਉਸ ਨਾਲ ਨਾ ਕੇਵਲ ਭਾਰਤ ਆਤਮ-ਨਿਰਭਰ ਬਣਿਆ ਸਗੋਂ ਕਣਕ ਤੇ ਚੌਲਾਂ ਦੀ ਬਰਾਮਦ ਕਰਨ ਵਾਲਾ ਦੇਸ ਵੀ ਬਣ ਗਿਆ।

ਭਾਰਤ ਦੀ ਖੇਤੀ ਦਾ ਵਿਕਾਸ ਰਵਾਇਤੀ ਫਸਲਾਂ ਤੋਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਨਾਲ ਜੁੜਿਆ ਹੋਇਆ ਹੈ। ਨਵੀਆਂ ਕਿਸਮਾਂ ਨਾਲ ਜੁੜ ਕੇ ਪਾਣੀ ਦੀ ਕਿੱਲਤ, ਜ਼ਮੀਨ ਤੇ ਹਵਾ ਪਰਦੂਸ਼ਣ, ਜ਼ਮੀਨੀ ਸਿਹਤ ਵਿਚ ਨਿਘਾਰ ਤੋਂ ਇਲਾਵਾ ਖੇਤੀ ਖੇਤਰ ਵਿਚੋਂ ਕਾਸ਼ਤਕਾਰਾਂ ਅਤੇ ਮਜ਼ਦੂਰਾਂ ਦਾ ਨਿਕਾਸ ਵੀ ਹੋਇਆ। ਬੇਰੁਜ਼ਗਾਰੀ ਵਿਚ ਅਥਾਹ ਵਾਧਾ ਹੋਇਆ, ਕੰਮ ਦੇ ਮੌਕਿਆਂ ਅੰਦਰ ਬੇਹਿਸਾਬੀ ਕਟੌਤੀ ਹੋਈ ਅਤੇ ਵਿਹਲੜਪੁਣੇ ਦਾ ਰੁਝਾਨ ਵੀ ਵਧਿਆ। ਖੇਤੀ ਅੰਦਰ ਹੋਏ ਤੇਜ਼ ਵਿਕਾਸ ਦੇ ਮੁੱਢਲੇ ਦਹਾਕਿਆਂ ਅੰਦਰ ਪੇਂਡੂ ਖੇਤਰ ਵਿਚ ਗਿਣਨਯੋਗ ਖੁਸ਼ਹਾਲੀ ਆਈ। ਸਿਹਤ ਤੇ ਸਿੱਖਿਆ ਦਾ ਫੈਲਾਅ ਹੋਇਆ। ਇਸਦੇ ਨਾਲ ਹੀ ਪੰਜਾਬ ਅੰਦਰ ਸਰਕਾਰੀ ਸੇਵਾਵਾਂ ਖਾਸ ਕਰਕੇ ਸਿੱਖਿਆ, ਬਿਜਲੀ ਮਹਿਕਮਾ ਅਤੇ ਪੁਲੀਸ ਅੰਦਰ ਰੁਜ਼ਗਾਰ ਦੇ ਮੌਕੇ ਵੱਡੀ ਪੱਧਰ 'ਤੇ ਪੈਦਾ ਹੋਣ ਨਾਲ ਚੰਗਾ ਚੋਖਾ ਮੱਧ ਵਰਗ ਹੋਂਦ ਵਿਚ ਆਇਆ ਹੈ।

ਹਰ ਨਵੀਂ ਤਕਨੀਕ, ਅੱਗੇ ਹੋਰ ਤਕਨੀਕ ਨੂੰ ਜਨਮ ਦਿੰਦੀ ਹੈ। ਵਧੇਰੇ ਝਾੜ ਵਾਲੀਆਂ ਫਸਲਾਂ ਜੋ ਅਕਸਰ ਦੋ ਜਾਂ ਬਹੁਤੀਆਂ ਫਸਲਾਂ ਦਾ ਮੇਲ-ਜੋਲ ਕਰਵਾ ਕੇ ਕੀਤੀ ਜਾਂਦੀ ਸੀ, ਉਸ ਦੀ ਜਗ੍ਹਾ 'ਤੇ ਜੀਨ ਸੋਧੀਆਂ ਕਿਸਮਾਂ ਦਾ ਪਸਾਰਾ ਹੋਣ ਲੱਗ ਪਿਆ। ਜੀਨ ਸੋਧੇ ਬੀਜ ਭਾਵ ਜੈਨੇਟਿਕਲੀ ਮੋਡੀਫਾਈਡ (ਜੀ ਐਮ) ਬੀਜ ਖੇਤੀਬਾੜੀ ਫਸਲਾਂ ਦੇ ਉਤਪਾਦਨ ਵਿਚ ਅਗਲਾ ਮਹੱਤਵਪੂਰਨ ਕਦਮ ਹੈ। ਜੀਨ ਯੁਕਤ ਬੀਜ ਉਹ ਹੁੰਦੇ ਹਨ ਜਿਨ੍ਹਾਂ ਨੂੰ ਕੁੱਝ ਵੱਖਰੀਆਂ ਵਿਸ਼ੇਸ਼ਤਾਵਾਂ ਨੂੰ ਸ਼ਾਮਲ ਕਰਨ ਲਈ ਸੋਧਿਆ ਜਾਂਦਾ ਹੈ। ਪਰ ਜੀਨ-ਯੁਕਤ ਬੀਜਾਂ ਨੂੰ ਤਿਆਰ ਕਰਨ ਲਈ ਵਰਤਿਆ ਜਾਂਦਾ ਤਰੀਕਾ ਪਰੰਪਰਾਗਤ ਵਿਧੀ ਤੋਂ ਵੱਖਰਾ ਹੈ। ਹੁਣ ਜੀਨਾਂ ਨੂੰ ਕਰਾਸ-ਫਰਟੀਲਾਈਜ਼ੇਸ਼ਨ ਦੀਆਂ ਪੀੜ੍ਹੀਆਂ ਵਿਚ ਨਹੀਂ ਸੋਧਿਆ ਜਾਂਦਾ, ਸਗੋਂ ਕਿਸੇ ਹੋਰ ਬੀਜ ਦਾ ਜੀਨ ਸੋਧੇ ਜਾਣ ਵਾਲੇ ਬੀਜ ਦੇ ਡੀ ਐਨ ਏ ਵਿਚ ਪਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਪੈਦਾਵਾਰ ਦੀ ਇਹ ਵਿਧੀ ਵਧੇਰੇ ਕੁਸ਼ਲ, ਘੱਟ ਖਰਚੀਲੀ ਅਤੇ ਕਈ ਗੁਣਾ ਵੱਧ ਝਾੜ ਦੇਣ ਵਾਲੀ ਹੈ। ਇਸ ਤਕਨੀਕ ਦੇ ਆਲੋਚਕਾਂ ਦਾ ਤਰਕ ਹੈ ਕਿ ਇਹ ਮਨੁੱਖੀ ਸਿਹਤ, ਬਾਕੀ ਜੈਵਿਕ ਪ੍ਰਕਿਰਤੀ ਅਤੇ ਵਾਤਾਵਰਨ ਉਪਰ ਘਾਤਕ ਪ੍ਰਭਾਵ ਪਾਉਂਦੀ ਹੈ। ਸਿੱਟੇ ਵਜੋਂ, ਇਹ ਤਕਨਾਲੋਜੀ ਬਹੁਤ ਸਾਰੇ ਵਿਵਾਦਾਂ ਵਿਚ ਘਿਰ ਗਈ ਹੈ।

ਪੰਜਾਬ ਅੰਦਰ ਜੀਨ ਯੁਕਤ ਸਰ੍ਹੋਂ ਦੀ ਪ੍ਰੀਖਿਆ ਲਈ ਕੀਤੀ ਜਾਣ ਵਾਲੀ ਖੋਜ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਅਤੇ ਜੈਵਿਕ-ਖੇਤੀ ਤਕਨੀਕ ਨਾਲ ਜੁੜੇ ਖੋਜੀਆਂ ਤੇ ਮਾਹਿਰਾਂ ਨੇ ਕਾਫ਼ੀ ਇਤਰਾਜ਼ ਪ੍ਰਗਟ ਕੀਤੇ ਹਨ। ਸਿੱਟੇ ਵਜੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ 16 ਜਨਵਰੀ 2023 ਨੂੰ ਜੀਨ ਸੋਧਕ ਸਰ੍ਹੋਂ ਵਿਚ ਦਿਲਚਸਪੀ ਰੱਖਣ ਵਾਲੀਆਂ ਵੱਖ ਵੱਖ ਧਿਰਾਂ ਦੀ ਇਕ ਸਾਂਝੀ ਬੈਠਕ ਬੁਲਾ ਕੇ ਇਸ ਮਸਲੇ ਨੂੰ ਨਿਤਾਰਨ ਦੀ ਸ਼ਲਾਘਾਯੋਗ ਕੋਸ਼ਿਸ਼ ਕੀਤੀ ਹੈ। ਇਸ ਬੈਠਕ ਵਿਚ ਹੋਈ ਚਰਚਾ ਦਾ ਨਤੀਜਾ ਕੁੱਝ ਵੀ ਨਿਕਲੇ, ਪਰ ਕਿਸੇ ਮਸਲੇ ਨਾਲ ਬਾਵਾਸਤਾ ਰੱਖਦੀਆਂ ਧਿਰਾਂ ਨੂੰ ਮੰਚ ਮੁਹੱਈਆ ਕਰਵਾਉਣਾ ਜਮਹੂਰੀ ਪ੍ਰਬੰਧ ਨੂੰ ਤਕੜਾ ਕਰਨ ਲਈ ਸ਼ੁਭ ਸ਼ੁਰੂਆਤ ਹੈ।

ਸੰਸਾਰ ਪੱਧਰ 'ਤੇ ਇਸ ਨਵੀਂ ਜੀਨ ਯੁਕਤ ਤਕਨੀਕ ਨੂੰ ਲੈ ਕੇ ਕਿਸਾਨਾਂ ਨੇ ਰਲਵਾਂ-ਮਿਲਵਾਂ ਹੁੰਗਾਰਾ ਭਰਿਆ ਹੈ। ਯੂਰਪ ਦੇ ਅਨੇਕਾਂ ਦੇਸ਼ਾਂ ਨੇ ਇਸ ਤਕਨੀਕ ਨੂੰ ਉੱਕਾ ਪੁੱਕਾ ਰੱਦ ਕਰਨ ਦਾ ਫੈਸਲਾ ਲਿਆ ਹੈ। ਇਸਦਾ ਇਕ ਕਾਰਨ ਇਸ ਤਕਨੀਕ ਦਾ ਪੇਟੈਂਟ ਅਮਰੀਕਾ ਦੀਆਂ ਮੋਨਸੈਂਟੋ ਵਰਗੀਆਂ ਵਿਸ਼ਾਲ ਕਾਰਪੋਰੇਸ਼ਨਾਂ ਦੇ ਹੱਥਾਂ ਵਿਚ ਹੈ। ਸੁਭਾਵਿਕ ਹੈ ਕਿ ਯੂਰਪੀ ਯੂਨੀਅਨ ਦੀ ਸਾਮਰਾਜੀ ਸਰਮਾਏਦਾਰੀ ਉਦੋਂ ਤੱਕ ਇਸਦੀ ਇਜਾਜ਼ਤ ਨਹੀਂ ਦੇਵੇਗੀ ਜਦੋਂ ਤੱਕ ਉਹ ਬਦਲਵੀਂ ਤਕਨੀਕ ਵਿਕਸਤ ਨਹੀਂ ਕਰ ਲੈਂਦੀ ਜਾਂ ਮੁਨਾਫ਼ੇ ਦੀ ਵੰਡ ਨੂੰ ਲੈ ਕੇ ਅਮਰੀਕਨ ਕੰਪਨੀਆਂ ਨਾਲ ਉਸਦਾ ਸਮਝੌਤਾ ਨਹੀਂ ਹੋ ਜਾਂਦਾ। ਉੱਤਰੀ ਅਮਰੀਕਾ ਅਤੇ ਭਾਰਤ ਸਮੇਤ ਤੀਜੀ ਦੁਨੀਆਂ ਦੀਆਂ ਬਹੁਤ ਸਾਰੀਆਂ ਸਰਕਾਰਾਂ ਨੇ ਇਸ ਤਕਨੀਕ ਨੂੰ ਅਪਨਾ ਲਿਆ ਹੈ। ਜੀਨ ਯੁਕਤ ਫਸਲਾਂ ਦੁਆਲੇ ਜੁੜੇ ਵਿਵਾਦਾਂ ਸਦਕਾ ਬਾਕੀ ਦੇਸ ਅਤੇ ਖੇਤੀ ਮਾਹਰ ਖੇਤੀਬਾੜੀ ਕਾਰਜਾਂ ਵਾਸਤੇ ਇਨ੍ਹਾਂ ਬੀਜਾਂ ਦੀ ਵਰਤੋਂ ਕਰਨ ਤੋਂ ਝਿਜਕ ਰਹੇ ਹਨ।

ਅਸਲ ਵਿਚ ਵਿਗਿਆਨਕ ਤਰੱਕੀ ਨੂੰ ਦੋ ਪੱਖਾਂ ਤੋਂ ਦੇਖਣ ਦੀ ਲੋੜ ਹੁੰਦੀ ਹੈ। ਪਹਿਲਾ, ਕੀ ਇਹ ਸੱਚੀ-ਮੁੱਚੀ ਵਿਕਾਸ ਨੂੰ ਅੱਗੇ ਲਿਆਉਣ ਵਾਲੀ ਹੈ ਜਾਂ ਨਹੀਂ? ਆਮ ਨਿਯਮ ਵਜੋਂ (ਜੰਗੀ ਹਥਿਆਰਾਂ ਨੂੰ ਛੱਡ ਕੇ) ਹਰੇਕ ਨਵੀਂ ਖੋਜ ਅਗਾਂਹਵਧੂ ਹੀ ਸਮਝੀ ਜਾਂਦੀ ਹੈ। ਅਗਲੀ ਗੱਲ ਹੈ ਕਿ ਨਵੀਂ ਤਕਨੀਕ ਸਮੁੱਚੀ ਮਨੁੱਖਤਾ ਦੇ ਭਲੇ ਲਈ ਵਰਤੀ ਜਾ ਰਹੀ ਹੈ ਜਾਂ ਕੁੱਝ ਮੁੱਠੀ ਭਰ ਸਰਮਾਏਦਾਰ ਅਤੇ ਵਿਕਸਿਤ ਦੇਸ਼ ਆਪਣੇ ਮੁਨਾਫ਼ੇ ਵਧਾਉਣ ਲਈ ਵਰਤ ਰਹੇ ਹਨ। ਜਦੋਂ ਨਵੀਂ ਤਕਨੀਕ ਵਿਚ ਮੁਨਾਫ਼ਾ ਪ੍ਰਧਾਨ ਹੋਵੇਗਾ ਤਾਂ ਲਾਲਚੀ ਸ਼ਕਤੀਆਂ ਦੀ ਮੁਨਾਫ਼ੇ ਦੀ ਹਵਸ ਕਾਰਨ ਮਨੁੱਖ, ਸਮਾਜ ਅਤੇ ਕੁਦਰਤ ਨਾਲ ਖਿਲਵਾੜ ਹੋਣਾ ਲਾਜ਼ਮੀ ਸ਼ਰਤ ਹੈ। ਨਵੀਆਂ ਫਸਲਾਂ ਬੀਜੀਆਂ ਜਾਣਗੀਆਂ, ਕਾਰਖਾਨੇ ਲੱਗਣਗੇ, ਹਵਾ ਤੇ ਪਾਣੀ ਵੀ ਦੂਸ਼ਿਤ ਹੋਣਗੇ। ਕੀ ਇਹਦੇ ਲਈ ਨਵੀਂ ਤਕਨੀਕ ਜਾਂ ਖੋਜ ਜ਼ਿੰਮੇਵਾਰ ਹੈ ਜਾਂ ਇਨ੍ਹਾਂ ਦੀ ਵਰਤੋਂ ਲਈ ਸੁਰੱਖਿਆ ਪ੍ਰਬੰਧਾਂ ਦੀ ਜ਼ਾਮਨੀ ਕਰਨ ਵਾਲੀਆਂ ਸਰਕਾਰਾਂ ਅਤੇ ਨਿਗਰਾਨ ਅਦਾਰੇ?

ਖੇਤੀ ਮਾਹਿਰਾਂ, ਵਾਤਾਵਰਨ ਪ੍ਰੇਮੀਆਂ ਅਤੇ ਕਿਸਾਨਾਂ ਨੂੰ ਜੀ ਐਮ ਬੀਜਾਂ ਦੀ ਵਰਤੋਂ ਦੇ ਫਾਇਦਿਆਂ ਅਤੇ ਨੁਕਸਾਨਾਂ ਦੋਵਾਂ ਦਾ ਹੀ ਮੁਲਾਂਕਣ ਕਰਨਾ ਹੋਵੇਗਾ। ਕਿਸੇ ਵੀ ਨਵੀਂ ਤਕਨੀਕ 'ਤੇ ਅੰਨ੍ਹੇਵਾਹ ਪਾਬੰਦੀ ਹੋਰ ਖੋਜਾਂ ਨੂੰ ਨਿਰਉਤਸ਼ਾਹਤ ਕਰੇਗੀ। ਜੀਨ ਯੁਕਤ ਤਕਨੀਕ ਦੇ ਲਾਭਾਂ ਵਿਚ ਫਸਲਾਂ ਦੀ ਪੈਦਾਵਾਰ ਵਿਚ ਬੇਸ਼ੁਮਾਰ ਵਾਧਾ, ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਵਿਚ ਕਮੀ ਅਤੇ ਵਧੀ ਹੋਈ ਪੈਦਾਵਾਰ ਕਾਰਨ ਵਾਧੂ ਮੁਨਾਫੇ ਸ਼ਾਮਲ ਹਨ। ਇਸ ਤਕਨਾਲੋਜੀ ਨੂੰ ਅਪਣਾਉਣ ਤੋਂ ਪਹਿਲਾਂ ਕਿਸਾਨਾਂ ਨੂੰ ਜਿਨ੍ਹਾਂ ਚਿੰਤਾਵਾਂ ਦਾ ਹੱਲ ਕਰਨਾ ਚਾਹੀਦਾ ਹੈ, ਉਨ੍ਹਾਂ ਵਿਚ ਕਿਸਾਨਾਂ ਅਤੇ ਬੀਜ ਕੰਪਨੀਆਂ ਵਿਚਕਾਰ ਨਿੱਜੀ




ਇਕਰਾਰਨਾਮੇ, ਨਵੇਂ ਬੀਜਾਂ ਨਾਲ ਗੁਆਂਢੀ ਖੇਤ ਨੂੰ ਲੱਗਣ ਵਾਲੀ ਲਾਗ, ਤਕਨਾਲੋਜੀ ਦਾ ਵਾਤਾਵਰਨ ਉੱਤੇ ਪ੍ਰਭਾਵ ਅਤੇ ਜੀਨ ਸੋਧਕ ਫਸਲਾਂ ਲਈ ਮਾਰਕਿਟ ਤੱਕ ਰਸਾਈ ਅਤੇ ਖਪਤਕਾਰਾਂ ਦੀ ਫਿਕਰਮੰਦੀ ਸ਼ਾਮਲ ਹੈ।

ਇਸ ਗੱਲ ਵਿਚ ਕੋਈ ਰੱਟਾ ਨਹੀਂ ਕਿ ਜੀਨ ਯੁਕਤ ਬੀਜਾਂ ਨਾਲ ਫਸਲ ਦੀ ਪੈਦਾਵਾਰ ਖੇਤੀਬਾੜੀ ਵਿਚ ਅਥਾਹ ਵਾਧਾ ਹੁੰਦਾ ਹੈ। ਇਹ ਵੀ ਸੱਚ ਹੈ ਕਿ ਜੀਨ ਯੁਕਤ ਫਸਲਾਂ ਦੀ ਪੈਦਾਵਾਰ ਅਤੇ ਉਪਜ ਉਪਰ ਬਾਇਓਟੈਕਨਾਲੌਜੀ ਦੇ ਮਾੜੇ ਅਸਰਾਂ ਦੀ ਵਿਆਪਕ ਖੋਜ ਨਹੀਂ ਕੀਤੀ ਗਈ ਪਰੰਤੂ ਜੋ ਵੀ ਖੋਜ ਆਧਾਰਤ 1997 ਦੇ ਅੰਕੜੇ ਪ੍ਰਾਪਤ ਹਨ ਤਾਂ ਆਰਥਿਕ ਖੋਜ ਸੇਵਾ (ERS) ਦੇ ਅਧਿਐਨ ਵਿਚ, ਫਸਲ ਦੀ ਵਧੀ ਹੋਈ ਪੈਦਾਵਾਰ ਨੂੰ ਸਵੀਕਾਰ ਕੀਤਾ ਗਿਆ ਹੈ। ਜੀਨ ਯੁਕਤ (ਜੀ ਐਮ) ਬੀਜਾਂ ਨੂੰ ਨਦੀਨਾਂ ਅਤੇ ਕੀਟਨਾਸ਼ਕਾਂ ਲਈ ਪਾਇਆ ਗਿਆ ਹੈ। ਕਪਾਹ ਅਤੇ ਸੋਇਆਬੀਨ ਦੀਆਂ ਬੀ.ਟੀ. ਫਸਲਾਂ ਦੀ ਪੈਦਾਵਾਰ ਵਿਚ 'ਮਹੱਤਵਪੂਰਨ ਵਾਧਾ' ਹੁੰਦਾ ਹੈ। ਆਇਓਵਾ ਸਟੇਟ ਯੂਨੀਵਰਸਿਟੀ ਦੇ ਇੱਕ ਹੋਰ ਅਧਿਐਨ ਵਿਚ ਪਾਇਆ ਗਿਆ ਹੈ ਕਿ ਬੀਟੀ ਫਸਲਾਂ ਗੈਰ-ਬੀਟੀ ਫਸਲਾਂ ਨਾਲੋਂ ਵੱਧ ਝਾੜ ਦਿੰਦੀਆਂ ਹਨ। ਯੂਨੀਵਰਸਿਟੀ ਨੇ 377 ਖੇਤਾਂ ਦਾ ਅਧਿਐਨ ਕਰਨ ਉਪਰੰਤ ਨੋਟ ਕੀਤਾ ਹੈ ਕਿ ਜੀ.ਐਮ ਬੀਜਾਂ ਨਾਲ ਉਗਾਈ ਗਈ ਮੱਕੀ ਦੀ ਫਸਲ ਪ੍ਰਤੀ ਖੇਤ ਵਿਚ 56 ਕੁਇੰਟਲ ਦੀ ਉਪਜ ਦਿੰਦੀਆਂ ਹਨ, ਜਦੋਂਕਿ ਗੈਰ-ਜੀ ਐਮ ਬੀਜਾਂ ਨਾਲ ਉਗਾਈਆਂ ਗਈਆਂ ਫਸਲਾਂ ਨੇ 51 ਕੁਇੰਟਲ ਪੈਦਾਵਾਰ ਦਿੱਤੀ।

ਈ.ਆਰ.ਐਸ. ਦੇ ਅਧਿਐਨ ਵਿਚ ਪਾਇਆ ਗਿਆ ਹੈ ਕਿ ਜਦੋਂ ਕਿਸਾਨਾਂ ਨੇ ਜੀ ਐਮ ਬੀਜਾਂ ਨੂੰ ਅਪਣਾਇਆ, ਤਾਂ ਨਦੀਨ ਨਾਸ਼ਕਾਂ ਦੀ ਵਰਤੋਂ ਕਾਫ਼ੀ ਘਟ ਗਈ ਹੈ। ਕੀਟਨਾਸ਼ਕਾਂ ਦੀ ਵਰਤੋਂ ਵਿਚ ਤਾਂ ਇਹ ਕਮੀ ਹੋਰ ਵੀ ਮਹੱਤਵਪੂਰਨ ਸੀ। ਜੜੀ-ਬੂਟੀਆਂ ਦੇ ਗਲਾਈਫੋਸੇਟ ਨੂੰ ਛੱਡ ਕੇ, ਜਿਸ ਲਈ ਖੋਜ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ, ਜੜੀ-ਬੂਟੀਆਂ ਦੀ ਵਰਤੋਂ ਵਿਚ ਇਹ ਕਮੀ ਵੀ ਮਹੱਤਵਪੂਰਨ ਸੀ। ਕਈ ਅਧਿਐਨਾਂ ਵਿਚ ਪੈਦਾਵਾਰ ਬਨਾਮ ਨਦੀਨ ਤੇ ਕੀਟ ਨਾਸ਼ਕਾਂ ਵਿਚ ਗਹਿਰਾ ਸੰਬੰਧ ਨਹੀਂ ਪਾਇਆ ਗਿਆ ਪਰੰਤੂ ਆਇਓਵਾ ਸਟੇਟ ਯੂਨੀਵਰਸਿਟੀ ਦੇ ਅਧਿਐਨ ਵਿਚ ਦਾਅਵਾ ਕੀਤਾ ਗਿਆ ਕਿ ਜੀ ਐਮ ਫਸਲਾਂ ਕਿਸਾਨਾਂ ਨੇ ਗੈਰ-ਜੀ ਐਮ ਫਸਲਾਂ 'ਤੇ 18% ਅਤੇ ਜੀ ਐਮ ਫਸਲਾਂ 'ਤੇ 12% ਕੀਟਨਾਸ਼ਕਾਂ ਦੀ ਵਰਤੋਂ ਕੀਤੀ।

ਪੱਛਮੀ ਯੂਨੀਵਰਸਿਟੀਆਂ ਦੇ ਅਧਿਐਨ ਦਰਸਾਉਂਦੇ ਹਨ ਕਿ ਜਿਨ੍ਹਾਂ ਕਿਸਾਨਾਂ ਨੇ ਜੀ ਐਮ ਬੀਜਾਂ ਨੂੰ ਅਪਣਾਇਆ ਤਾਂ ਉਨ੍ਹਾਂ ਨੇ ਸੋਇਆਬੀਨ ਦੀ ਫਸਲ ਦਾ ਪ੍ਰਤੀ ਏਕੜ ਔਸਤਨ 208.42 ਡਾਲਰ (ਕਰੀਬ 17056 ਰੁਪਏ) ਦਾ ਸ਼ੁੱਧ ਮੁੱਲ ਪੈਦਾ ਕੀਤਾ, ਜਦਕਿ ਹੋਰ ਫਸਲਾਂ ਨੇ 191.56 ਡਾਲਰ (15708 ਰੁਪਏ) ਪ੍ਰਤੀ ਏਕੜ ਸ਼ੁੱਧ ਮੁੱਲ ਪੈਦਾ ਕੀਤਾ। ਉੱਤਰੀ ਕੈਰੋਲੀਨਾ ਦੇ ਇੱਕ ਅਧਿਐਨ ਨੇ ਸੰਕੇਤ ਦਿੱਤਾ ਕਿ ਜੀ ਐਮ ਸੋਇਆਬੀਨ ਨੇ ਰਵਾਇਤੀ ਕਿਸਮਾਂ ਨਾਲੋਂ ਪ੍ਰਤੀ ਏਕੜ ਛੇ ਡਾਲਰ ਵੱਧ ਝਾੜ ਦਿੱਤਾ ਹੈ।

ਜੀ ਐਮ ਬੀਜਾਂ ਦਾ ਵਿਰੋਧ ਕਰਨ ਵਾਲੇ ਖੋਜੀਆਂ ਤੇ ਖੇਤੀ ਮਾਹਰਾਂ ਦੀਆਂ ਗੱਲਾਂ ਵੀ ਬਰਾਬਰ ਦੇ ਧਿਆਨ ਦੀ ਮੰਗ ਕਰਦੀਆਂ ਹਨ। ਉਨ੍ਹਾਂ ਦੀ ਚਿੰਤਾ ਹੈ ਕਿ ਜੀ ਐਮ ਬੀਜਾਂ ਦੀ ਵਰਤੋਂ ਨਾਲ "ਮਹਾਂਨਦੀਨ" ਜਾਂ "ਮਹਾਂਕੀਟ" ਪੈਦਾ ਹੋਣਗੇ, ਜੋ ਸਮੇਂ ਦੇ ਨਾਲ ਨਾਲ ਜੀ ਐਮ ਬੀਜਾਂ ਅਤੇ ਫਸਲਾਂ ਅਤੇ ਹੋਰ ਜੜੀ-ਬੂਟੀਆਂ ਅਤੇ ਕੀਟਨਾਸ਼ਕਾਂ ਪ੍ਰਤੀ ਰੋਧਕ (ਸਹਿਣਸ਼ੀਲ) ਬਣ ਜਾਂਦੇ ਹਨ। ਕੁਝ ਖੋਜਾਂ ਇਹ ਸੁਝਾਅ ਦਿੰਦੀਆਂ ਹਨ ਕਿ ਜੰਗਲੀ ਬੂਟੀ ਅਤੇ ਕੀੜੇ ਸੰਭਵ ਤੌਰ 'ਤੇ ਰੋਧਕ ਜੀਵਾਂ ਵਿਚ ਵਿਕਸਤ ਹੋ ਸਕਦੇ ਹਨ।

ਇੱਕ ਤਾਜ਼ਾ ਅਧਿਐਨ ਨੇ ਬੀਟੀ ਫਸਲਾਂ ਲਈ ਕੀਟਨਾਸ਼ਕ ਸਪਰੇਅ ਦੀ ਵਰਤੋਂ ਮਗਰੋਂ ਕੀੜਿਆਂ ਦੀ ਦਵਾਈ ਪ੍ਰਤੀ ਘਟੀ ਹੋਈ ਸੰਵੇਦਨਸ਼ੀਲਤਾ ਦਾ ਦਸਤਾਵੇਜ਼ੀਕਰਨ ਕੀਤਾ ਹੈ। ਜੀ ਐਮ ਬੀਜਾਂ ਦੇ ਪ੍ਰਤੀਰੋਧਕ ਕੀੜਿਆਂ ਦੇ ਵਿਕਾਸ ਨੂੰ ਰੋਕਣ ਲਈ ਵਿਕਸਿਤ ਕੀਤੀ ਗਈ ਇੱਕ ਵਿਸ਼ੇਸ਼ ਰਣਨੀਤੀ ਨੂੰ 'ਸ਼ਰਨਾਰਥੀ ਖੇਤਰ' ਕਿਹਾ ਜਾਂਦਾ ਹੈ। ਇਹ ਖੇਤਰ ਗੈਰ-ਜੀ ਐਮ ਫਸਲਾਂ ਨਾਲ ਬੀਜੀਆਂ ਜ਼ਮੀਨਾਂ ਦੇ ਨਾਲ ਲੱਗਦੇ ਟੁਕੜੇ ਹਨ, ਜੋ ਕੀੜਿਆਂ ਦੇ ਪਲਣ ਲਈ ਪਨਾਹਗਾਹ ਵਜੋਂ ਕੰਮ ਕਰਦੇ ਹਨ। ਇਨ੍ਹਾਂ ਖੇਤਰਾਂ ਵਿਚ ਰਹਿੰਦੇ ਕੀੜੇ-ਮਕੌੜੇ ਪਰਵਾਸ ਕਰਦੇ ਰਹਿੰਦੇ ਹਨ ਅਤੇ ਆਪਣੀ ਨਸਲ ਵਿਚ ਵਾਧਾ ਕਰਦੇ ਹਨ। ਦਾਅਵਾ ਕੀਤਾ ਜਾਂਦਾ ਹੈ ਕਿ 'ਪਨਾਹਗੀਰ' ਜ਼ੋਨ ਵੱਲੋਂ ਕੀੜਿਆਂ ਦੇ ਖਾਣ ਲਈ ਕਾਫ਼ੀ ਰਾਸ਼ਨ ਪੈਦਾ ਕਰ ਦਿੱਤਾ ਜਾਂਦਾ ਹੈ, ਇਸ ਲਈ ਜੀ ਐਮ ਫਸਲਾਂ ਪ੍ਰਤੀ ਕੀੜਿਆਂ ਨੂੰ ਰੋਧਕ ਬਣਨ ਦੀ ਕੋਈ ਲੋੜ ਨਹੀਂ ਹੈ, ਅਤੇ ਇਸ ਤਰ੍ਹਾਂ ਫਸਲ ਦਾ ਇਕ ਵੱਡਾ ਹਿੱਸਾ ਸੁਰੱਖਿਅਤ ਰਹਿ ਜਾਂਦਾ ਹੈ। ਜੀ ਐਮ ਫਸਲਾਂ ਵੱਲੋਂ ਗੈਰ ਜੀ ਐਮ ਫਸਲ ਦੇ ਬੀਜਾਂ ਲਈ ਸੰਭਾਵਤ ਪਰ-ਪਰਾਗਣ ਕਿਸਾਨਾਂ ਲਈ ਇਕ ਚਿੰਤਾ ਦਾ ਵਿਸ਼ਾ ਹੈ, ਖਾਸਕਰ ਉਨ੍ਹਾਂ ਕਿਸਾਨਾਂ ਲਈ ਜੋ ਆਪਣੀਆਂ ਫਸਲਾਂ ਨੂੰ ਗੈਰ-ਜੀ ਐਮ ਜਾਂ ਜੈਵਿਕ ਫਸਲਾਂ ਦੇ ਰੂਪ ਵਿਚ ਤਿਆਰ ਕਰਦੇ ਹਨ।

ਜੀ ਐਮ ਬੀਜਾਂ ਦੇ ਆਲੋਚਕਾਂ ਦਾ ਇਲਜ਼ਾਮ ਹੈ ਕਿ ਬੀਜ ਪੈਦਾ ਕਰਨ ਵਾਲੀਆਂ ਕਾਰਪੋਰੇਸ਼ਨਾਂ ਜੀ ਐਮ ਉਤਪਾਦਾਂ ਦਾ ਮਨੁੱਖੀ ਸਿਹਤ 'ਤੇ ਪੈਣ ਵਾਲੇ ਉਪਰ ਪਰਦਾ ਪਾਉਂਦੀਆਂ ਹਨ। ਉਨ੍ਹਾਂ ਦਾ ਤਰਕ ਹੈ ਕਿ ਸਿਹਤ ਲਈ ਸਭ ਤੋਂ ਵੱਡਾ ਖਤਰਾ ਜੀ.ਐਮ. ਭੋਜਨ ਸਪਲਾਈ ਵਿਚ ਅਣਜਾਣ ਐਲਰਜੀਨਾਂ ਦੀ ਮੌਜੂਦਗੀ ਹੈ। ਇਸ ਗੱਲ ਦੇ ਸਬੂਤ ਮਿਲਦੇ ਹਨ ਕਿ ਐਲਰਜੀਨ ਪ੍ਰਤੀ ਪ੍ਰਤੀਕਿਰਿਆ ਕਰਨ ਵਾਲੇ ਮਨੁੱਖ ਉਸ ਐਲਰਜੀਨ ਪ੍ਰਤੀ ਵੀ ਉਸੇ ਤਰ੍ਹਾਂ ਦੀ ਪ੍ਰਤੀਕਿਰਿਆ ਕਰਨਗੇ ਜਦੋਂ ਇਹ ਕਿਸੇ ਹੋਰ ਜੀਵ ਨਾਲ ਤਬਦੀਲ ਕੀਤਾ ਜਾਂਦਾ ਹੈ।

ਕੁੱਲ ਮਿਲਾ ਕੇ, ਇਸ ਗੱਲ ਦੇ ਬਹੁਤ ਘੱਟ ਸਬੂਤ ਹਨ ਕਿ ਜੀ.ਐਮ. ਫਸਲਾਂ ਖਪਤਕਾਰਾਂ ਲਈ ਇਕ ਮਹੱਤਵਪੂਰਨ ਸਿਹਤ ਖਤਰਾ ਪੈਦਾ ਕਰਦੀਆਂ ਹਨ। ਰੋਗ ਨਿਯੰਤਰਣ ਕੇਂਦਰਾਂ ਨੇ ਹਾਲ ਹੀ ਵਿਚ ਇਕ ਅਧਿਐਨ ਤੋਂ ਸਿੱਟਾ ਕੱਢਿਆ ਹੈ ਜਿਸ ਵਿਚ ਜੀ ਐਮ ਉਤਪਾਦਾਂ ਅਤੇ ਐਲਰਜੀ ਵਾਲੀਆਂ ਪ੍ਰਤੀਕਿਰਿਆਵਾਂ ਵਾਲੇ ਕਥਿਤ ਪ੍ਰੋਸੈਸਡ ਭੋਜਨ ਵਿਚਕਾਰ ਕੋਈ ਸਬੰਧ ਨਹੀਂ ਮਿਲਿਆ। ਇਸ ਤੋਂ ਇਲਾਵਾ, ਜੀ.ਐਮ ਸਨਅਤ ਦੇ ਜ਼ਿਆਦਾਤਰ ਘੋਖੀਆਂ ਦਾ ਮੰਨਣਾ ਹੈ ਕਿ ਘਰੇਲੂ ਬਾਜ਼ਾਰ ਨੇ ਜੀ.ਐਮ ਉਤਪਾਦਾਂ ਦੀ ਸਾਲਾਂਬੱਧੀ ਖਪਤ ਕੀਤੀ ਹੈ ਪਰੰਤੂ ਹੁਣ ਤੱਕ, ਸਿਹਤ 'ਤੇ ਕੋਈ ਮਾੜੇ ਪ੍ਰਭਾਵ ਉਜਾਗਰ ਨਹੀਂ ਹੋਏ ਹਨ।

ਮੋਟੇ ਤੌਰ 'ਤੇ ਸਿੱਟਾ ਇਹ ਹੈ ਕਿ ਜੀਨ ਯੁਕਤ ਤਕਨੀਕ ਨੂੰ ਨਾ ਤਾਂ ਪੂਰੇ ਪੈਮਾਨੇ 'ਤੇ ਅਪਨਾਉਣਾ ਅਤੇ ਨਾ ਹੀ ਪੂਰੀ ਤਰ੍ਹਾਂ ਰੱਦ ਕਰਨਾ ਚਾਹੀਦਾ ਹੈ। ਇਹ ਤਕਨੀਕ ਉਨ੍ਹਾਂ ਕਿਸਾਨਾਂ ਲਈ ਵਧੇਰੇ ਢੁਕਵੀਂ ਹੋ ਸਕਦੀ ਹੈ, ਜਿਨ੍ਹਾਂ ਨੂੰ ਕੀਟਨਾਸ਼ਕਾਂ ਅਤੇ ਜੜੀ-ਬੂਟੀਆਂ ਦੇ ਛਿੜਕਾਅ ਕਰਨ ਵਿਚ ਮੁਸ਼ਕਲ ਆਉਂਦੀ ਹੈ। ਇਹ ਬੀਜ ਉਪਜਾਊ ਖੇਤੀ ਵਾਲੀਆਂ ਵੱਡੀਆਂ ਜੋਤਾਂ ਵਿਚ ਵਧੀਆ ਕੰਮ ਕਰ ਸਕਦੇ ਹਨ, ਜਿੱਥੇ ਲਾਗ ਦਾ ਘੱਟ ਖਤਰਾ ਹੈ। ਇਹ ਉਨ੍ਹਾਂ ਖੇਤਾਂ ਲਈ ਵੀ ਸਹਾਈ ਹੋ ਸਕਦੇ ਹਨ ਜੋ ਟਰੈਕਟਰਾਂ ਦੀ ਪਹੁੰਚ ਤੋਂ ਬਾਹਰ ਹਨ ਜਾਂ ਜਲ ਸਰੋਤਾਂ ਦੇ ਨੇੜੇ ਹਨ, ਜਾਂ ਉਨ੍ਹਾਂ ਥਾਵਾਂ 'ਤੇ ਜਿੱਥੇ ਹਵਾ ਤੇਜ਼ ਨਹੀਂ ਵਗਦੀ।

ਇਸ ਦੇ ਉਲਟ, ਘੱ ਬੀਜ ਉਨ੍ਹਾਂ ਕਿਸਾਨਾਂ ਲਈ ਘੱਟ ਢੁਕਵੇਂ ਹੋ ਸਕਦੇ ਹਨ, ਜੋ ਖਾਸ ਤੌਰ 'ਤੇ ਪੱਕੀ ਮੰਡੀ 'ਤੇ ਭਰੋਸਾ ਕਰਦੇ ਹਨ। ਵੱਡੀਆਂ ਜਾਂ ਵਿਦੇਸ਼ੀ ਮੰਡੀਆਂ ਇਕ ਵੱਡਾ ਜੋਖਮ ਹਨ ਜੋ ਭਾਰਤ ਵਰਗੇ ਛੋਟੇ ਕਿਸਾਨਾਂ ਲਈ ਕਿਸੇ ਤਰ੍ਹਾਂ ਵੀ ਮੁਆਫ਼ਕ ਨਹੀਂ ਹੋ ਸਕਦੀਆਂ।

ਫੇਰ ਵੀ ਪੰਜਾਬ ਸਰਕਾਰ ਨੂੰ ਜੀਨ-ਯੁਕਤ ਸਰ੍ਹੋਂ ਜਾਂ ਹੋਰ ਫਸਲਾਂ ਦੇ ਪਰੀਖਣ ਕਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਇਨ੍ਹਾਂ ਬੀਜਾਂ ਦੇ ਚੰਗੇ ਜਾਂ ਮੰਦੇ ਅਸਰਾਂ ਦਾ ਵਿਆਪਕ ਮੁਲਾਂਕਣ ਕਰਵਾ ਲੈਣਾ ਚਾਹੀਦਾ ਹੈ। ਕਿਸਾਨਾਂ ਨੂੰ ਵਾਜਬ ਤਰੀਕੇ ਨਾਲ ਭਰੋਸੇ ਵਿਚ ਲੈ ਕੇ ਹੀ ਜੀ.ਐਮ. ਬੀਜਾਂ ਬਾਰੇ ਕਾਹਲੀ ਨਾਲ ਕੋਈ ਫੈਸਲਾ ਕਰਨ ਦੀ ਬਜਾਏ ਸਾਰੀਆਂ ਸਬੰਧਤ ਧਿਰਾਂ ਦੇ ਖ਼ਦਸ਼ੇ ਦੂਰ ਕਰਨ ਦੀ ਲੋੜ ਹੈ।

---

# ਲੰਗੜੀ ਸੋਚ

## ਹਿੰਦੀ ਮਿੰਨੀ ਕਹਾਣੀ

* ਮੂਲ : ਸੁਭਾਸ਼ ਨੀਰਵ
* ਅਨੁ : ਪ੍ਰੋ. ਨਵ ਸੰਗੀਤ ਸਿੰਘ

ਰਾਜੇਸ਼ ਜਦੋਂ ਫਾਰਮ ਹਾਊਸ ਪਹੁੰਚਿਆ, ਪਾਰਟੀ ਪੂਰੇ ਜੋਬਨ 'ਤੇ ਸੀ। ਇਕ ਪ੍ਰਕਾਸ਼ਕ ਨੇ ਆਪਣੇ ਪ੍ਰਕਾਸ਼ਨ ਦੀ ਪੱਚੀਵੀਂ ਵਰ੍ਹੇਗੰਢ 'ਤੇ ਇਸ ਸ਼ਾਨਦਾਰ ਪਾਰਟੀ ਦਾ ਆਯੋਜਨ ਕੀਤਾ ਸੀ। ਛੋਟੇ-ਵੱਡੇ ਪ੍ਰਕਾਸ਼ਕਾਂ, ਪੱਤਰਕਾਰਾਂ ਤੇ ਲੇਖਕਾਂ ਦਾ ਚੰਗਾ-ਖਾਸਾ ਇਕੱਠ ਸੀ। ਕੁਝ ਵੀਆਈਪੀ ਚਿਹਰੇ ਵੀ ਦਿਸ ਰਹੇ ਸਨ। ਰਾਜੇਸ਼ ਨੇ ਪ੍ਰਕਾਸ਼ਕ ਨੂੰ ਮਿਲ ਕੇ ਵਧਾਈ ਦਿੱਤੀ, ਫਿਰ ਆਪਣੇ ਕੁਝ ਜਾਣਕਾਰਾਂ ਨਾਲ ਹੱਥ ਮਿਲਾਇਆ, ਹੈਲੋ-ਹਾਏ ਕੀਤੀ ਅਤੇ ਲਾੱਨ ਦੇ ਇੱਕ ਕੋਨੇ ਵਾਲੀ ਗੋਲ ਮੇਜ਼ ਵੱਲ ਚੱਲ ਪਿਆ, ਜਿੱਥੇ ਉਹਦੇ ਕੁਝ ਖਾਸ ਦੋਸਤ ਬੈਠੇ ਹੋਏ ਸਨ।

'ਕੀ ਗੱਲ ਬਈ, ਬੜਾ ਲੇਟ ਆਇਐਂ?' ਪ੍ਰਤਾਪ ਨੇ ਹੱਥ ਮਿਲਾਉਂਦਿਆਂ ਪੁੱਛਿਆ।

'ਅੱਜ-ਕੱਲ੍ਹ ਇਹ ਬੜਾ ਬਿਜ਼ੀ ਲੇਖਕ ਹੈ ਯਾਰ। ਸਮਾਂ ਕਿੱਥੇ ਮਿਲਦੈ ਇਹਨੂੰ?' ਸੰਜੇ ਨੇ ਪਨੀਰ-ਟਿੱਕੇ ਦਾ ਇੱਕ ਪੀਸ ਮੂੰਹ 'ਚ ਪਾਉਂਦਿਆਂ ਵਿਅੰਗ ਕੀਤਾ।

'ਧੜਾਧੜ ਕਿਤਾਬਾਂ ਆ ਰਹੀਆਂ ਨੇ ਬਈ ਤੇਰੀਆਂ। ਇੰਨੇ ਸਾਰੇ ਪ੍ਰਕਾਸ਼ਕਾਂ ਨਾਲ ਕਿਵੇਂ ਬਣਾਈ ਹੋਈ ਹੈ ਤੂੰ?' ਇਹ ਅਨੁਪਮ ਸੀ, ਜੀਹਨੇ ਦਾਰੂ ਵਾਲੇ ਗਲਾਸ ਨੂੰ ਦੋਵੇਂ ਹੱਥਾਂ ਨਾਲ ਢਕਿਆ ਹੋਇਆ ਸੀ।

'ਹੋਰ ਸੁਣਾ। ਅੱਜ-ਕੱਲ੍ਹ ਸਾਨੂੰ ਪੁਰਾਣੇ ਯਾਰਾਂ-ਦੋਸਤਾਂ ਨੂੰ ਤਾਂ ਭੁੱਲ ਹੀ ਗਿਐਂ ਤੂੰ। ਪਤਾ ਨਹੀਂ ਕਿਹੜੇ-ਕਿਹੜੇ ਐਰੇ-ਗੈਰੇ ਲੇਖਕਾਂ ਦੀਆਂ ਕਿਤਾਬਾਂ ਪੜ੍ਹ ਕੇ ਫੇਸਬੁੱਕ 'ਤੇ ਲਿਖਦਾ ਰਹਿਨੈਂ। ਕਦੇ ਸਾਡੀ ਕਿਤਾਬ ਵੱਲ ਵੀ ਝਾਕ ਲਿਆ ਕਰ ਯਾਰ!' ਰਾਜੇਸ਼ ਕੋਈ ਜਵਾਬ ਦਿੰਦਾ, ਇਸ ਤੋਂ ਪਹਿਲਾਂ ਹੀ ਉਮੇਸ਼ ਬੋਲ ਪਿਆ।

'ਓ ਬਈ, ਅੱਜ-ਕੱਲ੍ਹ ਇਹ ਜਨਾਬ ਯੁਵਾ-ਲੇਖਕ ਕੌਸ਼ਲ 'ਤੇ ਫ਼ਿਦਾ ਨੇ।' ਪ੍ਰਤਾਪ ਨੇ ਮੂੰਹ ਖੋਲ੍ਹਿਆ।


'ਉਹ ਲੰਗੜਾ?' ਆਪਣਾ ਗਲਾਸ ਖਾਲੀ ਕਰਦਿਆਂ ਸੰਜੇ ਬੋਲਿਆ।

'ਹਾਂ। ਆਪਣੇ-ਆਪ ਨੂੰ ਉਹ ਪਤਾ ਨਹੀਂ ਕੀ ਸਮਝਦਾ ਹੈ? ਅਤੇ ਇਹ ਜਨਾਬ ਆਏ ਦਿਨ ਉਹਨੂੰ ਹੀ ਟੀਸੀ 'ਤੇ ਚੜ੍ਹਾਈ ਰੱਖਦੇ ਨੇ।' ਅਨੁਪਮ ਨੇ ਮੂੰਹ ਬਣਾਇਆ।

'ਉਹਦਾ ਲਿਖਿਆ ਸਾਹਿਤ ਵੀ ਲੰਗੜਾ ਹੀ ਹੈ, ਮੈਂ ਪੜ੍ਹਿਆ ਹੈ। ਸਾਹਿਤ ਦੀ ਦੌੜ ਵਿਚ ਉਹ ਚਹਿਲ-ਕਦਮੀ ਹੀ ਕਰ ਸਕਦਾ ਹੈ, ਜ਼ਿਆਦਾ ਦੂਰ ਨਹੀਂ ਜਾ ਸਕਦਾ। ਥੱਕ-ਹਾਰ ਕੇ ਛੇਤੀ ਹੀ ਬਹਿ ਜਾਵੇਗਾ ਲੰਗੜਾ, ਵੇਖ ਲੈਣਾ!' ਪ੍ਰਤਾਪ ਨੇ ਆਪਣੇ ਅੰਦਰ ਜਮ੍ਹਾਂ ਕੀਤੀ ਘ੍ਰਿਣਾ ਕੁਰਸੀ ਦੇ ਪਿੱਛੇ ਥੁੱਕ ਦਿੱਤੀ।

ਰਾਜੇਸ਼, ਜੋ ਅਜੇ ਤੱਕ ਚੁੱਪ-ਚਾਪ ਸਾਰਿਆਂ ਦੀਆਂ ਗੱਲਾਂ ਸੁਣ ਰਿਹਾ ਸੀ, ਉਹਦੇ ਲਈ ਹੋਰ ਜ਼ਿਆਦਾ ਉੱਥੇ ਬੈਠੇ ਰਹਿਣਾ ਮੁਸ਼ਕਿਲ ਹੋ ਗਿਆ। ਉਹ ਕੁਰਸੀ ਤੋਂ ਉੱਠਿਆ ਅਤੇ ਸਾਰਿਆਂ ਦੇ ਚਿਹਰੇ 'ਤੇ ਵਾਰੀ-ਵਾਰੀ ਨਜ਼ਰ ਮਾਰਦਾ ਹੋਇਆ ਬੋਲਿਆ, 'ਸੁਣੋ ਬਈ, ਕਾਗਜ਼ 'ਤੇ ਕਲਮ ਚਲਾਉਣੀ ਹੁੰਦੀ ਹੈ, ਲੱਤ ਨਹੀਂ। ਉਹਦਾ ਸਰੀਰ ਵਿਕਲਾਂਗ ਹੈ, ਕਲਮ ਨਹੀਂ। ਪਰ ਤੁਸੀਂ ਸਾਰੇ ਦਿਲ, ਦਿਮਾਗ ਅਤੇ ਕਲਮ, ਹਰ ਫਰੰਟ 'ਤੇ ਵਿਕਲਾਂਗ ਲੱਗਦੇ ਹੋ। ਘਿਸਰਦੇ ਰਹੋ, ਇਓਂ ਹੀ ਆਪਣੀ ਵਿਕਲਾਂਗਤਾ ਨਾਲ।' ਕਹਿ ਕੇ ਉਹ ਮੁੜਿਆ ਅਤੇ ਲਾੱਨ ਦੇ ਨਾਲ ਵਾਲੇ ਹਾਲ ਵੱਲ ਚੱਲ ਪਿਆ, ਜਿੱਥੇ ਡਿਨਰ ਸ਼ੁਰੂ ਹੋ ਚੁੱਕਾ ਸੀ।

## ਪੰਕਜ ਤ੍ਰਿਪਾਠੀ 'ਫਾਦਰ'



ਫਿਲਮ ਅਦਾਕਾਰ ਪੰਕਜ ਤ੍ਰਿਪਾਠੀ ਨੇ ਆਪਣੀ ਫਿਲਮ 'ਫਾਦਰ' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਇਸ ਫਿਲਮ ਦਾ ਨਿਰਦੇਸ਼ਨ ਅਨਿਰੁਧ ਰੌਏ ਚੌਧਰੀ ਨੇ ਕੀਤਾ ਹੈ ਅਤੇ ਫਿਲਮ ਦੀ ਸ਼ੂਟਿੰਗ ਕੋਲਕਾਤਾ ਵਿਚ ਕੀਤੀ ਗਈ ਹੈ। ਇਸ ਫਿਲਮ ਵਿਚ ਇੱਕ ਪਰਿਵਾਰ ਆਪਣੇ 'ਤੇ ਆਉਣ ਵਾਲੀ ਬਿਪਤਾ ਨਾਲ ਮਿਲ ਕੇ ਜੂਝਦਾ ਹੈ। ਫਿਲਮ ਵਿਚ 'ਦਿਲ ਬੇਚਾਰਾ' ਦੀ ਅਦਾਕਾਰਾ ਸੰਜਨਾ ਸਾਂਘੀ ਅਤੇ 'ਬੰਗਲੌਰ ਡੇਜ਼' ਦੀ ਪਾਰਵਤੀ ਤਿਰੂਵੋਤੂ ਮੁੱਖ ਭੂਮਿਕਾਵਾਂ ਨਿਭਾਉਣਗੇ। ਫਿਲਮ ਵਿਚ ਪੰਕਜ ਤ੍ਰਿਪਾਠੀ ਸੰਜਨਾ ਦੇ ਪਿਤਾ ਦੇ ਕਿਰਦਾਰ 'ਚ ਨਜ਼ਰ ਆਵੇਗਾ। ਪੰਕਜ ਨੇ ਕਿਹਾ, "ਇਹ ਫਿਲਮ ਪਿਤਾ ਅਤੇ ਧੀ ਦੀ ਕਹਾਣੀ ਹੈ। ਉਹ ਇੱਕ-ਦੂਜੇ ਲਈ ਕਿਸੇ ਵੀ ਹੱਦ ਤਕ ਜਾਂਦੇ ਹਨ। ਫਿਲਮ ਵਿਚ ਬਹੁਤ ਪ੍ਰਤਿਭਾਸ਼ਾਲੀ ਅਦਾਕਾਰਾਂ ਨੇ ਕੰਮ ਕੀਤਾ ਹੈ। ਫਿਲਮ ਵਿਚ ਕੋਲਕਾਤਾ ਦਾ ਸੱਭਿਆਚਾਰ ਠਾਠਾਂ ਮਾਰਦਾ ਹੈ।" ਇਸ ਤੋਂ ਇਲਾਵਾ ਪੰਕਜ ਫਿਲਮ 'ਮੈਂ ਅਟਲ ਹੂੰ' ਲਈ ਵੀ ਕੰਮ ਕਰ ਰਿਹਾ ਹੈ ਜਿਸ ਵਿਚ ਉਹ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਭੂਮਿਕਾ ਨਿਭਾਅ ਰਿਹਾ ਹੈ। -ਕੁਦਰਤ ਕੌਰ

# ਆਲੀਆ ਦੀ ਪਹਿਲੀ ਹਾਲੀਵੁੱਡ ਫਿਲਮ

ਫਿਲਮ ਅਦਾਕਾਰਾ ਆਲੀਆ ਭੱਟ ਦੀ ਪਹਿਲੀ ਹਾਲੀਵੁੱਡ ਫਿਲਮ 'ਹਾਰਟ ਆਫ ਸਟੋਨ' 11 ਅਗਸਤ ਨੂੰ ਰਿਲੀਜ਼ ਹੋਵੇਗੀ। ਇਸ ਫਿਲਮ ਵਿਚ ਗੈਲ ਗੈਦੋਂ ਅਤੇ ਜੈਮੀ ਡੌਰਨਨ ਮੁੱਖ ਅਦਾਕਾਰ ਹੋਣਗੇ। ਇਹ ਫਿਲਮ ਨੈਟਫਲਿਕਸ 'ਤੇ ਦਿਖਾਈ ਜਾਵੇਗੀ। ਨੈੱਟਫਲਿਕਸ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਫਿਲਮ ਦਾ ਟੀਜ਼ਰ ਅਤੇ ਵੀਡੀਓ ਵੀ ਜਨਤਕ ਕੀਤੇ ਹਨ। ਇਸੇ ਦਿਨ ਆਲੀਆ ਦੇ ਪਤੀ ਰਣਬੀਰ ਕਪੂਰ ਦੀ ਫਿਲਮ 'ਜਾਨਵਰ' ਵੀ ਰਿਲੀਜ਼ ਹੋ ਰਹੀ ਹੈ।

ਫਿਲਮ 'ਹਾਰਟ ਆਫ ਸਟੋਨ' ਦਾ


**ਆਮਨਾ ਕੌਰ**

ਨਿਰਦੇਸ਼ਨ ਟੌਮ ਹਾਰਪਰ ਨੇ ਕੀਤਾ ਹੈ ਤੇ ਇਹ ਟੌਮ ਕਰੂਜ਼ ਦੇ ਮਿਸ਼ਨ ਇੰਪੌਸੀਬਲ ਵਰਗੀ ਲੜੀ ਦੀ ਪਹਿਲੀ ਕਿਸ਼ਤ ਹੈ। ਇਸ ਫਿਲਮ ਵਿਚ ਗੈਲ ਗੈਦੋਂ, ਜੈਮੀ ਡੌਰਨਨ ਅਤੇ ਆਲੀਆ ਭੱਟ ਤੋਂ ਇਲਾਵਾ ਸੋਫੀ ਓਕੋਨਡੋ, ਮੈਥਿਸ ਸ਼ਵੇਗੋਫਰ, ਜਿੰਗ ਲੁਸੀ ਅਤੇ ਪੌਲ ਰੈਡੀ ਅਦਾਕਾਰ ਵੀ ਹਨ। ਆਲੀਆ ਭੱਟ ਅਗਲੀ ਵਾਰ 'ਰੌਕੀ ਔਰ ਰਾਨੀ ਕੀ ਪ੍ਰੇਮ ਕਹਾਨੀ' ਵਿਚ ਨਜ਼ਰ ਆਵੇਗੀ ਜਿਸ ਵਿਚ ਰਣਵੀਰ ਸਿੰਘ, ਧਰਮਿੰਦਰ, ਜਯਾ ਬੱਚਨ ਅਤੇ ਸ਼ਬਾਨਾ ਆਜ਼ਮੀ ਵੀ ਨਜ਼ਰ ਆਉਣਗੇ। ਇਹ ਫਿਲਮ 28 ਅਪਰੈਲ ਨੂੰ ਰਿਲੀਜ਼ ਹੋਵੇਗੀ।

ਯਾਦ ਰਹੇ ਕਿ 15 ਮਾਰਚ 1993 ਨੂੰ ਜਨਮੀ ਆਲੀਆ ਭੱਟ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਫਿਲਮਸਾਜ਼ ਕਰਨ ਜੌਹਰ ਦੀ ਫਿਲਮ 'ਸਟੂਡੈਂਟ ਆਫ ਦਿ ਯੀਅਰ' ਨਾਲ ਕੀਤੀ ਸੀ। ਇਹ ਫਿਲਮ 2012 ਵਿਚ ਆਈ ਸੀ ਅਤੇ ਖੂਬ ਹਿੱਟ ਰਹੀ। ਇਸ ਫਿਲਮ ਲਈ ਆਲੀਆ ਭੱਟ ਨੂੰ ਸਰਵੋਤਮ ਅਦਾਕਾਰਾ ਦਾ ਫਿਲਮਫੇਅਰ ਇਨਾਮ ਵੀ ਮਿਲਿਆ ਸੀ। ਉਂਝ ਇਸ ਤੋਂ ਪਹਿਲਾਂ ਉਸ ਨੇ 1999 ਵਿਚ ਆਈ ਫਿਲਮ 'ਸੰਘਰਸ਼' ਵਿਚ ਅਦਾਕਾਰਾ ਪ੍ਰਿਟੀ ਜ਼ਿੰਟਾ ਦਾ ਬਚਪਨ ਵਾਲਾ ਰੋਲ ਨਿਭਾਇਆ ਸੀ। ਸਾਲ 2012 ਵਿਚ ਆਈ ਫਿਲਮ 'ਹਾਈਵੇਅ' ਨਾਲ ਉਸ ਨੇ ਸਾਬਤ ਕਰ ਦਿੱਤਾ ਕਿ ਉਹ ਕਿੰਨੀ ਪ੍ਰਤਿਭਾਸ਼ਾਲੀ ਹੈ। 'ਉੜਤਾ ਪੰਜਾਬ' ਵਿਚ ਵੀ ਉਸ ਦੇ ਕੰਮ ਦੀਆਂ ਤਾਰੀਫਾਂ ਹੋਈਆਂ। 2018 ਵਿਚ ਰਿਲੀਜ਼ ਹੋਈ ਫਿਲਮ 'ਰਾਜ਼ੀ' ਨਾਲ ਤਾਂ ਉਸ ਦਾ ਕਰੀਅਰ ਬੁਲੰਦੀਆਂ 'ਤੇ ਪੁੱਜ ਗਿਆ। ਇਸ ਤੋਂ ਬਾਅਦ ਉਸ ਨੇ 'ਗੰਗੂਬਾਈ ਕਾਠੀਆਵਾੜੀ' ਨਾਲ ਆਪਣੀ ਅਦਾਕਾਰੀ ਦਾ ਸਿੱਕਾ ਇਕ ਵਾਰ ਫਿਰ ਮਨਵਾਇਆ। ਹੁਣ ਉਹ 'ਹਰਟ ਆਫ ਸਟੋਨ' ਨਾਲ ਹਾਲੀਵੁੱਡ ਵਿਚ ਆਪਣਾ ਮੁਕਾਮ ਬਣਾਉਣ ਦੇ ਰਾਹ ਪੈ ਗਈ ਹੈ।

ਇਸੇ ਦੌਰਾਨ ਫਿਲਮਸਾਜ਼ ਐਸ.ਐਸ. ਰਾਜਾਮੌਲੀ ਜਿਸ ਦੀ ਫਿਲਮ 'ਆਰ.ਆਰ.ਆਰ.' ਗੀਤ 'ਨਾਟੂ ਨਾਟੂ' ਨੂੰ ਗੋਲਡਨ ਗਲੋਬ ਇਨਾਮ ਮਿਲਿਆ, ਦਾ ਕਹਿਣਾ ਹੈ ਕਿ ਹਰ ਫਿਲਮ ਨਿਰਦੇਸ਼ਕ ਅਤੇ ਅਦਾਕਾਰ ਦਾ ਸੁਫਨਾ ਹਾਲੀਵੁੱਡ ਵਿਚ ਫਿਲਮ ਬਣਾਉਣ ਹੁੰਦਾ ਹੈ। ਯਾਦ ਰਹੇ ਕਿ 'ਨਾਟੂ ਨਾਟੂ' ਨੂੰ ਸਰਬੋਤਮ ਓਰਿਜਨਲ ਸੌਂਗ ਦਾ ਪੁਰਸਕਾਰ ਮਿਲਣ ਤੋਂ ਬਾਅਦ ਸੰਸਾਰ ਪ੍ਰਸਿੱਧ ਫਿਲਮਸਾਜ਼ ਸਟੀਫਨ ਸਪੀਲਬਰਗ ਤੇ ਜੇਮਜ਼ ਕੈਮਰੋਨ ਵਰਗੇ ਉੱਘੇ ਫਿਲਮ ਨਿਰਦੇਸ਼ਕਾਂ ਨੇ 'ਐਸ.ਐਸ.ਆਰ.' ਦੇ ਨਾਂ ਨਾਲ ਜਾਣੇ ਜਾਂਦੇ ਰਾਜਾਮੌਲੀ ਦੀ ਤਾਰੀਫ਼ ਕੀਤੀ। ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਰਾਜਾਮੌਲੀ ਨੇ ਕਿਹਾ, "ਅਸੀਂ ਇਸ ਵੇਲੇ ਜੋ ਖੁਸ਼ੀ ਮਹਿਸੂਸ ਕਰ ਰਹੇ ਹਾਂ, ਉਸ ਨੂੰ ਬਿਆਨ ਕਰਨ ਲਈ ਮੇਰੇ ਕੋਲ ਸ਼ਬਦ ਹੀ ਨਹੀਂ ਹਨ। ਮੇਰੇ ਫਿਲਮਾਂ ਬਣਾਉਣ ਪਿਛਲਾ ਕਾਰਨ ਇਹੀ ਹੈ... ਇਸ ਤਰ੍ਹਾਂ ਦਾ ਆਨੰਦ ਦਰਸ਼ਕਾਂ ਤੱਕ ਪਹੁੰਚਾਉਣਾ..!" ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਅਮਰੀਕਾ ਆ ਕੇ ਫਿਲਮ ਬਣਾਉਣਗੇ, ਤਾਂ ਉਨ੍ਹਾਂ ਕਿਹਾ, "ਮੇਰਾ ਖਿਆਲ ਹੈ ਕਿ ਹਰ ਨਿਰਦੇਸ਼ਕ ਜਾਂ ਅਦਾਕਾਰ ਦਾ ਇਹ ਸੁਫਨਾ ਹੁੰਦਾ ਹੈ ਕਿ ਉਸ ਨੂੰ ਹਾਲੀਵੁੱਡ ਵਿਚ ਫਿਲਮ ਬਣਾਉਣ ਦਾ ਮੌਕਾ ਮਿਲੇ। ਮੈਂ ਵੀ ਕੋਈ ਵੱਖਰਾ ਨਹੀਂ ਹਾਂ। ਮੈਂ ਵੀ ਨਵੇਂ ਤਜਰਬੇ ਕਰਨ ਲਈ ਤਿਆਰ ਹਾਂ।"






ਅਦਾਕਾਰਾ ਆਲੀਆ ਭੱਟ ਅਤੇ (ਸੱਜੇ) ਫਿਲਮ 'ਹਾਰਟ ਆਫ਼ ਸਟੋਨ' ਦਾ ਪੋਸਟਰ।

# ਪੰਜਾਬੀ ਫਿਲਮਾਂ ਦਾ ਪਹਿਲਾ ਸੰਗੀਤਕਾਰ ਪ੍ਰੋ. ਨਵਾਬ ਖਾਨ

ਪੰਜਾਬੀ ਦੀ ਪਹਿਲੀ ਬੋਲਦੀ ਫਿਲਮ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ ਸਾਹਿਬਾਂ' ਦਾ ਸੰਗੀਤ ਤਿਆਰ ਕਰ ਕੇ ਪ੍ਰੋਫੈਸਰ ਨਵਾਬ ਖਾਨ ਪੰਜਾਬੀ ਫਿਲਮਾਂ ਦਾ ਪਹਿਲਾ ਸੰਗੀਤਕਾਰ ਬਣ ਗਿਆ। ਉਸ ਦਾ ਜਨਮ 1870 ਨੂੰ ਕਸੂਰ ਸ਼ਹਿਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿਚ ਹੋਇਆ। ਨਵਾਬ ਖਾਨ ਨੂੰ ਚੜ੍ਹਦੀ ਉਮਰੇ ਸੰਗੀਤ

**ਮਨਦੀਪ ਸਿੰਘ ਸਿੱਧੂ**

ਵਿਚ ਬਹੁਤ ਦਿਲਚਸਪੀ ਹੋ ਗਈ ਸੀ। ਕਸੂਰ ਦੇ ਕਲਾਸੀਕਲ ਘਰਾਣੇ ਦੇ ਉਸਤਾਦ ਮੀਆਂ ਅੱਲ੍ਹਾ ਦਿੱਤਾ ਖਾਨ ਕਲਾਵੰਤ ਕਸੂਰੀ ਜੋ ਮਸ਼ਹੂਰ ਤੇ ਆਲ੍ਹਾ ਦਰਜੇ ਦੇ ਗਵੱਈਏ ਸਨ, ਉਨ੍ਹਾਂ ਦੇ ਖਾਸ ਸ਼ਾਗਿਰਦ ਹਾਜ਼ੀ ਮੁਹੰਮਦ ਉਰਫ਼ ਹਾਜ਼ੀ ਲੈਕਾਰ ਸਨ ਜੋ ਹਾਰਮੋਨੀਅਮ ਵਜਾਉਣ ਵਿਚ ਮੁਹਾਰਤ ਰੱਖਦੇ ਸਨ। ਇਨ੍ਹਾਂ ਦਾ ਸ਼ਾਗਿਰਦ ਬਣਨ ਦਾ ਮਾਣ ਨਵਾਬ ਖਾਨ ਨੂੰ ਮਿਲਿਆ। ਸੰਗੀਤ ਦੇ ਖੇਤਰ 'ਚ ਮੁਕਾਮ ਬਣਾਉਣ ਲਈ ਉਸ ਨੇ ਸ਼ਿੱਦਤ ਨਾਲ ਹਾਰਮੋਨੀਅਮ ਦੀ ਤਾਲੀਮ ਹਾਸਲ ਕੀਤੀ। ਇਸ ਵਿਚ ਮੁਹਾਰਤ ਪਾਉਂਦਿਆਂ ਹੀ ਉਹ ਕਸੂਰ ਤੋਂ ਕਲਕੱਤਾ ਚਲਾ ਗਿਆ ਅਤੇ ਮਸ਼ਹੂਰ ਕੰਪਨੀ ਨਿਊ ਥੀਏਟਰ ਵਿਚ ਨੌਕਰੀ ਕਰਨ ਲੱਗਾ। ਫਿਰ ਉਹਨੇ ਆਰਕੈਸਟਰਾ ਗਰੁੱਪ 'ਚ ਹਾਰਮੋਨੀਅਮ ਵਜਾਉਣ ਦਾ ਕੰਮ ਕੀਤਾ।

ਨਵਾਬ ਖਾਨ ਨੇ ਬਤੌਰ ਬਾਜਾ ਮਾਸਟਰ ਯਾਨੀ ਹਾਰਮੋਨੀਅਮ-ਵਾਦਕ ਪਾਰਸੀ ਥੀਏਟਰੀਕਲ ਕੰਪਨੀਆਂ ਵੱਲੋਂ ਖੇਡੇ ਜਾਂਦੇ ਬੇਸ਼ੁਮਾਰ ਸਟੇਜ ਨਾਟਕਾਂ ਦੀਆਂ ਧੁਨਾਂ ਬਣਾਈਆਂ। ਉਹ ਆਪਣੇ ਦੌਰ ਦੀਆਂ ਥੀਏਟਰੀਕਲ ਕੰਪਨੀਆਂ ਦੇ ਨਾਮਵਰ ਸੰਗੀਤਕਾਰਾਂ 'ਚ ਸ਼ਾਮਲ ਸੀ ਜਿਨ੍ਹਾਂ ਦੀਆਂ ਬਣਾਈਆਂ ਖੂਬਸੂਰਤ ਧੁਨਾਂ ਤੋਂ ਕੰਪਨੀਆਂ ਨੇ ਬਹੁਤ ਸ਼ੁਹਰਤ ਕਮਾਈ। ਉਸ ਦੇ ਸੰਗੀਤ ਦੇ ਚਰਚੇ ਕਲਕੱਤੇ ਤੋਂ ਇਲਾਵਾ ਬੰਬੇ ਤੇ ਲਾਹੌਰ ਵਿਚ ਵੀ ਹੋਣ ਲੱਗ ਪਏ।

ਭਾਰਤ ਵਿਚ ਬੋਲਦੀਆਂ ਫਿਲਮਾਂ ਦੀ ਸ਼ੁਰੂਆਤ ਤੋਂ ਬਾਅਦ ਉਹ ਫਿਲਮੀ ਦੁਨੀਆ ਨਾਲ ਜੁੜ ਗਿਆ। ਉਸ ਨੇ 2 ਫਿਲਮਾਂ ਦਾ ਸੰਗੀਤ ਤਿਆਰ ਕੀਤਾ ਜਿਨ੍ਹਾਂ ਵਿਚੋਂ ਇੱਕ ਪੰਜਾਬੀ ਤੇ ਇੱਕ ਹਿੰਦੀ ਫਿਲਮ ਸੀ। ਇਹ ਦੋਵੇਂ ਫਿਲਮਾਂ ਲਾਹੌਰ ਵਿਚ ਬਣੀਆਂ। ਲਾਹੌਰ ਵਿਚ ਰਹਿੰਦਾ ਉੱਘਾ ਫਿਲਮਸਾਜ਼ ਰੌਸ਼ਨ ਲਾਲ ਸ਼ੋਰੀ ਉਰਫ਼ ਆਰ.ਐਲ. ਸ਼ੋਰੀ ਵੀ ਨਵਾਬ ਖਾਨ ਦੇ ਸੰਗੀਤ ਤੋਂ ਬੜਾ ਪ੍ਰਭਾਵਿਤ ਸੀ। ਲਿਹਾਜ਼ਾ ਸ਼ੋਰੀ ਨੇ ਉਸ ਨੂੰ ਕਲਕੱਤੇ ਤੋਂ ਲਾਹੌਰ ਸੱਦ ਲਿਆ। ਜਦੋਂ ਰੌਸ਼ਨ ਲਾਲ ਸ਼ੋਰੀ ਨੇ ਆਪਣੀ ਪਹਿਲੀ ਬੋਲਦੀ ਹਿੰਦੀ ਫਿਲਮ 'ਰਾਧੇ ਸ਼ਿਆਮ' ਉਰਫ਼ 'ਜ਼ੁਲਮ-ਏ-ਕੰਸ' (1932) ਬਣਾਈ ਤਾਂ ਸੰਗੀਤਕਾਰ ਵਜੋਂ ਨਵਾਬ ਖਾਨ (ਹਾਰਮੋਨੀਅਮ ਵਾਦਕ) ਚੁਣਿਆ। ਉਨ੍ਹਾਂ ਨੇ ਸੰਗੀਤਕਾਰ ਉਸਤਾਦ ਬੰਨ੍ਹੂ ਖਾਨ (ਸਾਰੰਗੀ ਵਾਦਕ), ਐੱਮ.ਡੀ. ਖੁਰਸ਼ੀਦ (ਸਾਰੰਗੀ ਵਾਦਕ) ਤੇ ਜਤੀ ਬਖਸ਼ (ਤਬਲਾ ਵਾਦਕ) ਨਾਲ ਮਿਲ ਕੇ ਇਸ ਫਿਲਮ ਦਾ ਸੰਗੀਤ ਤਿਆਰ ਕੀਤਾ। ਇਸ ਫਿਲਮ ਵਿਚ ਮੋਹਨ ਨੇ ਕ੍ਰਿਸ਼ਨ ਤੇ ਰਾਧਾ ਨੇ 'ਰਾਧਾ' ਨਾਂ ਦਾ ਮੁੱਖ ਕਿਰਦਾਰ ਅਦਾ ਕੀਤਾ ਸੀ। ਇਸ ਫਿਲਮ ਦੀ ਅਸਲ ਬੁਕਲਿਟ ਮੈਨੂੰ ਲਾਹੌਰ ਰਹਿੰਦੇ ਫਿਲਮ ਇਤਿਹਾਸਕਾਰ ਸ਼ਾਹਿਦ ਪਰਦੇਸੀ ਕੋਲੋਂ ਪ੍ਰਾਪਤ ਹੋਈ। ਫਿਲਮ ਵਿਚ ਕੁਲ 29 ਗੀਤ ਸਨ ਜੋ ਗੀਤਕਾਰ ਡੀ.ਐਨ. ਮਧੋਕ ਉਰਫ਼ ਪੰਡਤ ਦੀਨਾ ਨਾਥ ਮਧੋਕ ਨੇ ਲਿਖੇ। ਅਦਾਕਾਰਾ ਰਾਧਾ 'ਤੇ ਫਿਲਮਾਏ ਗੀਤਾਂ 'ਚ 'ਕਯਾ ਨਾਮ ਹੈ ਯੇ ਪਯਾਰੇ ਮਾਧੋ ਮਦਨ ਮੁਰਾਰੀ', 'ਕਿਤ ਗਏ ਹੈਂ ਬਾਂਕੇ ਬਿਹਾਰੀ ਮੋਹਨ ਮੁਰਲੀ ਬਜਾ ਕੇ' (ਸਮੂਹਗਾਨ) ਸਨ। ਮੋਹਨ (ਕ੍ਰਿਸ਼ਨ) 'ਤੇ ਫਿਲਮਾਏ ਗੀਤਾਂ 'ਚ 'ਹਿਰਦਯ ਮੇਂ ਠੇਸ ਲਗੀ ਕੈਸੀ ਮਨ ਮੇਰਾ ਕਯੋਂ ਭਰ ਆਯਾ' ਤੇ 'ਆਓ ਗੋਕੁਲ ਕੀ ਬਾਰ ਬ੍ਰਜ ਨਾਰ ਪਯਾਰੀ ਆਓ' (ਸਮੂਹਗਾਨ), ਫਿਲਮ ਦੇ ਹੋਰ ਕਿਰਦਾਰ ਫੂਲ ਕੁਮਾਰੀ (ਦੇਵਕੀ) 'ਤੇ ਫਿਲਮਾਏ ਗੀਤਾਂ 'ਚ 'ਸੋ ਜਾ ਤੂ ਮੇਰੇ ਜਾਏ ਵਹ ਪਾਪੀ ਯਹਾਂ ਆਏ' ਤੇ



'ਆਜਾ ਤੂ ਮੇਰੇ ਲਾਲ ਤੁਝੇ ਗੋਦ ਖਿਲਾਊਂ'। ਡੀ. ਐਨ. ਮਧੋਕ (ਵਾਸੁਦੇਵ) 'ਤੇ ਫਿਲਮਾਇਆ 'ਚਿੰਤਾ ਨਾ ਕਰੋ ਆਏਂਗੇ ਯਹੀਂ ਗੋਪਾਲ-ਕਨਹਾਈ-ਗਿਰਧਾਰੀ' ਸੀ।

ਇਸ ਫਿਲਮ ਦੀ ਨੁਮਾਇਸ਼ ਵਾਲੇ ਇਸ਼ਤਿਹਾਰ ਉੱਤੇ ਦਰਜ ਇਬਾਰਤ ਮੁਤਾਬਿਕ ਇਹ ਪੌਰਾਣਿਕ ਫਿਲਮ ਲਾਹੌਰ ਵਿਚ ਬਣੀ ਪਹਿਲੀ ਬੋਲਦੀ ਹਿੰਦੀ ਫਿਲਮ ਸੀ। 2 ਸਤੰਬਰ 1932 ਨੂੰ ਇਹ ਫਿਲਮ ਲਾਹੌਰ ਦੇ ਅਲਫਿੰਸਟਨ ਥੀਏਟਰ ਵਿਚ ਰਿਲੀਜ਼ ਹੋਈ ਜਿਸ ਨੂੰ ਦਰਸ਼ਕਾਂ ਨੇ ਬੜਾ ਪਸੰਦ ਕੀਤਾ। ਇਸ ਸਾਲ ਹੀ ਲਾਹੌਰ ਵਿਚ ਪੰਜਾਬ ਦੇ ਮਸ਼ਹੂਰ ਮੁਹੱਬਤੀ ਫਸਾਨੇ ਹੀਰ-ਰਾਂਝਾ ਉੱਤੇ ਬਣੀ ਹਿੰਦੀ ਫਿਲਮ 'ਹੀਰ ਰਾਂਝਾ' ਉਰਫ਼ 'ਹੂਰ-ਏ-ਪੰਜਾਬ' (1932) ਇਸ ਫਿਲਮ ਤੋਂ 7 ਦਿਨ ਬਾਅਦ 9 ਸਤੰਬਰ 1932 ਨੂੰ ਰਿਲੀਜ਼ ਹੋਈ ਸੀ। ਇਤਿਹਾਸਕ ਹਵਾਲਿਆਂ ਮੁਤਾਬਿਕ ਲਾਹੌਰ ਵਿਚ ਰਿਲੀਜ਼ ਹੋਣ ਵਾਲੀ ਪਹਿਲੀ ਟਾਕੀਜ਼ ਹਿੰਦੀ ਫਿਲਮ 'ਰਾਧੇ ਸ਼ਿਆਮ' ਉਰਫ਼ 'ਜ਼ੁਲਮ-ਏ-ਕੰਸ' ਹੀ ਬਣਦੀ ਹੈ।

ਜਦੋਂ ਗੁਜਰਾਤੀ ਫਿਲਮਸਾਜ਼ ਤੇ ਅਦਾਕਾਰ ਬੋਮਨ ਸ਼ਰਾਫ਼ ਨੇ ਲਾਹੌਰ ਵਿਚ ਪੰਜਾਬੀ ਦੀ ਪਹਿਲੀ ਬੋਲਦੀ ਫਿਲਮ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ ਸਾਹਿਬਾਂ' (1935) ਬਣਾਈ ਤਾਂ ਸੰਗੀਤਕਾਰ ਵਜੋਂ ਹਾਰਮੋਨੀਅਮ-ਵਾਦਕ ਪ੍ਰੋਫੈਸਰ ਨਵਾਬ ਖਾਨ ਦੀ ਚੋਣ ਕੀਤੀ। ਫਿਲਮ ਦੇ ਹਿਦਾਇਤਕਾਰ ਜੀ.ਆਰ. ਸੇਠੀ, ਕੈਮਰਾਮੈਨ ਈ.ਆਰ. ਕੂਪਰ ਅਤੇ ਗਾਇਕਾਂ ਵਿਚ ਭਾਈ ਦੇਸਾ, ਭਾਈ ਛੈਲਾ, ਮਿਸ ਖੁਰਸ਼ੀਦ ਬਾਨੋ, ਮਿਸ ਸਰਲਾ ਦੇਵੀ ਦੇ ਨਾਮ ਸ਼ਾਮਲ ਸਨ। ਪੰਜਾਬ ਦੇ ਮਸ਼ਹੂਰ ਇਸ਼ਕੀਆ ਅਫ਼ਸਾਨੇ 'ਤੇ ਬਣੀ ਇਸ ਫਿਲਮ ਵਿਚ 'ਮਿਰਜ਼ਾ' ਦਾ ਕਿਰਦਾਰ ਅੰਮ੍ਰਿਤਸਰ ਦੇ ਮਸ਼ਹੂਰ ਰਬਾਬੀ ਭਾਈ ਦੇਸਾ ਅਤੇ 'ਸਾਹਿਬਾਂ' ਦਾ ਪਾਰਟ ਕਸੂਰ ਦੀ ਲੋਕ ਗਾਇਕਾ ਮਿਸ ਖੁਰਸ਼ੀਦ ਅਦਾ ਕਰ ਰਹੀ ਸੀ।

ਸਾਂਝੇ ਪੰਜਾਬ ਵਿਚ ਤਿਆਰ ਹੋਈ ਇਹ ਭਾਰਤ ਦੀ ਪਹਿਲੀ ਬੋਲਦੀ ਪੰਜਾਬੀ ਫੀਚਰ ਫਿਲਮ ਸੀ ਜਿਸ ਦੀ ਸ਼ੂਟਿੰਗ ਪੰਜਾਬ ਵਿਚ 1933 ਵਿਚ ਸ਼ੁਰੂ ਹੋ ਗਈ ਸੀ। 2 ਸਾਲਾਂ ਵਿਚ ਇਸ ਫਿਲਮ ਨੂੰ ਕਾਮਯਾਬ ਬਣਾਉਣ ਲਈ ਪੈਸਾ ਪਾਣੀ ਵਾਂਗ ਵਹਾਇਆ ਗਿਆ। ਪੰਜਾਬ ਦੇ ਵੱਡੇ-ਵੱਡੇ ਸ਼ਹਿਰਾਂ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ, ਝੰਗ, ਗੁਰਦਾਸਪੁਰ 'ਚੋਂ ਸੋਹਣੇ ਨਜ਼ਾਰੇ ਤੇ ਦ੍ਰਿਸ਼ ਲਏ ਗਏ। ਉਸ ਦੌਰ ਵਾਂਗ ਪੰਜਾਬੀ ਰਸਮਾਂ-ਰਵਾਇਤਾਂ ਨੂੰ ਬਹੁਤ ਸੰਜੀਦਗੀ ਨਾਲ ਪੇਸ਼ ਕੀਤਾ ਗਿਆ। 129 ਮਿੰਟ ਦੀ ਇਹ ਪਹਿਲੀ ਫੀਚਰ ਫਿਲਮ 24 ਜਨਵਰੀ 1935 ਨੂੰ ਸੈਂਸਰ ਬੋਰਡ ਦੁਆਰਾ ਸੈਂਸਰ ਕੀਤੀ ਗਈ। 29 ਮਾਰਚ 1935 ਨੂੰ ਇਹ ਫਿਲਮ ਲਾਹੌਰ ਵਿਖੇ ਪਰਦਾਪੇਸ਼ ਹੋਈ ਪਰ ਨਾਕਾਮ ਸਾਬਤ ਹੋਈ। ਪੰਜਾਬੀ ਦੇ ਇਲਾਵਾ ਇਹ ਫਿਲਮ ਹਿੰਦੀ (ਉਰਦੂ ਵਿਚ ਡੱਬ) ਜ਼ਬਾਨ ਵਿਚ ਵੀ 11 ਜਨਵਰੀ 1935 ਨੂੰ ਸੈਂਸਰ ਹੋਈ ਪਰ ਇਸ ਦੀ ਸਿਨਮਾ ਰਿਲੀਜ਼ ਸੰਭਵ ਨਹੀਂ ਹੋਈ।

ਇਹ ਫਿਲਮ ਪ੍ਰੋਫੈਸਰ ਨਵਾਬ ਖਾਨ ਦੀ ਸੰਗੀਤਕਾਰ ਵਜੋਂ ਪਹਿਲੀ ਅਤੇ ਆਖਰੀ ਪੰਜਾਬੀ ਫਿਲਮ ਸੀ ਜਿਸ ਵਿਚ ਗੀਤ ਤਾਂ ਬਹੁਤ ਸਨ ਪਰ ਕਾਫ਼ੀ ਖੋਜਬੀਣ ਕਰਨ ਤੋਂ ਬਾਅਦ ਇਸ ਦੇ ਸਿਰਫ਼ ਇੱਕ ਗੀਤ ਦਾ ਹਵਾਲਾ ਹੀ ਮਿਲਿਆ ਹੈ ਜੋ 30 ਮਾਰਚ 1935 ਦੇ ਲਾਹੌਰ ਤੋਂ ਪ੍ਰਕਾਸ਼ਿਤ ਹੁੰਦੇ ਰੋਜ਼ਾਨਾ ਉਰਦੂ ਅਖ਼ਬਾਰ 'ਦਿ ਡੇਲੀ ਇਨਕਲਾਬ' ਦੇ ਇੱਕ ਇਸ਼ਤਿਹਾਰ ਵਿਚ ਦਰਜ ਹੈ। ਮਿਸ ਖੁਰਸ਼ੀਦ ਬਾਨੋ ਦੇ ਗਾਏ ਤੇ ਉਸੇ ਉੱਤੇ ਫਿਲਮਾਏ ਇਸ ਗੀਤ ਦੇ ਬੋਲ ਹਨ- 'ਜੋ ਮੈਂ ਐਸਾ ਜਾਣਦੀ ਪ੍ਰੀਤ ਕੀਏ ਦੁੱਖ ਹੋ ਨਗਰ ਢਿੰਡੋਰਾ ਫੇਰਦੀ ਪ੍ਰੀਤ ਕਰੇ ਨਾ ਕੋ'। ਭਾਰਤ ਦੇ ਪੰਜਾਬੀ ਸਿਨੇਮਾ ਦੇ ਇਤਿਹਾਸ ਵਿਚ ਆਪਣਾ ਨਾਮ ਅਮਰ ਕਰਵਾਉਣ ਵਾਲਾ ਇਹ ਸੰਗੀਤਕਾਰ 1941 'ਚ ਆਪਣੇ ਪੁਸ਼ਤੈਨੀ ਸ਼ਹਿਰ ਕਸੂਰ ਵਿਚ 70 ਸਾਲਾਂ ਦੀ ਉਮਰ ਵਿਚ ਵਫ਼ਾਤ ਪਾ ਗਿਆ। ਇਸ ਲੇਖ ਵਿਚਲੀ ਤਸਵੀਰ ਕੋਇਟਾ (ਪਾਕਿਸਤਾਨ) ਰਹਿੰਦੇ ਫਿਲਮਾਂ ਦੇ ਕਦਰਦਾਨ ਮੁਹੰਮਦ ਕਾਸਿਮ ਖਾਨ ਅਜ਼ਮੀ ਨੇ ਭੇਜੀ ਹੈ।

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ੴ

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਕਨਕ ਕਟਿਕ ਜਲ ਤਰੰਗ ਜੈਸਾ॥1॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ॥ ਪਤਿਤ ਪਾਵਨ ਨਾਮੁ ਕੈਸੇ ਹੁੰਤਾ॥1॥ਰਹਾਉ॥

'ਏਕ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਦੇਣ ਵਾਲੇ

# ਸ੍ਰੀ ਗੁਰੂ ਰਵਿਦਾਸ ਜੀ ਦੇ

ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ



# ਲੱਖ ਲੱਖ ਵਧਾਈ ਹੋਵੇ

ਵਲੋਂ: ਤੂਰਾ ਪਰਿਵਾਰ, ਕਾਰਮਲ (ਇੰਡੀਆਨਾ)
ਫੋਨ: 317-702-0481